ਅਦਾਰਾ
ਚੜ੍ਹਦੀਕਲਾ
ਵੱਲੋਂ
ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ
ਲੱਖ-ਲੱਖ ਵਧਾਈਆਂ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

( Saturday, 19 July, 2025) ਪਟਿਆਲਾ ਸ਼ਨੀਵਾਰ, 19 ਜੁਲਾਈ, 2025, 4 ਸਾਵਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082


ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 198 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਹਿਮਾਚਲ 'ਚ ਭਾਰੀ ਮੀਂਹ ਕਾਰਨ 250 ਸੜਕਾਂ ਬੰਦ

ਸ਼ਿਮਲਾ, 18 ਜੁਲਾਈ (ਚੜ੍ਹਦੀਕਲਾ ਬਿਊਰੋ) : ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਕਾਰਨ 250 ਸੜਕਾਂ ਬੰਦ ਹੋ ਗਈਆਂ ਹਨ ਅਤੇ ਸਥਾਨਕ ਮੌਸਮ ਵਿਭਾਗ ਨੇ ਸੂਬੇ ਦੇ ਕੁਝ ਖੇਤਰਾਂ ਵਿੱਚ ਸੰਤਰੀ ਅਲਰਟ ਜਾਰੀ ਕੀਤਾ ਹੈ। ਰਾਜ ਐਮਰਜੈਂਸੀ ਅਪਰੇਸ਼ਨ ਸੈਂਟਰ (ਐਸ.ਈ.ਓ.ਸੀ. ਨੇ ਦੱਸਿਆ ਕਿ ਸ਼ੁੱਕਰਵਾਰ ਸਵੇਰ ਤੱਕ ਆਫ਼ਤ ਪ੍ਰਭਾਵਿਤ ਮੰਡੀ ਵਿੱਚ ਕੁੱਲ 181 ਸੜਕਾਂ, ਸਿਰਮੌਰ ਵਿੱਚ 26 ਅਤੇ ਕੁੱਲੂ ਜ਼ਿਲ੍ਹੇ ਵਿੱਚ 23 ਸੜਕਾਂ ਬੰਦ ਹਨ, ਜਦੋਂ ਕਿ 61 ਜਲ ਸਪਲਾਈ ਯੋਜਨਾਵਾਂ ਅਤੇ 81 ਬਿਜਲੀ (ਬਾਕੀ ਸਫਾ 2 'ਤੇ)

# ਸ੍ਰੀ ਦਰਬਾਰ ਸਾਹਿਬ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲਾ ਸਾਫਟਵੇਅਰ ਇੰਜੀਨੀਅਰ ਕਾਬੂ

## ਸ਼੍ਰੋਮਣੀ ਕਮੇਟੀ ਨੂੰ ਮੁੜ ਪ੍ਰਾਪਤ ਹੋਈ ਸ੍ਰੀ ਹਰਿਮੰਦਰ ਸਾਹਿਬ ਨੂੰ ਬੰਬ ਨਾਲ ਉਡਾਉਣ ਸਬੰਧੀ ਛੇਵੀਂ ਧਮਕੀ ਭਰੀ ਈ-ਮੇਲ



ਬਬਲੂ ਮਹਾਜਨ

================

ਅੰਮ੍ਰਿਤਸਰ , 18 ਜੁਲਾਈ : ਅੰਮ੍ਰਿਤਸਰ ਪੁਲਿਸ ਨੇ ਸ੍ਰੀ ਦਰਬਾਰ ਸਾਹਿਬ ਨੂੰ ਧਮਕੀ ਭਰੇ ਈ-ਮੇਲ ਭੇਜਣ ਵਾਲੇ ਸ਼ੱਕੀ ਨੂੰ ਪੁਲਿਸ ਨੇ ਫ਼ਰੀਦਾਬਾਦ ਤੋਂ ਹਿਰਾਸਤ 'ਚ ਲਿਆ ਹੈ।ਜੋ ਕਿ ਇੱਕ ਇੱਕ ਸਾਫਟਵੇਅਰ ਇੰਜੀਨੀਅਰ ਹੈ। ਇਸ ਸਬੰਧੀ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਲਜ਼ਮ ਦੀ ਪਛਾਣ ਸ਼ੁਭਮ ਦੂਬੇ ਵਜੋਂ ਹੋਈ ਹੈ ਜੋ ਹਰਿਆਣਾ ਦਾ ਰਹਿਣ ਵਾਲਾ ਹੈ।ਉਸ ਨੂੰ ਅੰਮ੍ਰਿਤਸਰ ਲਿਆਂਦਾ ਗਿਆ ਹੈ ਅਤੇ ਪੁੱਛ-ਗਿੱਛ ਕੀਤੀ ਜਾ ਰਹੀ ਹੈ।

ਭੁੱਲਰ ਨੇ ਦੱਸਿਆ ਕਿ ਈਮੇਲ ਨਾ ਸਿਰਫ਼ ਹਰਿਮੰਦਰ ਸਾਹਿਬ ਨੂੰ ਭੇਜੀ ਗਈ ਹੈ। ਬਲਕਿ ਦਿੱਲੀ ਦੇ ਸਕੂਲਾਂ, ਅਦਾਲਤਾਂ, ਮੁੱਖ ਮੰਤਰੀ, ਸੰਸਦ ਮੈਂਬਰਾਂ ਅਤੇ ਤਾਮਿਲਨਾਡੂ ਦੇ ਕਈ ਅਦਾਰਿਆਂ ਤੱਕ ਵੀ ਪਹੁੰਚੀ ਹੈ ।ਉਨ੍ਹਾਂ ਕਿਹਾ ਕਿ ਸ਼ੱਕ ਹੈ ਕਿ ਦੋਸ਼ੀਆਂ ਨੇ ਤਾਮਿਲਨਾਡੂ ਦੇ ਮੁੱਦਿਆਂ ਨੂੰ ਉਜਾਗਰ ਕਰਨ ਲਈ ਹਰਿਮੰਦਰ ਸਾਹਿਬ ਦੇ ਨਾਮ ਦੀ ਵਰਤੋਂ ਕੀਤੀ ਹੈ।

ਤਾਮਿਲਨਾਡੂ ਦੇ ਕਈ ਅਧਿਕਾਰੀ ਪੰਜਾਬ ਪੁਲਿਸ ਦੇ ਸੰਪਰਕ ਵਿੱਚ ਵੀ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਵੀ ਤਾਮਿਲਨਾਡੂ ਵਿੱਚ ਕਈ ਈਮੇਲ ਸਰਕੂਲੇਟ ਹੋਈਆਂ ਹਨ। ਇੰਨਾ ਹੀ ਨਹੀਂ, ਈ-ਮੇਲਾਂ ਵਿੱਚ ਡੀਐਮਕੇ ਅਤੇ ਦੱਖਣੀ ਰਾਜਾਂ ਦੇ ਲੋਕਾਂ ਦੇ ਨਾਮ ਵਰਤੇ ਗਏ ਹਨ।

ਸੀਪੀ ਅੰਮ੍ਰਿਤਸਰ ਨੇ ਦੱਸਿਆ ਕਿ ਹਿਰਾਸਤ ਵਿੱਚ ਲਿਆ ਗਿਆ ਸ਼ੁਭਮ ਦੂਬੇ ਖੁਦ ਇੱਕ 24 ਸਾਲਾ ਸਾਫਟਵੇਅਰ ਇੰਜੀਨੀਅਰ ਹੈ, ਜੋ ਕਈ ਵੱਡੀਆਂ (ਬਾਕੀ ਸਫਾ 2 'ਤੇ)

# ਨਸ਼ਾ ਤਸਕਰੀ ਦੇ ਵੱਡੇ 'ਜਰਨੈਲਾਂ' 'ਤੇ ਕੋਈ ਰਹਿਮ ਨਹੀਂ: ਮਾਨ

ਮੋਹਨ ਸ਼ਰਮਾ

================



ਮਾਲੇਰਕੋਟਲਾ, 18 ਜੁਲਾਈ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਦੁਹਰਾਇਆ ਕਿ ਸੂਬੇ ਵਿੱਚ ਨਸ਼ਿਆਂ ਦੀ ਅਲਾਮਤ ਫੈਲਾਉਣ ਵਾਲਿਆਂ ਨਾਲ ਕੋਈ ਰਹਿਮ ਨਹੀਂ ਵਰਤਿਆ ਜਾਵੇਗਾ ਅਤੇ ਖ਼ੁਦ ਨੂੰ ਅਜਿੱਤ ਮੰਨਣ ਵਾਲੇ ਨਸ਼ਾ ਤਸਕਰੀ ਦੇ 'ਜਰਨੈਲਾਂ' ਨੂੰ ਸਲਾਖਾਂ ਪਿੱਛੇ ਸੁੱਟਿਆ ਗਿਆ ਹੈ।

ਅਹਿਮਦਗੜ੍ਹ ਅਤੇ ਅਮਰਗੜ੍ਹ ਵਿਖੇ ਨਵੇਂ ਤਹਿਸੀਲ ਕੰਪਲੈਕਸਾਂ ਦਾ ਉਦਘਾਟਨ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦਾ ਕਾਰੋਬਾਰ ਉਨ੍ਹਾਂ ਲੋਕਾਂ ਦੀ ਸਰਪ੍ਰਸਤੀ ਹੇਠ ਵਧਿਆ-ਫੁੱਲਿਆ, ਜਿਨ੍ਹਾਂ ਨੂੰ ਲੋਕਾਂ ਨੇ ਆਪਣੀ ਸੇਵਾ ਲਈ ਚੁਣਿਆ ਸੀ ਪਰ ਬਦਕਿਸਮਤੀ ਨਾਲ ਉਹ ਆਪਣੀਆਂ ਸਰਕਾਰੀ ਕਾਰਾਂ ਵਿੱਚ ਨਸ਼ੇ ਸਪਲਾਈ ਕਰਦੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਕੋਲ ਆਪਣੇ ਸ਼ਾਸਨ ਦੇ ਦਿਨਾਂ ਦੌਰਾਨ ਸਭ ਤੋਂ ਵੱਧ ਤਾਕਤ ਸੀ ਅਤੇ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਦੇ ਬਾਵਜੂਦ ਕਿਸੇ ਨੇ ਵੀ ਉਨ੍ਹਾਂ ਨੂੰ ਛੂਹਣ ਦੀ ਹਿੰਮਤ ਨਹੀਂ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਨ੍ਹਾਂ ਆਗੂਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਨਸ਼ਿਆਂ ਦੇ ਕਾਰੋਬਾਰ ਰਾਹੀਂ ਜਵਾਨੀ ਦਾ ਘਾਣ ਕੀਤਾ।ਮੁੱਖ ਮੰਤਰੀ ਨੇ ਪੰਜਾਬ ਦੇ ਇਨ੍ਹਾਂ ਗੱਦਾਰਾਂ ਨੂੰ ਸਬਕ ਸਿਖਾਉਣ ਲਈ ਲੋਕਾਂ ਤੋਂ ਪੂਰਾ ਸਮਰਥਨ ਅਤੇ ਸਹਿਯੋਗ ਮੰਗਿਆ। ਉਨ੍ਹਾਂ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਦੀ ਸ਼ਾਨਦਾਰ ਸਫ਼ਲਤਾ ਇਸ ਗੱਲ ਦਾ ਪ੍ਰਮਾਣ ਹੈ ਕਿ ਸੂਬੇ ਦੇ ਲੋਕ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਸੂਬਾ ਸਰਕਾਰ ਦੇ ਨਾਲ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੁਹਿੰਮ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹੇਗੀ ਤਾਂ ਜੋ ਪੰਜਾਬ ਨੂੰ ਨਸ਼ਿਆਂ ਦੀ ਲਾਹਨਤ ਤੋਂ ਮੁਕਤ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਬਾਦਲ-ਮਜੀਠੀਆ ਪਰਿਵਾਰ ਵਿੱਚ ਸਭ ਕੁਝ ਠੀਕ ਨਹੀਂ ਹੈ ਕਿਉਂਕਿ ਸੱਤਾ ਦੀ ਲੜਾਈ ਕਾਰਨ ਅੰਦਰੂਨੀ ਝਗੜਾ ਸਿਖ਼ਰ 'ਤੇ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਅਕਾਲੀ ਆਪਸੀ ਫੁੱਟ ਦੇ ਸ਼ਿਕਾਰ ਹਨ ਕਿਉਂਕਿ ਇਨ੍ਹਾਂ ਪਾਰਟੀਆਂ ਦੇ ਆਗੂ ਸੱਤਾ ਲਈ ਆਪਸ ਵਿੱਚ ਝਗੜਦੇ ਰਹਿੰਦੇ ਹਨ। (ਬਾਕੀ ਸਫਾ 2 'ਤੇ)

## ਮੁੱਖ ਮੰਤਰੀ ਵੱਲੋਂ ਅਮਰਗੜ੍ਹ ਤੇ ਅਹਿਮਦਗੜ੍ਹ ਸਬ-ਡਵੀਜ਼ਨਾਂ ਦੇ ਨਵੇਂ ਤਹਿਸੀਲ ਕੰਪਲੈਕਸਾਂ ਦਾ ਉਦਘਾਟਨ

ਚੜ੍ਹਦੀਕਲਾ ਬਿਊਰੋ

================

ਮਲੇਰਕੋਟਲਾ, 18 ਜੁਲਾਈ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅਮਰਗੜ੍ਹ ਅਤੇ ਅਹਿਮਦਗੜ੍ਹ ਸਬ-ਡਵੀਜ਼ਨਾਂ ਵਿਖੇ ਨਵੇਂ ਬਣੇ ਤਹਿਸੀਲ ਕੰਪਲੈਕਸ ਲੋਕਾਂ ਨੂੰ ਸਮਰਪਿਤ ਕਰਕੇ ਮਲੇਰਕੋਟਲਾ ਜ਼ਿਲ੍ਹੇ ਦੇ ਵਾਸੀਆਂ ਨੂੰ 13 ਕਰੋੜ ਰੁਪਏ ਤੋਂ ਵੱਧ ਦਾ ਤੋਹਫਾ ਦਿੱਤਾ ਹੈ।

ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਲੋਕਾਂ ਦਾ ਇਕ-ਇਕ ਪੈਸਾ ਭਲਾਈ ਕਾਰਜਾਂ ਲਈ ਖਰਚਣ ਪ੍ਰਤੀ ਵਚਨਬੱਧ ਹੈ ਅਤੇ ਅਮਰਗੜ੍ਹ ਅਤੇ ਅਹਿਮਦਗੜ੍ਹ ਸਬ-ਡਵੀਜ਼ਨਾਂ ਨੂੰ ਅੱਜ ਦਿੱਤਾ ਗਿਆ ਤੋਹਫਾ ਵੀ ਇਸੇ ਪ੍ਰਤੀਬੱਧਤਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਅਮਰਗੜ੍ਹ ਵਿਖੇ ਤਹਿਸੀਲ ਕੰਪਲੈਕਸ ਦੇ ਨਿਰਮਾਣ 'ਤੇ 6 ਕਰੋੜ 36 ਲੱਖ ਖਰਚ ਕੀਤੇ ਗਏ ਹਨ ਜਦਕਿ ਅਹਿਮਦਗੜ੍ਹ ਵਿਖੇ ਤਹਿਸੀਲ ਕੰਪਲੈਕਸ ਦੀ ਇਮਾਰਤ ਦੀ ਉਸਾਰੀ 'ਤੇ 6 ਕਰੋੜ 86 ਲੱਖ ਰੁਪਏ ਦੀ ਲਾਗਤ ਆਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਮਰਗੜ੍ਹ ਤਹਿਸੀਲ ਕੰਪਲੈਕਸ 27 ਹਜ਼ਾਰ ਸੁਕ/ਅਰ ਫੁੱਟ ਰਕਬੇ ਵਿੱਚ ਬਣਿਆ ਹੈ ਅਤੇ ਇਸ ਕੰਪਲੈਕਸ ਵਿੱਚ ਐਸ.ਡੀ.ਐਮ. ਦਫਤਰ, ਕੋਰਟ ਰੂਮ, ਵੱਡਾ ਹਾਲ, 26 ਕੈਬਿਨ ਅਤੇ ਹੋਰ ਦਫਤਰ ਸਥਾਪਤ ਕੀਤੇ ਗਏ ਹਨ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਆਧੁਨਿਕ ਸਹੂਲਤਾਂ ਨਾਲ ਲੈਸ ਅਹਿਮਦਗੜ੍ਹ ਦਾ ਨਵਾਂ ਤਹਿਸੀਲ ਕੰਪਲੈਕਸ 2.39 ਏਕੜ ਰਕਬੇ ਵਿੱਚ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਤਿੰਨ ਮੰਜ਼ਲੀ ਤਹਿਸੀਲ ਕੰਪਲੈਕਸ ਵਿੱਚ ਐਸ.ਡੀ.ਐਮ. ਕੋਰਟ ਰੂਮ, ਤਹਿਸੀਲਦਾਰ, ਨਾਇਬ ਤਹਿਸੀਲਦਾਰ, ਪਟਵਾਰਖਾਨਾ, ਸਟਾਫ ਰੂਮਜ਼, ਰਜਿਸਟ੍ਰੇਸ਼ਨ ਕਾਊਂਟਰ ਅਤੇ ਹੋਰ ਵਿਭਾਗਾਂ ਦੇ ਦਫਤਰ ਸਥਾਪਤ ਸਨ। ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਦਿਵਿਆਂਗ ਵਿਅਕਤੀਆਂ ਦੀ ਸਹੂਲਤ ਲਈ ਰੈਂਪ ਅਤੇ (ਬਾਕੀ ਸਫਾ 2 'ਤੇ)

## ਸ੍ਰੀ ਦਰਬਾਰ ਸਾਹਿਬ ਬਾਰੇ ਧਮਕੀਆਂ ਦੇਣ ਵਾਲੇ ਦੋਸ਼ੀ ਨੂੰ ਬਿਨਾਂ ਦੇਰੀ ਲੱਭ ਕੇ ਖ਼ਾਲਸਾ ਪੰਥ ਦੇ ਸਾਹਮਣੇ ਕੀਤਾ ਜਾਵੇ ਨਸ਼ਰ: ਜਥੇ. ਗੜਗੱਜ



ਬਬਲੂ ਮਹਾਜਨ

================

ਅੰਮ੍ਰਿਤਸਰ , 18 ਜੁਲਾਈ :ਪਿਛਲੇ ਪੰਜ ਦਿਨਾਂ ਤੋਂ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਈ-ਮੇਲਾਂ ਰਾਹੀਂ ਦਿੱਤੀਆਂ ਜਾ ਰਹੀਆਂ ਧਮਕੀਆਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਜਾਂਚ ਏਜੰਸੀਆਂ ਨੂੰ ਆਖਿਆ ਕਿ ਬਿਨਾਂ ਦੇਰੀ ਇਹ ਘਿਨੌਣੀ ਹਰਕਤ ਕਰਨ ਵਾਲੇ ਦੋਸ਼ੀ ਵਿਅਕਤੀ ਨੂੰ ਖ਼ਾਲਸਾ ਪੰਥ ਦੇ ਸਾਹਮਣੇ ਨਸ਼ਰ ਕੀਤਾ ਜਾਵੇ। ਉਨ੍ਹਾਂ ਪੰਜਾਬ ਪੁਲਿਸ ਵੱਲੋਂ ਫ਼ਰੀਦਾਬਾਦ ਤੋਂ ਸ਼ੁਭਮ ਦੂਬੇ ਨਾਮ ਦੇ ਵਿਅਕਤੀ ਨੂੰ ਸ਼ੱਕੀ ਵਜੋਂ ਪੁੱਛ-ਗਿੱਛ (ਬਾਕੀ ਸਫਾ 2 'ਤੇ)

## ਮਾਨ ਤੇ ਕੇਜਰੀਵਾਲ ਦਾ ਦੋ ਰੋਜ਼ਾ ਗੁਜਰਾਤ ਦੌਰਾ 23 ਤੋਂ

ਚੰਡੀਗੜ੍ਹ, 18 ਜੁਲਾਈ (ਚੜ੍ਹਦੀਕਲਾ ਬਿਊਰੋ) : 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 23 ਜੁਲਾਈ ਤੋਂ ਦੋ ਰੋਜ਼ਾ ਗੁਜਰਾਤ ਦੌਰੇ 'ਤੇ ਜਾਣਗੇ। ਸੂਬਾ ਮੁਖੀ ਇਸੂਦਨ ਗਾਧਵੀ ਨੇ ਕਿਹਾ ਕਿ ਦੋਵੇਂ ਆਗੂ ਪਾਰਟੀ ਦੇ 'ਕਿਸਾਨ ਪੁਸ਼ਪਾਕ ਮਹਾਪੰਚਾਇਤ' ਦਾ ਹਿੱਸਾ ਬਣਨਗੇ, ਜੋ ਕਿਸਾਨਾਂ ਤੇ ਪਸ਼ੂ ਪਾਲਕਾਂ ਦੇ ਸਮਰਥਨ ਵਿੱਚ ਰੱਖੀ ਗਈ ਹੈ।ਇਸ ਤੋਂ ਇਲਾਵਾ ਉਹ ਜੇਲ੍ਹ ਵਿੱਚ ਬੰਦ 'ਆਪ' ਵਿਧਾਇਕ ਚੈਤਰ ਵਾਸਵਾ ਦੇ ਹੱਕ ਵਿੱਚ ਬੋਲਣਗੇ। ਗੜਵੀ ਨੇ ਕਿਹਾ ਕਿ ਇਹ ਮਹਾਪੰਚਾਇਤ ਅਰਾਵਲੀ ਜ਼ਿਲ੍ਹੇ ਦੇ ਮੋਡਾਸਾ ਵਿੱਚ 23 ਜੁਲਾਈ ਨੂੰ ਹੋਵੇਗੀ ਤੇ 24 ਜੁਲਾਈ ਨੂੰ ਦੇਦੀਪਾਡਾ ਵਿੱਚ ਰੈਲੀ ਨੂੰ ਸੰਬੋਧਨ ਕਰਨਗੇ।ਇਸੂਦਨ ਗਾਧਵੀ ਨੇ ਕਿਹਾ ਕਿ ਜਦੋਂ ਕਿਸਾਨ ਦੁੱਧ ਦੇ ਵੱਖੋ-ਵਖਰੇ ਭਾਅ ਦੀ ਮੰਗ ਲਈ ਸਬਰ ਡੇਅਰੀ ਪਹੁੰਚੇ ਸਨ (ਬਾਕੀ ਸਫਾ 2 'ਤੇ)

### ਪ੍ਰਧਾਨ ਮੰਤਰੀ ਵੱਲੋਂ ਬਿਹਾਰ 'ਚ 7200 ਕਰੋੜ ਦੇ ਪ੍ਰਾਜੈਕਟਾਂ ਦੀ ਸ਼ੁਰੂਆਤ

# ਆਰਜੇਡੀ-ਕਾਂਗਰਸ ਦੀ ਸਰਕਾਰ ਵੇਲੇ ਵਿਕਾਸ ਤੋਂ ਕੋਹਾਂ ਦੂਰ ਸੀ ਬਿਹਾਰ: ਮੋਦੀ




ਚੜ੍ਹਦੀਕਲਾ ਬਿਊਰੋ

================

ਮੋਤੀਹਾਰੀ, 18 ਜੁਲਾਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਬਿਹਾਰ ਦੇ ਪੂਰਬੀ ਚੰਪਾਰਨ ਜ਼ਿਲ੍ਹੇ ਵਿਚ 7200 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰਾਜੈਕਟਾਂ ਦਾ ਆਗਾਜ਼ ਕਰਦਿਆਂ ਵਿਰੋਧੀ ਪਾਰਟੀਆਂ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਤੇ ਕਾਂਗਰਸ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਆਰਜੇਡੀ-ਕਾਂਗਰਸ ਦੀ ਸਰਕਾਰ ਵੇਲੇ ਵਿਕਾਸ ਕੋਹਾਂ ਦੂਰ ਹੁੰਦਾ ਸੀ। ਪ੍ਰਾਜੈਕਟਾਂ ਦੇ ਉਦਘਾਟਨ ਮਗਰੋਂ ਮੋਤੀਹਾਰੀ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ (ਬਾਕੀ ਸਫਾ 2 'ਤੇ)

### ਬੰਗਾਲ ਦੇ ਦੁਰਗਾਪੁਰ 'ਚ ਮੋਦੀ ਦੇ ਕਾਫ਼ਲੇ ਨੂੰ ਦੇਖਣ ਲਈ ਇਕੱਠੀ ਹੋਈ ਭਾਰੀ ਭੀੜ

ਦੁਰਗਾਪੁਰ, 18 ਜੁਲਾਈ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕਾਫਲਾ ਸ਼ੁੱਕਰਵਾਰ ਨੂੰ ਜਦੋਂ ਪੱਛਮੀ ਬੰਗਾਲ ਦੇ ਉਦਯੋਗਿਕ ਸ਼ਹਿਰ ਦੁਰਗਾਪੁਰ ਵਿੱਚੋਂ ਲੰਘਿਆ ਤਾਂ ਹਜ਼ਾਰਾਂ ਲੋਕ ਉਨ੍ਹਾਂ ਦੀ ਇੱਕ ਝਲਕ ਦੇਖਣ ਲਈ ਸੜਕਾਂ 'ਤੇ ਇਕੱਠੇ ਹੋ ਗਏ। ਜਦੋਂ ਮੋਦੀ ਦਾ ਕਾਫਲਾ ਗਾਂਧੀ ਮੋੜ ਤੋਂ ਨਹਿਰੂ ਸਟੇਡੀਅਮ ਵੱਲ ਵਧਿਆ ਤਾਂ ਉਤਸ਼ਾਹਿਤ (ਬਾਕੀ ਸਫਾ 2 'ਤੇ)

# ਪੰਜਾਬ ਸਰਕਾਰ ਵੱਲੋਂ ਰਿਹਾਇਸ਼ੀ ਤੇ ਵਪਾਰਕ ਜਾਇਦਾਦ ਟੈਕਸ 'ਚ ਵਾਧਾ

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 18 ਜੁਲਾਈ :ਪੰਜਾਬ ਸਰਕਾਰ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਰਿਹਾਇਸ਼ੀ ਘਰਾਂ, ਫਲੈਟਾਂ ਅਤੇ ਵਪਾਰਕ ਇਮਾਰਤਾਂ (ਮਲਟੀਪਲੈਕਸਾਂ ਨੂੰ ਛੱਡ ਕੇ) 'ਤੇ ਜਾਇਦਾਦ ਟੈਕਸ ਦੀਆਂ ਦਰਾਂ ਵਿੱਚ ਪੰਜ ਫੀਸਦੀ ਦਾ ਵਾਧਾ ਕੀਤਾ ਹੈ। ਇਹ ਵਾਧਾ ਵਿੱਤੀ ਸਾਲ 2025-26 ਲਈ ਲਾਗੂ ਮੰਨਿਆ ਜਾਵੇਗਾ, ਯਾਨੀ ਕਿ 1 ਅਪ੍ਰੈਲ, 2025 ਤੋਂ ਲਾਗੂ ਹੋਵੇਗਾ। ਸਥਾਨਕ ਸਰਕਾਰਾਂ ਵਿਭਾਗ ਵੱਲੋਂ 5 ਜੂਨ, 2025 ਨੂੰ ਇੱਕ ਨੋਟੀਫਿਕੇਸ਼ਨ ਤਹਿਤ ਜਾਰੀ ਕੀਤਾ ਗਿਆ ਇਹ ਫੈਸਲਾ ਕੇਂਦਰ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਲਾਗੂ ਕੀਤਾ ਗਿਆ ਹੈ। ਇਹ ਕਦਮ ਕੇਂਦਰ ਦੇ ਮਕਾਨ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੀਆਂ ਸਕੀਮਾਂ ਤਹਿਤ ਵਾਧੂ ਉਧਾਰ ਸੀਮਾ ਅਤੇ ਫੰਡਿੰਗ ਪ੍ਰਾਪਤ ਕਰਨ ਲਈ ਚੁੱਕਿਆ ਗਿਆ ਹੈ। ਸਰਕਾਰ ਵੱਲੋਂ 14 ਫਰਵਰੀ, 2021 ਅਤੇ 26 ਅਪ੍ਰੈਲ, 2021 ਨੂੰ ਜਾਰੀ ਕੀਤੀਆਂ ਗਈਆਂ ਪੁਰਾਣੀਆਂ ਹਦਾਇਤਾਂ ਦੇ ਆਧਾਰ 'ਤੇ, ਇਹ ਸਪੱਸ਼ਟ ਕੀਤਾ ਗਿਆ ਸੀ ਕਿ ਹਰ ਸਾਲ ਜਾਇਦਾਦ ਟੈਕਸ ਵਿੱਚ 5 ਫੀਸਦੀ ਸਾਲਾਨਾ ਵਾਧਾ ਹੋਣਾ ਚਾਹੀਦਾ ਹੈ। ਹੁਣ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਮੁਤਾਬਕ, (ਬਾਕੀ ਸਫਾ 2 'ਤੇ)

## ਕਾਂਗਰਸ ਨੂੰ ਦੇਸ਼ ਦੀ ਨਿਆਂਇਕ ਪ੍ਰਕੀਰਿਆ 'ਤੇ ਭਰੋਸਾ ਨਹੀਂ: ਭਾਜਪਾ

ਨਵੀਂ ਦਿੱਲੀ, 18 ਜੁਲਾਈ (ਚੜ੍ਹਦੀਕਲਾ ਬਿਊਰੋ) : ਰੋਬਰਟ ਵਾਡਰਾ ਖ਼ਿਲਾਫ਼ ਕਾਰਵਾਈ ਸਬੰਧੀ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵੱਲੋਂ ਸਰਕਾਰ ਵਿਰੁੱਧ ਦਿੱਤੇ ਬਿਆਨ ਨੂੰ ਲੈ ਕੇ ਭਾਜਪਾ ਨੇ ਉਨ੍ਹਾਂ ਦੀ ਨਿੰਦਾ ਕੀਤੀ ਹੈ। ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਕਾਂਗਰਸ ਪਾਰਟੀ ਦਾ ਬਿਆਨ ਇਹ ਜ਼ਾਹਿਰ ਕਰਦਾ ਹੈ ਕਿ ਪਾਰਟੀ ਅਜੇ ਵੀ 'ਐਮਰਜੈਂਸੀ ਮਾਈਂਡਸੈੱਟ' ਵਿੱਚ ਯਕੀਨ ਰੱਖਦੀ ਹੈ ਅਤੇ ਨਿਆਂਇਕ ਪ੍ਰਕਿਰਿਆ ਦੀ ਪਰਵਾਹ ਨਹੀਂ ਕਰਦੀ। ਜ਼ਿਕਰਯੋਗ ਹੈ ਕਿ ਗਾਂਧੀ ਨੇ ਸ਼ੁੱਕਰਵਾਰ ਨੂੰ ਸਰਕਾਰ 'ਤੇ ਵਾਡਰਾ ਖ਼ਿਲਾਫ਼ ਬੇਬੁਨਿਆਦ ਦੋਸ਼ ਲਗਾ ਕੇ ਕਾਰਵਾਈ ਕਰਨ ਦਾ ਦੋਸ਼ ਲਾਇਆ ਸੀ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਹਰਿਆਣਾ ਦੇ ਸ਼ਿਕੋਹਪੁਰ ਵਿੱਚ ਇੱਕ ਜ਼ਮੀਨ ਸੌਦੇ (ਬਾਕੀ ਸਫਾ 2 'ਤੇ)

### ਹਾਈਕੋਰਟ ਹੋਈ ਸਖ਼ਤ

## ਸਾਂਸਦਾਂ ਅਤੇ ਵਿਧਾਇਕਾਂ ਵਿਰੁੱਧ ਸੁਣਵਾਈ ਅਧੀਨ ਅਪਰਾਧਿਕ ਕੇਸਾਂ ਦੀ ਹੌਲੀ ਜਾਂਚ 'ਤੇ ਸਰਕਾਰ ਤੋਂ ਮੰਗਿਆ ਜਵਾਬ

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 18 ਜੁਲਾਈ :ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਦੇ ਮੌਜੂਦਾ ਅਤੇ ਸਾਬਕਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧ ਦਰਜ ਅਪਰਾਧਿਕ ਮਾਮਲਿਆਂ ਦੀ ਜਾਂਚ ਅਤੇ ਸੁਣਵਾਈ ਵਿੱਚ ਦੇਰੀ 'ਤੇ ਸਖ਼ਤ ਰੁਖ਼ ਅਪਣਾਇਆ ਹੈ। ਸ਼ੁੱਕਰਵਾਰ ਨੂੰ, ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਸਵਾਲ ਉਠਾਏ ਅਤੇ ਕਿਹਾ ਕਿ ਕਈ ਮਾਮਲਿਆਂ ਵਿੱਚ ਜਾਂਚ ਅਜੇ ਵੀ ਕਈ ਸਾਲਾਂ ਤੋਂ ਚੱਲ ਰਹੀ ਹੈ। ਜਿਸ 'ਤੇ ਪੰਜਾਬ ਸਰਕਾਰ ਨੇ ਮਾਮਲੇ ਵਿੱਚ ਆਪਣਾ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ। ਮਾਮਲੇ ਦੀ ਸੁਣਵਾਈ ਕਰਦੇ ਹੋਏ, ਬੈਂਚ ਨੇ ਹਰਿਆਣਾ ਅਤੇ ਪੰਜਾਬ ਸਰਕਾਰਾਂ ਦੇ ਗ੍ਰਹਿ ਸਕੱਤਰਾਂ ਨੂੰ ਨਿੱਜੀ ਤੌਰ 'ਤੇ ਹਲਫ਼ਨਾਮਾ ਦਾਇਰ ਕਰਨ ਅਤੇ ਜਾਂਚ ਦੇ ਸਪੱਸ਼ਟ ਕਾਰਨ ਦੱਸਣ ਦੇ ਨਿਰਦੇਸ਼ ਦਿੱਤੇ ਹਨ। ਹਰਿਆਣਾ ਸਰਕਾਰ ਵੱਲੋਂ ਅਦਾਲਤ ਸਾਹਮਣੇ ਦਾਇਰ ਕੀਤੀ ਗਈ ਸਟੇਟਸ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ 2016, 2018 ਅਤੇ 2023 ਵਿੱਚ ਤਤਕਾਲੀ ਜਾਂ ਮੌਜੂਦਾ ਜਨ ਪ੍ਰਤੀਨਿਧੀਆਂ ਵਿਰੁੱਧ ਐਫਆਈਆਰ ਦਰਜ ਹੋਣ ਦੇ ਬਾਵਜੂਦ, ਜਾਂਚ ਅਜੇ ਤੱਕ ਪੂਰੀ ਨਹੀਂ ਹੋਈ ਹੈ, ਜਦੋਂ ਕਿ ਇਨ੍ਹਾਂ ਮਾਮਲਿਆਂ ਵਿੱਚ ਕੋਈ ਕਾਨੂੰਨੀ ਰੁਕਾਵਟ ਨਹੀਂ ਸੀ। ਇੰਨਾ ਹੀ ਨਹੀਂ, ਸੂਬੇ ਵਿੱਚ ਕੁੱਲ 16 ਅਪਰਾਧਿਕ ਮਾਮਲੇ ਹਨ ਜੋ ਕਈ ਸਾਲਾਂ ਤੋਂ ਪੈਂਡਿੰਗ ਹਨ, ਜਿਨ੍ਹਾਂ ਵਿੱਚੋਂ ਇੱਕ ਮਾਮਲਾ 2011 ਤੋਂ (ਬਾਕੀ ਸਫਾ 2 'ਤੇ)

## ਲੈਂਡ ਪੂਲਿੰਗ ਨੀਤੀ ਵਿਰੁੱਧ ਸੰਯੁਕਤ ਕਿਸਾਨ ਮੋਰਚਾ ਦਿੱਲੀ ਤਰਜ਼ 'ਤੇ ਲੜੇਗਾ ਵੱਡਾ ਅੰਦੋਲਨ

ਚੰਡੀਗੜ੍ਹ, 18 ਜੁਲਾਈ (ਚੜ੍ਹਦੀਕਲਾ ਬਿਊਰੋ) : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਹੋਈ ਸਰਬ ਪਾਰਟੀ ਮੀਟਿੰਗ 'ਚ ਵੱਖ-ਵੱਖ ਸਿਆਸੀ ਧਿਰਾਂ ਵੱਲੋਂ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਕਿਸਾਨ ਅੰਦੋਲਨ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਗਿਆ ਹੈ। ਮੀਟਿੰਗ ਵਿੱਚ ਦਸ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ ਜਦੋਂ ਕਿ ਸੱਤਾਧਾਰੀ ਧਿਰ ਦਾ ਕੋਈ ਵੀ ਪ੍ਰਤੀਨਿਧ ਮੀਟਿੰਗ 'ਚ ਨਹੀਂ ਪੁੱਜਾ। ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ ਅਤੇ ਪੰਜਾਬ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਦਾ ਨੋਟੀਫ਼ਿਕੇਸ਼ਨ ਰੱਦ ਕਰਨ ਲਈ ਕਿਹਾ ਗਿਆ। ਇਸ ਦੌਰਾਨ ਫ਼ੈਸਲਾ ਹੋਇਆ ਕਿ ਜੇ ਸੂਬਾ ਸਰਕਾਰ ਨੇ ਅਜਿਹਾ ਨਾ ਕੀਤਾ ਤਾਂ ਲੈਂਡ ਪੂਲਿੰਗ ਨੀਤੀ ਦੀ ਵਾਪਸੀ ਤੱਕ ਅੰਦੋਲਨ ਚੱਲੇਗਾ। ਅਮਰੀਕਾ ਨਾਲ ਸ਼ੁਰੂ ਕੀਤੇ ਜਾ ਰਹੇ ਫ੍ਰੀ ਟਰੇਡ ਸਮਝੌਤੇ 'ਚੋਂ ਖੇਤੀ ਅਤੇ ਸਹਾਇਕ ਧੰਦਿਆਂ ਨੂੰ ਬਾਹਰ ਰੱਖਣ ਲਈ ਕਿਹਾ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਨੇ ਇਹ ਵੀ ਮਤਾ ਪਾਸ ਕੀਤਾ ਕਿ ਪਾਣੀਆਂ ਦੇ ਸਮਝੌਤੇ ਰੱਦ ਕੀਤੇ ਜਾਣ ਅਤੇ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78,79 ਅਤੇ 80 ਨੂੰ ਪੰਜਾਬ ਵਿਧਾਨ ਸਭਾ ਵਿੱਚ ਰੱਦ ਕਰਕੇ ਪਾਰਲੀਮੈਂਟ ਤੋਂ ਪਾਸ ਕਰਾਇਆ ਜਾਵੇ। ਇਸੇ ਤਰ੍ਹਾਂ ਖੇਤੀ ਨੀਤੀ ਨੂੰ (ਬਾਕੀ ਸਫਾ 2 'ਤੇ)

## ਪੰਜਾਬ ਭਾਜਪਾ ਵੱਲੋਂ ਬੇਅਦਬੀ ਖ਼ਿਲਾਫ਼ ਬਿੱਲ ਦੀ ਕਾਪੀ ਅ.ਗਨ ਭੇਟ

### ਸਰਕਾਰ ਦੇ ਬੇਅਦਬੀ ਖ਼ਿਲਾਫ਼ ਬਿੱਲ 'ਚ ਕੋਈ ਦਮ ਨਹੀਂ: ਰਾਜੂ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 18 ਜੁਲਾਈ :ਪੰਜਾਬ ਭਾਜਪਾ ਨੇ ਪੰਜਾਬ ਵਿਧਾਨ ਸਭਾ 'ਚ ਪੇਸ਼ ਹੋਏ ਬੇਅਦਬੀ ਖ਼ਿਲਾਫ਼ ਬਿੱਲ ਦੀ ਕਾਪੀ ਨੂੰ ਅੱਜ ਅਗਨ ਭੇਟ ਕੀਤਾ। ਭਾਜਪਾ ਦੇ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਰਾਜੂ ਨੇ ਇੱਥੇ ਪ੍ਰੈੱਸ ਕਾਨਫ਼ਰੰਸ ਕਰਕੇ ਕਿਹਾ ਕਿ ਪੰਜਾਬ ਸਰਕਾਰ ਦੇ ਬੇਅਦਬੀ ਖ਼ਿਲਾਫ਼ ਬਿੱਲ (ਪੰਜਾਬ ਪਵਿੱਤਰ ਗ੍ਰੰਥਾਂ ਖ਼ਿਲਾਫ਼ ਅਪਰਾਧ ਰੋਕਥਾਮ ਬਿੱਲ-2005) ਵਿੱਚ ਕੋਈ ਦਮ ਨਹੀਂ ਹੈ ਅਤੇ ਇਸ 'ਚ ਬੇਅਦਬੀ ਦੀ ਪਰਿਭਾਸ਼ਾ ਹੀ ਸਪੱਸ਼ਟ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੂਰੀ ਤਰ੍ਹਾਂ ਫ਼ੇਲ੍ਹ ਹੋ ਚੁੱਕੀ ਹੈ ਅਤੇ ਹੁਣ ਇਸ ਬਿੱਲ ਨੂੰ ਪੰਜਾਬ ਵਿਧਾਨ ਸਭਾ ਵਿੱਚ ਲਿਆ ਕੇ ਆਪਣੀਆਂ ਨਾਕਾਮੀਆਂ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਇਹ ਬਿੱਲ ਸਮੇਂ ਦੀ ਬਰਬਾਦੀ ਹੈ। ਜਗਮੋਹਨ ਰਾਜੂ ਨੇ ਕਿਹਾ ਕਿ 'ਆਪ' ਸਰਕਾਰ ਨੇ ਇਹ ਨਵਾਂ ਢੌਂਗ ਰਚਿਆ ਹੈ ਅਤੇ ਪੰਜਾਬ ਵਿਧਾਨ ਸਭਾ ਦੇ ਮੰਚ ਨੂੰ ਵਰਤਿਆ ਗਿਆ ਹੈ। ਉਨ੍ਹਾਂ ਕਿਹਾ ਕਿ ਲੋੜ ਤਾਂ ਇਸ ਗੱਲ ਦੀ ਸੀ ਕਿ ਬੇਅਦਬੀ ਖ਼ਿਲਾਫ਼ ਕੋਈ ਚੰਗਾ ਬਿੱਲ ਲਿਆਂਦਾ ਜਾਂਦਾ ਪਰ ਪੰਜਾਬ ਸਰਕਾਰ ਨੇ ਆਪਣੇ (ਬਾਕੀ ਸਫਾ 2 'ਤੇ)



## ਰਾਬਰਟ ਵਾਡਰਾ ਨੂੰ 10 ਸਾਲਾਂ ਤੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹੈ: ਰਾਹੁਲ

ਨਵੀਂ ਦਿੱਲੀ, 18 ਜੁਲਾਈ (ਚੜ੍ਹਦੀਕਲਾ ਬਿਊਰੋ) : ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਤੇ ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਹਰਿਆਣਾ ਦੇ ਸ਼ਿਕੋਹਪੁਰ ਵਿਚ ਜ਼ਮੀਨ ਸੌਦੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਰੌਬਰਟ ਵਾਡਰਾ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੇ ਜਾਣ ਨੂੰ ਸਿਆਸਤ ਤੋਂ ਪ੍ਰੇਰਿਤ ਕਾਰਵਾਈ ਕਰਾਰ ਦਿੱਤਾ ਹੈ। ਗਾਂਧੀ ਨੇ ਕਿਹਾ ਕਿ ਉਹ ਆਪਣੇ ਭਣੋਈਏ ਤੇ ਉਨ੍ਹਾਂ ਦੇ ਪਰਿਵਾਰ ਨਾਲ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਅਖੀਰ ਵਿਚ ਸੱਚਾਈ ਦੀ ਜਿੱਤ ਹੋਵੇਗੀ। ਰਾਹੁਲ ਗਾਂਧੀ ਨੇ ਐਕਸ 'ਤੇ ਇਕ ਪੋਸਟ 'ਚ ਲਿਖਿਆ, "ਮੇਰੇ ਭਣੋਈਏ ਨੂੰ ਪਿਛਲੇ 10 ਸਾਲਾਂ ਤੋਂ ਇਸ ਸਰਕਾਰ ਵੱਲੋਂ ਤੰਗ ਪ੍ਰੇਸ਼ਾਨ ਕੀਤਾ ਜਾ (ਬਾਕੀ ਸਫਾ 2 'ਤੇ)

# ਜਸਟਿਸ ਵਰਮਾ ਨੂੰ ਹਟਾਉਣ ਲਈ ਸਾਰੀਆਂ ਧਿਰਾਂ ਸਹਿਮਤ: ਰਿਜਿਜੂ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 18 ਜੁਲਾਈ :ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਅੱਜ ਇੱਥੇ ਕਿਹਾ ਕਿ ਸਾਰੀਆਂ ਸਿਆਸੀ ਪਾਰਟੀਆਂ ਜਸਟਿਸ ਯਸ਼ਵੰਤ ਵਰਮਾ ਦੇ ਮਹਾਦੋਸ਼ ਦੇ ਮੁੱਦੇ 'ਤੇ ਇਕਜੁੱਟ ਹਨ। ਜਸਟਿਸ ਵਰਮਾ ਦੇ ਘਰ ਤੋਂ ਕਰੰਸੀ ਨੋਟਾਂ ਦੇ ਸੜੇ ਹੋਏ ਬੰਡਲ ਮਿਲੇ ਸਨ। ਰਿਜਿਜੂ ਨੇ ਕਿਹਾ, "ਮੈਂ ਵੱਖ-ਵੱਖ ਸਿਆਸੀ ਧਿਰਾਂ ਦੇ ਸਾਰੇ ਸੀਨੀਅਰ ਨੇਤਾਵਾਂ ਨਾਲ ਗੱਲਬਾਤ ਕੀਤੀ ਹੈ। ਮੈਂ ਇਕਲੌਤੇ ਸੰਸਦ ਮੈਂਬਰ ਵਾਲੀਆਂ ਕੁੱਝ ਪਾਰਟੀਆਂ ਨਾਲ ਵੀ ਸੰਪਰਕ ਕਰਾਂਗਾ ਕਿਉਂਕਿ ਮੈਂ ਕਿਸੇ ਵੀ ਮੈਂਬਰ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੁੰਦਾ ਤਾਂ ਕਿ ਇਹ ਭਾਰਤੀ ਸੰਸਦ ਦੀ ਇੱਕ ਸਾਂਝੀ ਰਾਇ ਵਜੋਂ ਸਾਹਮਣੇ ਆਵੇ।" ਕੇਂਦਰੀ ਮੰਤਰੀ ਨੇ ਕਿਹਾ ਕਿ ਜਸਟਿਸ ਵਰਮਾ ਨੂੰ ਹਟਾਉਣ ਦਾ ਮਤਾ ਲਿਆਉਣ ਦੀ ਪਹਿਲ ਸਰਕਾਰ ਦੀ ਨਹੀਂ, ਬਲਕਿ ਵੱਖ ਵੱਖ ਸਿਆਸੀ ਪਾਰਟੀਆਂ ਦੇ ਸੰਸਦ ਮੈਂਬਰਾਂ ਦੀ ਹੈ, ਜਿਨ੍ਹਾਂ ਵਿੱਚ ਕਾਂਗਰਸ ਦੇ ਸੰਸਦ ਮੈਂਬਰ ਵੀ ਸ਼ਾਮਲ ਹਨ। ਉਨ੍ਹਾਂ ਕਿਹਾ, "ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਬਹੁਤ ਹੀ ਸੰਵੇਦਨਸ਼ੀਲ ਅਤੇ ਗੰਭੀਰ ਮਾਮਲਾ ਹੈ ਕਿਉਂਕਿ ਨਿਆਂਪਾਲਿਕਾ ਹੀ ਉਹ ਜਗ੍ਹਾ ਹੈ, ਜਿੱਥੇ ਲੋਕਾਂ ਨੂੰ ਨਿਆਂ ਮਿਲਦਾ ਹੈ। ਜੇਕਰ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਹੈ ਤਾਂ ਉਹ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੈ। ਇਸੇ ਲਈ ਜਸਟਿਸ ਯਸ਼ਵੰਤ ਵਰਮਾ ਨੂੰ (ਬਾਕੀ ਸਫਾ 2 'ਤੇ)

### ਵਿੱਤੀ ਸਾਲ 2025-26 ਦੀ ਪਹਿਲੀ ਤਿਮਾਹੀ

# ਪਟਿਆਲਾ ਡਿਵੀਜ਼ਨ ਜੀ.ਐਸ.ਟੀ. ਵਾਧੇ ਵਿੱਚ ਮੋਹਰੀ, ਲੁਧਿਆਣਾ ਡਿਵੀਜ਼ਨ ਮਾਲੀਆ ਪ੍ਰਾਪਤੀ 'ਚ ਸਿਖ਼ਰ 'ਤੇ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 18 ਜੁਲਾਈ :ਵਿੱਤੀ ਸਾਲ 2025-26 ਦੀ ਪਹਿਲੀ ਤਿਮਾਹੀ ਦੌਰਾਨ ਪਟਿਆਲਾ ਜੀਐਸਟੀ ਡਿਵੀਜ਼ਨ ਜੀਐਸਟੀ ਮਾਲੀਆ ਪ੍ਰਾਪਤੀ ਵਿੱਚ 40 ਫੀਸਦੀ ਦਾ ਪ੍ਰਭਾਵਸ਼ਾਲੀ ਵਾਧਾ ਦਰਜ ਕਰਦਿਆਂ ਪੰਜਾਬ ਦੀਆਂ ਬਾਕੀ ਸਾਰੀਆਂ ਡਿਵੀਜ਼ਨਾਂ ਤੋਂ ਮੋਹਰੀ ਰਹੀ ਹੈ। ਇਹ ਖੁਲਾਸਾ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ ਆਬਕਾਰੀ ਤੇ ਕਰ ਵਿਭਾਗ ਦੀ ਤਿਮਾਹੀ ਸਮੀਖਿਆ ਮੀਟਿੰਗ ਦੌਰਾਨ ਕੀਤਾ ਗਿਆ। ਪਟਿਆਲਾ ਡਿਵੀਜ਼ਨ ਤੋਂ ਬਾਅਦ ਰੋਪੜ ਡਿਵੀਜ਼ਨ ਦੀ ਵਾਧਾ ਦਰ 34.97 ਫੀਸਦੀ ਅਤੇ ਅੰਮ੍ਰਿਤਸਰ ਡਿਵੀਜ਼ਨ 30.26 ਫੀਸਦੀ 'ਤੇ ਰਹੀ। ਵਿਭਾਗ ਵੱਲੋਂ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੱਥ ਪਾਉਂਦਿਆਂ ਆਪਣੇ ਆਬਕਾਰੀ ਮਾਲੀਆ ਟੀਚਿਆਂ ਨੂੰ ਵੀ ਸਫਲਤਾਪੂਰਵਕ ਪੂਰਾ ਕੀਤਾ ਗਿਆ।

ਜਿੱਥੇ ਪਟਿਆਲਾ ਡਿਵੀਜ਼ਨ ਨੇ ਵਾਧਾ ਦਰ ਵਿੱਚ ਅਗਵਾਈ ਕੀਤੀ, ਉੱਥੇ ਲੁਧਿਆਣਾ ਡਿਵੀਜ਼ਨ ਨੇ ਸੂਬੇ ਭਰ ਵਿੱਚ ਸਭ ਤੋਂ ਵੱਧ ਕੁੱਲ ਜੀਐਸਟੀ ਮਾਲੀਆ ਦਰਜ ਕੀਤਾ, ਜੋ ਕਿ ਵਿੱਤੀ ਸਾਲ 2024-25 ਦੀ ਇਸੇ ਮਿਆਦ ਦੇ ਮੁਕਾਬਲੇ 23.89 ਫੀਸਦੀ ਦਾ ਮਹੱਤਵਪੂਰਨ ਵਾਧਾ ਦਰਜ ਕਰਦਿਆਂ 1998.76 ਕਰੋੜ ਰੁਪਏ ਰਿਹਾ। ਵਿੱਤੀ ਸਾਲ 2025-26 ਦੀ ਪਹਿਲੀ ਤਿਮਾਹੀ ਵਿੱਚ ਰੋਪੜ ਡਿਵੀਜ਼ਨ ਨੇ 1315.66 ਕਰੋੜ ਰੁਪਏ, ਅੰਮ੍ਰਿਤਸਰ ਡਿਵੀਜ਼ਨ ਨੇ 687.19 ਕਰੋੜ ਰੁਪਏ, ਅਤੇ ਪਟਿਆਲਾ ਡਿਵੀਜ਼ਨ ਨੇ 679 ਕਰੋੜ ਰੁਪਏ ਜੀਐਸਟੀ ਮਾਲੀਆ ਵਜੋਂ ਪ੍ਰਾਪਤ ਕੀਤੇ। ਇਹ ਅੰਕੜੇ ਪਿਛਲੇ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਤੋਂ ਕਾਫ਼ੀ ਵਾਧੇ ਨੂੰ ਦਰਸਾਉਂਦੇ ਹਨ, ਜਿੱਥੇ ਲੁਧਿਆਣਾ ਡਿਵੀਜ਼ਨ ਨੇ 1613 ਕਰੋੜ ਰੁਪਏ, (ਬਾਕੀ ਸਫਾ 2 'ਤੇ)

## ਸ਼ਰਾਬ ਘੁਟਾਲੇ 'ਚ ਈ.ਡੀ. ਵੱਲੋਂ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਦਾ ਪੁੱਤਰ ਗ੍ਰਿਫ਼ਤਾਰ



ਚੜ੍ਹਦੀਕਲਾ ਬਿਊਰੋ

================

ਰਾਇਪੁਰ, 18 ਜੁਲਾਈ :ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ 2100 ਕਰੋੜ ਰੁਪਏ ਦੇ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਦੇ ਪੁੱਤਰ ਚੈਤੰਨਿਆ ਬਘੇਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਚੈਤੰਨਿਆ ਬਘੇਲ ਨੂੰ ਪੀਐੱਮਐੱਲਏ ਕੋਰਟ ਵਿਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ ਪੰਜ ਦਿਨਾਂ ਲਈ ਈਡੀ ਦੀ ਹਿਰਾਸਤ ਵਿਚ ਭੇਜ ਦਿੱਤਾ ਗਿਆ। ਈ.ਡੀ. ਨੇ ਰਸਮੀ ਗ੍ਰਿਫ਼ਤਾਰੀ ਤੋਂ ਪਹਿਲਾਂ ਚੈਤੰਨਿਆ ਬਘੇਲ ਦੀ ਭਿਲਾਈ ਸਥਿਤ ਰਿਹਾਇਸ਼ 'ਤੇ ਛਾਪਾ ਮਾਰਿਆ ਸੀ। ਭੁਪੇਸ਼ ਬਘੇਲ ਵੀ ਇਸੇ ਰਿਹਾਇਸ਼ 'ਤੇ ਆਪਣੇ ਪੁੱਤਰ ਨਾਲ ਰਹਿੰਦੇ ਹਨ। (ਬਾਕੀ ਸਫਾ 2 'ਤੇ)

## ਹਿਮਾਚਲ ’ਚ ਭਾਰੀ ਮੀਂਹ

ਵੰਡ ਟਰਾਂਸਫਾਰਮਰ ਪ੍ਰਭਾਵਿਤ ਹੋਏ ਹਨ। ਮੌਸਮ ਵਿਭਾਗ ਨੇ 21 ਅਤੇ 23 ਜੁਲਾਈ ਨੂੰ ਹਿਮਾਚਲ ਪ੍ਰਦੇਸ਼ ਦੇ ਕੁਝ ਖੇਤਰਾਂ ਵਿੱਚ ਭਾਰੀ ਤੋਂ ਬਹੁਤ ਭਾਰੀ ਮੀਂਹ ਦੀ ਚੇਤਾਵਨੀ ਦਿੰਦਿਆਂ ‘ਸੰਤਰੀ’ ਅਲਰਟ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਐਤਵਾਰ ਤੱਕ ਰਾਜ ਦੇ ਕੁਝ ਖੇਤਰਾਂ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਦਿੰਦਿਆਂ ‘ਪੀਲਾ’ ਅਲਰਟ ਜਾਰੀ ਕੀਤਾ ਹੈ। ਬੀਤੀ ਸ਼ਾਮ ਨੂੰ ਸੂਬੇ ਦੇ ਕੁਝ ਹਿੱਸਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਈ।

## ਨਸ਼ਾ ਤਸਕਰੀ ਦੇ ਵੱਡੇ ‘ਜਰਨੈਲਾਂ’ ’ਤੇ

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੱਤਾ ਦੇ ਭੁੱਖੇ ਸਿਆਸਤਦਾਨ ਸੱਤਾ ਤੋਂ ਬਿਨਾਂ ਬੇਚੈਨ ਹੋ ਰਹੇ ਹਨ ਕਿਉਂਕਿ ਲੋਕਾਂ ਨੇ ‘ਆਪ’ ਨੂੰ ਚੁਣਨ ਲਈ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਆਉਣ ਵਾਲੇ ਦਿਨਾਂ ਵਿੱਚ ਕਈ ਲੋਕ ਪੱਖੀ ਫੈਸਲੇ ਲਵੇਗੀ, ਜਿਸ ਨਾਲ ਸਾਰਿਆਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਧਿਆਨ ਇਹ ਯਕੀਨੀ ਬਣਾਉਣਾ ਹੈ ਕਿ ਨੌਜਵਾਨ ਨੌਕਰੀਆਂ ਦੀ ਭਾਲ ਕਰਨ ਦੀ ਬਜਾਏ ਨੌਕਰੀਆਂ ਦੇਣ ਵਾਲੇ ਬਣਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨੌਜਵਾਨਾਂ ਦੀ ਸਰਗਰਮ ਸ਼ਮੂਲੀਅਤ ਰਾਹੀਂ ਇਕ ਪ੍ਰਗਤੀਸ਼ੀਲ ਅਤੇ ਖ਼ੁਸ਼ਹਾਲ ਪੰਜਾਬ ਦੀ ਸਿਰਜਣਾ ਸਮੇਂ ਦੀ ਲੋੜ ਹੈ।

ਬੇਅਦਬੀ ਰੋਕਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੋਮਵਾਰ ਨੂੰ ਸਰਕਾਰ ਨੇ ਵਿਧਾਨ ਸਭਾ ਵਿੱਚ ‘ਪੰਜਾਬ ਧਾਰਮਿਕ ਗ੍ਰੰਥਾਂ ਸਬੰਧੀ ਅਪਰਾਧਾਂ ਦੀ ਰੋਕਥਾਮ ਬਿੱਲ 2025’ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਹ ਸੰਵੇਦਨਸ਼ੀਲ ਅਤੇ ਨਾਜ਼ੁਕ ਮੁੱਦਾ ਸਾਰੇ ਪੰਜਾਬੀਆਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਦੋਵਾਂ ਲਈ ਦੂਰਗਾਮੀ ਪ੍ਰਭਾਵ ਪਾਉਂਦਾ ਹੈ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਘਿਨਾਉਣੇ ਅਪਰਾਧ ਕਰਨ ਵਾਲਿਆਂ ਨੂੰ ਰੋਕਣ ਲਈ ਸਖ਼ਤ ਸਜ਼ਾ ਜ਼ਰੂਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਪਿਆਰ, ਸਦਭਾਵਨਾ ਅਤੇ ਸਹਿਣਸ਼ੀਲਤਾ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਕੁਝ ਪੰਜਾਬ ਵਿਰੋਧੀ ਤਾਕਤਾਂ 2016 ਤੋਂ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜ਼ਾਮ ਦੇ ਕੇ ਏਕਤਾ ਦੇ ਤਾਣੇ-ਬਾਣੇ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਅਜਿਹੀਆਂ ਕਾਰਵਾਈਆਂ ਵਿੱਚ ਸ਼ਾਮਲ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਉਣ ਲਈ ਆਪਣੀ ਸਰਕਾਰ ਦਾ ਸੰਕਲਪ ਦੁਹਰਾਇਆ।

ਲੋਕਾਂ ਦੀ ਭਲਾਈ ਲਈ ਆਪਣੀ ਸਰਕਾਰ ਦੀਆਂ ਮੁੱਖ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ‘ਮੁੱਖ ਮੰਤਰੀ ਸਿਹਤ ਯੋਜਨਾ’ ਬਾਰੇ ਦੱਸਿਆ ਕਿ ਇਹ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ, ਜੋ ਪੰਜਾਬ ਦੇ ਹਰੇਕ ਨਿਵਾਸੀ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ। ਉਨ੍ਹਾਂ ਮਾਣ ਨਾਲ ਕਿਹਾ ਕਿ ਪੰਜਾਬ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ, ਜੋ ਹਰ ਘਰ ਨੂੰ ਅਜਿਹੀ ਵਿਆਪਕ ਸਿਹਤ ਸੰਭਾਲ ਕਵਰੇਜ਼ ਪ੍ਰਦਾਨ ਕਰਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਆਮ ਲੋਕਾਂ ਨੂੰ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰ ਕੇ ਵੱਡੀ ਰਾਹਤ ਪ੍ਰਦਾਨ ਕਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸਿਆਸੀ ਆਗੂਆਂ ਨੇ ਆਪਣੇ ਸ਼ੱਕੀ ਕਿਰਦਾਰ ਕਾਰਨ ਆਪਣੀ ਭਰੋਸੇਯੋਗਤਾ ਗੁਆ ਦਿੱਤੀ ਹੈ, ਜੋ ਲੋਕਾਂ ਸਾਹਮਣੇ ਬੇਨਕਾਬ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਕਾਂਗਰਸ ਅਤੇ ਅਕਾਲੀ ਆਗੂਆਂ ਨੂੰ ਉਨ੍ਹਾਂ ਦੇ ਪੰਜਾਬ ਵਿਰੋਧੀ ਤੇ ਲੋਕ ਵਿਰੋਧੀ ਸਟੈਂਡ ਕਾਰਨ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਖ਼ੁਸ਼ਕਿਸਮਤ ਹਨ ਕਿ ਸੂਬੇ ਦੇ ਲੋਕਾਂ ਨੇ ਸਾਡੀ ਸਰਕਾਰ ਨੂੰ ਭਾਰੀ ਬਹੁਮਤ ਦੇ ਕੇ ਇੰਨਾ ਪਿਆਰ ਅਤੇ ਸਨੇਹ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ 36 ਮਹੀਨਿਆਂ ਤੋਂ ਵੱਧ ਸਮੇਂ ਦੇ ਕਾਰਜਕਾਲ ਵਿੱਚ ਸੂਬੇ ਦੇ 55,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਨਵਾਂ ਮਾਪਦੰਡ ਸਥਾਪਤ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੂਰੀ ਭਰਤੀ ਪ੍ਰਕਿਰਿਆ ਲਈ ਇਕ ਪੁਖ਼ਤਾ ਪ੍ਰਕਿਰਿਆ ਅਪਣਾਈ ਗਈ ਹੈ। ਉਨ੍ਹਾਂ ਕਿਹਾ ਕਿ ਇਹ ਨੌਕਰੀਆਂ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ ’ਤੇ ਦਿੱਤੀਆਂ ਗਈਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਰਦਰਸ਼ੀ ਭਰਤੀ ਨੇ ਸੂਬਾ ਸਰਕਾਰ ਲਈ ਕੰਮ ਕਰਨ ਵਾਸਤੇ ਨੌਜਵਾਨਾਂ ਦਾ ਵਿਸ਼ਵਾਸ ਵਧਾਇਆ ਹੈ, ਜਿਸ ਕਾਰਨ ਉਨ੍ਹਾਂ ਨੇ ਵਿਦੇਸ਼ ਜਾਣ ਦਾ ਵਿਚਾਰ ਤਿਆਗ ਦਿੱਤਾ ਹੈ ਅਤੇ ਇੱਥੇ ਸਰਕਾਰੀ ਨੌਕਰੀਆਂ ਲਈ ਤਿਆਰੀ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਖ਼ਰਾਬ ਮੌਸਮ ਦੇ ਬਾਵਜੂਦ ਇਸ ਸਮਾਗਮ ਵਿੱਚ ਪੁੱਜਣ ਵਾਲੇ ਲੋਕਾਂ ਦੇ ਉਹ ਕਰਜ਼ਦਾਰ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਲੋਕਾਂ ਨੂੰ ਸਮਾਂਬੱਧ ਢੰਗ ਨਾਲ ਨਾਗਰਿਕ ਕੇਂਦਰਿਤ ਸੇਵਾਵਾਂ ਪ੍ਰਦਾਨ ਕਰ ਕੇ ਬਹੁਤ ਲਾਭ ਪਹੁੰਚਾਉਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਲਈ ਸੂਬੇ ਭਰ ਵਿੱਚ ਅਜਿਹੇ ਆਧੁਨਿਕ ਤਹਿਸੀਲ ਕੰਪਲੈਕਸ ਬਣਾਏ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੀ ਬਿਹਤਰ ਢੰਗ ਨਾਲ ਸੇਵਾ ਕਰਨ ਲਈ ਅਜਿਹੇ ਉਪਰਾਲਿਆਂ ਵੱਲ ਕਦੇ ਵੀ ਕੋਈ ਧਿਆਨ ਨਹੀਂ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਸੂਬੇ ਦਾ ਸ਼ਾਸਨ ਗਲਤ ਹੱਥਾਂ ਵਿੱਚ ਸੀ, ਜਿਸ ਕਾਰਨ ਸੂਬੇ ਨੂੰ ਬਹੁਤ ਨੁਕਸਾਨ ਝੱਲਣਾ ਪਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਤੋਂ ਉਨ੍ਹਾਂ ਦੀ ਸਰਕਾਰ ਨੇ ਅਹੁਦਾ ਸੰਭਾਲਿਆ ਹੈ, ਉਦੋਂ ਤੋਂ ਸਰਕਾਰ ਜਨਤਕ ਮਹੱਤਵ ਵਾਲੇ ਅਜਿਹੇ ਕੰਮਾਂ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਅਜਿਹੀਆਂ ਇਮਾਰਤਾਂ ਲੋਕਾਂ ਦੀਆਂ ਭਵਿੱਖੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਆਸਾਨ ਰਜਿਸਟਰੀ ਅਤੇ ਆਸਾਨ ਜਮ੍ਹਾਂਬੰਦੀ ਦੇ ਰੂਪ ਵਿੱਚ ਲੀਕ ਤੋਂ ਹਟਵੇਂ ਸੁਧਾਰ ਕੀਤੇ ਹਨ, ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਹੀ ਇਹ ਸੇਵਾਵਾਂ ਲੈਣ ਦੀ ਸਹੂਲਤ ਦਿੱਤੀ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਵਿਲੱਖਣ ਪਹਿਲਕਦਮੀਆਂ ਲੋਕਾਂ ਨੂੰ ਅਸੁਵਿਧਾ ਤੋਂ ਬਚਾਉਣ ਅਤੇ ਇਹ ਯਕੀਨੀ ਬਣਾਉਣ ਲਈ ਕੀਤੀਆਂ ਗਈਆਂ ਹਨ, ਕਿ ਉਨ੍ਹਾਂ ਨੂੰ ਸਮਾਂਬੱਧ ਤਰੀਕੇ ਨਾਲ ਸੇਵਾਵਾਂ ਮਿਲਣ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਹੈ ਅਤੇ ਕਿਸੇ ਵੀ ਭ੍ਰਿਸ਼ਟ ਅਧਿਕਾਰੀ ਨੂੰ ਬਰਦਾਸ਼ਤ ਨਹੀਂ ਜਾ ਰਿਹਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰੇਕ ਭ੍ਰਿਸ਼ਟ ਅਧਿਕਾਰੀ ਨੂੰ ਨੱਥ ਪਾਈ ਜਾਵੇਗੀ ਅਤੇ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਨਾਗਰਿਕ ਕੇਂਦਰਿਤ ਸੇਵਾਵਾਂ ਪ੍ਰਦਾਨ ਕਰ ਕੇ ਪਾਰਦਰਸ਼ਤਾ ਅਤੇ ਜਵਾਬਦੇਹੀ ਲਿਆਉਣ ਲਈ ਜੋਸ਼ ਨਾਲ ਕੰਮ ਕਰ ਰਹੀ ਹੈ।

ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਹੋਰ ਹਾਜ਼ਰ ਸਨ।

## ਮੁੱਖ ਮੰਤਰੀ ਵੱਲੋਂ ਅਮਰਗੜ੍ਹ ਤੇ ਅਹਿਮਦਗੜ੍ਹ ਸਬ-ਡਵੀਜ਼ਨਾਂ

ਲਿਫਟਾਂ ਵੀ ਸਥਾਪਤ ਕੀਤੀਆਂ ਗਈਆਂ ਹਨ ਤਾਂ ਕਿ ਉਨ੍ਹਾਂ ਨੂੰ ਰੋਜ਼ਮੱਰਾ ਦੇ ਪ੍ਰਸ਼ਾਸਨਿਕ ਕੰਮਕਾਜ ਲਈ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਨੇ ਕਿਹਾ ਕਿ ਹਜ਼ਾਰਾਂ ਲੋਕ ਹਰ ਰੋਜ਼ ਆਪਣੇ ਕੰਮਕਾਜ ਲਈ ਇਨ੍ਹਾਂ ਦਫਤਰਾਂ ਵਿੱਚ ਆਉਂਦੇ ਹਨ ਅਤੇ ਇਸੇ ਕਰਕੇ ਲੋਕਾਂ ਦੀ ਸਹੂਲਤ ਲਈ ਇਨ੍ਹਾਂ ਕੰਪਲੈਕਸਾਂ ਦਾ ਨਿਰਮਾਣ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਭਵਿੱਖ ਦੀਆਂ ਲੋੜਾਂ ਦੇ ਮੱਦੇਨਜ਼ਰ ਇਨ੍ਹਾਂ ਇਮਾਰਤਾਂ ਦਾ ਨਿਰਮਾਣ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਅਜਿਹੇ ਲੋਕ ਪੱਖੀ ਕਾਰਜਾਂ ਵੱਲ ਕਦੇ ਵੀ ਧਿਆਨ ਨਹੀਂ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਵੇਂ ਦਫਤਰਾਂ ਨਾਲ ਸਟਾਫ ਨੂੰ ਢੁਕਵਾਂ ਮਾਹੌਲ ਮਿਲੇਗਾ, ਜਿਸ ਨਾਲ ਉਹ ਬਿਨਾਂ ਕਿਸੇ ਖੱਜਲ-ਖੁਆਰੀ ਦੇ ਲੋਕਾਂ ਦੇ ਕੰਮਕਾਜ ਨੂੰ ਯਕੀਨੀ ਬਣਾਉਣ ਨੂੰ ਤਰਜ਼ੀਹ ਦੇਣਗੇ।

## ਸ੍ਰੀ ਦਰਬਾਰ ਨੂੰ ਸਾਹਿਬ ਨੂੰ ਬੰਬ ਨਾਲ ਉਡਾਉਣ

ਕੰਪਨੀਆਂ ਵਿਚ ਕੰਮ ਕਰ ਚੁੱਕਾ ਹੈ ਤੇ ਹੁਣ ਬੇਰੁਜ਼ਗਾਰ ਹੈ। ਕੁਝ ਤਕਨੀਕੀ ਸਬੂਤ ਮਿਲੇ ਹਨ, ਜਿਸ ਕਾਰਨ ਸ਼ੁਭਮ ’ਤੇ ਸ਼ੱਕ ਗਿਆ ਹੈ। ਜੇਕਰ ਪੁੱਛ-ਗਿੱਛ ਦੌਰਾਨ ਉਸ ਦੀ ਸ਼ਮੂਲੀਅਤ ਪਾਈ ਜਾਂਦੀ ਹੈ, ਤਾਂ ਉਸ ਦੀ ਗ੍ਰਿਫ਼ਤਾਰੀ ਪਾਈ ਜਾਵੇਗੀ ਅਤੇ ਉਸ ਦੇ ਹੋਰ ਸਾਥੀਆਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ ਜਾਵੇਗੀ।ਸੀਪੀ ਅੰਮ੍ਰਿਤਸਰ ਨੇ ਕਿਹਾ ਕਿ ਸ਼ੁਭਮ ਤੋਂ ਪੁੱਛ-ਗਿੱਛ ਦੌਰਾਨ ਪੁਲਿਸ ਨੂੰ ਕੁਝ ਅਹਿਮ ਸੁਰਾਗ ਮਿਲ ਸਕਦੇ ਹਨ। ਜਾਂਚ ਏਜੰਸੀਆਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਕੀ ਇਹ ਇੱਕ ਇਕੱਲਾ ਸਾਈਬਰ ਹਮਲਾ ਸੀ ਜਾਂ ਇਸ ਦੇ ਪਿੱਛੇ ਕੋਈ ਸੰਗਠਿਤ ਨੈੱਟਵਰਕ ਸੀ ਜਾਂ ਕੱਟੜਪੰਥੀ ਸਾਜ਼ਿਸ਼ ਸੀ

ਜਿੱਥੇ ਇਕ ਪਾਸੇ ਜ਼ਿਕਰ ਯੋਗ ਹੈ ਕਿ ਅੱਜ ਪੁਲਿਸ ਕਮਿਸ਼ਨਰ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਧਮਕੀ ਭਰੀਆਂ ਈ.ਮੇਲ ਭੇਜਣ ਵਾਲੇ ਇਕ ਸਾਫਟਵੇਅਰ ਇੰਜੀਨੀਅਰ ਸ਼ੁਭਮ ਦੂਬੇ ਨਾਂਅ ਦੇ ਵਿਅਕਤੀ ਨੂੰ ਫ਼ਰੀਦਾਬਾਦ ਤੋਂ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ, ਉੱਥੇ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੂੰ ਇਕ ਦਿਨ ਦੇ ਵਕਫ਼ੇ ਬਾਅਦ ਅੱਜ ਮੁੜ ਛੇਵੀਂ ਧਮਕੀ ਭਰੀ ਈ.ਮੇਲ ਪ੍ਰਾਪਤ ਹੋਈ ਹੈ।ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਅੱਜ ਮੁੜ ਧਮਕੀ ਭਰੀ ਈਮੇਲ ਪ੍ਰਾਪਤ ਹੋਈ ਹੈ, ਜਿਸ ਤੋਂ ਲੱਗਦਾ ਹੈ ਕਿ ਇਸ ਸਾਜ਼ਿਸ਼ ਪਿੱਛੇ ਕੋਈ ਇਕੱਲਾ ਵਿਅਕਤੀ ਨਹੀਂ ਬਲਕਿ ਹੋਰ ਵੀ ਲੋਕ ਹਨ, ਜਿਨ੍ਹਾਂ ਬਾਰੇ ਸਰਕਾਰ ਨੂੰ ਸੰਜੀਦਗੀ ਨਾਲ ਜਾਂਚ ਕਰਨੀ ਚਾਹੀਦੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਮਾਮਲੇ ਨੂੰ ਹਲਕੇ ਪੱਧਰ ’ਤੇ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਕ ਦੋ ਦਿਨਾਂ ਵਿਚ ਸਾਰੇ ਦੋਸ਼ੀ ਕਾਬੂ ਨਾ ਕੀਤੇ ਗਏ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਗ੍ਰਿਹ ਮੰਤਰੀ ਸ੍ਰੀ ਅਮਿਤ ਸ਼ਾਹ ਨਾਲ ਇਸ ਅਹਿਮ ਮਾਮਲੇ ਸਬੰਧੀ ਮੁਲਾਕਾਤ ਕੀਤੀ ਜਾਵੇਗੀ।

# ਪਹਿਲੇ ਸਫ਼ੇ ਦੀ ਬਾਕੀ

## ਪੰਜਾਬ ਸਰਕਾਰ ਵੱਲੋਂ ਰਿਹਾਇਸ਼ੀ ਤੇ

ਜਿਨ੍ਹਾਂ ਜਾਇਦਾਦਾਂ ’ਤੇ ਨਵਾਂ ਟੈਕਸ ਲਾਗੂ ਹੋਵੇਗਾ, ਉਨ੍ਹਾਂ ਵਿੱਚ ਰਿਹਾਇਸ਼ੀ ਘਰ, ਰਿਹਾਇਸ਼ੀ ਫਲੈਟ, ਵਪਾਰਕ ਇਮਾਰਤਾਂ, ਜਿਨ੍ਹਾਂ ਵਿੱਚ ਰੈਸਟੋਰੈਂਟ ਵੀ ਸ਼ਾਮਲ ਹਨ। ਪ੍ਰਾਪਰਟੀ ਟੈਕਸ (ਮਲਟੀਪਲੈਕਸਾਂ ਨੂੰ ਛੱਡ ਕੇ) ਵਧਾ ਕੇ, ਪੰਜਾਬ ਸਰਕਾਰ ਕੇਂਦਰ ਦੁਆਰਾ ਨਿਰਧਾਰਤ ਮੌਜੂਦਾ ਉਧਾਰ ਸੀਮਾ ਤੋਂ 0.25 ਫੀਸਦੀ ਵੱਧ ਉਧਾਰ ਲੈ ਸਕੇਗੀ।

## ਸ੍ਰੀ ਦਰਬਾਰ ਸਾਹਿਬ ਬਾਰੇ ਧਮਕੀਆਂ ਦੇਣ ਵਾਲੇ ਦੋਸ਼ੀ ਨੂੰ

ਲਈ ਹਿਰਾਸਤ ਵਿੱਚ ਲੈਣ ਦੇ ਦਾਅਵੇ ਬਾਰੇ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਮੌਜੂਦਾ ਤਕਨੀਕੀ ਦੌਰ ਵਿੱਚ ਅਤੇ ਸਰਕਾਰ ਕੋਲ ਸਾਰੇ ਸਾਧਨ ਹੋਣ ਦੇ ਬਾਵਜੂਦ ਹੁਣ ਤੱਕ ਅਸਲ ਦੋਸ਼ੀ ਦੀ ਪਛਾਣ ਨਹੀਂ ਕੀਤੀ ਗਈ।

ਜਥੇਦਾਰ ਗੜਗੱਜ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੁਨੀਆ ਦਾ ਇੱਕੋ ਇੱਕ ਮੁਬਾਰਕ ਤੇ ਪਵਿੱਤਰ ਅਸਥਾਨ ਹੈ, ਜਿੱਥੇ ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਅਤੇ ਸਰਬੱਤ ਦੇ ਭਲੇ ਦੀ ਰੋਜ਼ਾਨਾ ਅਰਦਾਸ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਅਸਥਾਨ ਦੇ ਚਾਰ ਦਰਵਾਜ਼ੇ ਸਮੁੱਚੀ ਮਨੁੱਖਤਾ ਦੇ ਲਈ ਖੁੱਲ੍ਹੇ ਹਨ, ਜਿੱਥੇ ਦੇਸ਼ ਵਿਦੇਸ਼ ਤੋਂ ਰੋਜ਼ਾਨਾ ਹਜ਼ਾਰਾਂ ਸੰਗਤਾਂ ਨਤਮਸਤਕ ਹੋਣ ਆਉਂਦੀਆਂ ਹਨ। ਉਨ੍ਹਾਂ ਕਿਹਾ ਕਿ ਭਾਵੇਂ ਕਿ ਪਿਛਲੇ ਦਿਨਾਂ ਤੋਂ ਆ ਰਹੀਆਂ ਧਮਕੀ ਵਾਲੀਆਂ ਈ-ਮੇਲਾਂ ਤੋਂ ਸਿੱਖ ਸੰਗਤ ਦੇ ਮਨਾਂ ਵਿੱਚ ਚਿੰਤਾ ਹੈ। ਪਰ ਇਸ ਦੇ ਬਾਵਜੂਦ ਵੀ ਸੰਗਤਾਂ ਰੋਜ਼ਾਨਾ ਦੀ ਤਰ੍ਹਾਂ ਵੱਡੀ ਗਿਣਤੀ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹੋ ਜਿਹੀਆਂ ਈ-ਮੇਲਾਂ ਰੁਹਾਨੀਅਤ ਦੇ ਕੇਂਦਰ ਵਿਖੇ ਲਗਾਤਾਰ ਕਿਉਂ ਆ ਰਹੀਆਂ ਹਨ ਅਤੇ ਇਸ ਪਿੱਛੇ ਕੀ ਮਨਸ਼ਾ ਹੈ, ਇਹ ਗਹਿਰੀ ਜਾਂਚ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਇੱਕ ਸ਼ੱਕੀ ਨੂੰ ਫੜੇ ਜਾਣ ਦੇ ਦਾਅਵੇ ਤੋਂ ਬਾਅਦ ਵੀ ਅੱਜ ਫਿਰ ਈ-ਮੇਲ ਆਈ ਹੈ, ਪਰ ਪੰਜ ਦਿਨ ਬੀਤ ਜਾਣ ਦੇ ਬਾਵਜੂਦ ਵੀ ਅਸਲ ਦੋਸ਼ੀ ਬਾਰੇ ਕੋਈ ਪੁਖਤਾ ਜਾਣਕਾਰੀ ਸਾਹਮਣੇ ਨਾ ਆਉਣੀ, ਇਸ ਨਾਲ ਸਰਕਾਰ ਵੱਲੋਂ ਕੀਤੀ ਜਾ ਰਹੀ ਕਾਰਵਾਈ ਉੱਤੇ ਵੱਡੇ ਸਵਾਲ ਖੜ੍ਹੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਕਿਤੇ ਇਨ੍ਹਾਂ ਈ-ਮੇਲਾਂ ਕਰਨ ਵਾਲੇ ਸ਼ਰਾਰਤੀ ਅਨਸਰ ਦੀ ਮਨਸ਼ਾ ਇਹ ਤਾਂ ਨਹੀਂ ਕਿ ਸਿੱਖ ਸੰਗਤਾਂ ਦੇ ਮਨਾਂ ਵਿੱਚ ਡਰ ਤੇ ਦਹਿਸ਼ਤ ਦਾ ਮਾਹੌਲ ਪੈਦਾ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਦੀਆਂ ਸੰਗਤਾਂ ਦੀ ਗਿਣਤੀ ਘਟਾਈ ਜਾਵੇ। ਦੋਸ਼ੀਆਂ ਦੀ ਮਨਸ਼ਾ ਜੱਗ ਜ਼ਾਹਰ ਹੋਣੀ ਚਾਹੀਦੀ ਹੈ, ਜੋ ਕਿ ਸੂਬਾ ਅਤੇ ਕੇਂਦਰੀ ਜਾਂਚ ਏਜੰਸੀਆਂ ਅਤੇ ਸਰਕਾਰਾਂ ਦਾ ਕੰਮ ਹੈ।

ਜਥੇਦਾਰ ਗੜਗੱਜ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਿਨਾਂ ਡਰ ਭੈਅ ਤੋਂ ਹਮੇਸ਼ਾ ਦੀ ਤਰ੍ਹਾਂ ਨਤਮਸਤਕ ਹੋਣ ਪੁੱਜਣ। ਉਨ੍ਹਾਂ ਧਮਕੀਆਂ ਦੇਣ ਵਾਲੀ ਸ਼ਕਤੀਆਂ ਨੂੰ ਕਿਹਾ ਕਿ ਡਰ ਸਿੱਖਾਂ ਦੇ ਸੁਭਾਅ ਵਿੱਚ ਨਹੀਂ ਹੈ। ਇਸ ਕਰਕੇ ਉਹ ਅਜਿਹੀਆਂ ਹਰਕਤਾਂ ਨਾਲ ਸਿੱਖ ਸੰਗਤ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਤੋਂ ਰੋਕ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਜਦੋਂ ਸਿੱਖਾਂ ਉੱਤੇ ਪਾਬੰਦੀ ਸੀ ਸਿੱਖ ਉਦੋਂ ਵੀ ਇਸ ਪਾਵਨ ਅਸਥਾਨ ਉੱਤੇ ਦਰਸ਼ਨ ਇਸ਼ਨਾਨ ਕਰਦੇ ਰਹੇ ਹਨ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ ਵੀ ਹਾਜ਼ਰ ਸਨ।

## ਮਾਨ ਤੇ ਕੇਜਰੀਵਾਲ ਦਾ ਦੋ

ਤਾਂ ਪੁਲਿਸ ਨੇ ਉਨ੍ਹਾਂ ਕਿਸਾਨਾਂ ’ਤੇ ਅੱਥਰੂ ਗੈਸ ਦੇ ਗੋਲੇ ਦਾਗੇ ਤੇ ਉਨ੍ਹਾਂ ਕਿਸਾਨਾਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ। ਕੇਜਰੀਵਾਲ ਇਸ ਮਹਾਪੰਚਾਇਤ ਵਿੱਚ ਡੇਅਰੀ ਸੈਕਟਰ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਦਾ ਮੁੱਦਾ ਚੁੱਕਣਗੇ। ਭਾਜਪਾ ਸ਼ਾਸਿਤ ਸੂਬੇ ਵਿੱਚ ਵਿਸਵਾਦਾਰ ਤੋਂ ਜਿੱਤ ਹਾਸਲ ਕਰਨ ਤੋਂ ਬਾਅਦ ਕੇਜਰੀਵਾਲ ਦੀ ਇਹ ਦੂਜੀ ਫੇਰੀ ਹੋਵੇਗੀ। ਇਸ ਤੋਂ ਪਹਿਲਾਂ ਉਹ ਇੱਕ ਜੁਲਾਈ ਤੋਂ ਤਿੰਨ ਜੁਲਾਈ ਤੱਕ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ ‘ਗੁਜਰਾਤ ਜੋੜੋ’ ਮੁਹਿੰਮ ਦਾ ਹਿੱਸਾ ਬਣੇ ਸਨ। ਜ਼ਿਕਰਯੋਗ ਹੈ ਕਿ ‘ਆਪ’ ਦੇ ਸਾਬਕਾ ਸੂਬਾ ਪ੍ਰਧਾਨ ਗੋਪਾਲ ਇਟਾਲੀਆ ਭਾਜਪਾ ਦੇ ਉਮੀਦਵਾਰ ਕਿਰਿਤ ਪਟੇਲ ਨੂੰ 17,554 ਵੋਟਾਂ ਨਾਲ ਹਰਾ ਕੇ ਵਿਸਵਾਦਰਾ ਸੀਟ ਤੋਂ ਜਿੱਤ ਹਾਸਲ ਕੀਤੀ ਸੀ।

## ਆਰਜੇਡੀ-ਕਾਂਗਰਸ ਦੀ ਸਰਕਾਰ

ਕਿਹਾ ਕਿ ਆਰ.ਜੇ.ਡੀ.-ਕਾਂਗਰਸ ਨੇ ਕਦੇ ਵੀ ਬਿਹਾਰ ਦੇ ਗਰੀਬ ਲੋਕਾਂ ਦੀ ਭਲਾਈ ਬਾਰੇ ਨਹੀਂ ਸੋਚਿਆ। ਉਨ੍ਹਾਂ ਦੇ ਕਾਰਜਕਾਲ ’ਚ ਗਰੀਬ ਲੋਕ ਗਰੀਬ ਹੀ ਰਹੇ। ਮੋਦੀ ਨੇ ਕਿਹਾ ਕਿ ਪੂਰਬੀ ਭਾਰਤ ਦੇ ਸਮੁੱਚੇ ਵਿਕਾਸ ਲਈ ‘ਵਿਕਸਤ ਬਿਹਾਰ’ ਜ਼ਰੂਰੀ ਹੈ ਤੇ ਮੋਤੀਹਾਰੀ ਨੂੰ ਮੁੰਬਈ ਦੀ ਤਰ੍ਹਾਂ ਵਿਕਸਤ ਬਣਾਉਣਾ ਹੋਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਚੰਪਾਰਨ ਨੇ ਆਜ਼ਾਦੀ ਸੰਗਰਾਮ ਦੌਰਾਨ ਮਹਾਤਮਾ ਗਾਂਧੀ ਦੇ ਅੰਦੋਲਨ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਸੀ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਕੁੱਲ 1.5 ਕਰੋੜ ‘ਲਖਪਤੀ ਦੀਦੀਆਂ’ ਵਿੱਚੋਂ 20 ਲੱਖ ਬਿਹਾਰ ਵਿੱਚ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇਸ਼ ਵਿੱਚ ਨੌਜਵਾਨਾਂ ਨੂੰ ਨੌਕਰੀਆਂ ਅਤੇ ਰੁਜ਼ਗਾਰ ਪ੍ਰਦਾਨ ਕਰਨ ਲਈ 1 ਲੱਖ ਕਰੋੜ ਰੁਪਏ ਖਰਚ ਕਰੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਆਰਜੇਡੀ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਬਾਰੇ ਸੋਚ ਵੀ ਨਹੀਂ ਸਕਦੀ ਅਤੇ ਇਸ ਨੇ ਨੌਕਰੀਆਂ ਦੇਣ ਤੋਂ ਪਹਿਲਾਂ ਗਰੀਬਾਂ ਦੀ ਜ਼ਮੀਨ ਹੜੱਪ ਲਈ ਹੈ। ਰੈਲੀ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਪੂਰਬੀ ਚੰਪਾਰਨ ਜ਼ਿਲ੍ਹੇ ਵਿੱਚ 7,200 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਇਹ ਪ੍ਰੋਜੈਕਟ ਰੇਲਵੇ, ਮੱਛੀ ਪਾਲਣ ਅਤੇ ਹੋਰ ਖੇਤਰਾਂ ਨਾਲ ਸਬੰਧਤ ਹਨ। ਬਿਹਾਰ ਦੇ ਰਾਜਪਾਲ ਆਰਿਫ਼ ਮੁਹੰਮਦ ਖਾਨ, ਮੁੱਖ ਮੰਤਰੀ ਨਿਤੀਸ਼ ਕੁਮਾਰ, ਉਪ ਮੁੱਖ ਮੰਤਰੀ ਸਮਰਾਟ ਚੌਧਰੀ, ਕਈ ਕੇਂਦਰੀ ਮੰਤਰੀ ਅਤੇ ਹੋਰ ਇਸ ਮੌਕੇ ਮੌਜੂਦ ਸਨ। ਚੌਧਰੀ ਨੇ ਕਿਹਾ ਕਿ ਜ਼ਿਲ੍ਹਾ ਹੈੱਡਕੁਆਰਟਰ ਮੋਤੀਹਾਰੀ ਦਾ ਪ੍ਰਧਾਨ ਮੰਤਰੀ ਦਾ ਦੌਰਾ 2014 ਤੋਂ ਬਾਅਦ ਬਿਹਾਰ ਦਾ ਉਨ੍ਹਾਂ ਦਾ 53ਵਾਂ ਦੌਰਾ ਹੈ।

‘ਤਕਰੀਬਨ ਹਰ ਮਹੀਨੇ ਬਿਹਾਰ ਦਾ ਦੌਰਾ ਕਰਨ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ: ਨਿਤੀਸ਼

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ‘ਤਕਰੀਬਨ ਹਰੇਕ ਮਹੀਨੇ’ ਰਾਜ ਦਾ ਦੌਰਾ ਕਰਨ ਲਈ ਸਮਾਂ ਕੱਢਣ ਵਾਸਤੇ ਤਹਿ ਦਿਲੋਂ ਧੰਨਵਾਦ ਕੀਤਾ। ਸ੍ਰੀ ਮੋਦੀ ਦਾ ਇਸ ਸਾਲ ਬਿਹਾਰ ਦਾ ਇਹ ਛੇਵਾਂ ਦੌਰਾ ਸੀ। ਕੁਮਾਰ ਨੇ ਕਿਹਾ, “ਮੈਂ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਨਾ ਚਾਹਾਂਗਾ ਕਿ ਉਹ ਲੱਗਭੱਗ ਹਰ ਮਹੀਨੇ ਰਾਜ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕਰਦੇ ਹਨ। ਇਹ ਇੱਕ ਵੱਡੀ ਗੱਲ ਹੈ। ਮੈਂ ਉਨ੍ਹਾਂ ਦਾ ਧੰਨਵਾਦ ਕਰਨਾ ਚਾਹਾਂਗਾ, ਅਤੇ ਆਓ ਉਨ੍ਹਾਂ ਲਈ ਤਾੜੀਆਂ ਵਜਾਈਏ।” ਰੈਲੀ ਵਿਚ ਪੰਜ ਲੱਖ ਲੋਕਾਂ ਲਈ ਬੈਠਣ ਦਾ ਪ੍ਰਬੰਧ ਕੀਤਾ ਗਿਆ ਸੀ।

## ਬੰਗਾਲ ਦੇ ਦੁਰਗਾਪੁਰ ’ਚ ਮੋਦੀ ਦੇ ਕਾਫ਼ਲੇ ਨੂੰ ਦੇਖਣ ਲਈ

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਮਰਥਕਾਂ ਨੇ ਪਾਰਟੀ ਦੇ ਝੰਡੇ ਲਹਿਰਾਏ ਅਤੇ ‘ਮੋਦੀ, ਮੋਦੀ’ ਅਤੇ ‘ਜੈ ਸ਼੍ਰੀ ਰਾਮ’ ਦੇ ਨਾਅਰੇ ਲਗਾਏ। ਇਸ ਦੌਰਾਨ ਗੱਡੀ ਦੇ ਅੰਦਰ ਬੈਠੇ ਪੀ.ਐੱਮ. ਮੋਦੀ ਭੀੜ ਨੂੰ ਹੱਥ ਹਿਲਾਉਂਦੇ ਹੋਏ ਦਿਖਾਈ ਦਿੱਤੇ। ਇਸ ਮੌਕੇ ਭਗਵੇਂ ਰੰਗ ਦੀਆਂ ਸਾੜੀਆਂ ਪਹਿਨੀਆਂ ਔਰਤਾਂ ਢੋਲ ਦੀਆਂ ਤਾਲਾਂ ’ਤੇ ਨੱਚ ਰਹੀਆਂ ਸਨ, ਜਦੋਂ ਕਿ ਸਥਾਨਕ ਲੋਕਾਂ ਵੱਲੋਂ ਇਸ ਪਲ ਨੂੰ ਆਪਣੇ ਫ਼ੋਨਾਂ ’ਚ ਕੈਦ ਕੀਤਾ ਜਾ ਰਿਹਾ ਸੀ। ਪ੍ਰਧਾਨ ਮੰਤਰੀ ਦੀ ਇੱਕ ਝਲਕ ਪਾਉਣ ਲਈ ਲੋਕ ਸੜਕਾਂ ’ਤੇ ਇਕੱਠੇ ਹੋ ਗਏ। ਇਹ ਅਣਕਿਆਸਾ ਦ੍ਰਿਸ਼ ਨਹਿਰੂ ਸਟੇਡੀਅਮ ਵਿੱਚ ਮੋਦੀ ਦੇ ਨਿਰਧਾਰਤ ਸੰਬੋਧਨ ਤੋਂ ਠੀਕ ਪਹਿਲਾਂ ਦੇਖਣ ਨੂੰ ਮਿਲਿਆ। ਮੋਦੀ ਪੱਛਮੀ ਬੰਗਾਲ ਦੇ ਰਾਜਨੀਤਿਕ ਤੌਰ ’ਤੇ ਮਹੱਤਵਪੂਰਨ ਦੌਰੇ ਦੇ ਹਿੱਸੇ ਵਜੋਂ ਦੁਰਗਾਪੁਰ ਆਏ ਹਨ। ਇਸ ਦੌਰਾਨ ਭਾਜਪਾ ਅਤੇ ਸੱਤਾਧਾਰੀ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਵਿਚਕਾਰ ਸ਼ਬਦੀ ਜੰਗ ਵੀ ਤੇਜ਼ ਹੋ ਗਈ। ਇਸ ਦੌਰੇ ਨੂੰ 2026 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਜ ਵਿੱਚ ਭਾਜਪਾ ਦੇ ਅਧਾਰ ਨੂੰ ਮਜ਼ਬੂਤ ਕਰਨ ਦੀਆਂ ਭਾਜਪਾ ਦੀਆਂ ਕੋਸ਼ਿਸ਼ਾਂ ਵਿੱਚ ਇੱਕ ਮਹੱਤਵਪੂਰਨ ਕੜੀ ਵਜੋਂ ਦੇਖਿਆ ਜਾ ਰਿਹਾ ਹੈ।

## ਕਾਂਗਰਸ ਨੂੰ ਦੇਸ਼ ਦੀ ਨਿਆਂਇਕ ਪ੍ਰਕੀਰਿਆ

ਵਿੱਚ ਕਥਿਤ ਬੇਨਿਯਮੀਆਂ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਕਾਰੋਬਾਰੀ ਵਿਰੁੱਧ ਚਾਰਜਸ਼ੀਟ ਦਾਖ਼ਲ ਕੀਤੀ ਸੀ। ਭਾਜਪਾ ਦੇ ਬੁਲਾਰੇ ਤੁਹੀਨ ਸਿਨਹਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਇਹ ਦੋਸ਼ ਲਾਇਆ ਕਿ ਰਾਹੁਲ ਗਾਂਧੀ ਆਪਣੇ ਭਣੋਈਏ ਦੇ ਕਾਲੇ ਕੰਮਾਂ ਤੋਂ ਚੰਗੀ ਤਰ੍ਹਾਂ ਵਾਕਿਫ਼ (ਜਾਣੂ) ਹਨ ਅਤੇ ਹੋ ਸਕਦਾ ਉਹ ਵੀ ਇਸ ਸਭ ਵਿੱਚ ਸ਼ਾਮਿਲ ਹੋਣ। ਸਿਨਹਾ ਨੇ ਰਾਹੁਲ ਗਾਂਧੀ ਵੱਲੋਂ ਅਸਾਮ ਦੇ ਮੁੱਖ ਮੰਤਰੀ ਹਿੰਮਤ ਬਿਸਵਾ ਸਰਮਾ ਨੂੰ ਗ੍ਰਿਫ਼ਤਾਰੀ ਦੀਆਂ ਧਮਕੀਆਂ ਦੇਣ ਵਾਲੇ ਬਿਆਨ ਦੀ ਵੀ ਨਿੰਦਾ ਕੀਤੀ। ਭਾਰਤੀ ਜਨਤਾ ਪਾਰਟੀ ਦੇ ਮੁੱਖ ਦਫਤਰ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਸਿਨਹਾ ਨੇ ਕਿਹਾ, “ਰੌਬਰਟ ਵਾਡਰਾ ਮਾਮਲੇ ਅਤੇ ਅਸਾਮ ਦੇ ਮੁੱਖ ਮੰਤਰੀ ਬਾਰੇ ਦਿੱਤੇ ਉਨ੍ਹਾਂ ਦੇ ਇਹ ਬਿਆਨ ਇਹ ਦਰਸਾਉਂਦੇ ਹਨ ਕਿ ਕਾਂਗਰਸ ਨੂੰ ਨਿਆਂਇਕ ਪ੍ਰਕਿਰਿਆ ਅਤੇ ਜਾਂਚ ਪ੍ਰਕਿਰਿਆ ਵਿਚ ਬਿਲਕੁਲ ਯਕੀਨ ਨਹੀਂ ਹੈ।” ਉਨ੍ਹਾਂ ਕਿਹਾ,“ਕਾਂਗਰਸ ਪਾਰਟੀ ‘ਐਮਰਜੈਂਸੀ ਮਾਈਂਡਸੈੱਟ’ ਤੇ ਦੇਸ਼ ਨੂੰ ਗੁੰਮਰਾਹ ਕਰਨ ਵਿੱਚ ਯਕੀਨ ਰੱਖਦੀ ਹੈ। ਜਿਸ ਤਰ੍ਹਾਂ 50 ਸਾਲ ਪਹਿਲਾਂ ਇੰਦਰਾ ਗਾਂਧੀ ਸਰਕਾਰ ਵੱਲੋਂ 25 ਜੂਨ 1975 ਨੂੰ ਐਮਰਜੈਂਸੀ ਲਾਈ ਗਈ ਸੀ, ਜੋ 21 ਮਹੀਨਿਆਂ ਤੱਕ ਬਰਕਰਾਰ ਰਹੀ।” ਸਿਨਹਾ ਨੇ ਕਿਹਾ, “ਸਰਮਾ ਇੱਕ ਚੁਣੇ ਹੋਏ ਮੁੱਖ ਮੰਤਰੀ ਹਨ ਤੇ ਉਨ੍ਹਾਂ ਵਿਰੁੱਧ ਕੋਈ ਦੋਸ਼ ਨਹੀਂ ਹਨ, ਅਸੀਂ ਰਾਹੁਲ ਗਾਂਧੀ ਨੂੰ ਪੁੱਛਦੇ ਹਾਂ ਕਿ ਤੁਸੀਂ ਕਿਸੇ ਨੂੰ ਵੀ ਚੁੱਕ ਕੇ ਜੇਲ੍ਹ ਵਿੱਚ ਸੁੱਟ ਦਿਓਂਗੇ?” ਗ਼ੌਰਤਲਬ ਹੈ ਕਿ ਬੁੱਧਵਾਰ ਨੂੰ ਅਸਾਮ ਦੇ ਛਾਏਗਾਓਂ ਵਿੱਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਸਰਮਾ ਸਮਝਦੇ ਹਨ ਕਿ ਉਹ ਬਾਦਸ਼ਾਹ ਹਨ, ਪਰ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਲਈ ਸੂਬੇ ਦੇ ਲੋਕ ਜੇਲ੍ਹ ਭੇਜਣਗੇ।

## ਸਾਂਸਦਾਂ ਅਤੇ ਵਿਧਾਇਕਾਂ ਵਿਰੁੱਧ ਸੁਣਵਾਈ ਅਧੀਨ ਅਪਰਾਧਿਕ

ਪੈਂਡਿੰਗ ਹੈ। ਇਸ ਸਥਿਤੀ ਨੂੰ ਦੇਖਦੇ ਹੋਏ, ਅਦਾਲਤ ਨੇ ਨਾ ਸਿਰਫ਼ ਗ੍ਰਿਹ ਸਕੱਤਰ ਤੋਂ ਨਿੱਜੀ ਜਵਾਬ ਮੰਗਿਆ ਹੈ, ਸਗੋਂ ਕਈ ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਤੋਂ ਉਨ੍ਹਾਂ ਦੇ ਸਬੰਧਤ ਅਧਿਕਾਰ ਖੇਤਰਾਂ ਵਿੱਚ ਚੱਲ ਰਹੇ ਮਾਮਲਿਆਂ ਬਾਰੇ ਸਥਿਤੀ ਰਿਪੋਰਟ ਵੀ ਮੰਗੀ ਹੈ। ਇਨ੍ਹਾਂ ਰਿਪੋਰਟਾਂ ਵਿੱਚ, ਅਦਾਲਤ ਨੇ ਵਿਸ਼ੇਸ਼ ਤੌਰ ’ਤੇ ਲੰਬਿਤ ਮਾਮਲਿਆਂ ਵਿੱਚ ਦੇਰੀ ਦੇ ਕਾਰਨਾਂ ਨੂੰ ਸਪੱਸ਼ਟ ਤੌਰ ’ਤੇ ਦਰਜ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ, ਪੰਜਾਬ ਸਰਕਾਰ ਵੱਲੋਂ ਦਾਇਰ ਕੀਤੀ ਗਈ ਸਟੇਟਸ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਸੂਬੇ ਵਿੱਚ ਮੌਜੂਦਾ ਅਤੇ ਸਾਬਕਾ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਵਿਰੁੱਧ 28 ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ 2023 ਅਤੇ 2024 ਵਿੱਚ ਦਰਜ ਕੀਤੇ ਗਏ ਸਨ। ਰਿਪੋਰਟ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਕਈ ਮਾਮਲਿਆਂ ਵਿੱਚ, ਜਾਂਚ ਤੋਂ ਬਾਅਦ, ਰਾਜ ਸਰਕਾਰ ਨੇ ਐਫਆਈਆਰ ਵਿੱਚ ਲਗਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਮੰਨਦੇ ਹੋਏ, ਐਫ.ਆਈ.ਆਰ. ਰੱਦ ਕਰਨ ਲਈ ਰਿਪੋਰਟ ਦਾਇਰ ਕੀਤੀ ਸੀ, ਪਰ ਅਦਾਲਤਾਂ ਨੇ ਉਨ੍ਹਾਂ ਨੂੰ ਸਵੀਕਾਰ ਨਹੀਂ ਕੀਤਾ ਅਤੇ ਰਾਜ ਨੂੰ ਦੁਬਾਰਾ ਜਾਂਚ ਕਰਨ ਦੇ ਨਿਰਦੇਸ਼ ਦਿੱਤੇ। ਇਸ ਪਿਛੋਕੜ ਵਿੱਚ, ਅਦਾਲਤ ਨੇ ਪੰਜਾਬ ਸਰਕਾਰ ਦੇ ਗ੍ਰਿਹ ਸਕੱਤਰ ਨੂੰ ਹਦਾਇਤ ਕੀਤੀ ਕਿ ਉਹ ਜਾਂਚ ਵਿੱਚ ਦੇਰੀ ਅਤੇ ਰਿਪੋਰਟ ਦੁਬਾਰਾ ਦਾਇਰ ਕਰਨ ਵਿੱਚ ਦੇਰੀ ਬਾਰੇ ਇੱਕ ਹਲਫ਼ਨਾਮੇ ਰਾਹੀਂ ਸਪੱਸ਼ਟੀਕਰਨ ਦੇਣ, ਖਾਸ ਕਰਕੇ ਉਨ੍ਹਾਂ ਮਾਮਲਿਆਂ ਵਿੱਚ ਜਿੱਥੇ ਐਫ.ਆਈ.ਆਰ. ਰੱਦ ਕਰਨ ਨੂੰ ਰੱਦ ਕਰ ਦਿੱਤਾ ਗਿਆ ਹੈ। ਅਦਾਲਤ ਨੇ ਯੂ.ਟੀ. ਚੰਡੀਗੜ੍ਹ ਵੱਲੋਂ ਦਾਇਰ ਰਿਪੋਰਟ ’ਤੇ ਸੰਤੁਸ਼ਟੀ ਪ੍ਰਗਟ ਕੀਤੀ ਅਤੇ ਕਿਹਾ ਕਿ ਚੰਡੀਗੜ੍ਹ ਵਿੱਚ ਅਜਿਹੇ ਮਾਮਲਿਆਂ ਦੀ ਜਾਂਚ ਅਤੇ ਸੁਣਵਾਈ ਵਿੱਚ ਕੋਈ ਬੇਲੋੜੀ ਦੇਰੀ ਨਹੀਂ ਹੈ। ਹਾਲਾਂਕਿ, ਅਦਾਲਤ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਲੰਬਿਤ ਜਾਂਚ ਮਾਮਲਿਆਂ ਅਤੇ ਚੱਲ ਰਹੇ ਮੁਕੱਦਮਿਆਂ ਦੀ ਸਥਿਤੀ ਰਿਪੋਰਟ ਅਗਲੀ ਸੁਣਵਾਈ ਤੋਂ ਘੱਟੋ-ਘੱਟ ਤਿੰਨ ਦਿਨ ਪਹਿਲਾਂ ਦਾਇਰ ਕੀਤੀ ਜਾਵੇ, ਜਿਸਦੀ ਇੱਕ ਕਾਪੀ ਐਮੀਕਸ ਕਿਊਰੀ ਨੂੰ ਬਹੁਤ ਪਹਿਲਾਂ ਜਮ੍ਹਾਂ ਕਰਵਾਈ ਜਾਵੇ।

## ਲੈਂਡ ਪੂਲਿੰਗ ਨੀਤੀ ਵਿਰੁੱਧ ਸੰਯੁਕਤ ਕਿਸਾਨ ਮੋਰਚਾ ਦਿੱਲੀ

ਲਾਗੂ ਕਰਨ ਲਈ ਕਿਹਾ ਗਿਆ ਹੈ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨਪਾਲ, ਬੂਟਾ ਸਿੰਘ ਬੁਰਜ ਗਿੱਲ, ਹਰਿੰਦਰ ਸਿੰਘ ਲੱਖੋਵਾਲ ਅਤੇ ਰਮਿੰਦਰ ਸਿੰਘ ਪਟਿਆਲਾ ਨੇ ਅੱਜ ਮੀਟਿੰਗ ਮਗਰੋਂ ਸਾਂਝੀ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕੀਤਾ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਨ੍ਹਾਂ ਮੁੱਦਿਆਂ ’ਤੇ ਗੰਭੀਰ ਨਹੀਂ ਜਿਸ ਕਰਕੇ ਉਨ੍ਹਾਂ ਦਾ ਨੁਮਾਇੰਦਾ ਸੱਦੇ ਦੇ ਬਾਵਜੂਦ ਨਹੀਂ ਪੁੱਜਿਆ। ਆਗੂਆਂ ਨੇ ਦੱਸਿਆ ਕਿ 30 ਜੁਲਾਈ ਨੂੰ ਪੰਜਾਬ ਵਿੱਚ ਟਰੈਕਟਰ ਮਾਰਚ ਕੀਤਾ ਜਾਵੇਗਾ ਅਤੇ 24 ਅਗਸਤ ਨੂੰ ਵੱਡੀ ਮਹਾਂ ਕਾਨਫ਼ਰੰਸ ਕੀਤੀ ਜਾਵੇਗੀ। ਹੁਣ ਅੰਦੋਲਨ ਦਿੱਲੀ ਦੀ ਤਰਜ਼ ’ਤੇ ਲੜਿਆ ਜਾਵੇਗਾ। ਰਮਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਲੈਂਡ ਪੂਲਿੰਗ ਨੀਤੀ ਤਹਿਤ ਪੰਜਾਬ ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ’ਤੇ ਲਾਲ ਐਂਟਰੀ ਪਾ ਦਿੱਤੀ ਹੈ, ਜਿਸ ਮਗਰੋਂ ਕਿਸਾਨ ਹੁਣ ਆਪਣੀ ਜ਼ਮੀਨ ਵੇਚ ਨਹੀਂ ਸਕੇਗਾ ਅਤੇ ਨਾ ਹੀ ਕੋਈ ਕਰਜ਼ਾ ਵਗ਼ੈਰਾ ਲੈ ਸਕੇਗਾ। ਆਗੂਆਂ ਨੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਅਸਲ ਵਿੱਚ ਪਿੰਡਾਂ ਨੂੰ ਉਜਾੜਨ ਦੀ ਨੀਤੀ ਹੈ ਅਤੇ ਰਸੂਰਖਵਾਨ ਲੋਕਾਂ ਦੇ ਕਾਲੇ ਧਨ ਨੂੰ ਚਿੱਟਾ ਕਰਨ ਦੀ ਨੀਤੀ ਹੈ।

## ਪੰਜਾਬ ਭਾਜਪਾ ਵੱਲੋਂ ਬੇਅਦਬੀ ਖ਼ਿਲਾਫ਼

ਕਾਰਜਕਾਲ ਦੇ ਸਾਢੇ ਤਿੰਨ ਸਾਲ ਤੋਂ ਬਾਅਦ ਇਹ ਬਿੱਲ ਲਿਆ ਕੇ ਡਰਾਮਾ ਕੀਤਾ ਗਿਆ ਹੈ। ਭਾਜਪਾ ਆਗੂ ਨੇ ਕਿਹਾ ਕਿ ਪ੍ਰਚਾਰ ਕੀਤਾ ਗਿਆ ਹੈ ਕਿ ਬੇਅਦਬੀ ਬਿੱਲ ’ਚ 10 ਸਾਲ ਤੋਂ ਉਮਰ ਕੈਦ ਤੱਕ ਦੀ ਵਿਵਸਥਾ ਕੀਤੀ ਗਈ ਹੈ ਪਰ ਬਿੱਲ ਵਿੱਚ ਕਿਤੇ ਵੀ ਉਮਰ ਕੈਦ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ।

## ਰਾਬਰਟ ਵਾਡਰਾ ਨੂੰ 10 ਸਾਲਾਂ ਤੋਂ ਤੰਗ ਪ੍ਰੇਸ਼ਾਨ

ਰਿਹਾ ਹੈ। ਇਹ ਸੱਜਰੀ ਚਾਰਜਸ਼ੀਟ ਉਸੇ ਦੀ ਅਗਲੀ ਕੜੀ ਹੈ।” ਉਨ੍ਹਾਂ ਕਿਹਾ, “ਮੈਂ ਰੌਬਰਟ, ਪ੍ਰਿਯੰਕਾ ਤੇ ਉਨ੍ਹਾਂ ਦੇ ਬੱਚਿਆਂ ਨਾਲ ਖੜ੍ਹਾ ਹਾਂ, ਕਿਉਂਕਿ ਉਹ ਸਿਆਸਤ ਤੋਂ ਪ੍ਰੇਰਿਤ ਬਦਨਾਮੀ ਤੇ ਅੱਤਿਆਚਾਰ ਦੇ ਇੱਕ ਹੋਰ ਹਮਲੇ ਦਾ ਸਾਹਮਣਾ ਕਰ ਰਹੇ ਹਾਂ।” ਗਾਂਧੀ ਨੇ ਜ਼ੋਰ ਦੇ ਕੇ ਕਿਹਾ, “ਮੈਂ ਜਾਣਦਾ ਹਾਂ ਕਿ ਉਨ੍ਹਾਂ ਸਾਰਿਆਂ ਕੋਲ ਕਿਸੇ ਵੀ ਤਰ੍ਹਾਂ ਦੇ ਅਤਿਆਚਾਰ ਦਾ ਸਾਹਮਣਾ ਕਰਨ ਦੀ ਹਿੰਮਤ ਹੈ ਅਤੇ ਉਹ ਸਨਮਾਨ ਨਾਲ ਅਜਿਹਾ ਕਰਦੇ ਰਹਿਣਗੇ।” ਰਾਹੁਲ ਗਾਂਧੀ ਨੇ ਕਿਹਾ ਕਿ ਸੱਚਾਈ ਦੀ ਅੰਤ ਵਿੱਚ ਜਿੱਤ ਹੋਵੇਗੀ।

## ਸ਼ਰਾਬ ਘੁਟਾਲੇ ’ਚ ਈ.ਡੀ. ਵੱਲੋਂ ਛੱਤੀਸਗੜ੍ਹ ਦੇ

ਇਸ ਤੋਂ ਪਹਿਲਾਂ ਵੀ ਸੰਘੀ ਜਾਂਚ ਏਜੰਸੀ ਨੇ 10 ਮਾਰਚ ਨੂੰ ਚੈਤੰਨਿਆ ਬਘੇਲ ਵਿਰੁੱਧ ਇਸੇ ਤਰ੍ਹਾਂ ਦੇ ਛਾਪੇ ਮਾਰੇ ਸਨ। ਉੱਧਰ ਭੁਪੇਸ਼ ਬਘੇਲ ਨੇ ਈਡੀ ਦੇ ਛਾਪਿਆਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਛਾਪੇ ਅਜਿਹੇ ਮੌਕੇ ਮਾਰੇ ਗਏ ਹਨ ਜਦੋਂ ਵਿਧਾਨ ਸਭਾ ਅਸੈਂਬਲੀ ਦਾ ਅੱਜ ਆਖਰੀ ਦਿਨ ਹੈ। ਭੁਪੇਸ਼ ਬਘੇਲ ਦੇ ਪੁੱਤਰ ਖ਼ਿਲਾਫ਼ ਈਡੀ ਦੀ ਕਾਰਵਾਈ ਦੇ ਰੋਸ ਵਜੋਂ ਕਾਂਗਰਸ ਨੇ ਛੱਤੀਸਗੜ੍ਹ ਵਿਧਾਨ ਸਭਾ ਦੀ ਕਾਰਵਾਈ ਦਾ ਬਾਈਕਾਟ ਕੀਤਾ ਹੈ। ਆਗੂਆਂ ਨੇ ਕਿਹਾ ਕਿ ਏਜੰਸੀ ਵਿਰੋਧੀ ਧਿਰ ਨੂੰ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

## ਜਸਟਿਸ ਵਰਮਾ ਨੂੰ ਹਟਾਉਣ ਲਈ

ਹਟਾਉਣ ਦੇ ਮਤੇ ’ਤੇ ਸਾਰੀਆਂ ਸਿਆਸੀ ਪਾਰਟੀਆਂ ਦੇ ਦਸਤਖ਼ਤ ਹੋਣਗੇ।”ਰਿਜਿਜੂ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਮਾਮਲੇ ਦੀ ਗੰਭੀਰਤਾ ਨੂੰ ਸਮਝਿਆ ਹੈ ਅਤੇ ਇਸ ਮੁੱਦੇ ਉੱਤੇ ਸਾਥ ਦੇਣ ਲਈ ਸਹਿਮਤੀ ਜਤਾਈ ਹੈ। ਉਨ੍ਹਾਂ ਕਿਹਾ, “ਮੈਨੂੰ ਖੁਸ਼ੀ ਹੈ ਕਿ ਉਸ ਨੇ ਚੀਜ਼ਾਂ ਨੂੰ ਉਵੇਂ ਹੀ ਸਮਝਿਆ, ਜਿਵੇਂ ਸਮਝਿਆ ਜਾਣਾ ਚਾਹੀਦਾ ਹੈ, ਕਿਉਂਕਿ ਕੋਈ ਵੀ ਪਾਰਟੀ ਭ੍ਰਿਸ਼ਟ ਜੱਜ ਨਾਲ ਖੜ੍ਹੀ ਜਾਂ ਭ੍ਰਿਸ਼ਟ ਜੱਜ ਨੂੰ ਬਚਾਉਂਦੀ ਨਜ਼ਰ ਨਹੀਂ ਆ ਸਕਦੀ।” ਰਿਜਿਜੂ ਨੇ ਕਿਹਾ, “ਜਦੋਂ ਨਿਆਂਪਾਲਿਕਾ ਵਿੱਚ ਭ੍ਰਿਸ਼ਟਾਚਾਰ ਦੀ ਗੱਲ ਆਉਂਦੀ ਹੈ ਤਾਂ ਸਾਨੂੰ ਇਕਜੁੱਟ ਹੋਣਾ ਪਵੇਗਾ। ਇਸ ਨੂੰ ਸਿਆਸੀ ਮੁੱਦਾ ਨਹੀਂ ਬਣਾਉਣਾ ਚਾਹੀਦਾ।” ਕਾਂਗਰਸ ਨੇ ਕਿਹਾ ਹੈ ਕਿ ਉਸ ਦੇ ਸਾਰੇ ਸੰਸਦ ਮੈਂਬਰ ਜਸਟਿਸ ਵਰਮਾ ਖ਼ਿਲਾਫ਼ ਮਤੇ ਦਾ ਸਮੱਰਥਨ ਕਰਨਗੇ। ਰਿਜਿਜੂ ਨੇ ਕਿਹਾ ਕਿ ਕਿਸੇ ਜੱਜ ਨੂੰ ਹਟਾਉਣ ਲਈ ਮਤਾ ਲਿਆਉਣ ਦੇ ਨੋਟਿਸ ’ਤੇ ਲੋਕ ਸਭਾ ਵਿੱਚ ਘੱਟੋ-ਘੱਟ 100 ਮੈਂਬਰਾਂ ਅਤੇ ਰਾਜ ਸਭਾ ’ਚ 50 ਮੈਂਬਰਾਂ ਦੇ ਦਸਤਖ਼ਤ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਨੋਟਿਸ ਲੋਕ ਸਭਾ ’ਚ ਸਪੀਕਰ ਅਤੇ ਰਾਜ ਸਭਾ ਵਿੱਚ ਚੇਅਰਮੈਨ ਨੂੰ ਪੇਸ਼ ਕੀਤਾ ਜਾਵੇਗਾ, ਜੋ ਸਦਨ ਨੂੰ ਸੂਚਿਤ ਕਰਨਗੇ, ਜੱਜ ਇਨਕੁਆਰੀ ਐਕਟ ਅਨੁਸਾਰ ਇੱਕ ਜਾਂਚ ਕਮੇਟੀ ਦਾ ਗਠਨ ਕਰਨਗੇ ਅਤੇ ਤਿੰਨ ਮਹੀਨਿਆਂ ਵਿੱਚ ਰਿਪੋਰਟ ਪ੍ਰਾਪਤ ਕਰਨਗੇ। ਇਸ ਤੋਂ ਬਾਅਦ ਜਾਂਚ ਰਿਪੋਰਟ ਸੰਸਦ ਵਿੱਚ ਪੇਸ਼ ਕੀਤੀ ਜਾਵੇਗੀ ਅਤੇ ਇਸ ’ਤੇ ਦੋਵਾਂ ਸਦਨਾਂ ਵਿੱਚ ਚਰਚਾ ਹੋਵੇਗੀ।”

## ਪਟਿਆਲਾ ਡਿਵੀਜ਼ਨ ਜੀ.ਐਸ.ਟੀ. ਵਾਧੇ ਵਿੱਚ ਮੋਹਰੀ

ਰੋਪੜ ਡਿਵੀਜ਼ਨ ਨੇ 975.53 ਕਰੋੜ ਰੁਪਏ, ਅੰਮ੍ਰਿਤਸਰ ਡਿਵੀਜ਼ਨ ਨੇ 527.54 ਕਰੋੜ ਰੁਪਏ, ਅਤੇ ਪਟਿਆਲਾ ਡਿਵੀਜ਼ਨ ਨੇ 484.98 ਕਰੋੜ ਰੁਪਏ ਜੀਐਸਟੀ ਮਾਲੀਆ ਵਜੋਂ ਪ੍ਰਾਪਤ ਕੀਤੇ ਸਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਡਿਵੀਜ਼ਨਾਂ ਵਿਖੇ ਤਾਇਨਾਤ ਵਿਭਾਗ ਦੀਆਂ ਟੀਮਾਂ ਦੇ ਲਗਨ ਦੀ ਭਰਪੂਰ ਯਤਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਹੋਰ ਡਿਵੀਜ਼ਨਾਂ ਨੂੰ ਉਨ੍ਹਾਂ ਤੋਂ ਸੇਧ ਲੈਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਇਨ੍ਹਾਂ ਡਿਵੀਜ਼ਨਾਂ ਦੇ ਇੰਚਾਰਜਾਂ, ਡਿਪਟੀ ਕਮਿਸ਼ਨਰ ਸਟੇਟ ਟੈਕਸ, ਨਾਲ ਵਿਸਥਾਰਪੂਰਵਕ ਚਰਚਾ ਕੀਤੀ ਅਤੇ ਉਨ੍ਹਾਂ ਵੱਲੋਂ ਜਿਨ੍ਹਾਂ ਖੇਤਰਾਂ ਵਿੱਚ ਅਹਿਮ ਪ੍ਰਾਪਤੀਆਂ ਕੀਤੀਆਂ ਗਈਆਂ ਉਨ੍ਹਾਂ ਪੜਚੋਲ ਕਰਦਿਆਂ ਹੋਰ ਸੁਧਾਰ ਦੀ ਲੋੜ ਵਾਲੇ ਪਹਿਲੂਆਂ ਦੀ ਪਛਾਣ ਕੀਤੀ।

ਮੀਟਿੰਗ ਦੌਰਾਨ ਵਿੱਤ ਮੰਤਰੀ ਨੇ ਜੀਐਸਟੀ ਅਤੇ ਵੈਟ ਬਕਾਇਆ ਦੀ ਸਥਿਤੀ ਦੀ ਵੀ ਸਮੀਖਿਆ ਕੀਤੀ ਅਤੇ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਦੀ ਵਸੂਲੀ ਲਈ ਨਵੀਨਤਾਕਾਰੀ ਰਣਨੀਤੀਆਂ ਅਪਣਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਚੱਲ ਰਹੀਆਂ ਜੀਐਸਟੀ ਜਾਂਚਾਂ ਦੀ ਪ੍ਰਗਤੀ ਦਾ ਵੀ ਮੁਲਾਂਕਣ ਕੀਤਾ, ਜਿਸ ਵਿੱਚ ਪਹਿਲੀ ਤਿਮਾਹੀ ਦੌਰਾਨ ਕੀਤੀਆਂ ਗਈਆਂ ਜਾਂਚਾਂ ਦੀ ਗਿਣਤੀ ਅਤੇ ਨਿਪਟਾਏ ਗਏ ਕੇਸ ਸ਼ਾਮਲ ਸਨ। ਉਨ੍ਹਾਂ ਵਿਭਾਗ ਨੂੰ ਸਾਰੇ ਲੰਬਿਤ ਕੇਸਾਂ ਦੇ ਸਮੇਂ ਸਿਰ ਨਿਪਟਾਰੇ ਲਈ ਨਿਰਦੇਸ਼ ਜਾਰੀ ਕੀਤੇ।

ਇਸ ਮੌਕੇ ਆਬਕਾਰੀ ਅਤੇ ਕਰ ਵਿਭਾਗਾਂ ਦੋਵਾਂ ਦੇ ਲਾਗੂਕਰਨ ਵਿੰਗਾਂ ਦੀ ਕਾਰਗੁਜ਼ਾਰੀ ਦੀ ਵੀ ਵਿਸਥਾਰ ਵਿੱਚ ਸਮੀਖਿਆ ਕੀਤੀ ਗਈ। ਇਸ ਦੌਰਾਨ ਟੈਕਸ ਚੋਰੀ ਨੂੰ ਰੋਕਣ ਲਈ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟ ਦੇ ਯਤਨਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਤੋਂ ਇਲਾਵਾ, ਆਬਕਾਰੀ ਟੀਮਾਂ ਵੱਲੋਂ ਨਾਜਾਇਜ਼ ਸ਼ਰਾਬ ਅਤੇ ਹੋਰ ਰਾਜਾਂ ਤੋਂ ਪੰਜਾਬ ਵਿੱਚ ਸ਼ਰਾਬ ਦੀ ਤਸਕਰੀ ਨਾਲ ਨਜਿੱਠਣ ਲਈ ਆਪਣੀਆਂ ਲਾਗੂਕਰਨ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ। ਵਿੱਤ ਮੰਤਰੀ ਨੇ ਲਾਗੂਕਰਨ ਵਿੰਗਾਂ ਦੀ ਕਾਰਗੁਜ਼ਾਰੀ ’ਤੇ ਤਸੱਲੀ ਪ੍ਰਗਟਾਈ ਅਤੇ ਉਨ੍ਹਾਂ ਨੂੰ ਆਪਣੇ ਯਤਨਾਂ ਨੂੰ ਹੋਰ ਵਧਾਉਣ ਲਈ ਪ੍ਰੇਰਿਤ ਕੀਤਾ।

ਅੰਤ ਵਿੱਚ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜੀਐਸਟੀ ਅਤੇ ਵੈਟ ਅਪੀਲ ਕੇਸਾਂ ਦੀ ਸਥਿਤੀ ਦੀ ਸਮੀਖਿਆ ਕੀਤੀ ਅਤੇ ਮੌਜੂਦਾ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਲੰਬਿਤ ਅਤੇ ਨਵੇਂ ਸ਼ੁਰੂ ਕੀਤੇ ਗਏ ਕੇਸਾਂ ਬਾਰੇ ਪੜਚੋਲ ਕੀਤੀ। ਉਨ੍ਹਾਂ ਨੇ ਇਨ੍ਹਾਂ ਸਾਰੇ ਕੇਸਾਂ ’ਤੇ ਨਿਰੰਤਰ ਅਤੇ ਗੰਭੀਰਤਾ ਨਾਲ ਫਾਲੋ-ਅੱਪ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਉਨ੍ਹਾਂ ਵੱਲੋਂ ਵਿਸ਼ੇਸ਼ ਤੌਰ ’ਤੇ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਤ੍ਰਾਸਦੀਆਂ ਅਤੇ ਨਾਜਾਇਜ਼ ਸ਼ਰਾਬ ਦੇ ਵਪਾਰ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਕੇਸਾਂ ਦੀ ਠੋਸ ਪੈਰਵੀ ਕਰਨ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਸਜਾ ਦਿਵਾਈ ਜਾ ਸਕੇ। ਉਨ੍ਹਾਂ ਆਬਕਾਰੀ ਟੀਮਾਂ ਨੂੰ ਇਹ ਨਿਰਦੇਸ਼ ਵੀ ਨਿਰਦੇਸ਼ ਦਿੱਤੇ ਕਿ ਉਹ ਆਪਣੀਆਂ ਲਾਗੂਕਰਨ ਗਤੀਵਿਧੀਆਂ ਨੂੰ ਦੁੱਗਣਾ ਕਰਦਿਆਂ ਇਹ ਯਕੀਨੀ ਬਣਾਉਣ ਕਿ ਰਾਜ ਵਿੱਚੋਂ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਨੂੰ ਪੂਰੀ ਤਰ੍ਹਾਂ ਖਾਤਮਾ ਹੋਵੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਵਧੀਕ ਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ, ਆਬਕਾਰੀ, ਡੀ.ਕੇ. ਤਿਵਾੜੀ, ਸਕੱਤਰ, ਕਰ, ਅਜੀਤ ਬਾਲਾਜੀ ਜੋਸ਼ੀ, ਆਬਕਾਰੀ ਅਤੇ ਕਰ ਕਮਿਸ਼ਨਰ ਜਤਿੰਦਰ ਜੋਰਵਾਲ ਵੀ ਮੌਜੂਦ ਸਨ।

# ਛੱਤੀਸਗੜ੍ਹ ਦੇ ਨਰਾਇਣਪੁਰ ’ਚ ਮੁਕਾਬਲੇ ਦੌਰਾਨ 6 ਨਕਸਲੀ ਢੇਰ

### ਏ.ਕੇ.-47/ਐਸ.ਐਲ.ਆਰ. ਰਾਈਫਲਾਂ, ਹੋਰ ਹਥਿਆਰ, ਵਿਸਫੋਟਕ ਸਮੱਗਰੀ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਬਰਾਮਦ



ਨਰਾਇਣਪੁਰ, , 18 ਜੁਲਾਈ (ਚ.ਨ.ਸ.) : ਛੱਤੀਸਗੜ੍ਹ ਦੇ ਨਰਾਇਣਪੁਰ ਜ਼ਿਲ੍ਹੇ ’ਚ ਸ਼ੁੱਕਰਵਾਰ ਨੂੰ ਸੁਰੱਖਿਆ ਬਲਾਂ ਨਾਲ ਮੁਕਾਬਲੇ ’ਚ 6 ਨਕਸਲੀ ਮਾਰੇ ਗਏ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਅਬੂਝਮਾਡ ਖੇਤਰ ਦੇ ਜੰਗਲ ’ਚ ਦੁਪਹਿਰ ਨੂੰ ਉਸ ਸਮੇਂ ਗੋਲੀਬਾਰੀ ਸ਼ੁਰੂ ਹੋ ਗਈ, ਜਦੋਂ ਸੁਰੱਖਿਆ ਬਲਾਂ ਦੀਆਂ ਸਾਂਝੀਆਂ ਟੀਮਾਂ ਇਲਾਕੇ ’ਚ ਨਕਸਲ ਵਿਰੋਧੀ ਮੁਹਿੰਮ ਉੱਤੇ ਸਨ। ਉਨ੍ਹਾਂ ਕਿਹਾ ਕਿ ਦੁਪਹਿਰ ਤੋਂ ਸੁਰੱਖਿਆ ਬਲਾਂ ਅਤੇ ਮਾਓਵਾਦੀਆਂ ਵਿਚਾਲੇ ਕਈ ਵਾਰ ਗੋਲੀਬਾਰੀ ਹੋਈ।

ਹੁਣ ਤਕ ਮੁਕਾਬਲੇ ਵਾਲੀ ਥਾਂ ਤੋਂ ਛੇ ਮਾਓਵਾਦੀਆਂ ਦੀਆਂ ਲਾਸ਼ਾਂ, ਏ.ਕੇ.-47/ਐਸ.ਐਲ.ਆਰ. ਰਾਈਫਲਾਂ, ਹੋਰ ਹਥਿਆਰ, ਵਿਸਫੋਟਕ ਸਮੱਗਰੀ ਅਤੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮੁਹਿੰਮ ਅਜੇ ਵੀ ਜਾਰੀ ਹੈ।

# ਸੁਪਰੀਮ ਕੋਰਟ ਵੱਲੋਂ ਲਾਲੂ ਵਿਰੁੱਧ ਹੇਠਲੀ ਅਦਾਲਤ ਦੀ ਕਾਰਵਾਈ ’ਤੇ ਰੋਕ ਲਾਉਣ ਤੋਂ ਨਾਂਹ

ਨਵੀਂ ਦਿੱਲੀ, 18 ਜੁਲਾਈ (ਚ.ਨ.ਸ.):ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਸੀਬੀਆਈ ਦੇ ਜ਼ਮੀਨ ਬਦਲੇ ਨੌਕਰੀ ਮਾਮਲੇ ਵਿੱਚ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਅਤੇ ਆਰਜੇਡੀ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਵਿਰੁੱਧ ਹੇਠਲੀ ਅਦਾਲਤ ਦੀ ਕਾਰਵਾਈ ’ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ।



ਜਸਟਿਸ ਐੱਮਐੱਮ ਸੁੰਦਰੇਸ਼ ਅਤੇ ਐਨ ਕੋਟਿਸਵਰ ਸਿੰਘ ਦੇ ਬੈਂਚ ਨੇ ਦਿੱਲੀ ਹਾਈ ਕੋਰਟ ਨੂੰ ਸੀਬੀਆਈ ਐੱਫਆਈਆਰ ਨੂੰ ਰੱਦ ਕਰਨ ਦੀ ਉਨ੍ਹਾਂ ਦੀ ਪਟੀਸ਼ਨ ’ਤੇ ਸੁਣਵਾਈ ਤੇਜ਼ ਕਰਨ ਲਈ ਕਿਹਾ ਹੈ। ਸਿਖਰਲੀ ਅਦਾਲਤ ਨੇ ਯਾਦਵ ਨੂੰ ਇਸ ਮਾਮਲੇ ਵਿੱਚ ਹੇਠਲੀ ਅਦਾਲਤ ਵਿੱਚ ਪੇਸ਼ੀ ਤੋਂ ਛੋਟ ਵੀ ਦਿੱਤੀ ਹੈ।ਇਸ ਤੋਂ ਪਹਿਲਾਂ 29 ਮਈ ਨੂੰ ਦਿੱਲੀ ਹਾਈ ਕੋਰਟ ਨੇ ਕਿਹਾ ਸੀ ਕਿ ਕਾਰਵਾਈ ’ਤੇ ਰੋਕ ਲਾਉਣ ਦਾ ਕੋਈ ਖਾਸ ਕਾਰਨ ਨਹੀਂ ਹੈ। ਹਾਈ ਕੋਰਟ ਨੇ ਯਾਦਵ ਵਿਰੁੱਧ ਏਜੰਸੀ ਦੀ ਐੱਫਆਈਆਰ ਨੂੰ ਰੱਦ ਕਰਨ ਦੀ ਪਟੀਸ਼ਨ ’ਤੇ ਸੀਬੀਆਈ ਨੂੰ ਨੋਟਿਸ ਜਾਰੀ ਕੀਤਾ ਅਤੇ ਸੁਣਵਾਈ 12 ਅਗਸਤ ਲਈ ਨਿਰਧਾਰਤ ਕੀਤੀ ਹੈ।ਇਹ ਮਾਮਲਾ ਲਾਲੂ ਪ੍ਰਸਾਦ ਦੇ 2004 ਤੋਂ 2009 ਦਰਮਿਆਨ ਰੇਲਵੇ ਮੰਤਰੀ ਦੇ ਕਾਰਜਕਾਲ ਦੌਰਾਨ ਜਬਲਪੁਰ, ਮੱਧ ਪ੍ਰਦੇਸ਼ ਵਿੱਚ ਸਥਿਤ ਭਾਰਤੀ ਰੇਲਵੇ ਦੇ ਪੱਛਮੀ ਕੇਂਦਰੀ ਜ਼ੋਨ ਵਿੱਚ ਕੀਤੀਆਂ ਗਈਆਂ ਗਰੁੱਪ ਡੀ ਦੀਆਂ ਨਿਯੁਕਤੀਆਂ ਨਾਲ ਸਬੰਧਤ ਹੈ।

# ਲਗਾਤਾਰ ਦੂਜੇ ਸ਼ੁੱਕਰਵਾਰ ਮੈਂ ਘਰ ਵਿੱਚ ਨਜ਼ਰਬੰਦ ਰਿਹਾ: ਮੀਰਵਾਇਜ਼

ਸ੍ਰੀਨਗਰ, 18 ਜੁਲਾਈ (ਚ.ਨ.ਸ.) : ਹੁਰੀਅਤ ਕਾਨਫਰੰਸ ਦੇ ਚੇਅਰਮੈਨ ਮੀਰਵਾਇਜ਼ ਉਮਰ ਫਾਰੂਕ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਲਗਾਤਾਰ ਦੂਜੇ ਸ਼ੁੱਕਰਵਾਰ ਨੂੰ ਘਰ ਵਿੱਚ ਨਜ਼ਰਬੰਦ ਰੱਖਿਆ ਗਿਆ ਹੈ। ਮੀਰਵਾਇਜ਼ ਨੇ ਐਕਸ ’ਤੇ ਇੱਕ ਪੋਸਟ ਵਿੱਚ ਕਿਹਾ, “ਲਗਾਤਾਰ ਦੂਜੇ ਸ਼ੁੱਕਰਵਾਰ ਨੂੰ ਮੈਂ ਘਰ ਵਿੱਚ ਨਜ਼ਰਬੰਦ ਰਿਹਾ ਹਾਂ - ਮੇਰੇ ਘਰ ਨੂੰ ਜਾਣ ਵਾਲੀ ਹਰ ਗਲੀ ਅਤੇ ਬਾਈ ਲੇਨ ਨੂੰ ਬੈਰੀਕੇਡ ਕੀਤਾ ਗਿਆ ਹੈ, ਜਿਸ ਨਾਲ ਪੂਰੇ ਆਂਢ-ਗੁਆਂਢ ਨੂੰ ਅਸੁਵਿਧਾ ਹੋ ਰਹੀ ਹੈ।”



ਜ਼ਿਕਰਯੋਗ ਹੈ ਕਿ ਹੁਰੀਅਤ ਨੇਤਾ ਨੂੰ 13 ਜੁਲਾਈ ਨੂੰ 1931 ਦੇ ਸ਼ਹੀਦਾਂ ਦੇ ਯਾਦਗਾਰੀ ਸਮਾਗਮ ਤੋਂ ਦੋ ਦਿਨ ਪਹਿਲਾਂ 11 ਜੁਲਾਈ ਨੂੰ ਘਰ ਵਿੱਚ ਨਜ਼ਰਬੰਦ ਰੱਖਿਆ ਗਿਆ ਸੀ। ਉਨ੍ਹਾਂ ਕਿਹਾ, “ਮੈਂ ਸ਼ਾਸਕਾਂ ਨੂੰ ਇਹ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸਾਡੇ ਸ਼ਹੀਦਾਂ ਦੀ ਯਾਦ ਨੂੰ ਉਨ੍ਹਾਂ ਵੱਲੋਂ ਨਿਯੰਤ੍ਰਿਤ ਨਹੀਂ ਕੀਤਾ ਜਾ ਸਕਦਾ। ਇਹ ਸਾਡੇ ਦਿਲਾਂ ਵਿੱਚ ਵੱਸਦਾ ਹੈ।” ਉਨ੍ਹਾਂ ਕਿਹਾ ਕਿ ਤੱਥਾਂ ਅਤੇ ਇਤਿਹਾਸ ਨੂੰ ਤਾਲਾਬੰਦੀ ਕਰ ਅਤੇ ਲੋਕਾਂ ਨੂੰ ਸ਼ਹੀਦਾਂ ਦੇ ਕਬਰਸਤਾਨਾਂ ਵਿੱਚ ਜਾਣ ਤੋਂ ਰੋਕਣ ਜਾਂ ਸ਼ੁੱਕਰਵਾਰ ਨੂੰ ਜਾਮਾ ਮਸਜਿਦ ਜਾਣ ਤੋਂ ਰੋਕਣ ਨਾਲ ਨਹੀਂ ਮਿਟਾਇਆ ਜਾ ਸਕਦਾ।ਗੌਰਤਲਬ ਹੈ ਕਿ 13 ਜੁਲਾਈ ਨੂੰ ਜੰਮੂ ਅਤੇ ਕਸ਼ਮੀਰ ਵਿੱਚ 1931 ਵਿੱਚ ਸ੍ਰੀਨਗਰ ਦੀ ਕੇਂਦਰੀ ਜੇਲ੍ਹ ਦੇ ਬਾਹਰ ਡੋਗਰਾ ਫੌਜ ਵੱਲੋਂ ਮਾਰੇ ਗਏ 22 ਲੋਕਾਂ ਨੂੰ ਸ਼ਰਧਾਂਜਲੀ ਲਈ ‘ਸ਼ਹੀਦ ਦਿਵਸ’ ਵਜੋਂ ਮਨਾਇਆ ਜਾਂਦਾ ਹੈ। ਉਪ ਰਾਜਪਾਲ ਪ੍ਰਸ਼ਾਸਨ ਨੇ 2020 ਵਿੱਚ ਇਸ ਦਿਨ ਨੂੰ ਗਜ਼ਟਿਡ ਛੁੱਟੀਆਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਸੀ।

# ਆਮ ਆਦਮੀ ਪਾਰਟੀ ਹੁਣ ‘ਇੰਡੀਆ’ ਬਲਾਕ ਦਾ ਹਿੱਸਾ ਨਹੀਂ: ਸੰਜੇ ਸਿੰਘ




ਨਵੀਂ ਦਿੱਲੀ, 18 ਜੁਲਾਈ (ਚ.ਨ.ਸ.) : ਆਮ ਆਦਮੀ ਪਾਰਟੀ (ਆਪ) ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਹੁਣ ਵਿਰੋਧੀ ਗੱਠਜੋੜ ਦਾ ਹਿੱਸਾ ਨਹੀਂ ਹੈ। ਪਾਰਟੀ ਨੇ ਇਸ ਦੀ ਅਗਵਾਈ ਕਰਨ ’ਚ ਕਾਂਗਰਸ ਪਾਰਟੀ ਦੀ ਭੂਮਿਕਾ ਉੱਤੇ ਸਵਾਲ ਚੁਕੇ ਹਨ।ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਇਹ ਟਿੱਪਣੀ ਦੇਸ਼ ਦੀ ਮੌਜੂਦਾ ਸਿਆਸੀ ਸਥਿਤੀ ਉੱਤੇ ਚਰਚਾ ਕਰਨ ਲਈ ਸ਼ਨਿੱਚਰਵਾਰ ਸ਼ਾਮ ਨੂੰ ਹੋਣ ਵਾਲੀ ‘ਇੰਡੀਆ’ ਬਲਾਕ ਪਾਰਟੀਆਂ ਦੇ ਨੇਤਾਵਾਂ ਦੀ ਆਨਲਾਈਨ ਬੈਠਕ ਤੋਂ ਪਹਿਲਾਂ ਕੀਤੀ ਹੈ। ਇਹ ਬੈਠਕ ਸੋਮਵਾਰ ਤੋਂ ਸ਼ੁਰੂ ਹੋ ਰਹੇ ਸੰਸਦ ਦੇ ਮੌਨਸੂਨ ਸੈਸ਼ਨ ਤੋਂ ਠੀਕ ਪਹਿਲਾਂ ਹੋ ਰਹੀ ਹੈ। ਸੰਜੇ ਸਿੰਘ ਨੇ ਕਿਹਾ, “‘ਆਪ’ ਨੇ ਅਪਣਾ ਸਟੈਂਡ ਸਪੱਸ਼ਟ ਕਰ ਦਿੱਤਾ ਹੈ। ਇੰਡੀਆ ਬਲਾਕ (2024) ਲੋਕ ਸਭਾ ਚੋਣਾਂ ਲਈ ਸੀ। ਅਸੀਂ ਦਿੱਲੀ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਅਪਣੇ ਦਮ ਉੱਤੇ ਲੜੀਆਂ ਸਨ। ਅਸੀਂ ਬਿਹਾਰ ਚੋਣਾਂ ਇਕੱਲੇ ਲੜਨ ਜਾ ਰਹੇ ਹਾਂ। ਅਸੀਂ ਪੰਜਾਬ ਅਤੇ ਗੁਜਰਾਤ ਦੀਆਂ ਜ਼ਿਮਨੀ ਚੋਣਾਂ ਅਪਣੇ ਆਪ ਲੜੀਆਂ। ‘ਆਪ’ ਹੁਣ ‘ਇੰਡੀਆ’ ਦਾ ਹਿੱਸਾ ਨਹੀਂ ਹੈ। ਅਸੀਂ ਲੋਕ ਸਭਾ ਵਿਚ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਉਠਾਵਾਂਗੇ। ਅਸੀਂ ਹਮੇਸ਼ਾ ਮਜ਼ਬੂਤ ਵਿਰੋਧੀ ਧਿਰ ਦੀ ਭੂਮਿਕਾ ਨਿਭਾਈ ਹੈ।” ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ ਦਿੱਲੀ ਅਤੇ ਹਰਿਆਣਾ ਵਿਚ ਕਾਂਗਰਸ ਨਾਲ ਗਠਜੋੜ ਵਿਚ ਲੜੀਆਂ ਸਨ। ਕਾਂਗਰਸ ਦੀ ਆਲੋਚਨਾ ਕਰਦੇ ਹੋਏ ਸੰਜੇ ਸਿੰਘ ਨੇ ਵਿਰੋਧੀ ਧੜੇ ਦੀ ਅਗਵਾਈ ਕਰਨ ਵਿਚ ਕਾਂਗਰਸ ਦੀ ਭੂਮਿਕਾ ਉੱਤੇ ਸਵਾਲ ਚੁੱਕੇ। ਉਨ੍ਹਾਂ ਕਿਹਾ,“ਇਹ ਬੱਚਿਆਂ ਦਾ ਖੇਡ ਨਹੀਂ ਹੈ। ਕੀ ਉਨ੍ਹਾਂ ਨੇ ਲੋਕ ਸਭਾ ਚੋਣਾਂ ਤੋਂ ਬਾਅਦ ਕੋਈ ਮੀਟਿੰਗ ਕੀਤੀ ਸੀ? ਕੀ ਇੰਡੀਆ ਬਲਾਕ ਦਾ ਵਿਸਥਾਰ ਕਰਨ ਲਈ ਕੋਈ ਪਹਿਲ ਕੀਤੀ ਗਈ ਸੀ? ਕਦੇ ਉਹ ਅਖਿਲੇਸ਼ ਯਾਦਵ, ਕਦੇ ਊਧਵ ਠਾਕਰੇ ਅਤੇ ਕਦੇ ਮਮਤਾ ਬੈਨਰਜੀ ਦੀ ਆਲੋਚਨਾ ਕਰਦੇ ਹਨ। ‘ਇੰਡੀਆ’ ਨੂੰ ਇੱਕਜੁੱਟ ਹੋਣਾ ਚਾਹੀਦਾ ਸੀ। ਕਾਂਗਰਸ ਇਸ ਬਲਾਕ ਦੀ ਸੱਭ ਤੋਂ ਵੱਡੀ ਪਾਰਟੀ ਹੈ। ਪਰ ਕੀ ਇਸ ਨੇ (ਵਿਰੋਧੀ ਧਿਰ ਦੀ ਏਕਤਾ ਨੂੰ ਯਕੀਨੀ ਬਣਾਉਣ ਵਿਚ) ਕੋਈ ਭੂਮਿਕਾ ਨਿਭਾਈ? ”ਸਰਕਾਰ ਦਾ ਵਿਰੋਧ ਕਰਨ ’ਚ ‘ਆਪ’ ਦੀ ਭੂਮਿਕਾ ਬਾਰੇ ਸੰਜੇ ਸਿੰਘ ਨੇ ਕਿਹਾ ਕਿ ਪਾਰਟੀ ਹਮੇਸ਼ਾ ਸੱਤਾਧਾਰੀ ਸਰਕਾਰ ਦਾ ਜ਼ੋਰਦਾਰ ਵਿਰੋਧ ਕਰਦੀ ਰਹੀ ਹੈ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐੱਸ.ਐੱਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ ‘ਦਰਦੀ’।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਆਪ ਸਰਕਾਰ ਦੀ ਲੈਂਡ ਪੂਲਿੰਗ ਯੋਜਨਾ ਆਮ ਲੋਕਾਂ ਨੂੰ ਬਿਹਤਰ ਸਹੂਲਤਾਂ ਨਾਲ ਰਿਹਾਇਸ਼ ਮੁਹੱਈਆ ਕਰਵਾਏਗੀ : ਚੀਮਾ

ਚੰਡੀਗੜ੍ਹ, 18 ਜੁਲਾਈ, (ਅੰਮ੍ਰਿਤਪਾਲ ਸਿੰਘ) : ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਯੋਜਨਾ ਨੂੰ ਲੈ ਕੇ ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਯੋਜਨਾ ਪੂਰੀ ਤਰ੍ਹਾਂ ਕਿਸਾਨ ਹਿਤੈਸ਼ੀ ਅਤੇ ਆਪਸੀ ਸਹਿਮਤੀ 'ਤੇ ਆਧਾਰਤ ਹੈ। ਕਿਸੇ ਵੀ ਕਿਸਾਨ ਤੋਂ ਇਕ ਇੰਚ ਵੀ ਜ਼ਮੀਨ ਜ਼ਬਰਦਸਤੀ ਨਹੀਂ ਲਈ ਜਾਵੇਗੀ। ਜ਼ਮੀਨ ਦੇਣ ਜਾਂ ਨਾ ਦੇਣ ਦਾ ਫੈਸਲਾ ਪੂਰੀ ਤਰ੍ਹਾਂ ਕਿਸਾਨਾਂ ਦੀ ਮਰਜ਼ੀ 'ਤੇ ਆਧਾਰਿਤ ਹੋਵੇਗਾ



ਹਰਪਾਲ ਚੀਮਾ ਨੇ ਇਸ ਮਾਮਲੇ 'ਚ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਨੂੰ ਘੇਰਿਆ ਅਤੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਦੌਰਾਨ ਲੱਗਭੱਗ ਪਿਛਲੇ 1.5 ਦਹਾਕੇ ਵਿੱਚ ਪੰਜਾਬ ਵਿੱਚ ਹਜ਼ਾਰਾਂ ਗੈਰਕਾਨੂੰਨੀ ਕਾਲੋਨੀਆਂ ਬਣਾਈਆਂ ਗਈਆਂ, ਜਿੱਥੇ ਸੜਕ, ਬਿਜਲੀ, ਪਾਣੀ ਅਤੇ ਸੀਵਰੇਜ ਵਰਗੀਆਂ ਮੂਲਭੂਤ ਸੁਵਿਧਾਵਾਂ ਵੀ ਨਹੀਂ ਸਨ। ਲੱਖਾਂ ਲੋਕ ਰਜਿਸਟਰੀਆਂ ਨੂੰ ਲੈ ਕੇ ਪਰੇਸ਼ਾਨ ਹੋ ਰਹੇ ਸੈਂਕੜੇ ਲੋਕਾਂ ਦੇ ਲੱਖਾਂ ਰੁਪਏ ਬਿਲਡਰਾਂ ਦੇ ਚੱਕਰ 'ਚ ਫਸ ਗਏ, ਜਿਸ ਕਾਰਨ ਉਨ੍ਹਾਂ ਦੇ ਘਰ ਬਰਬਾਦ ਹੋ ਗਏ।

ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ 'ਚ ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਵੱਡੇ ਆਗੂਆਂ ਦੀ ਮਿਲੀਭਗਤ ਨਾਲ ਭੂ-ਮਾਫੀਆ ਨੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਲੱਗਭੱਗ 30 ਹਜ਼ਾਰ ਏਕੜ ਜ਼ਮੀਨ 'ਤੇ ਗੈਰਕਾਨੂੰਨੀ ਕਾਲੋਨੀਆਂ ਬਣਾਈਆਂ ਅਤੇ ਅਰਬਾਂ ਰੁਪਏ ਦੇ ਘਪਲੇ ਕੀਤੇ। ਇਸਦਾ ਸਿੱਧਾ ਲਾਭ ਭੂ-ਮਾਫੀਆ, ਬਿਲਡਰਾਂ ਅਤੇ ਪਿਛਲੀਆਂ ਸਰਕਾਰਾਂ ਦੇ ਮੰਤਰੀਆਂ-ਵਿਧਾਇਕਾਂ ਨੂੰ ਹੋਇਆ, ਜਦਕਿ ਆਮ ਲੋਕ ਮੂਲਭੂਤ ਸੁਵਿਧਾਵਾਂ ਤੋਂ ਵੀ ਵੰਚਿਤ ਰਹੇ। ਇਹਨਾਂ ਸਭ ਲਈ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਦੀ ਸਰਕਾਰ ਜ਼ਿੰਮੇਵਾਰ ਹੈ।

ਚੀਮਾ ਨੇ ਕਿਹਾ ਕਿ ਆਮ ਲੋਕਾਂ ਨੂੰ ਹੋਈ ਪਰੇਸ਼ਾਨੀ ਨੂੰ ਦੇਖਦਿਆਂ, ਆਪ ਸਰਕਾਰ ਨੇ ਖੁਦ ਲੈਂਡ ਪੂਲਿੰਗ ਨੀਤੀ ਰਾਹੀਂ ਜ਼ਮੀਨ ਹਾਸਿਲ ਕਰਨ ਦਾ ਫੈਸਲਾ ਲਿਆ। ਇਸ ਨਾਲ ਕਿਸਾਨਾਂ ਅਤੇ ਆਮ ਲੋਕਾਂ ਦੋਵਾਂ ਨੂੰ ਲਾਭ ਹੋਵੇਗਾ। ਕਿਸਾਨਾਂ ਨੂੰ ਪ੍ਰਤੀ ਏਕੜ 1000 ਗਜ ਰਿਹਾਇਸ਼ੀ ਅਤੇ 200 ਗਜ ਕਮਰਸ਼ੀਅਲ ਪਲਾਟ ਦਿੱਤਾ ਜਾਵੇਗਾ, ਜਿਸ ਦੀ ਕੀਮਤ ਆਉਣ ਵਾਲੇ ਕੁਝ ਸਾਲਾਂ ਵਿੱਚ ਮੌਜੂਦਾ ਕੀਮਤ ਦੇ ਮੁਕਾਬਲੇ ਲੱਗਭੱਗ ਚਾਰ ਗੁਣਾ ਹੋ ਜਾਵੇਗੀ।

ਉਸੇ ਤਰ੍ਹਾਂ ਆਮ ਲੋਕਾਂ ਲਈ ਇਸ ਯੋਜਨਾ ਤਹਿਤ ਬਿਹਤਰ ਅਤੇ ਆਧੁਨਿਕ ਸੁਵਿਧਾਵਾਂ ਵਾਲਾ ਆਵਾਸ ਉਪਲੱਬਧ ਹੋਵੇਗਾ। ਕਿਉਂਕਿ ਉੱਥੇ ਸੜਕ, ਸੀਵਰੇਜ, ਬਿਜਲੀ, ਪਾਣੀ ਅਤੇ ਸਰਵਜਨਕ ਪਾਰਕ ਦਾ ਨਿਰਮਾਣ ਸਰਕਾਰ ਕਰੇਗੀ ਅਤੇ ਆਵਾਸੀ ਕਾਨੂੰਨਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ, ਤਾਂ ਜੋ ਲੋਕਾਂ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਾ ਹੋਵੇ।

ਚੀਮਾ ਨੇ ਕਿਹਾ ਕਿ ਇਸ ਯੋਜਨਾ ਰਾਹੀਂ ਕਿਸਾਨਾਂ ਨੂੰ ਇੱਕ ਹੋਰ ਵੱਡਾ ਲਾਭ ਇਹ ਹੋਵੇਗਾ, ਕਿ ਜਦੋਂ ਸਰਕਾਰ ਜ਼ਮੀਨ ਅਧਿਗ੍ਰਹਿਤ ਕਰੇਗੀ, ਤਾਂ ਉਨ੍ਹਾਂ ਨੂੰ ਆਰਥਿਕ ਲਾਭ ਦੇ ਨਾਲ-ਨਾਲ ਸਮਾਜਿਕ ਸੁਰੱਖਿਆ ਵੀ ਦਿੱਤੀ ਜਾਵੇਗੀ। ਯੋਜਨਾ ਤਹਿਤ ਆਉਣ ਵਾਲੇ ਸਾਰੇ ਕਿਸਾਨਾਂ ਨੂੰ ਘੱਟੋ-ਘੱਟ 3 ਸਾਲ ਜਾਂ ਜ਼ਮੀਨ ਵਿਕਸਤ ਹੋਣ ਤੱਕ ਹਰ ਸਾਲ 50 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਦਰ ਨਾਲ ਮੱਦਦ ਰਾਸ਼ੀ ਦਿੱਤੀ ਜਾਵੇਗੀ, ਤਾਂ ਜੋ ਨਿਰਮਾਣ ਦੌਰਾਨ ਉਨ੍ਹਾਂ ਨੂੰ ਕੋਈ ਆਰਥਿਕ ਪਰੇਸ਼ਾਨੀ ਨਾ ਆਵੇ। ਜਦਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਬਿਲਡਰ ਜਾਂ ਭੂ-ਮਾਫੀਆ ਕਿਸਾਨਾਂ ਤੋਂ ਜ਼ਬਰਦਸਤੀ ਕੌਡੀਆਂ ਦੇ ਭਾਅ ਜ਼ਮੀਨ ਲੈ ਲੈਂਦੇ ਸਨ ਅਤੇ ਉਨ੍ਹਾਂ ਨੂੰ ਬਾਅਦ ਵਿੱਚ ਕਿਸੇ ਵੀ ਕਿਸਮ ਦੀ ਕੋਈ ਆਰਥਿਕ ਸਹਾਇਤਾ ਨਹੀਂ ਮਿਲਦੀ ਸੀ। ਅਜਿਹੇ ਹਜ਼ਾਰਾਂ ਮਾਮਲੇ ਸਾਹਮਣੇ ਆਏ ਹਨ।

# ਯੁੱਧ ਨਸ਼ਿਆਂ ਵਿਰੁੱਧ ਦਾ 139ਵਾਂ ਦਿਨ : 8.6 ਕਿੱਲੋ ਹੈਰੋਇਨ ਸਮੇਤ 125 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 18 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ 139 ਦਿਨ ਪੰਜਾਬ ਪੁਲਿਸ ਨੇ 125 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 8.6 ਕਿੱਲੋਗ੍ਰਾਮ ਹੈਰੋਇਨ, 500 ਗ੍ਰਾਮ ਅਫੀਮ, 151 ਕਿੱਲੋ ਭੁੱਕੀ ਅਤੇ 11,980 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 139 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 22,533 ਹੋ ਗਈ ਹੈ।

ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 81 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 423 ਥਾਵਾਂ 'ਤੇ ਛਾਪੇਮਾਰੀ ਕੀਤੀ , ਜਿਸ ਦੌਰਾਨ ਰਾਜ ਭਰ ਵਿੱਚ 81 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕਰਨ ਦੇ ਨਾਲ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 83 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਡਾ. ਰਵਜੋਤ ਸਿੰਘ ਨੇ ਸਫ਼ਾਈ ਸੇਵਕਾਂ ਅਤੇ ਸੀਵਰਮੈਨ ਯੂਨੀਅਨ ਨਾਲ ਮੀਟਿੰਗ ਦੌਰਾਨ ਜਾਇਜ਼ ਮੰਗਾਂ ਦੇ ਛੇਤੀ ਹੱਲ ਦਾ ਭਰੋਸਾ ਦਿੱਤਾ

ਚੰਡੀਗੜ੍ਹ, 18 ਜੁਲਾਈ, (ਚ.ਨ.ਸ.) : ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸਫਾਈ ਸੇਵਕ ਅਤੇ ਸੀਵਰਮੈਨ ਯੂਨੀਅਨ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਜਾਇਜ਼ ਮੰਗਾਂ ਦਾ ਛੇਤੀ ਹੱਲ ਕੱਢਣ ਦਾ ਭਰੋਸਾ ਦਿੱਤਾ ਹੈ।



ਅੱਜ ਇੱਥੇ ਮਿਊਂਸੀਪਲ ਭਵਨ ਵਿਖੇ ਥਾਨਕ ਸਰਕਾਰਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਤੇਜਵੀਰ ਸਿੰਘ ਅਤੇ ਪੰਜਾਬ ਰਾਜ ਸਫਾਈ ਕਮਿਸ਼ਨ ਦੇ ਚੇਅਰਮੈਨ ਸ੍ਰੀ ਚੰਦਨ ਗਰੇਵਾਲ, ਵੱਖ-ਵੱਖ ਯੂਨੀਅਨਾਂ ਦੇ ਪ੍ਰਧਾਨਾਂ ਤੇ ਆਗਆਂ ਦੀ ਹਾਜ਼ਰੀ ਵਿੱਚ ਕੀਤੀ ਮੀਟਿੰਗ ਦੌਰਾਨ ਡਾ. ਰਵਜੋਤ ਸਿੰਘ ਨੇ ਯੂਨੀਅਨ ਦੇ ਨੁਮਾਇੰਦਿਆਂ ਦੀਆਂ ਵਿਭਿੰਨ ਮੰਗਾਂ ਨੂੰ ਵਿਸਥਾਰ 'ਚ ਸੁਣਨ ਉਪਰੰਤ, ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਛੇਤੀ ਹੀ ਸਾਰਥਕ ਹੱਲ ਕੀਤਾ ਜਾਵੇਗਾ।

ਡਾ. ਰਵਜੋਤ ਸਿੰਘ ਨੇ ਜ਼ੋਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਸਮੇਤ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਦੀਆਂ ਜੋ ਮੰਗਾਂ ਨੂੰ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਹਨ, ਨੂੰ ਭੇਜ ਕੇ ਇੱਕ ਸਾਂਝੀ ਮੀਟਿੰਗ ਰੱਖੀ ਜਾਵੇ ਤਾਂ ਜੋ ਵਿਭਿੰਨ ਮੰਗਾਂ ਦਾ ਸਾਰਥਕ ਹੱਲ ਕੱਢਿਆ ਜਾ ਸਕੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਵੱਖ-ਵੱਖ ਨੁਮਾਇੰਦਿਆਂ ਨਾਲ ਗੱਲਬਾਤ ਦੌਰਾਨ ਮੰਤਰੀ ਨੇ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਿਭਾਗ ਦੀ ਰੀੜ੍ਹ ਦੀ ਹੱਡੀ ਦੱਸਿਆ। ਉਨ੍ਹਾਂ ਸੂਬਾ ਸਰਕਾਰ ਦੇ ਪੰਜਾਬ ਦੇ ਸ਼ਹਿਰਾਂ ਨੂੰ ਕੂੜਾ-ਮੁਕਤ ਬਣਾਉਣ ਦੇ ਸੰਕਲਪ ਨੂੰ ਦੁਹਰਾਇਆ ਅਤੇ ਇਸ ਟੀਚੇ ਦੀ ਪ੍ਰਾਪਤੀ ਲਈ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਵੱਲੋਂ ਪਾਏ ਜਾਂਦੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ।

ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਕਮੇਟੀ/ਕਾਰਪੋਰੇਸ਼ਨ ਜਾਂ ਵਿਭਾਗੀ ਪੱਧਰ 'ਤੇ ਹੱਲ ਕੀਤੇ ਜਾ ਸਕਣ ਵਾਲੇ ਸਾਰੇ ਜਾਇਜ਼ ਮੁੱਦਿਆਂ ਨੂੰ ਜਲਦੀ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੀਆਂ ਮੰਗਾਂ ਸੂਬਾ ਸਰਕਾਰ ਜਾਂ ਹੋਰ ਵਿਭਾਗਾਂ ਨਾਲ ਸਬੰਧਿਤ ਹਨ, ਉਨ੍ਹਾਂ ਦੇ ਹੱਲ ਲਈ ਵੀ ਲੋੜੀਂਦੀ ਕਾਰਵਾਈ ਛੇਤੀ ਅਮਲ ਵਿੱਚ ਲਿਆਂਦੀ ਜਾਵੇਗੀ।

# ਬਾਗ਼ਬਾਨੀ ਵਿਭਾਗ ਵੱਲੋਂ ਕਰਵਾਏ ਰਾਜ ਪੱਧਰੀ ਨਾਖ ਮੁਕਾਬਲੇ ਵਿੱਚ ਅੰਮ੍ਰਿਤਸਰ ਦੇ ਕਿਸਾਨਾਂ ਨੇ ਮਾਰੀ ਬਾਜ਼ੀ

## ਪੰਜਾਬ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਲਈ ਕਰ ਰਹੀ ਹੈ ਠੋਸ ਉਪਰਾਲੇ : ਮੋਹਿੰਦਰ ਭਗਤ



ਅੰਮ੍ਰਿਤਸਰ, 18 ਜੁਲਾਈ, (ਬਬਲੂ ਮਹਾਜਨ) : ਬਾਗਬਾਨੀ ਵਿਭਾਗ ਵੱਲੋਂ ਜਿਲ੍ਹਾ ਅੰਮ੍ਰਿਤਸਰ ਵਿੱਚ ਮਹਾਰਾਜਾ ਫਾਰਮ ਵਿਖੇ ਦੋ ਰੋਜ਼ਾ ਰਾਜ ਪੱਧਰੀ ਨਾਸ਼ਪਾਤੀ ਦਾ ਸ਼ੋਅ ਅਤੇ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੰਗਰਾਮੀ ਅਤੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਏ ਅਤੇ ਇਸ ਸ਼ੋਅ ਦਾ ਉਦਘਾਟਨ ਕੀਤਾ ।

ਇਸ ਮੌਕੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਬਾਗਬਾਨੀ ਖੇਤਰ ਦੇ ਵਿਕਾਸ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਠੋਸ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿਹਾ ਕਿ ਅੱਜ ਦਾ ਇਹ ਨਾਸ਼ਪਤੀ ਮੁਕਾਬਲਾ ਵੀ ਇਹਨਾਂ ਉਪਰਾਲਿਆਂ ਦਾ ਇੱਕ ਹਿੱਸਾ ਹੈ । ਉਹਨਾਂ ਕਿਹਾ ਕਿ ਅਜਿਹੇ ਮੁਕਾਬਲੇ, ਪ੍ਰਦਰਸ਼ਨੀਆਂ, ਸੈਮੀਨਾਰ ਜਿੱਥੇ ਕਿਸਾਨ ਦੀ ਜਾਣਕਾਰੀ ਵਧਾਉਂਦੇ ਹਨ, ਉੱਥੇ ਉਹਨਾਂ ਦੇ ਵਪਾਰਕ ਸਬੰਧ ਵੀ ਬਣਦੇ ਹਨ, ਜੋ ਕਿ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਰਾਜ ਸਰਕਾਰ ਇਸ ਵਾਰ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਵਿੱਚ ਕਾਮਯਾਬ ਰਹੀ ਹੈ ਅਤੇ ਇਸ ਨਾਲ ਸੂਬੇ ਦੇ ਬਾਗਬਾਨੀ ਖੇਤਰ ਨੂੰ ਵੱਡਾ ਹੁਲਾਰਾ ਮਿਲਿਆ ਹੈ। ਇਸ ਮੌਕੇ ਬਾਗਬਾਨਾਂ ਵੱਲੋਂ ਉਹਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਬਾਗਬਾਨੀ ਮੰਤਰੀ ਅਤੇ ਡਾਇਰੈਕਟਰ ਬਾਗਬਾਨੀ ਦੇ ਧਿਆਨ ਵਿੱਚ ਲਿਆਂਦਾ ਗਿਆ। ਜਿਸ ਦਾ ਉਹਨਾਂ ਵੱਲੋਂ ਜਲਦ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ ਗਿਆ।

ਇਸ ਤੋਂ ਇਲਾਵਾ ਡਿਪਟੀ ਡਾਇਰੈਕਟਰ ਬਾਗਬਾਨੀ, ਅੰਮ੍ਰਿਤਸਰ ਤਜਿੰਦਰ ਸਿੰਘ ਸੰਧੂ ਵੱਲੋਂ ਸਮਾਗਮ ਸਬੰਧੀ ਦੱਸਿਆ ਗਿਆ, ਕਿ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਬਾਗਬਾਨਾਂ ਵੱਲੋਂ ਵਧੀਆ ਮਿਆਰ ਅਤੇ ਉੱਚ ਗੁਣਵੱਤਾ ਦੇ ਨਾਸ਼ਪਾਤੀ ਫਲ ਅਤੇ ਫਲਾਂ ਤੋਂ ਤਿਆਰ ਫਲ ਪਦਾਰਥਾਂ ਦੀਆਂ 714 ਰੱਖੀਆਂ ਐਂਟਰੀਆਂ ਦਾ ਮੁਕਾਬਲਾ ਕਰਵਾਇਆ ਗਿਆ ਅਤੇ ਜੇਤੂਆਂ ਨੂੰ ਪਹਿਲੇ ਅਤੇ ਦੂਸਰੇ ਦਰਜੇ ਦੇ ਇਨਾਮ ਮੁੱਖ ਮਹਿਮਾਨ ਵੱਲੋਂ ਦਿੱਤੇ ਗਏ। ਇਸ ਮੁਕਾਬਲੇ ਵਿੱਚ ਜ਼ਿਲ੍ਹਾ ਅੰਮ੍ਰਿਤਸਰ 28 ਇਨਾਮ ਪ੍ਰਾਪਤ ਕਰਕੇ ਪਹਿਲੇ ਨੰਬਰ ਤੇ ਰਿਹਾ। ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਅਤੇ ਬਾਗਬਾਨਾਂ ਨੂੰ ਨਾਸ਼ਪਾਤੀ ਦੀ ਕਾਸ਼ਤ ਅਤੇ ਮੰਡੀਕਰਨ ਬਾਰੇ ਪੀ.ਏ.ਯੂ. ਲੁਧਿਆਣਾ ਤੋਂ ਆਏ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਸਮਾਗਮ ਵਿੱਚ ਐਸ.ਡੀ.ਐਮ ਸ.ਗੁਰਸਿਮਰਨ ਸਿੰਘ ਢਿੱਲੋਂ, ਸਹਾਇਕ ਡਾਇਰੈਕਟਰ ਬਾਗਬਾਨੀ ਸ੍ਰੀ ਜਤਿੰਦਰ ਸਿੰਘ ਸੰਧੂ, ਸੁਖਪਾਲ ਸਿੰਘ, ਹਰਵਿੰਦਰ ਸਿੰਘ, ਤੇਜਬੀਰ ਸਿੰਘ, ਕਿਰਨਬੀਰ ਕੌਰ, ਹਰਪ੍ਰੀਤ ਕੌਰ (ਸਾਰੇ ਬਾਗਬਾਨੀ ਵਿਕਾਸ ਅਫਸਰ) ਅਤੇ ਮਨੀਸਟੀਰੀਅਲ ਅਤੇ ਫੀਲਡ ਸਟਾਫ ਵੱਲੋਂ ਸਮਾਗਮ ਨੂੰ ਕਾਮਯਾਬ ਕਰਨ ਵਿੱਚ ਅਹਿਮ ਯੋਗਦਾਨ ਪਾਇਆ ।

# ਪੋਕਸੋ ਐਕਟਾਂ ਬਾਰੇ ਜਾਗਰੂਕ ਕਰਨ ਲਈ ਕਰਵਾਇਆ ਸਿਖਲਾਈ ਪ੍ਰੋਗਰਾਮ

ਚੰਡੀਗੜ੍ਹ, 18 ਜੁਲਾਈ, (ਚ.ਨ.ਸ.) : ਬਾਲ ਸੁਰੱਖਿਆ ਕਾਨੂੰਨਾਂ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਇਸਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂਕਰਨ ਲਈ ਪੰਜਾਬ ਪੁਲਿਸ ਦੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਨੇ ਬਚਪਨ ਬਚਾਓ ਅੰਦੋਲਨ (ਬੀਬੀਏ) ਦੇ ਸਹਿਯੋਗ ਨਾਲ ਅੱਜ ਇੱਥੇ ਜੁਵੇਨਾਈਲ ਜਸਟਿਸ (ਜੇਜੇ) ਐਕਟ, 2015 ਅਤੇ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ, 2012 'ਤੇ ਦੋ ਦਿਨਾਂ ਸਿਖਲਾਈ ਪ੍ਰੋਗਰਾਮ ਕਰਵਾਇਆ।

ਇਸ ਪ੍ਰੋਗਰਾਮ ਵਿੱਚ 65 ਤੋਂ ਵੱਧ ਅਧਿਕਾਰੀਆਂ, ਜਿਨ੍ਹਾਂ ਵਿੱਚ ਡਿਪਟੀ ਐਸਪੀਜ਼, ਐਸਐਚਓਜ਼, ਮਹਿਲਾ ਹੈਲਪਡੈਸਕ ਇੰਚਾਰਜ, ਬਾਲ ਭਲਾਈ ਪੁਲਿਸ ਅਧਿਕਾਰੀ (ਸੀਡਬਲਯੂਪੀਓ) ਅਤੇ ਐਸਏਐਸ ਨਗਰ, ਫਤਹਿਗੜ੍ਹ ਸਾਹਿਬ ਤੇ ਰੂਪਨਗਰ ਦੇ ਸੀਡਬਲਯੂਸੀ ਚੇਅਰਪਰਸਨ ਸ਼ਾਮਲ ਹਨ, ਨੇ ਹਿੱਸਾ ਲਿਆ। ਦੂਜਾ ਦਿਨ ਵਿਸ਼ੇਸ਼ ਤੌਰ 'ਤੇ ਅਧਿਕਾਰੀਆਂ ਨੂੰ ਪੋਕਸੋ ਐਕਟ, 2012 ਬਾਰੇ ਜਾਗਰੂਕ ਕਰਨ 'ਤੇ ਕੇਂਦ੍ਰਿਤ ਰਿਹਾ, ਜਿਸ ਵਿੱਚ ਬੱਚਿਆਂ ਨੂੰ ਜਿਨਸੀ ਸ਼ੋਸ਼ਣ ਤੋਂ ਬਚਾਉਣ ਲਈ ਕਾਨੂੰਨੀ ਪ੍ਰਬੰਧਾਂ ਨੂੰ ਉਜਾਗਰ ਕੀਤਾ ਗਿਆ।

# ਬਾਲ ਭੀਖਿਆ ਦੇ ਖ਼ਾਤਮੇ ਲਈ 'ਪ੍ਰੋਜੈਕਟ ਜੀਵਨਜੋਤ-2' ਸ਼ੁਰੂ

## ਸਿਰਫ਼ ਦੋ ਦਿਨਾਂ ਵਿੱਚ 18 ਥਾਵਾਂ 'ਤੇ ਛਾਪੇਮਾਰੀ ਦੌਰਾਨ 41 ਬੱਚਿਆਂ ਨੂੰ ਬਚਾਇਆ : ਡਾ. ਬਲਜੀਤ

ਚੰਡੀਗੜ੍ਹ, 18 ਜੁਲਾਈ, (ਅੰਮ੍ਰਿਤਪਾਲ ਸਿੰਘ) : ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪ੍ਰਗਤੀਸ਼ੀਲ ਸੋਚ ਤੋਂ ਪ੍ਰੇਰਿਤ ਹੋ ਕੇ ਪੰਜਾਬ ਸਰਕਾਰ ਨੇ 'ਪ੍ਰੋਜੈਕਟ ਜੀਵਨਜੋਤ-2' ਦੀ ਸ਼ੁਰੂਆਤ ਨਾਲ ਪੰਜਾਬ ਦੀ ਪਵਿੱਤਰ ਧਰਤੀ ਤੋਂ ਬੱਚਿਆਂ ਦੇ ਭੀਖ ਮੰਗਣ ਦੇ ਖ਼ਤਰੇ ਨੂੰ ਖਤਮ ਕਰਨ ਲਈ ਆਪਣੇ ਯਤਨ ਤੇਜ਼ ਕਰ ਦਿੱਤੇ ਹਨ।

ਪੰਜਾਬ ਦੀ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਕਿਹਾ ਕਿ ਪੰਜਾਬ, ਜੋ ਕਿ ਆਪਣੇ ਗੁਰੂਆਂ, ਸੰਤਾਂ ਅਤੇ ਯੋਧਿਆਂ ਦੀ ਧਰਤੀ ਹੈ, ਬੱਚਿਆਂ ਤੋਂ ਭੀਖ ਮੰਗਣ ਦੇ ਸ਼ਰਮਨਾਕ ਅਭਿਆਸ ਨੂੰ ਬਿਨਾਂ ਰੋਕ-ਟੋਕ ਜਾਰੀ ਰੱਖਣ ਦੀ ਇਜਾਜ਼ਤ ਨਹੀਂ ਦੇ ਸਕਦਾ। ਡਾ. ਕੌਰ ਨੇ ਕਿਹਾ, 'ਜਦੋਂ ਅਸੀਂ ਛੋਟੇ ਬੱਚਿਆਂ ਨੂੰ ਸੜਕਾਂ 'ਤੇ ਭੀਖ ਮੰਗਣ ਲਈ ਮਜਬੂਰ ਦੇਖਦੇ ਹਾਂ, ਤਾਂ ਇਹ ਸਾਡੇ ਸਮਾਜ ਦੀ ਸਮੂਹਿਕ ਜ਼ਮੀਰ ਅਤੇ ਪੰਜਾਬ ਦੇ ਸਨਮਾਨ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਜੀਵਨਜੋਤ ਪ੍ਰੋਜੈਕਟ (ਪੜਾਅ-1) ਅਧੀਨ ਹੁਣ ਤੱਕ ਦੀ ਪ੍ਰਗਤੀ- ਪੰਜਾਬ ਸਰਕਾਰ ਨੇ ਇਹ ਮਿਸ਼ਨ ਸਤੰਬਰ 2024 ਵਿੱਚ ਸ਼ੁਰੂ ਕੀਤਾ ਸੀ। ਸਮਰਪਿਤ ਬਚਾਅ ਟੀਮਾਂ ਨੇ ਰਾਜ ਭਰ ਵਿੱਚ ਭੀਖ ਮੰਗਦੇ ਬੱਚਿਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਬਚਾਉਣ ਲਈ ਜ਼ਿਲ੍ਹਾ ਪੱਧਰੀ ਕਮੇਟੀਆਂ ਦਾ ਗਠਨ ਕੀਤਾ।



ਪ੍ਰੋਜੈਕਟ ਜੀਵਨਜੋਤ-2: ਸੰਗਠਿਤ ਬਾਲ ਸ਼ੋਸ਼ਣ ਨੂੰ ਰੋਕਣ ਲਈ ਮਾਨ ਸਰਕਾਰ ਦਾ ਵੱਡਾ ਕਦਮ

ਇਨ੍ਹਾਂ ਚਿੰਤਾਵਾਂ ਨੂੰ ਦੂਰ ਕਰਨ ਲਈ ਪੰਜਾਬ ਨੇ ਹੁਣ 'ਪ੍ਰੋਜੈਕਟ ਜੀਵਨਜੋਤ-2' ਅਧੀਨ ਆਪਣੇ ਮਿਸ਼ਨ ਨੂੰ ਅਪਗ੍ਰੇਡ ਅਤੇ ਤੇਜ਼ ਕਰ ਦਿੱਤਾ ਹੈ। ਇਸ ਪ੍ਰੋਜੈਕਟ ਤਹਿਤ, ਪਿਛਲੇ ਦੋ ਦਿਨਾਂ ਵਿੱਚ ਜ਼ਿਲ੍ਹਿਆਂ ਵਿੱਚ 18 ਬਚਾਅ ਕਾਰਜ ਕੀਤੇ ਗਏ, ਜਿਸ ਵਿੱਚ 41 ਬੱਚਿਆਂ ਨੂੰ ਬਚਾਇਆ ਗਿਆ। ਪੰਜਾਬ ਸਰਕਾਰ ਨੇ ਸ਼ੱਕੀ ਮਾਮਲਿਆਂ ਵਿੱਚ ਡੀਐਨਏ ਟੈਸਟਿੰਗ ਸ਼ੁਰੂ ਕੀਤੀ ਹੈ, ਤਾਂ ਜੋ ਬੱਚਿਆਂ ਦੇ ਸਹੀ ਮਾਪਿਆਂ ਦਾ ਪਤਾ ਲਗਾਇਆ ਜਾ ਸਕੇ।

ਜੇਕਰ ਕੋਈ ਬਾਲਗ/ ਵਿਅਕਤੀ ਗੈਰ-ਸੰਬੰਧਿਤ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਦਾ ਪਾਇਆ ਜਾਂਦਾ ਹੈ, ਤਾਂ ਉਸ ਦੇ ਖਿਲਾਫ ਕਾਨੂੰਨ ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ (ਡੀ.ਸੀ.) ਦੇ ਹੁਕਮਾਂ ਨਾਲ ਡੀ.ਐਨ.ਏ. ਟੈਸਟ ਕੀਤੇ ਜਾਣਗੇ ਅਤੇ 15-20 ਦਿਨਾਂ ਦੀ ਰਿਪੋਰਟ ਮਿਆਦ ਦੇ ਦੌਰਾਨ, ਬੱਚੇ ਬਾਲ ਘਰ ਵਿੱਚ ਸਰਕਾਰੀ ਸੁਰੱਖਿਆ ਹੇਠ ਸੁਰੱਖਿਅਤ ਰਹਿਣਗੇ। ਜੇਕਰ ਡੀ.ਐਨ.ਏ. ਰਿਪੋਰਟਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਬਾਲਗ ਜੈਵਿਕ ਮਾਪੇ ਨਹੀਂ ਹਨ, ਤਾਂ ਸਖ਼ਤ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ, ਜਿਸ ਵਿੱਚ ਤਸਕਰੀ ਵਿਰੋਧੀ ਅਤੇ ਬਾਲ ਸੁਰੱਖਿਆ ਕਾਨੂੰਨਾਂ ਤਹਿਤ ਦੋਸ਼ ਸ਼ਾਮਲ ਹਨ।

ਮੰਤਰੀ ਬਲਜੀਤ ਕੌਰ ਨੇ ਕਿਹਾ ਕਿ ਬਠਿੰਡਾ ਵਿੱਚ ਪਹਿਲਾਂ ਹੀ ਇੱਕ ਐਫਆਈਆਰ ਦਰਜ ਕੀਤੀ ਜਾ ਚੁੱਕੀ ਹੈ। ਜਿੱਥੇ 20 ਬੱਚਿਆਂ ਨੂੰ ਉਨ੍ਹਾਂ ਪਿੰਡਾਂ ਤੋਂ ਬਚਾਇਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਭੀਖ ਮੰਗਣ ਲਈ ਸ਼ੋਸ਼ਣ ਕੀਤੇ ਜਾਣ ਦਾ ਸ਼ੱਕ ਸੀ।

ਡਾ. ਕੌਰ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਭਾਰਤ ਦਾ ਪਹਿਲਾ ਸੂਬਾ ਹੈ ਜਿਸਨੇ ਕਿਸੇ ਵੀ ਕੇਂਦਰੀ ਸਰਕਾਰ ਦੇ ਨਿਰਦੇਸ਼ ਦੀ ਉਡੀਕ ਕੀਤੇ ਬਿਨਾਂ ਅਜਿਹਾ ਏਕੀਕ੍ਰਿਤ, ਹਮਲਾਵਰ ਅਤੇ ਸਵੈ-ਸੰਕਲਪਿਤ ਪ੍ਰੋਗਰਾਮ ਸ਼ੁਰੂ ਕੀਤਾ ਹੈ। 'ਪ੍ਰੋਜੈਕਟ ਜੀਵਨਜੋਤ-2' ਭਿਖਾਰੀ ਐਕਟ, ਜੁਵੇਨਾਈਲ ਜਸਟਿਸ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪੰਜਾਬ ਰਾਜ ਬਾਲ ਸੁਰੱਖਿਆ ਕਮਿਸ਼ਨ ਦੁਆਰਾ ਜਾਰੀ ਕੀਤੇ ਗਏ SOPs ਦੇ ਉਪਬੰਧਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਸ ਪ੍ਰੋਜੈਕਟ ਤਹਿਤ, ਉਨ੍ਹਾਂ ਮਾਪਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ, ਜੋ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕਰਦੇ ਹਨ। ਉਨ੍ਹਾਂ ਨੂੰ ਪਹਿਲੇ ਅਪਰਾਧ ਲਈ ਚੇਤਾਵਨੀ ਦਿੱਤੀ ਜਾ ਸਕਦੀ ਹੈ। ਪਰ ਵਾਰ-ਵਾਰ ਅਪਰਾਧ ਕਰਨ ਵਾਲਿਆਂ ਨੂੰ 'ਅਯੋਗ ਮਾਪੇ' ਐਲਾਨਿਆ ਜਾਵੇਗਾ। ਅਜਿਹੇ ਬੱਚਿਆਂ ਨੂੰ ਗੋਦ ਲੈਣ ਦੀ ਪ੍ਰਕਿਰਿਆ ਵਿੱਚ ਰੱਖਿਆ ਜਾਵੇਗਾ, ਤਾਂ ਜੋ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਰਹੇ।

ਜੇਕਰ ਦੋਸ਼ੀ ਬੱਚਿਆਂ ਦਾ ਸ਼ੋਸ਼ਣ ਕਰਨ ਵਾਲੇ ਤਸਕਰੀ ਨੈੱਟਵਰਕ ਜਾਂ ਮਾਫੀਆ ਪਾਏ ਜਾਂਦੇ ਹਨ, ਤਾਂ ਉਨ੍ਹਾਂ ਨੂੰ 5 ਸਾਲ ਦੀ ਕੈਦ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਮੰਤਰੀ ਨੇ ਚੇਤਾਵਨੀ ਦਿੱਤੀ ਕਿ ਸਰੀਰਕ ਸ਼ੋਸ਼ਣ ਜਾਂ ਹਿੰਸਾ ਦੇ ਮਾਮਲਿਆਂ ਵਿੱਚ ਸਜ਼ਾ 20 ਸਾਲ ਤੋਂ ਘੱਟ ਨਹੀਂ ਹੋਵੇਗੀ।

ਪ੍ਰੋਜੈਕਟ ਜੀਵਨਜੋਤ ਦੇ ਤਹਿਤ ਬਚਾਏ ਗਏ 17 ਬੱਚੇ ਅਪਾਹਜ ਅਤੇ ਸਰੀਰਕ ਸ਼ੋਸ਼ਣ ਦੇ ਸ਼ਿਕਾਰ ਪਾਏ ਗਏ। ਸਰਕਾਰ ਨੇ ਉਨ੍ਹਾਂ ਨੂੰ ਸਿਹਤ ਬੀਮਾ ਕਵਰੇਜ ਪ੍ਰਦਾਨ ਕੀਤੀ ਹੈ ਅਤੇ ਸਿਹਤ ਕਾਰਡਾਂ ਰਾਹੀਂ ਉਨ੍ਹਾਂ ਦਾ ਪੂਰਾ ਡਾਕਟਰੀ ਇਲਾਜ ਯਕੀਨੀ ਬਣਾ ਰਹੀ ਹੈ।

ਮਾਨ ਸਰਕਾਰ ਦਾ ਸੁਨੇਹਾ ਸਾਫ਼ ਹੈ, 'ਜੇਕਰ ਕੋਈ ਪੰਜਾਬ ਵਿੱਚ ਬੱਚਿਆਂ ਨੂੰ ਭਿਖ ਮੰਗਣ ਲਈ ਮਜਬੂਰ ਕਰਦਾ ਹੈ, ਤਾਂ ਉਸਨੂੰ ਕਾਨੂੰਨ ਅਨੁਸਾਰ ਪੂਰੀ ਸਜ਼ਾ ਦਿੱਤੀ ਜਾਵੇਗੀ।' ਡਾ. ਬਲਜੀਤ ਕੌਰ ਨੇ ਅੱਗੇ ਕਿਹਾ, 'ਪੰਜਾਬ ਆਪਣੇ ਬੱਚਿਆਂ ਉੱਤੇ ਐਸਾ ਸ਼ੋਸ਼ਣ ਬਰਦਾਸ਼ਤ ਨਹੀਂ ਕਰੇਗਾ। ਅਸੀਂ ਹਰ ਬੱਚੇ ਨੂੰ ਬਚਾਵਾਂਗੇ, ਹਰ ਅਪਰਾਧੀ ਨੂੰ ਸਜ਼ਾ ਦਿਆਂਗੇ ਅਤੇ ਹਰ ਬੇਕਸੂਰ ਦੀ ਜਾਨ ਬਚਾਵਾਂਗੇ।'


## ਪੰਜਾਬ ਨੈਸ਼ਨਲ ਬੈਂਕ ...ਭਰੋਸੇ ਦਾ ਪ੍ਰਤੀਕ !

ਅਸੇਟ ਰਿਕਵਰੀ ਮਾਨੀਟਰਿੰਗ ਬ੍ਰਾਂਚ (ਏਆਰਐਮਬੀ), ਪਲਾਟ ਨੰ. 10, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਰਣਜੀਤ ਐਵੇਨਿਊ, ਬਲਾਕ ਬੀ, ਅੰਮ੍ਰਿਤਸਰ - 143001

ਈ-ਨਿਲਾਮੀ ਵਿਕਰੀ ਸੂਚਨਾ

**ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ**

**ਸਰਫਾਇਸੀ ਐਕਟ 2002 ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ 6(2) ਅਤੇ 8(6) ਦੇ ਤਹਿਤ ਆਮ ਜਨਤਾ ਨੂੰ 15/30 ਦਿਨਾਂ ਦਾ ਕਾਨੂੰਨੀ ਵਿਕਰੀ ਨੋਟਿਸ**

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਸੰਪੱਤੀਆਂ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ/ਚਾਰਜ ਕੀਤੀ ਗਈ ਹੈ, ਜਿਸਦਾ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਲਿਆ ਗਿਆ ਹੈ। ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ, ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" ਤੇ ਵੇਚਿਆ ਜਾਵੇਗਾ, ਤਾਂ ਜੋ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਬਕਾਏ ਦੀ ਵਸੂਲੀ ਕੀਤੀ ਜਾ ਸਕੇ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ।

**ਸੁਰੱਖਿਅਤ ਕਰਜ਼ਦਾਰ ਨੂੰ ਜਾਣੂੰ ਦੇਣਦਾਰੀਆਂ ਨਹੀਂ ਹਨ/ਜਾਣੂੰ ਨਹੀਂ ਹਨ।**

**ਵਿਕਰੀ 29.08.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ**

ਇੱਛੁਕ ਖਰੀਦਦਾਰਾਂ ਨੂੰ ਯੂਜ਼ਰ ਆਈਡੀ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਉਨ੍ਹਾਂ ਕੋਲ ਨਿਲਾਮੀ ਵਿਚ ਭਾਗ ਲੈਣ ਲਈ https://baanknet.com 'ਤੇ ਈ-ਵੈਲੇਟ ਵਿਚ ਘੱਟੋ ਘੱਟ ਬਿਆਨਾ ਰਕਮ ਰਾਸ਼ੀ ਹੋਣੀ ਲਾਜ਼ਮੀ ਹੈ।

ਬੈਂਕ ਅਧਿਕਾਰੀਆਂ ਦੇ ਸੰਪਰਕ ਵੇਰਵੇ ਸ੍ਰੀ ਸੁਰੇਂਦਰ ਜਾਂਗਰਾ (ਮੁੱਖ ਪ੍ਰਬੰਧਕ) 9466264524, ਸ੍ਰੀ ਅਨਵਰ ਅਲੀ (ਮੁੱਖ ਪ੍ਰਬੰਧਕ) 9797616733

ਨਿਲਾਮੀ ਪ੍ਰਕਿਰਿਆ, ਪੰਜੀਕਰਨ ਸਥਿਤੀ ਆਦਿ 'ਤੇ ਸਹਾਇਤਾ ਲਈ Baanknet Portal Help Desk No. + 91 8291220220, support.baanknet@psballiance.com

**ਸੁਰੱਖਿਅਤ ਅਸਾਸਿਆਂ ਦੀ ਸੂਚੀ**

| ਲੜੀ ਨੰ. | ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਕਰਜ਼ਦਾਰ/ਜ਼ਾਮਨ ਖਾਤਾ ਦੇ ਨਾਮ ਅਤੇ ਪਤਾ | ਗਿਰਵੀ ਅਚੱਲ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ੳ) ਸਰਫਾਇਸੀ ਐਕਟ, 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਦੀ ਮਿਤੀ / ਅ) ਬਕਾਇਆ ਰਕਮ ਦੀ ਮਿਤੀ / ੲ) ਸਰਫਾਇਸੀ ਐਕਟ, 2002 ਦੀ ਧਾਰਾ 13 (4) ਅਧੀਨ ਕਬਜ਼ੇ ਦੀ ਮਿਤੀ / ਸ) ਕਬਜ਼ੇ ਦਾ ਸਰੂਪ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|
| | ਏਆਰਐਮਬੀ ਅੰਮ੍ਰਿਤਸਰ<br>PROPERTY ID : PUNB7BR74819190<br>1. ਮੈਸਰਜ਼ ਈਟੀਸੀਐਚ ਫਿਟਨੈਸ ਜਿਮ (ਕਰਜ਼ਦਾਰ), ਪਹਿਲੀ ਮੰਜ਼ਿਲ, ਵੇਰਕਾ ਬੂਥ ਦੇ ਸਾਹਮਣੇ, ਰਾਣੀ ਕਾ ਬਾਗ, ਅੰਮ੍ਰਿਤਸਰ, ਪੰਜਾਬ-143001। 2. ਸ਼੍ਰੀਮਤੀ ਰੁਕਮਣੀ ਪਤਨੀ ਹਰਗੁਲਾਲ ਸ਼ਰਮਾ, (ਜ਼ਾਮਨ/ਗਿਰਵੀਨਾਮਾ), 167/1, ਐਸਬੀਆਈ ਦੇ ਸਾਹਮਣੇ, ਰਾਧਾ ਵੱਲਭ, ਮੰਦਰ, ਲੋਹਗੜ੍ਹ, ਅੰਮ੍ਰਿਤਸਰ-1, ਅੰਮ੍ਰਿਤਸਰ, ਪੰਜਾਬ-143001। 3. ਸ਼੍ਰੀ ਗੁਰਚਰਨ ਸਿੰਘ ਪੁੱਤਰ ਹਰਪਾਲ ਸਿੰਘ (ਭਾਈਵਾਲ/ਕਰਜ਼ਦਾਰ), ਐਚ. ਨੰ. 13-ਈ, 11/4 ਜੀ.ਟੀ. ਰੋਡ, ਡੀ.ਆਰ. ਮਾਡਰਨ ਸਕੂਲ ਦੇ ਨੇੜੇ, ਛੇਹਰਟਾ, ਅੰਮ੍ਰਿਤਸਰ-1, ਅੰਮ੍ਰਿਤਸਰ, ਪੰਜਾਬ-143001 4. ਸ਼੍ਰੀ. ਹਰਗੁਲਾਲ ਸ਼ਰਮਾ ਪੁੱਤਰ ਪੁੱਤਰ ਪਾਲ ਸ਼ਰਮਾ (ਗਾਰੰਟਰ/ਗਿਰਵੀਕਾਰ), ਐੱਚ. ਨੰ. 3288/10, 1975/10-8, ਖੂਹ ਸੁਨਿਆਰੀਅਨ, ਅੰਮ੍ਰਿਤਸਰ, ਪੰਜਾਬ- 143001। 5. ਸ਼੍ਰੀ ਵੇਦਾਂਤ ਸ਼ਰਮਾ ਪੁੱਤਰ ਹਰਗੁਲਾਲ ਸ਼ਰਮਾ (ਭਾਈਵਾਲ/ ਕਰਜ਼ਦਾਰ), 187, ਐਸਬੀਆਈ ਬੈਂਕ ਦੇ ਸਾਹਮਣੇ, ਲੋਹਗੜ੍ਹ ਗੇਟ ਦੇ ਅੰਦਰ, ਅੰਮ੍ਰਿਤਸਰ-1, ਅੰਮ੍ਰਿਤਸਰ, ਪੰਜਾਬ-143001। | ਜਾਇਦਾਦ ਦਾ ਸਾਰਾ ਹਿੱਸਾ ਅਤੇ ਪਾਰਸਲ ਜਿਸ ਵਿੱਚ ਨਿੱਜੀ ਨੰਬਰ 566, ਖਸਰਾ ਨੰਬਰ 59//3 ਮਿੰਟ, ਰਕਬਾ ਨੰਗਲੀ, ਅਬਾਦੀ ਭੱਲਾ ਕਲੋਨੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਹੈ, ਸ਼੍ਰੀ ਹਰਗੁਲਾਲ ਸ਼ਰਮਾ ਪੁੱਤਰ ਸੋਨਪਾਲ ਸ਼ਰਮਾ ਅਤੇ ਸ਼੍ਰੀਮਤੀ ਰੁਕਮਣੀ ਪਤਨੀ ਹਰਗੁਲਾਲ ਸ਼ਰਮਾ ਦੇ ਹੱਕ ਵਿੱਚ ਡੀਡ ਨੰਬਰ 2019-20/93/1/9626 ਮਿਤੀ 19.10.2019 ਨੂੰ ਰਜਿਸਟਰਡ ਕੀਤਾ ਗਿਆ। ਕੁੱਲ ਖੇਤਰਫਲ 187.66 ਵਰਗ ਗਜ਼, ਵਾਸਿਕਾ ਨੰਬਰ 5208, ਬਹੀ ਨੰਬਰ 1, ਜਿਲਦ ਨੰਬਰ 7175, ਪੰਨਾ ਨੰਬਰ 3334 ਮਿਤੀ 28.07.2017 ਸੀਮਾਵਾਂ ਹੇਠ ਲਿਖੇ ਅਨੁਸਾਰ ਹਨ: ਉੱਤਰ- ਦੂਜਿਆਂ ਦੀ ਜਾਇਦਾਦ, ਦੱਖਣ- ਪਲਾਟ ਨੰਬਰ 565, ਪੂਰਬ- ਦੂਜਿਆਂ ਦੀ ਜਾਇਦਾਦ, ਪੱਛਮੀ- ਗਲੀ 30' ਚੌੜੀ। | 31.01.2025<br>Rs. 21,30,904.74 as on 31.12.2024 with interest & Other charges<br>08.04.2025<br>ਸੰਕੇਤਕ ਕਬਜ਼ਾ | Rs. 40,00,000/-<br>Rs. 4,00,000/-<br>Rs. 50,000/- |

**ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ 15/30 ਰੋਜ਼ਾ ਵਿਧਾਨਕ ਵਿਕਰੀ ਸੂਚਨਾ**

1. ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 2. ਜਾਇਦਾਦਾਂ ਨੂੰ "ਜਿਵੇਂ ਹੈ ਜਿੱਥੇ ਹੈ" ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚਿਆ ਜਾ ਰਿਹਾ ਹੈ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਜਾਇਦਾਦ ਉੱਤੇ ਕੋਈ ਵੀ ਬੋਝ ਬੈਂਕ/ਸੁਰੱਖਿਅਤ ਲੈਣਦਾਰ ਨੂੰ ਨਹੀਂ ਪਤਾ ਹੈ। ਅਧਿਕਾਰਤ ਅਧਿਕਾਰੀ ਜਾਂ ਬੈਂਕ ਨਿਲਾਮ ਕੀਤੀਆਂ ਜਾਇਦਾਦਾਂ ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ ਦੇ ਬਕਾਏ, ਜਾਇਦਾਦ ਟੈਕਸ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐਨਓਸੀ ਆਦਿ ਸ਼ਾਮਲ ਹਨ। ਬਿਜਲੀ, ਘਰ ਟੈਕਸ ਆਦਿ ਲਈ ਬਕਾਇਆ ਖਰਚੇ/ਬਿੱਲ ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। 6. ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਵੇਚੀ ਜਾ ਰਹੀ ਜਾਇਦਾਦ/ਵਸਤੂਆਂ ਦੀ ਤੰਦਰੁਸਤੀ ਜਾਂ ਗੁਣਵੱਤਾ ਜਾਂ ਦੇਣਦਾਰੀ ਦੀ ਗਰੰਟੀ ਨਹੀਂ ਦਿੰਦਾ ਹੈ। 7. ਵਿਕਰੀ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 29.08.2025 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ ਕਾਲਮ ਨੰਬਰ 6 ਵਿੱਚ ਦਿੱਤੇ ਗਏ ਸਮੇਂ ਅਨੁਸਾਰ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com, https://eprocure.gov.in/epublish/app ਅਤੇ www.pnbindia.in ਵੇਖੋ। 8. ਰਿਜ਼ਰਵ ਕੀਮਤ ਤੋਂ ਵੱਧ, ਘੱਟੋ-ਘੱਟ ਇੱਕ ਬੋਲੀ ਦੀ ਰਕਮ ਲਾਜ਼ਮੀ ਹੈ।

ਮਿਤੀ : 18.07.2025 ਸਥਾਨ : ਅੰਮ੍ਰਿਤਸਰ ਅਧਿਕਾਰਤ ਅਧਿਕਾਰੀ





## ਸੰਪਾਦਕੀ

# ਟਰੰਪ ਦੀਆਂ ਚਿਤਾਵਨੀਆਂ

ਜਦੋਂ ਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣੇ ਸਨ ਤਾਂ ਅਜਿਹਾ ਲੱਗਦਾ ਸੀ ਦੁਨੀਆ ਦੀ ਵਿਵਸਥਾ ਵਿੱਚ ਕੁਝ ਬਦਲਾਓ ਆਵੇਗਾ ਪਰ ਹੁਣ ਜਦੋਂ ਜਦੋਂ ਸਮਾਂ ਬੀਤਦਾ ਜਾ ਰਿਹਾ ਹੈ ਤਾਂ ਹਾਲਾਤ ਉਲਟ ਦਿਸ਼ਾ ਵੱਲ ਜਾ ਰਹੇ ਹਨ। ਟਰੰਪ ਬ੍ਰਿਕਸ ਮੁਲਕਾਂ ਨੂੰ ਕੁਝ ਜ਼ਿਆਦਾ ਹੀ ਚੁਣੌਤੀ ਦੇ ਰੂਪ ਵਿੱਚ ਲੈ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਟਰੰਪ ਨੂੰ ਆਪਣੇ ਮਿੱਤਰ ਵਜੋਂ ਲੈ ਰਹੇ ਸਨ ਪਰ ਹੁਣ ਉਹ ਮਿੱਤਰਤਾ ਕੁਝ ਵੱਡੇ ਮੁਕਾਬਲੇਬਾਜ਼ ਵਰਗੀ ਬਣਦੀ ਜਾ ਰਹੀ ਹੈ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਰੂਸ ਨਾਲ ਵਪਾਰ ਬਾਰੇ ਚੇਤਾਵਨੀ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ 'ਤੇ ਚੱਲ ਰਹੀ ਗੱਲਬਾਤ ਵਿੱਚ ਰੁਕਾਵਟਾਂ ਪੈਦਾ ਕਰ ਸਕਦੀ ਹੈ। ਯੂਕਰੇਨ ਯੁੱਧ ਨੂੰ ਰੋਕਣ ਵਿੱਚ ਅਸਫਲ ਰਹਿਣ ਵਾਲੇ ਟਰੰਪ ਹੁਣ ਮਾਸਕੋ 'ਤੇ ਹੋਰ ਤਰੀਕਿਆਂ ਨਾਲ ਦਬਾਅ ਪਾਉਣਾ ਚਾਹੁੰਦੇ ਹਨ। ਹਾਲਾਂਕਿ, ਇਸ ਵਿੱਚ ਸਫਲਤਾ ਦੀ ਗਰੰਟੀ ਨਹੀਂ ਹੈ ਅਤੇ ਇਹ ਦੁਨੀਆ ਵਿੱਚ ਨਵਾਂ ਤਣਾਅ ਪੈਦਾ ਕਰ ਸਕਦਾ ਹੈ। ਟਰੰਪ ਨੇ ਰੂਸ ਨੂੰ ਯੁੱਧ ਖਤਮ ਕਰਨ ਲਈ 50 ਦਿਨ ਦਿੱਤੇ ਹਨ ਅਤੇ ਉਸਨੇ ਉਨ੍ਹਾਂ ਦੇਸ਼ਾਂ ਲਈ ਉਹੀ ਸਮਾਂ ਸੀਮਾ ਰੱਖੀ ਹੈ ਜੋ ਰੂਸ ਤੋਂ ਤੇਲ ਅਤੇ ਹੋਰ ਸਮਾਨ ਖਰੀਦਦੇ ਹਨ। ਅਮਰੀਕਾ ਨੇ ਧਮਕੀ ਦਿੱਤੀ ਹੈ ਕਿ ਇਸ ਤੋਂ ਬਾਅਦ ਇਨ੍ਹਾਂ ਦੇਸ਼ਾਂ 'ਤੇ 100% ਟੈਰਿਫ ਲਗਾਇਆ ਜਾਵੇਗਾ। ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਵੀ ਇਹੀ ਗੱਲ ਦੁਹਰਾ ਰਹੇ ਹਨ, ਦਰਅਸਲ ਉਨ੍ਹਾਂ ਨੇ ਸਿੱਧੇ ਤੌਰ 'ਤੇ ਭਾਰਤ, ਚੀਨ ਅਤੇ ਬ੍ਰਾਜ਼ੀਲ ਦਾ ਨਾਮ ਲਿਆ ਹੈ ਕਿ ਇਨ੍ਹਾਂ ਦੇਸ਼ਾਂ ਨੂੰ ਸ਼ਾਂਤੀ ਲਈ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲ ਕਰਨੀ ਚਾਹੀਦੀ ਹੈ। ਕੁਝ ਸਮਾਂ ਪਹਿਲਾਂ ਤੱਕ, ਟਰੰਪ ਇਸ ਗੱਲ 'ਤੇ ਅੜੇ ਸਨ ਕਿ ਯੂਕਰੇਨ ਯੁੱਧ ਕਿਸੇ ਵੀ ਕੀਮਤ 'ਤੇ ਬੰਦ ਹੋਣਾ ਚਾਹੀਦਾ ਹੈ। ਪਰ, ਜਦੋਂ ਉਨ੍ਹਾਂ ਦਾ ਦਬਾਅ ਰੂਸ 'ਤੇ ਕੰਮ ਨਹੀਂ ਆਇਆ, ਤਾਂ ਉਨ੍ਹਾਂ ਨੇ ਆਪਣੀ ਰਣਨੀਤੀ ਬਦਲ ਦਿੱਤੀ। ਹੁਣ ਉਹ ਯੂਕਰੇਨ ਨੂੰ ਹਥਿਆਰ ਸਪਲਾਈ ਕਰਨ ਲਈ ਤਿਆਰ ਹੈ ਅਤੇ ਇਹ ਵੀ ਪੁੱਛ ਰਿਹਾ ਹੈ ਕਿ ਕੀ ਤੁਸੀਂ ਰੂਸ 'ਤੇ ਹਮਲਾ ਕਰੋਗੇ? ਅਮਰੀਕਾ ਅਤੇ ਹੋਰ ਪੱਛਮੀ ਦੇਸ਼ ਚਾਹੁੰਦੇ ਹਨ ਕਿ ਬਾਕੀ ਦੁਨੀਆ ਰੂਸ ਨੂੰ ਕਾਬੂ ਕਰਨ ਵਿੱਚ ਉਨ੍ਹਾਂ ਦਾ ਸਮਰਥਨ ਕਰੇ - ਖਾਸ ਕਰਕੇ ਭਾਰਤ ਅਤੇ ਚੀਨ। ਇਹੀ ਉਹੀ ਹੈ ਜੋ ਅਮਰੀਕਾ 2022 ਵਿੱਚ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਜਦੋਂ ਤੋਂ ਯੂਕਰੇਨ ਯੁੱਧ ਸ਼ੁਰੂ ਹੋਇਆ ਸੀ। ਇਸ ਤੋਂ ਪਹਿਲਾਂ ਵੀ, ਉਸਨੇ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਲਈ ਸਵਾਲ ਕੀਤਾ ਸੀ ਅਤੇ ਇਸਨੂੰ ਇੱਥੋਂ ਢੁਕਵਾਂ ਜਵਾਬ ਮਿਲਿਆ ਸੀ ਕਿ ਦੁਨੀਆ ਦੇ ਹਰ ਹਿੱਸੇ ਦੇ ਆਪਣੇ ਹਿੱਤ ਹਨ। ਸਾਲ 2024-25 ਵਿੱਚ, ਭਾਰਤ ਅਤੇ ਰੂਸ ਵਿਚਕਾਰ 68.7 ਬਿਲੀਅਨ ਡਾਲਰ ਦਾ ਵਪਾਰ ਹੋਇਆ ਸੀ। ਇਸ ਵਿੱਚ ਤੇਲ ਸਭ ਤੋਂ ਵੱਧ ਫੋਕਸ ਵਿੱਚ ਸੀ। ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ, ਦੇਸ਼ ਦੀਆਂ ਜ਼ਿਆਦਾਤਰ ਤੇਲ ਜ਼ਰੂਰਤਾਂ ਮੱਧ ਪੂਰਬ ਤੋਂ ਪੂਰੀਆਂ ਹੁੰਦੀਆਂ ਸਨ ਅਤੇ ਉਦੋਂ ਕੱਚਾ ਤੇਲ ਸਿਰਫ ਇੱਕ ਪ੍ਰਤੀਸ਼ਤ ਰੂਸ ਤੋਂ ਆਉਂਦਾ ਸੀ। ਅੱਜ ਇਹ ਹਿੱਸਾ ਇੱਕ ਤਿਹਾਈ ਤੋਂ ਵੱਧ ਹੈ। ਮਈ ਵਿੱਚ ਭਾਰਤ ਹਰ ਰੋਜ਼ ਰੂਸ ਤੋਂ ਲਗਭਗ 20 ਲੱਖ ਬੈਰਲ ਤੇਲ ਆਯਾਤ ਕਰਦਾ ਸੀ। ਇਸ ਵਪਾਰ ਪਿੱਛੇ ਇੱਕ ਸਧਾਰਨ ਤਰਕ ਹੈ ਬੱਚਤ। ਟਰੰਪ, ਜੋ ਹਰ ਰਿਸ਼ਤੇ ਨੂੰ ਲਾਭ ਦੇ ਮਾਮਲੇ ਵਿੱਚ ਤੋਲਦਾ ਹੈ, ਭਾਰਤ-ਰੂਸ ਸਬੰਧਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਉਸਦੇ ਦਬਾਅ ਦੇ ਪਿੱਛੇ ਇੱਕ ਕਾਰਨ ਬ੍ਰਿਕਸ ਵੀ ਹੈ, ਜਿਸਦੀ ਸਰਗਰਮੀ ਉਸਨੂੰ ਪਸੰਦ ਨਹੀਂ ਹੈ। ਭਾਰਤ ਨੂੰ ਇਸ ਮਾਮਲੇ ਵਿੱਚ ਅਮਰੀਕਾ ਦੇ ਸਾਹਮਣੇ ਆਪਣਾ ਦ੍ਰਿਸ਼ਟੀਕੋਣ ਮਜ਼ਬੂਤੀ ਨਾਲ ਰੱਖਣਾ ਚਾਹੀਦਾ ਹੈ, ਜਿਸਨੂੰ ਪਿਛਲੀ ਬਿਡੇਨ ਸਰਕਾਰ ਨੇ ਵੀ ਸਮਝਿਆ ਸੀ।

-ਜਗਜੀਤ ਸਿੰਘ ਦਰਦੀ

# ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



ਵਿੰਕਲਜੀਤ ਸਿੰਘ ਸਰਾ
9501477889

**ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭਿ ਦੁਖਿ ਜਾਇ ॥**

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ (1656-1664), ਸਿੱਖਾਂ ਦੇ ਅੱਠਵੇਂ ਗੁਰੂ, ਸਿੱਖ ਇਤਿਹਾਸ ਵਿੱਚ ਇੱਕ ਵਿਲੱਖਣ ਅਤੇ ਸਤਿਕਾਰਤ ਸਥਾਨ ਰੱਖਦੇ ਹਨ। ਉਹਨਾਂ ਨੂੰ ਬੜੇ ਪਿਆਰ ਅਤੇ ਸ਼ਰਧਾ ਨਾਲ 'ਬਾਲਾ ਪਰੀਤਮ' ਅਤੇ 'ਬਾਲ ਗੁਰੂ' ਕਹਿ ਕੇ ਯਾਦ ਕੀਤਾ ਜਾਂਦਾ ਹੈ, ਕਿਉਂਕਿ ਉਹਨਾਂ ਨੇ ਸਿਰਫ਼ ਪੰਜ ਸਾਲ ਦੀ ਕੋਮਲ (ਛੋਟੀ) ਉਮਰ ਵਿੱਚ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲੀ ਸੀ। ਭਾਵੇਂ ਉਹਨਾਂ ਦਾ ਗੁਰੂ-ਕਾਲ ਵੀ ਬਹੁਤ ਛੋਟਾ ਸੀ, ਪਰ ਉਹਨਾਂ ਦੀ ਬ੍ਰਹਮ-ਗਿਆਨ, ਅਸੀਮ ਦਇਆ ਅਤੇ ਨਿਮਰਤਾ ਨੇ ਸਿੱਖ ਕੌਮ 'ਤੇ ਇੱਕ ਅਮਿੱਟ ਛਾਪ ਛੱਡੀ ਹੈ। ਉਹਨਾਂ ਦਾ ਜੀਵਨ ਇਸ ਗੱਲ ਦਾ ਪ੍ਰਮਾਣ ਹੈ ਕਿ ਰੂਹਾਨੀ ਬੁੱਧੀ ਅਤੇ ਅਧਿਆਤਮਿਕ ਸ਼ਕਤੀ ਉਮਰ ਦੀਆਂ ਸੀਮਾਵਾਂ ਤੋਂ ਪਰੇ ਹੈ।

**ਜਨਮ ਅਤੇ ਪਰਿਵਾਰਕ ਪਿਛੋਕੜ : ਮਾਤਾ-ਪਿਤਾ ਅਤੇ ਵੰਸ਼ ਪਿਤਾ:** ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ (ਸੱਤਵੇਂ ਗੁਰੂ), **ਮਾਤਾ:** ਮਾਤਾ ਕ੍ਰਿਸ਼ਨ ਕੌਰ ਜੀ (ਜਿਨ੍ਹਾਂ ਨੂੰ ਮਾਤਾ ਸੁਲੱਖਣੀ ਜੀ ਵੀ ਕਿਹਾ ਜਾਂਦਾ ਹੈ), **ਜਨਮ ਸਥਾਨ:** ਕੀਰਤਪੁਰ ਸਾਹਿਬ, ਪੰਜਾਬ।

**ਜਨਮ ਮਿਤੀ:** 7 ਜੁਲਾਈ, 1656 (ਸਾਵਣ ਵਦੀ 9, 1713 ਬਿਕ੍ਰਮੀ), ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ ਸੋਢੀ ਖੱਤਰੀ ਵੰਸ਼ ਵਿੱਚ ਹੋਇਆ। ਉਹਨਾਂ ਦੇ ਦਾਦਾ ਜੀ ਬਾਬਾ ਗੁਰਦਿੱਤਾ ਜੀ ਅਤੇ ਪੜਦਾਦਾ ਛੇਵੇਂ ਪਾਤਸ਼ਾਹ, ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਨ, ਜਿਨ੍ਹਾਂ ਨੇ 'ਮੀਰੀ-ਪੀਰੀ' ਦੇ ਸਿਧਾਂਤ ਦੀ ਸਥਾਪਨਾ ਕੀਤੀ ਸੀ। ਇਸ ਤਰ੍ਹਾਂ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਵਿਰਾਸਤ ਵਿੱਚ ਹੀ ਅਧਿਆਤਮਿਕਤਾ ਅਤੇ ਬਹਾਦਰੀ ਦੇ ਗੁਣ ਪ੍ਰਾਪਤ ਹੋਏ ਸਨ।

**ਭਰਾ-ਬੰਧੂ : ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦੋ ਪੁੱਤਰ ਸਨ :** ਬਾਬਾ ਰਾਮ ਰਾਇ ਜੀ: ਵੱਡੇ ਪੁੱਤਰ, ਜੋ ਆਪਣੀ ਯੋਗਤਾ ਅਤੇ ਸਿੱਖੀ ਸਿਧਾਂਤਾਂ ਪ੍ਰਤੀ ਵਫ਼ਾਦਾਰੀ ਦੀ ਪ੍ਰੀਖਿਆ ਵਿੱਚ ਅਸਫਲ ਰਹੇ। ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ: ਛੋਟੇ ਪੁੱਤਰ, ਜਿਨ੍ਹਾਂ ਨੂੰ ਉਹਨਾਂ ਦੀ ਬਾਲ ਅਵਸਥਾ ਵਿੱਚ ਹੀ ਬ੍ਰਹਮ-ਗਿਆਨ ਅਤੇ ਪਰਿਪੱਕਤਾ ਕਾਰਨ ਗੁਰਗੱਦੀ ਦੇ ਯੋਗ ਸਮਝਿਆ ਗਿਆ।

**ਗੁਰਗੱਦੀ: ਇੱਕ ਬਾਲਕ (ਛੋਟੀ ਉਮਰੇ) 'ਚ ਗੁਰੂ ਬਣਨਾ :** ਸੰਨ 1661 ਵਿੱਚ, ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਇੱਕ ਅਹਿਮ ਫੈਸਲਾ ਲਿਆ। ਉਹਨਾਂ ਨੇ ਆਪਣੇ ਵੱਡੇ ਪੁੱਤਰ ਰਾਮ ਰਾਇ ਦੀ ਬਜਾਏ, ਆਪਣੇ ਪੰਜ ਸਾਲਾ ਛੋਟੇ ਪੁੱਤਰ ਹਰਿ ਕ੍ਰਿਸ਼ਨ ਜੀ ਨੂੰ ਅੱਠਵਾਂ ਗੁਰੂ ਥਾਪਿਆ।

**ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਕਿਉਂ ਚੁਣਿਆ ਗਿਆ?** ਇਸ ਚੋਣ ਪਿੱਛੇ ਇੱਕ ਮਹੱਤਵਪੂਰਨ ਘਟਨਾ ਸੀ। ਮੁਗਲ ਬਾਦਸ਼ਾਹ ਔਰੰਗਜ਼ੇਬ, ਜੋ ਕਿ ਇੱਕ ਕੱਟੜ ਸ਼ਾਸਕ ਸੀ, ਨੇ ਗੁਰੂ ਹਰਿ ਰਾਇ ਜੀ ਨੂੰ ਦਿੱਲੀ ਬੁਲਾਇਆ। ਗੁਰੂ ਸਾਹਿਬ ਨੇ ਖੁਦ ਜਾਣ ਦੀ ਬਜਾਏ ਆਪਣੇ ਵੱਡੇ ਪੁੱਤਰ ਰਾਮ ਰਾਇ ਨੂੰ ਭੇਜ ਦਿੱਤਾ। ਔਰੰਗਜ਼ੇਬ ਦੇ ਦਰਬਾਰ ਵਿੱਚ, ਰਾਮ ਰਾਇ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੀ ਇੱਕ ਤੁਕ 'ਤੇ ਸਵਾਲ ਕੀਤਾ ਗਿਆ:

**'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥'**

ਇਸ ਤੁਕ ਦਾ ਅਰਥ ਹੈ ਕਿ ਮੁਸਲਮਾਨ ਦੀ ਕਬਰ ਦੀ ਮਿੱਟੀ ਵੀ ਘੁਮਿਆਰ ਦੇ ਚੱਕ 'ਤੇ ਚੜ੍ਹ ਜਾਂਦੀ ਹੈ, ਭਾਵ ਸਰੀਰ ਨਾਸ਼ਵਾਨ ਹੈ। ਔਰੰਗਜ਼ੇਬ ਨੂੰ ਖੁਸ਼ ਕਰਨ ਅਤੇ ਉਸਦੇ ਗੁੱਸੇ ਤੋਂ ਬਚਣ ਲਈ, ਰਾਮ ਰਾਇ ਨੇ ਡਰ ਕੇ ਬਾਣੀ ਨੂੰ ਬਦਲ ਦਿੱਤਾ ਅਤੇ ਕਹਿ ਦਿੱਤਾ ਕਿ ਅਸਲ ਸ਼ਬਦ **'ਮਿਟੀ ਬੇਈਮਾਨ ਕੀ' ਹੈ, 'ਮੁਸਲਮਾਨ ਕੀ' ਨਹੀਂ ਹੈ।**

ਜਦੋਂ ਗੁਰੂ ਹਰਿ ਰਾਇ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ, ਤਾਂ ਉਹਨਾਂ ਨੂੰ ਬਹੁਤ ਦੁੱਖ ਹੋਇਆ। ਉਹਨਾਂ ਨੇ ਕਿਹਾ ਕਿ ਜਿਸਨੇ ਗੁਰੂ ਨਾਨਕ ਦੇ ਘਰ ਦੀ ਬਾਣੀ ਦਾ ਅਪਮਾਨ ਕੀਤਾ ਹੈ, ਉਹ ਗੁਰਗੱਦੀ ਦੇ ਯੋਗ ਨਹੀਂ ਹੋ ਸਕਦਾ। ਉਹਨਾਂ ਨੇ ਰਾਮ ਰਾਇ ਨੂੰ ਤੁਰੰਤ ਤਿਆਗ ਦਿੱਤਾ ਅਤੇ ਹੁਕਮ ਦਿੱਤਾ ਕਿ ਕੋਈ ਵੀ ਸਿੱਖ ਉਸ ਨਾਲ ਮੇਲ-ਜੋਲ ਨਾ ਰੱਖੇ। ਇਸਦੇ ਉਲਟ, ਬਾਲਕ ਹਰਿ ਕ੍ਰਿਸ਼ਨ ਜੀ ਨੇ ਬਚਪਨ ਤੋਂ ਹੀ ਨਿਮਰਤਾ, ਅਧਿਆਤਮਿਕ ਸੂਝ ਅਤੇ ਸਿਧਾਂਤਾਂ ਪ੍ਰਤੀ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ ਸੀ। ਇਸ ਲਈ, ਗੁਰੂ ਹਰਿ ਰਾਇ ਜੀ ਨੇ ਉਹਨਾਂ ਨੂੰ ਗੁਰਗੱਦੀ ਸੌਂਪੀ।

**ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਅਤੇ ਚਮਤਕਾਰ :- ਪੰਡਤ ਦਾ ਹੰਕਾਰ ਤੋੜਨਾ:** ਪੰਜੋਖਰਾ ਸਾਹਿਬ ਦਾ ਪ੍ਰਸੰਗ : ਜਦੋਂ ਗੁਰੂ ਸਾਹਿਬ ਕੀਰਤਪੁਰ ਤੋਂ ਦਿੱਲੀ ਵੱਲ ਯਾਤਰਾ ਕਰ ਰਹੇ ਸਨ, ਤਾਂ ਉਹ ਅੰਬਾਲਾ ਦੇ ਨੇੜੇ ਪਿੰਡ ਪੰਜੋਖਰਾ ਵਿਖੇ ਰੁਕੇ। ਇੱਥੇ ਇੱਕ ਸਥਾਨਕ ਪੰਡਿਤ, ਲਾਲ ਚੰਦ, ਨੂੰ ਇਸ ਗੱਲ ਦਾ ਬਹੁਤ ਹੰਕਾਰ ਸੀ ਕਿ ਉਹ ਸੰਸਕ੍ਰਿਤ ਅਤੇ ਧਾਰਮਿਕ ਗ੍ਰੰਥਾਂ ਦਾ ਮਹਾਨ ਗਿਆਤਾ ਹੈ। ਉਸਨੇ ਗੁਰੂ ਜੀ ਦੀ ਬਾਲ ਉਮਰ 'ਤੇ ਸ਼ੱਕ ਕਰਦਿਆਂ ਵਿਅੰਗ ਕੀਤਾ ਕਿ ਇੰਨਾ ਛੋਟਾ ਬਾਲਕ 'ਹਰਿ ਕ੍ਰਿਸ਼ਨ' ਆਪਣਾ ਨਾਮ ਕਿਵੇਂ ਸਾਰਥਕ ਕਰ ਸਕਦਾ ਹੈ ਅਤੇ ਗੀਤਾ ਦੇ ਅਰਥ ਕਿਵੇਂ ਦੱਸ ਸਕਦਾ ਹੈ।

ਗੁਰੂ ਸਾਹਿਬ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਗੁਰੂ ਦੀ ਕ੍ਰਿਪਾ ਨਾਲ ਕੋਈ ਵੀ ਗਿਆਨ ਹਾਸਲ ਕਰ ਸਕਦਾ ਹੈ। ਉਹਨਾਂ ਨੇ ਪੰਡਤ ਨੂੰ ਪਿੰਡ ਵਿੱਚੋਂ ਕਿਸੇ ਵੀ ਵਿਅਕਤੀ ਨੂੰ ਲਿਆਉਣ ਲਈ ਕਿਹਾ ਤਾਂ ਜੋ ਉਹ ਗੀਤਾ ਦੇ ਅਰਥ ਕਰ ਸਕੇ। ਪੰਡਤ ਨੇ ਜਾਣਬੁੱਝ ਕੇ ਪਿੰਡ ਦੇ ਸਭ ਤੋਂ ਅਨਪੜ੍ਹ ਅਤੇ ਗੂੰਗੇ-ਬੋਲੇ ਝੀਵਰ (ਪਾਣੀ ਢੋਣ ਵਾਲੇ) ਛੱਜੂ ਰਾਮ ਨੂੰ ਚੁਣਿਆ। ਗੁਰੂ ਸਾਹਿਬ ਨੇ ਛੱਜੂ ਰਾਮ ਦੇ ਸਿਰ 'ਤੇ ਆਪਣੀ ਛੜੀ (ਸੋਟੀ) ਰੱਖੀ ਅਤੇ ਉਸਨੂੰ ਅਸ਼ੀਰਵਾਦ ਦਿੱਤਾ। ਸਭ ਦੇ ਹੈਰਾਨੀ ਦੇ ਵਿਚਕਾਰ, ਛੱਜੂ ਰਾਮ ਨੇ ਨਾ ਸਿਰਫ਼ ਬੋਲਣਾ ਸ਼ੁਰੂ ਕਰ ਦਿੱਤਾ, ਬਲਕਿ ਉਸਨੇ ਗੀਤਾ ਦੇ ਸਲੋਕਾਂ ਦੀ ਇੰਨੀ ਡੂੰਘੀ ਅਤੇ ਸਪੱਸ਼ਟ ਵਿਆਖਿਆ ਕੀਤੀ ਕਿ ਪੰਡਤ ਲਾਲ ਚੰਦ ਸੁਣ ਕੇ ਦੰਗ ਰਹਿ ਗਿਆ। ਉਸਦਾ ਹੰਕਾਰ ਟੁੱਟ ਗਿਆ ਅਤੇ ਉਹ ਗੁਰੂ ਜੀ ਦੇ ਚਰਨਾਂ ਵਿੱਚ ਡਿੱਗ ਪਿਆ ਅਤੇ ਉਹਨਾਂ ਦਾ ਸਿੱਖ ਬਣ ਗਿਆ। ਅੱਜ ਇਸ ਸਥਾਨ 'ਤੇ ਗੁਰਦੁਆਰਾ ਪੰਜੋਖਰਾ ਸਾਹਿਬ ਸੁਸ਼ੋਭਿਤ ਹੈ।



**ਦਿੱਲੀ ਵਿੱਚ ਮਹਾਮਾਰੀ ਅਤੇ ਮਨੁੱਖਤਾ ਦੀ ਸੇਵਾ :** ਰਾਜਾ ਜੈ ਸਿੰਘ ਦੇ ਸੱਦੇ 'ਤੇ ਗੁਰੂ ਸਾਹਿਬ ਦਿੱਲੀ ਪਹੁੰਚੇ। ਉਸ ਸਮੇਂ ਦਿੱਲੀ ਵਿੱਚ ਚੇਚਕ (smallpox) ਅਤੇ ਹੈਜ਼ੇ ਦੀ ਭਿਆਨਕ ਮਹਾਂਮਾਰੀ ਫੈਲੀ ਹੋਈ ਸੀ। ਹਰ ਪਾਸੇ ਦੁੱਖ ਅਤੇ ਮੌਤ ਦਾ ਮਾਹੌਲ ਸੀ। ਗੁਰੂ ਸਾਹਿਬ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਠਹਿਰੇ, ਜਿੱਥੇ ਅੱਜ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਹੈ।

ਆਪਣੀ ਛੋਟੀ ਉਮਰ ਦੇ ਬਾਵਜੂਦ, ਗੁਰੂ ਜੀ ਨੇ ਬਿਨਾਂ ਕਿਸੇ ਜਾਤ-ਪਾਤ ਜਾਂ ਧਰਮ ਦੇ ਭੇਦਭਾਵ ਦੇ, ਬਿਮਾਰਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਨੇ ਆਪਣੇ ਹੱਥਾਂ ਨਾਲ ਰੋਗੀਆਂ ਨੂੰ ਪਾਣੀ ਅਤੇ ਦਵਾਈਆਂ ਦਿੱਤੀਆਂ। ਕਿਹਾ ਜਾਂਦਾ ਹੈ ਕਿ ਉਹਨਾਂ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਬੰਗਲੇ ਦੇ ਸਰੋਵਰ ਦਾ ਪਾਣੀ ਅੰਮ੍ਰਿਤ ਬਣ ਗਿਆ ਅਤੇ ਜਿਸਨੇ ਵੀ ਸ਼ਰਧਾ ਨਾਲ ਇਹ ਜਲ ਛਕਿਆ, ਉਸਦੇ ਰੋਗ ਦੂਰ ਹੋ ਗਏ। ਉਹਨਾਂ ਦੀ ਨਿਰਸਵਾਰਥ ਸੇਵਾ ਅਤੇ ਦਇਆ ਦੇਖ ਕੇ ਮੁਸਲਮਾਨਾਂ ਨੇ ਉਹਨਾਂ ਨੂੰ 'ਬਾਲਾ ਪਰੀਤਮ' (ਬਾਲ ਪੈਗੰਬਰ) ਕਹਿਣਾ ਸ਼ੁਰੂ ਕਰ ਦਿੱਤਾ।

**ਔਰੰਗਜ਼ੇਬ ਨੂੰ ਮਿਲਣ ਤੋਂ ਇਨਕਾਰ :** ਰਾਮ ਰਾਇ ਨੇ ਔਰੰਗਜ਼ੇਬ ਕੋਲ ਸ਼ਿਕਾਇਤ ਕੀਤੀ ਸੀ ਕਿ ਗੁਰਗੱਦੀ ਉਸਦਾ ਹੱਕ ਹੈ। ਔਰੰਗਜ਼ੇਬ ਗੁਰੂ ਜੀ ਦੀਆਂ ਅਲੌਕਿਕ ਸ਼ਕਤੀਆਂ ਦੀ ਪਰਖ ਕਰਨਾ ਚਾਹੁੰਦਾ ਸੀ ਅਤੇ ਇਸ ਮਸਲੇ ਦਾ ਫੈਸਲਾ ਕਰਨਾ ਚਾਹੁੰਦਾ ਸੀ। ਉਸਨੇ ਗੁਰੂ ਸਾਹਿਬ ਨੂੰ ਆਪਣੇ ਦਰਬਾਰ ਵਿੱਚ ਬੁਲਾਇਆ। ਪਰ ਗੁਰੂ ਸਾਹਿਬ ਨੇ ਇਹ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ ਕਿ ਉਹਨਾਂ ਦੇ ਪਿਤਾ ਦਾ ਹੁਕਮ ਸੀ ਕਿ ਉਹ ਕਦੇ ਵੀ ਔਰੰਗਜ਼ੇਬ ਦੇ ਮੱਥੇ ਨਾ ਲੱਗਣ। ਇਹ ਗੁਰੂ ਘਰ ਦੀ ਉਸ ਪ੍ਰਭੂਸੱਤਾ ਦਾ ਪ੍ਰਤੀਕ ਸੀ ਜੋ ਕਿਸੇ ਦੁਨਿਆਵੀ ਸ਼ਾਸਕ ਅੱਗੇ ਨਹੀਂ ਝੁਕਦੀ।

**ਜੋਤੀ-ਜੋਤ ਸਮਾਉਣਾ :** ਦਿਨ-ਰਾਤ ਬਿਮਾਰਾਂ ਦੀ ਸੇਵਾ ਕਰਦਿਆਂ, ਗੁਰੂ ਸਾਹਿਬ ਨੇ ਸਾਰੇ ਦੁਖੀਆਂ ਦਾ ਦਰਦ ਆਪਣੇ ਸਰੀਰ 'ਤੇ ਲੈ ਲਿਆ ਅਤੇ ਉਹ ਖੁਦ ਚੇਚਕ ਦੇ ਸ਼ਿਕਾਰ ਹੋ ਗਏ। ਜਦੋਂ ਉਹਨਾਂ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ, ਤਾਂ ਸਿੱਖ ਸੰਗਤ ਨੇ ਉਹਨਾਂ ਨੂੰ ਆਪਣੇ ਉੱਤਰਾਧਿਕਾਰੀ ਬਾਰੇ ਪੁੱਛਿਆ।

**ਆਪਣੇ ਅੰਤਿਮ ਸਮੇਂ, ਗੁਰੂ ਜੀ ਨੇ ਸਿਰਫ ਇੰਨਾ ਹੀ ਕਿਹਾ: 'ਬਾਬਾ ਬਕਾਲੇ'**

ਇਸਦਾ ਭਾਵ ਸੀ ਕਿ ਅਗਲੇ ਗੁਰੂ ਰਿਸ਼ਤੇ ਵਿਚ ਉਹਨਾਂ ਦੇ ਬਾਬੇ ਲੱਗਦੇ ਹਨ ਅਤੇ ਪਿੰਡ ਬਕਾਲਾ (ਪੰਜਾਬ) ਵਿੱਚ ਰਹਿੰਦੇ ਹਨ। ਇਹ ਸਪੱਸ਼ਟ ਇਸ਼ਾਰਾ ਉਹਨਾਂ ਦੇ **ਦਾਦਾ ਜੀ (ਸ੍ਰੀ ਗੁਰੂ ਤੇਗ ਬਹਾਦਰ ਜੀ)** ਵੱਲ ਸੀ, ਜੋ ਉਸ ਸਮੇਂ ਬਕਾਲਾ ਵਿੱਚ ਭਗਤੀ ਵਿੱਚ ਲੀਨ ਸਨ।

30 ਮਾਰਚ, 1664 (ਚੇਤ ਸੁਦੀ 14, 1721 ਬਿਕ੍ਰਮੀ) ਨੂੰ, ਸਿਰਫ਼ ਅੱਠ ਸਾਲ ਦੀ ਉਮਰ ਵਿੱਚ, ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਿੱਲੀ ਵਿਖੇ ਜੋਤੀ-ਜੋਤ ਸਮਾ ਗਏ। ਉਹਨਾਂ ਦਾ ਸਸਕਾਰ ਯਮੁਨਾ ਨਦੀ ਦੇ ਕੰਢੇ ਕੀਤਾ ਗਿਆ, ਜਿੱਥੇ ਅੱਜ ਗੁਰਦੁਆਰਾ ਬਾਲਾ ਸਾਹਿਬ ਸਥਿਤ ਹੈ।

**ਵਿਰਾਸਤ ਅਤੇ ਸਿੱਖਿਆਵਾਂ :** ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਜੀਵਨ ਛੋਟਾ ਹੋ ਸਕਦਾ ਹੈ, ਪਰ ਉਹਨਾਂ ਦੀਆਂ ਸਿੱਖਿਆਵਾਂ ਸਦੀਵੀ ਹਨ।

**ਨਿਰਸਵਾਰਥ ਸੇਵਾ:** ਉਹਨਾਂ ਨੇ ਸਿਖਾਇਆ ਕਿ ਦੁਖੀਆਂ ਅਤੇ ਲੋੜਵੰਦਾਂ ਦੀ ਸੇਵਾ ਹੀ ਸਭ ਤੋਂ ਵੱਡੀ ਪੂਜਾ ਹੈ। **ਨਿਮਰਤਾ ਅਤੇ ਗਿਆਨ:** ਉਹਨਾਂ ਨੇ ਸਾਬਤ ਕੀਤਾ ਕਿ ਸੱਚਾ ਗਿਆਨ ਅਤੇ ਅਧਿਆਤਮਿਕਤਾ ਹੰਕਾਰ ਵਿੱਚ ਨਹੀਂ, ਸਗੋਂ ਨਿਮਰਤਾ ਵਿੱਚ ਹੈ। **ਉਮਰ ਤੋਂ ਪਰੇ ਗਿਆਨ:** ਉਹਨਾਂ ਦਾ ਜੀਵਨ ਦਰਸਾਉਂਦਾ ਹੈ ਕਿ ਆਤਮਿਕ ਸ਼ਕਤੀ ਸਰੀਰਕ ਉਮਰ ਦੀ ਮੁਹਤਾਜ ਨਹੀਂ ਹੁੰਦੀ। **ਸਿਧਾਂਤਾਂ 'ਤੇ ਦ੍ਰਿੜਤਾ:** ਔਰੰਗਜ਼ੇਬ ਵਰਗੇ ਸ਼ਕਤੀਸ਼ਾਲੀ ਬਾਦਸ਼ਾਹ ਅੱਗੇ ਨਾ ਝੁਕ ਕੇ, ਉਹਨਾਂ ਨੇ ਸਿੱਖ ਧਰਮ ਦੀ ਪ੍ਰਭੂਸੱਤਾ ਨੂੰ ਕਾਇਮ ਰੱਖਿਆ।

ਅੱਜ ਵੀ ਲੱਖਾਂ ਸ਼ਰਧਾਲੂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ ਅਤੇ **'ਬਾਲਾ ਪ੍ਰੀਤਮ'** ਦਾ ਅਸ਼ੀਰਵਾਦ ਪ੍ਰਾਪਤ ਕਰਦੇ ਹਨ। ਸਿੱਖ ਉਹਨਾਂ ਅੱਗੇ ਅਰਦਾਸ ਵਿੱਚ ਇਹ ਬੇਨਤੀ ਕਰਦੇ ਹਨ:

**'ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭਿ ਦੁਖਿ ਜਾਇ ॥' (ਭਾਵ: ਬਾਲ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਧਿਆਨ ਧਰੋ (ਸਿਮਰਨ ਕਰੋ), ਜਿਨ੍ਹਾਂ ਦੇ ਦਰਸ਼ਨਾਂ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ।)**

# ਪੰਜਾਬ ਕਾਂਗਰਸ ਦੀ ਲੰਕਾ ਹੋਈ ਢਹਿ-ਢੇਰੀ



ਕਮਲਜੀਤ ਸਿੰਘ ਬਨਵੈਤ
98147 34035

- ☛ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀ ਲੁਕੇ ਨਹੀਂ ਰਹੇ ਪਰ ਸਿਆਸੀ ਪਾਰਟੀਆਂ ਵੋਟਾਂ ਦੀ ਖਾਤਰ ਚੁੱਪ
- ☛ ਸਾਬਕਾ ਮੰਤਰੀ ਅਤੇ ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਪ੍ਰਗਟ ਸਿੰਘ ਨੇ ਵਿਧਾਨ ਸਭਾ ਵਿੱਚ ਭੰਨਿਆ ਸੀ ਕਾਂਗਰਸ ਪਾਰਟੀ ਦਾ ਭਾਂਡਾ
- ☛ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਲੋਕ ਸਭਾ ਦੇ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਪਾਰਟੀ ਨੂੰ ਕਰ ਦਿੱਤਾ ਹੋਰ ਵੀ ਨੰਗਾ
- ☛ ਸਾਬਕਾ ਆਈ ਜੀ ਅਤੇ ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਵੀ ਰਗੜਿਆ
- ☛ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਬਣੀਆਂ ਸਿੱਟਾਂ ਬਣਾ ਕੇ ਲੋਕਾਂ ਦੇ ਅੱਖੀਂ ਘੱਟਾ ਪਾ ਰਹੀਆਂ ਨੇ

ਬੜੀ ਵਾਰ ਦਿਲ ਨੂੰ ਧੁਰ ਅੰਦਰੋਂ ਚੀਸ ਜਿਹੀ ਪੈਂਦੀ ਹੈ ਕਿ ਸਾਡੇ ਸਿਆਸਤਦਾਨ 10 ਸਾਲਾਂ ਤੋਂ ਰਾਜਨੀਤੀ ਕਰਦੇ ਆ ਰਹੇ ਹਨ ਉਹ ਵੀ ਪਵਿੱਤਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ 'ਤੇ। ਸਾਰੀਆਂ ਸਿਆਸੀ ਪਾਰਟੀਆਂ ਦੀ ਟੇਕ ਸੱਤਾ ਵਾਲੀ ਕੁਰਸੀ ਵੱਲ ਹੈ। ਇੱਕ ਦੂਜੇ ਨੂੰ ਸਾਰੇ ਬੁਰੀ ਤਰ੍ਹਾਂ ਭੰਡ ਰਹੇ ਹਨ ਪਰ ਸੱਚ ਕਹਿਣ ਦਾ ਕਿਸੇ ਵਿੱਚ ਵੀ ਦਮ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੁੱਦੇ 'ਤੇ ਪੰਜਾਬ ਅੰਦਰ ਸਰਕਾਰਾਂ ਬਣੀਆਂ ਵੀ ਹਨ ਅਤੇ ਗਈਆਂ ਵੀ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬੇਅਦਬੀ ਦੇ ਮੁੱਦੇ ਉੱਤੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਇੱਕ ਵਾਰ ਫਿਰ ਸਿਆਸੀ ਰੋਟੀਆਂ ਸੇਕੀਆਂ ਹਨ। ਸਰਕਾਰ ਆਪਣੀ ਖੇਡ ਵਿੱਚ ਸਫਲ ਹੋਈ ਹੈ ਜਾਂ ਨਹੀਂ ਇਹ ਵੱਖਰੀ ਗੱਲ ਹੈ। ਲੱਗਦਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਮੁੱਦਾ ਭਾਰੂ ਰਹੇਗਾ।

ਵਿਧਾਨ ਸਭਾ ਸੈਸ਼ਨ ਦੇ ਆਖ਼ਰੀ ਦਿਨ ਬੇਅਦਬੀ ਬਿਲ ਦੇ ਖਰੜੇ ਨੂੰ ਅੰਤਿਮ ਰੂਪ ਦਿੱਤਾ ਜਾਣਾ ਸੀ। ਇਸ ਉੱਤੇ ਸਤਾਧਾਰੀ ਅਤੇ ਵਿਰੋਧੀਆਂ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਸੱਦਾ ਦਿੱਤਾ ਗਿਆ ਸੀ ਪਰ ਗੰਭੀਰਤਾ ਨਾਲ ਲੈਣ ਦੀ ਥਾਂ ਗੱਲ ਤੂੰ ਤੂੰ ਮੈਂ ਮੈਂ ਉੱਤੇ ਆ ਕੇ ਮੁੱਕ ਜਾਂਦੀ ਰਹੀ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੀ ਪਿੱਠ ਥਾਪੜੀ। ਹੈਰਾਨੀ ਦੀ ਗੱਲ ਇਹ ਕਿ ਸੈਸ਼ਨ ਵਿੱਚ ਕਈ ਘੰਟੇ ਬਹਿਸ ਹੋਣ ਤੋਂ ਬਾਅਦ ਬਿੱਲ ਉੱਤੇ ਸਹਿਮਤੀ ਨਹੀਂ ਬਣ ਸਕੀ ਅਤੇ ਇਸ ਨੂੰ ਸਿਲੈਕਟ ਕਮੇਟੀ ਦੇ ਕੋਲ ਭੇਜ ਦਿੱਤਾ ਗਿਆ ਹੈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਅਨੁਸਾਰ ਸਿਲੈਕਟ ਕਮੇਟੀ ਆਪਣੀ ਰਿਪੋਰਟ ਛੇ ਮਹੀਨਿਆਂ ਦੇ ਅੰਦਰ ਅੰਦਰ ਦੇਵੇਗੀ। ਡਰ ਤਾਂ ਇਹ ਹੈ ਕਿ ਸਿਲੈਕਟ ਕਮੇਟੀ ਦਾ ਹਸ਼ਰ ਵੀ ਉਹ ਨਾ ਹੋਵੇ ਜਿਹੜਾ ਪਹਿਲਾਂ ਸਪੈਸ਼ਲ ਜਾਂਚ ਕਮੇਟੀਆਂ ਦਾ ਹੁੰਦਾ ਰਿਹਾ ਹੈ। ਉਹ ਇਹ ਵੀ ਹੋ ਸਕਦਾ ਹੈ ਕਿ ਆਮ ਆਦਮੀ ਪਾਰਟੀ ਇਸ ਮੁੱਦੇ ਨੂੰ 227 ਤੱਕ ਅੱਗੇ ਖਿੱਚਦੀ ਰਹੇ।

ਸੈਸ਼ਨ ਦੌਰਾਨ ਸਾਬਕਾ ਮੰਤਰੀ ਅਤੇ ਭਾਰਤੀ ਹਾਕੀ ਟੀਮ ਦੇ ਕਪਤਾਨ ਪ੍ਰਗਟ ਸਿੰਘ ਨੇ ਆਪਣੀ ਕਾਂਗਰਸ ਪਾਰਟੀ ਉੱਤੇ ਜਿਹੜਾ ਦੋਸ਼ ਲਾਇਆ ਹੈ ਉਸ ਤੋਂ ਬਾਅਦ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਨੇ ਤਾਂ ਇੱਕ ਇੰਟਰਵਿਊ ਦੌਰਾਨ ਕਾਂਗਰਸ ਦੀ ਲੰਕਾ ਹੀ ਢਹਿ ਢੇਰੀ ਕਰ ਦਿੱਤੀ ਹੈ। ਪਰਗਟ ਸਿੰਘ ਨੇ ਸੈਸ਼ਨ ਦੌਰਾਨ ਕਹਿ ਦਿੱਤਾ ਸੀ ਕਿ ਬੇਅਦਬੀ ਦੇ ਮੁੱਦੇ ਉੱਤੇ ਸਜ਼ਾਵਾਂ ਦੇਣ ਨੂੰ ਲੈ ਕੇ ਕਾਂਗਰਸ ਸਰਕਾਰ ਦੋ ਧਿਰਾਂ ਵਿੱਚ ਵੰਡੀ ਹੋਈ ਸੀ। ਉਸ ਵੇਲੇ ਉਹਨਾਂ ਦੀ ਇਸ ਗੱਲ ਨੂੰ ਕਿਸੇ ਨੇ ਗੰਭੀਰਤਾ ਨਾਲ ਨਾ ਲਿਆ ਅਤੇ ਉਹ ਵੀ ਇਸ ਤੋਂ ਅੱਗੇ ਆਪਣੀ ਗੱਲ ਅੰਦਰੋਂ ਅੰਦਰੀਂ ਪੀ ਗਏ। ਹੁਣ ਸੁਖਜਿੰਦਰ ਸਿੰਘ ਰੰਧਾਵਾ ਨੇ ਮੀਡੀਆ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਸਾਫ ਕਹਿ ਦਿੱਤਾ ਹੈ ਕਾਂਗਰਸ ਸਰਕਾਰ ਵਿਸ਼ੇਸ਼ ਕਰਕੇ ਉਸ ਵੇਲੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੋਸ਼ੀਆਂ ਖਿਲਾਫ ਕਾਰਵਾਈ ਨਹੀਂ ਸੀ ਕਰਨਾ ਚਾਹੁੰਦੇ। ਉਹਨਾਂ ਨੇ ਕਿਹਾ ਕਿ ਕਾਂਗਰਸ ਸਰਕਾਰ ਦੀ ਨਲਾਇਕੀ ਸੀ ਕਿ ਕੇਸ ਠੀਕ ਤਰ੍ਹਾਂ ਪੇਸ਼ ਨਹੀਂ ਕੀਤਾ ਗਿਆ। ਉਹ ਇਹ ਵੀ ਕਹਿੰਦੇ ਹਨ ਕਿ ਉਹਨਾਂ ਨੇ ਦਾਅਵਾ ਕੀਤਾ ਕਿ ਬੇਅਦਬੀਆਂ ਦੇ ਮੁੱਦੇ ਉੱਤੇ ਕੋਈ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਉਹ ਕੈਪਟਨ ਅਮਰਿੰਦਰ ਸਿੰਘ ਨਾਲ ਅਕਸਰ ਭਿੜਦੇ ਰਹੇ ਹਨ। ਇੱਥੋਂ ਤੱਕ ਕਿ ਉਹਨਾਂ ਨੇ ਇੱਕ ਵਾਰ ਮੁੱਖ ਮੰਤਰੀ ਨੂੰ ਅਸਤੀਫ਼ਾ ਵੀ ਦੇ ਦਿੱਤਾ ਸੀ ਪਰ ਉਹਨਾਂ ਦੀ ਹਮਾਇਤ ਵਿੱਚ ਕੋਈ ਵੀ ਮੰਤਰੀ ਮੈਦਾਨ ਵਿੱਚ ਨਾ ਨਿਤਰਿਆ। ਉਸ ਵੇਲੇ ਦੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਅਸਤੀਫ਼ਾ ਦੇ ਦਿੱਤਾ ਸੀ ਪਰ ਬਾਅਦ ਵਿੱਚ ਦੋਹਾਂ ਇਕ ਦਰਮਿਆਨ ਸਮਝੌਤਾ ਹੋ ਗਿਆ ਸੀ। ਉਹਨਾਂ ਨੇ ਇਹ ਵੀ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਬਾਦਲਾਂ ਨਾਲ ਇੱਕ ਸਮਝੌਤੇ ਤਹਿਤ ਹੀ ਉਹਨਾਂ ਦੇ ਖ਼ਿਲਾਫ਼ ਚਲਦੇ ਭਰਿਸ਼ਟਾਚਾਰ ਦੇ ਕੇਸ ਦਬਾਅ ਦਿੱਤੇ ਸਨ।

ਸੁਖਜਿੰਦਰ ਸਿੰਘ ਰੰਧਾਵਾ ਨੇ ਇੱਕ ਹੋਰ ਅਹਿਮ ਗੱਲ ਕਹੀ ਕਿ ਵਿਸ਼ੇਸ਼ ਜਾਂਚ ਕਮੇਟੀਆਂ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਬਣਦੀਆਂ ਰਹੀਆਂ। ਬੇਅਦਬੀਆਂ ਨੂੰ ਲੈ ਕੇ ਹਾਲੇ ਤੱਕ ਰਾਜਨੀਤੀ ਹੋਈ ਹੈ, ਕੋਈ ਵੀ ਸਰਕਾਰ ਇਸ ਨੂੰ ਕੰਢੇ ਲਾਉਣ ਵਾਸਤੇ ਤਿਆਰ ਨਹੀਂ ਸੀ। ਉਹਨਾਂ ਨੇ ਕਿਸੇ ਹੱਦ ਤੱਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਨਿਭਾਏ ਰੋਲ ਦੀ ਸ਼ਲਾਘਾ ਕਰਦਿਆਂ ਬਾਅਦ ਵਿੱਚ ਸਿਆਸਤ ਖ਼ਾਤਰ ਪੈਰ ਪਿੱਛੇ ਖਿੱਚ ਲੈਣ ਦੀ ਗੱਲ ਵੀ ਕਹੀ। ਉਹਨਾਂ ਨੇ ਦਾਅਵਾ ਕੀਤਾ ਕਿ ਉਹ ਬੇਅਦਬੀਆਂ ਦੇ ਮੁੱਦੇ ਨੂੰ ਲੈ ਕੇ ਕੇਵਲ ਮੁੱਖ ਮੰਤਰੀ ਨਾਲ ਹੀ ਨਹੀਂ ਸਗੋਂ ਉਸ ਵੇਲੇ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਅਤੇ ਡੀਜੀਪੀ ਦਿਨਕਰ ਗੁਪਤਾ ਨਾਲ ਵੀ ਭਿੜਦੇ ਰਹੇ ਹਨ। ਸੁਖਜਿੰਦਰ ਸਿੰਘ ਰੰਧਾਵਾ ਦਾਅਵਾ ਕਰਦੇ ਹਨ ਕਿ ਜੇ ਉਹ ਕਾਂਗਰਸ ਦੇ ਰਾਜ ਦੌਰਾਨ ਮੁੱਖ ਮੰਤਰੀ ਹੁੰਦੇ ਤਾਂ ਦੋਸ਼ੀਆਂ ਨੂੰ ਕਦੋਂ ਦੇ ਟੰਗ ਦੇਣਾ ਸੀ।

ਉਹਨਾਂ ਨੇ ਇੱਕ ਵੱਖਰੀ ਗੱਲ ਕਰਦਿਆਂ ਕਿਹਾ ਕਾਂਗਰਸ ਤੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਪਤਾ ਹੋਣ ਦੇ ਬਾਵਜੂਦ ਕਿ ਡੇਰੇ ਦਾ ਹੱਥ ਹੈ ਪਰ ਉਹ ਵੋਟਾਂ ਦੀ ਖ਼ਾਤਰ ਜ਼ੁਬਾਨ ਖੋਲ੍ਹਣ ਤੋਂ ਡਰਦੀਆਂ ਹਨ। ਇਹ ਹੈ ਵੀ ਸੱਚ। ਜੂਨ 2015 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਗਲੀਆਂ ਵਿੱਚ ਖਿਲਾਰਨ ਦੇ ਦੋਸ਼ੀਆਂ ਦਾ ਪਤਾ ਲੱਗ ਚੁੱਕਾ ਹੈ। ਉਹਨਾਂ ਵਿੱਚੋਂ ਕਈਆਂ ਨੂੰ ਜੇਲ੍ਹ ਦੀ ਹਵਾ ਖਾਣੀ ਪਈ ਹੈ ਪਰ ਬਾਵਜੂਦ ਕਿਸੇ ਦੇ ਸਿਆਸੀ ਪਾਰਟੀਆਂ ਮੂੰਹ ਖੋਲਣ ਦਾ ਹੀਆ ਨਹੀਂ ਕਰਦੀਆਂ ਹਨ। ਸਾਰੀਆਂ ਸਿਆਸੀ ਪਾਰਟੀਆਂ ਨੂੰ ਇਹ ਡਰ ਖਾ ਰਿਹਾ ਹੈ ਕਿ ਕਿਧਰੇ ਡੇਰਾ ਪ੍ਰੇਮੀਆਂ ਦੀਆਂ ਵੋਟਾਂ ਹੱਥੋਂ ਨਾ ਤਿਲਕ ਜਾਣ। ਕਾਂਗਰਸ ਦੇ ਨੇਤਾ ਸੁਖਜਿੰਦਰ ਸਿੰਘ ਰੰਧਾਵਾ ਜਾਂ ਪਰਗਟ ਸਿੰਘ ਨੇ ਤਾਂ ਪਾਰਟੀ ਦੀ ਸੋਚ ਤੋਂ ਪਰਦਾ ਚੁੱਕਿਆ ਹੈ ਪਰ ਪੰਜਾਬ ਦੇ ਲੋਕ ਇਸ ਨੂੰ ਕਈ ਚਿਰ ਪਹਿਲਾਂ ਸਮਝ ਚੁੱਕੇ ਹਨ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਬੰਟੀ ਰੋਮਾਣਾ ਨੇ ਇਕ ਪ੍ਰੈਸ ਕਾਨਫਰੰਸ ਕਰਕੇ ਵੱਖਰੀ ਸ਼ੁਰਲੀ ਛੱਡ ਦਿੱਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਪਿੱਛੇ ਆਮ ਆਦਮੀ ਪਾਰਟੀ ਦਾ ਹੱਥ ਹੈ ਜਦੋਂ ਕਿ ਕਾਂਗਰਸ ਇਸ ਉੱਤੇ ਸਿਆਸਤ ਕਰਦੀ ਆ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਨਾਲ ਸਬੰਧਤ ਕਈ ਗੁਨਾਹ ਆਪਣੀ ਝੋਲੀ ਪਵਾ ਕੇ ਆਏ ਸਨ ਪਰ ਬੰਟੀ ਰੋਮਾਣਾ ਅਤੇ ਪਾਰਟੀ ਦੀ ਮਹਿਲਾ ਨੇਤਾ ਜਾਹਿਦਾ ਸੁਲੇਮਾਨ ਗੱਲ ਹੋਰ ਰਾਹੇ ਪੂਰਨ ਵੱਲ ਵਧੇ ਹਨ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕਾਂਗਰਸ ਨੇ ਨਸ਼ਿਆਂ ਨੂੰ ਖਤਮ ਕਰਨ ਲਈ ਕੁਝ ਹੱਦ ਤੱਕ ਕੰਮ ਤਾਂ ਕੀਤਾ ਹੈ ਪਰ ਕੈਪਟਨ ਅਮਰਿੰਦਰ ਸਿੰਘ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਗੁਟਕਾ ਸਾਹਿਬ ਉੱਤੇ ਹੱਥ ਰੱਖ ਕੇ ਕਸਮ ਖਾਣ ਦੀ ਲੋੜ ਨਹੀਂ ਸੀ। ਉਹਨਾਂ ਨੇ ਬੇਅਦਬੀ ਦੇ ਦੋਸ਼ੀਆਂ ਨੂੰ ਬਖਸ਼ਣ ਲਈ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਨਾਂ ਤਾਂ ਲਿਆ ਪਰ ਬਾਕੀ ਦੇ ਸਾਥੀਆਂ ਦਾ ਨਾਂ ਲੈਣ ਤੋਂ ਝੱਕ ਗਏ।

ਕਾਂਗਰਸ ਪਾਰਟੀ ਪਹਿਲਾਂ ਹੀ ਦੋ ਧੜਿਆਂ ਵਿੱਚ ਵੰਡੀ ਜਾ ਚੁੱਕੀ ਹੈ। ਲੁਧਿਆਣਾ ਪੱਛਮੀ ਦੀ ਚੋਣ ਵੇਲੇ ਦੋਹਾਂ ਧਿਰਾਂ ਵਿੱਚ ਲਕੀਰ ਡੂੰਘੀ ਹੋ ਗਈ ਸੀ। ਹੁਣ ਚਾਹੇ ਸੁਖਜਿੰਦਰ ਸਿੰਘ ਰੰਧਾਵਾ ਨੇ ਨਿਸ਼ਾਨਾ ਤਾਂ ਕੇਵਲ ਕੈਪਟਨ ਅਮਰਿੰਦਰ ਸਿੰਘ ਉੱਤੇ ਸਾਧਿਆ ਹੈ ਪਰ ਇਹ ਕਹਿਣਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਨੂੰ ਲੈ ਕੇ ਕਾਂਗਰਸ ਦੋ ਧੜਿਆਂ ਵਿੱਚ ਵੰਡੀ ਹੋਈ ਸੀ, ਨੇ ਇੱਕ ਤਰ੍ਹਾਂ ਨਾਲ ਪਾਰਟੀ ਦੀ ਲੰਕਾ ਢਾਹ ਦਿੱਤੀ ਹੈ। ਸ਼ੁਰੂਆਤ ਪ੍ਰਗਟ ਸਿੰਘ ਨੇ ਕੀਤੀ ਸੀ। ਦੱਸਣਾ ਪਵੇਗਾ ਕਿ ਪ੍ਰਗਟ ਸਿੰਘ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਧੜੇ ਨਾਲ ਰਲ ਕੇ ਚੱਲ ਰਹੇ ਹਨ ਜਦੋਂ ਕਿ ਸੁਖਜਿੰਦਰ ਸਿੰਘ ਰੰਧਾਵਾ ਦੀ ਸੁਰ ਰਾਜਾ ਅਮਰਿੰਦਰ ਸਿੰਘ ਵੜਿੰਗ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨਾਲ ਰਲਦੀ ਹੈ।

ਪੰਜਾਬ ਕਾਂਗਰਸ ਜਿਹੜੀ ਪਹਿਲਾਂ ਹੀ ਖਖੜੀਆਂ ਕਰੇਲੇ ਹੋ ਚੁੱਕੀ ਹੈ, ਉਸੇ ਪਾਰਟੀ ਦੇ ਸੀਨੀਅਰ ਨੇਤਾ ਨੇ ਆਪਣੀ ਹੀ ਪਾਰਟੀ ਦੇ ਪੋਤੜੇ ਫਰੋਲ ਕੇ ਰੱਖ ਦਿੱਤੇ ਹਨ। ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਸੁਖਜਿੰਦਰ ਸਿੰਘ ਰੰਧਾਵਾ ਸੱਚ ਕਹਿਣ ਦਾ ਦਮ ਰੱਖਦੇ ਹਨ। ਉਹਨਾਂ ਨੇ ਚਾਹੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਿਹੜੇ ਕਿ ਇਸ ਵੇਲੇ ਭਾਜਪਾ ਵਿੱਚ ਸ਼ਾਮਲ ਹੋ ਚੁੱਕੇ ਹਨ, ਦਾ ਨਾਂ ਹੀ ਲਿਆ ਹੈ ਪਰ ਇੱਕ ਤਰ੍ਹਾਂ ਨਾਲ ਪੂਰੀ ਪਾਰਟੀ ਨੂੰ ਤਾਂ ਬੇਨਕਾਬ ਕਰਕੇ ਰੱਖ ਦਿੱਤਾ ਹੈ।ਕਾਂਗਰਸ ਪਾਰਟੀ ਜਿਹੜੀ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਨੂੰ ਲੈ ਕੇ ਪਹਿਲਾਂ ਹੀ ਲੋਕਾਂ ਦੇ ਮਨਾਂ ਤੋਂ ਉੱਤਰੀ ਹੋਈ ਹੈ, ਵਾਸਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਇੱਕ ਹੋਰ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਉਮੀਦ ਕਰਨੀ ਤਾਂ ਇਹ ਵੀ ਬਣਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਵੀ ਰੰਧਾਵਾ ਜਿਹਾ ਕੋਈ ਨਿਧੜਕ ਲੀਡਰ ਮੈਦਾਨ ਵਿੱਚ ਨਿਤਰੇ ਜਿਹੜਾ ਬਾਦਲਕਿਆਂ ਦੀ ਰਮਜ਼ ਤੋਂ ਵਾਕਫ਼ ਹੋਵੇ ਅਤੇ ਅੰਦਰਲਾ ਸੱਚ ਲੋਕਾਂ ਮੂਹਰੇ ਰੱਖ ਦੇਵੇ। ਆਮ ਆਦਮੀ ਪਾਰਟੀ ਦੇ ਅੰਦਰੋਂ ਵੀ ਕਿਸੇ ਅਜਿਹੇ ਦਰਿਆ ਦਿਲ ਲੀਡਰ ਦੇ ਸਾਹਮਣੇ ਆਉਣ ਦੀ ਆਸ ਰੱਖਣੀ ਬਣਦੀ ਹੈ। ਇਸ ਨਾਲ ਜਿੱਥੇ ਸਿਆਸੀ ਪਾਰਟੀਆਂ ਦਾ ਅੰਦਰਲਾ ਲੁਕਿਆ ਸੱਚ ਬਾਹਰ ਆਵੇਗਾ ਉਥੇ ਨੀਅਤ ਵਿੱਚਲਾ ਖੋਟ ਵੀ ਘਟੇਗਾ।

# ਪੰਜਾਬੀ ਸਮਾਜ ਬਣਿਆ ਹੁਣ ਬਦਤਮੀਜ਼ੀ ਤੇ ਗਾਲੀ-ਗਲੋਚ ਦੀ ਨਵੀਂ ਪਹਿਚਾਣ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156

ਸਾਡਾ ਅਜੋਕਾ ਪੰਜਾਬੀ ਸਮਾਜ ਹੁਣ ਬਦਤਮੀਜ਼ੀ ਤੇ ਗਾਲੀ ਗਲੋਚ ਦੀ ਇੱਕ ਨਵੀਂ ਪਹਿਚਾਣ ਬਣ ਗਿਆ ਹੈ।

ਸਾਡਾ ਸਮਾਜ ਹੁਣ ਜਿਸ ਰਸਾਤਲ ਵੱਲ ਜਾ ਰਿਹਾ ਹੈ, ਉਸ ਦੀ ਸ਼ਾਇਦ ਕੋਈ ਪਰਿਭਾਸ਼ਾ ਹੁਣ ਸ਼ਬਦਾਂ ਵਿੱਚ ਹੀ ਨਹੀਂ ਹੈ। ਉਂਜ ਤੇ ਇਹ ਪੰਜਾਬੀਆਂ ਦਾ ਸੁਭਾਅ ਹੈ ਕਿ ਉਹ ਹਰ ਵਾਕ ਨਾਲ ਖੁਸ਼ੀ ਗਮੀ ਹਰ ਵੇਲੇ ਗਾਲੀਆਂ ਕੱਢਦੇ ਹਨ ਪਰੰਤੂ ਨਵਾਂ ਸਮਾਜ ਇਸਨੂੰ ਕਿਸ ਤਰ੍ਹਾਂ ਲਿਖਦਾ ਵੇਖਦਾ ਹੈ, ਇਹ ਇੱਕ ਅਜਿਹਾ ਦ੍ਰਿਸ਼ ਹੈ ਜੋ ਸਰਵੇ ਦੇ ਅਨੁਸਾਰ ਕੀਤਾ ਗਿਆ ਹੈ ਜੋ ਪੂਰੇ ਦੇਸ਼ ਦੀਆਂ ਅਖਬਾਰਾਂ ਅਤੇ ਮੀਡੀਆ ਵਿੱਚ ਵਾਇਰਲ ਹੋ ਰਿਹਾ ਹੈ।ਹੁਣ ਸੱਚਾਈ ਇਹ ਹੈ ਕਿ ਉਸ ਵਿੱਚ ਗਾਲੀਆਂ ਤੇ ਬਦਤਮੀਜ਼ੀ ਦਾ ਸਿਹਰਾ ਸਭ ਤੋਂ ਜ਼ਿਆਦਾ ਦਿੱਲੀ ਦੇ ਸਿਰ 'ਤੇ ਬੱਝਾ ਹੈ ਉਹ ਬੰਗਾਲ ਬਿਹਾਰ ਪੰਜਾਬ 'ਤੇ ਨਹੀਂ ਤਾਂ ਪੰਜਾਬੀ ਸਾਡੇ ਸਾਡਾ ਪੰਜਾਬੀ ਸਮਾਜ ਵੀ ਅੱਜ ਪਿੱਛੇ ਨਹੀਂ ਹੈ। ਉਹ ਹੈ ਗਾਲੀਆਂ ਤੇ ਬਦਤਮੀਜ਼ੀ ਦੇ ਸੰਸਾਰ ਵਿੱਚ ਪੂਰੇ ਭਾਰਤ ਦੀ 140 ਕਰੋੜ ਅਬਾਦੀ ਦੇ ਵਿੱਚ ਦੂਜੇ ਨੰਬਰ 'ਤੇ ਹੈ।ਆਓ ਵੇਖਦੇ ਹਾਂ ਕਿ ਬਾਕੀ ਸਰਵੇਖਣ ਵਿੱਚ ਪੂਰੇ ਦੇਸ਼ ਦਾ ਹਾਲ ਕੀ ਹੈ ਪ੍ਰੰਤੂ ਪੰਜਾਬੀਆਂ ਵਾਸਤੇ ਇਹ ਬੜੀ ਅਜੀਬ ਗੱਲ ਹੈ ਕਿ ਉਹ ਗਾਲੀਆਂ ਵਿੱਚ ਵੀ ਦੁਨੀਆਂ ਨੂੰ ਪਿੱਛੇ ਨਹੀਂ ਛੱਡ ਰਹੇ ਹਨ ਤੇ ਬਦਤਮੀਜ਼ੀ ਵਿੱਚ ਵੀ। ਅੱਜ ਇਸ ਦੇ ਕਈ ਕਾਰਨ ਹਨ ਪਰੰਤੂ ਪੂਰੇ ਦੇਸ਼ ਦੀ ਕੀ ਹਾਲਤ ਹੈ, ਉਹ ਵੀ ਦਿਲਚਸਪ ਹੈ।ਅੱਜ ਯੂਪੀ-ਬਿਹਾਰ ਜਾਂ ਹਰਿਆਣਾ ਨਹੀਂ...ਦਿੱਲੀ ਰਾਜ ਦੇ ਲੋਕ ਦੇਸ਼ ਵਿੱਚ ਸਭ ਤੋਂ ਵੱਧ ਦੁਰਵਿਵਹਾਰ ਕਰਦੇ ਹਨ, ਸਰਵੇਖਣ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਦੋ ਨੰਬਰ 'ਤੇ ਹੈ।ਇਹ ਸਮੱਸਿਆ ਸਿਰਫ਼ ਮਰਦਾਂ ਤੱਕ ਸੀਮਤ ਨਹੀਂ ਹੈ, ਸਗੋਂ ਔਰਤਾਂ ਅਤੇ ਕੁੜੀਆਂ ਵੀ ਦੁਰਵਿਵਹਾਰ ਕਰਨ ਵਿੱਚ ਪਿੱਛੇ ਨਹੀਂ ਹਨ। ਇਸ ਸਥਿਤੀ ਨੇ ਦਿੱਲੀ ਦੇ ਮੁੱਖ ਸਮਾਜ ਵਿੱਚ ਦੁਰਵਿਵਹਾਰ ਨੂੰ ਇੱਕ ਆਮ ਆਦਤ ਬਣਾ ਦਿੱਤਾ ਹੈ।

ਹਾਲ ਹੀ ਵਿੱਚ ਇੱਕ ਸਰਵੇਖਣ ਰਿਪੋਰਟ ਸਾਹਮਣੇ ਆਈ ਹੈ, ਜਿਸ ਵਿੱਚ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ ਕਿ ਦਿੱਲੀ ਦੇ ਲੋਕ ਸਭ ਤੋਂ ਵੱਧ ਦੁਰਵਿਵਹਾਰ ਕਰਦੇ ਹਨ। ਰਿਪੋਰਟ ਦੇ ਅਨੁਸਾਰ, ਦਿੱਲੀ ਵਿੱਚ ਮਾਂ, ਭੈਣ ਅਤੇ ਧੀ ਲਈ ਖਾਸ ਤੌਰ 'ਤੇ ਅਪਮਾਨਜਨਕ ਸ਼ਬਦ ਸਭ ਤੋਂ ਵੱਧ ਵਰਤੇ ਜਾਂਦੇ ਹਨ। ਇਹ ਸਮੱਸਿਆ ਸਿਰਫ਼ ਮਰਦਾਂ ਤੱਕ ਸੀਮਤ ਨਹੀਂ ਹੈ, ਸਗੋਂ ਔਰਤਾਂ ਅਤੇ ਕੁੜੀਆਂ ਵੀ ਦੁਰਵਿਵਹਾਰ ਕਰਨ ਵਿੱਚ ਪਿੱਛੇ ਨਹੀਂ ਹਨ। ਇਸ ਸਥਿਤੀ ਨੇ ਦਿੱਲੀ ਦੇ ਸਮਾਜ ਵਿੱਚ ਗਾਲ੍ਹਾਂ ਕੱਢਣਾ ਇੱਕ ਆਮ ਆਦਤ ਬਣਾ ਦਿੱਤਾ ਹੈ।

ਸਰਵੇਖਣ ਦੇ ਅੰਕੜਿਆਂ ਅਨੁਸਾਰ, ਦਿੱਲੀ ਵਿੱਚ 80 ਪ੍ਰਤੀਸ਼ਤ ਲੋਕ ਗਾਲ੍ਹਾਂ ਕੱਢਦੇ ਹਨ, ਜੋ ਕਿ ਭਾਰਤ ਦੇ ਹੋਰ ਰਾਜਾਂ ਦੇ ਮੁਕਾਬਲੇ ਸਭ ਤੋਂ ਵੱਧ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਨਾ ਸਿਰਫ਼ ਮਰਦ, ਸਗੋਂ ਔਰਤਾਂ ਅਤੇ ਕੁੜੀਆਂ ਵੀ ਗਾਲ੍ਹਾਂ ਕੱਢਦੀਆਂ ਹਨ। ਇਹ ਆਦਤ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਆਮ ਹੁੰਦੀ ਜਾ ਰਹੀ ਹੈ।

ਪ੍ਰਕਾਸ਼ਿਤ ਰਿਪੋਰਟ ਅਨੁਸਾਰ, 30 ਪ੍ਰਤੀਸ਼ਤ ਔਰਤਾਂ ਅਤੇ ਕੁੜੀਆਂ ਗਾਲ੍ਹਾਂ ਕੱਢਦੀਆਂ ਹਨ, ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਗਾਲੀ ਬੰਦ ਘਰ ਅਭਿਆਨ ਵੀ ਸ਼ੁਰੂ ਕੀਤਾ ਗਿਆ ਹੈ ਅਤੇ ਇਹ ਪ੍ਰਤੀਕਿਰਿਆ ਪੰਜਾਬ ਦੇ ਲੋਕਾਂ ਨੂੰ ਵੀ ਆਪਣੇ ਵਿਚਾਰ ਪ੍ਰਗਟ ਕਰਨ ਦਾ ਫੈਸਲਾ ਕਰ ਦਿੱਤਾ ਹੈ। ਉਹ ਹੁਣ ਗਾਲੀ ਗਲੋਚ ਵਿੱਚ ਦੂਜੇ ਥਾਂ 'ਤੇ ਰਹੇ ਹਨ।

ਇਸ ਸਮਾਜਿਕ ਸਮੱਸਿਆ ਨਾਲ ਨਜਿੱਠਣ ਲਈ ਡਾ. ਸੁਨੀਲ ਜਗਲਾਨ ਨੇ ਗਾਲੀ ਬੰਦ ਘਰ ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਦਾ ਮੰਨਣਾ ਹੈ ਕਿ ਗਾਲ੍ਹਾਂ ਕੱਢਣਾ ਕੋਈ ਸੰਸਕਾਰ ਨਹੀਂ, ਸਗੋਂ ਇੱਕ ਮਾਨਸਿਕ ਬਿਮਾਰੀ ਹੈ। ਜਦੋਂ ਬੱਚੇ ਆਪਣੇ ਆਲੇ-ਦੁਆਲੇ ਜਾਂ ਫ਼ੋਨ 'ਤੇ ਗਾਲ੍ਹਾਂ ਸੁਣਦੇ ਹਨ, ਤਾਂ ਇਹ ਉਨ੍ਹਾਂ ਦੀ ਆਦਤ ਬਣ ਜਾਂਦੀ ਹੈ। ਇਸ ਮੁਹਿੰਮ ਦੇ ਤਹਿਤ, ਡਾ. ਜਗਲਾਨ ਨੇ ਦੇਸ਼ ਭਰ ਵਿੱਚ ਗਾਲੀ ਬੰਦ ਘਰ (ਗਾਲੀ ਭਾਸ਼ਾ ਦੀ ਵਰਤੋਂ ਬੰਦ ਕਰੋ) ਦੇ ਚਾਰਟ ਲਗਾਏ ਹਨ, ਜਿਸ ਰਾਹੀਂ ਲੋਕਾਂ ਨੂੰ ਇਸ ਆਦਤ ਤੋਂ ਬਾਹਰ ਨਿਕਲਣ ਲਈ ਜਾਗਰੂਕ ਕੀਤਾ ਜਾਂਦਾ ਹੈ।

ਦਿੱਲੀ-80%
ਪੰਜਾਬ-78%
ਉੱਤਰ ਪ੍ਰਦੇਸ਼-74%
ਬਿਹਾਰ-74%
ਰਾਜਸਥਾਨ-68%
ਹਰਿਆਣਾ-62%
ਮਹਾਰਾਸ਼ਟਰ-58%
ਗੁਜਰਾਤ-55%
ਮੱਧ ਪ੍ਰਦੇਸ਼-48%
ਉੱਤਰਾਖੰਡ-45%
ਕਸ਼ਮੀਰ-15%
ਉਤਰ ਪੂਰਬ ਅਤੇ ਹੋਰ-20 ਤੋਂ 30%

ਕੁੜੀਆਂ ਵੀ ਦੁਰਵਿਵਹਾਰ ਵਿੱਚ ਪਿੱਛੇ ਨਹੀਂ ਹਨ।

ਦੁਰਵਿਵਹਾਰ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਨਾਲੋਂ ਜ਼ਿਆਦਾ ਲੋਕ ਗਾਲੀਆਂ ਤੇ ਬਦਤਮੀਜ਼ੀ ਕਰਨ ਨੂੰ ਤਰਜੀਹ ਦਿੰਦੇ ਹਨ।

ਸਰਵੇਖਣ ਵਿੱਚ ਸ਼ਾਮਲ 70 ਹਜ਼ਾਰ ਲੋਕਾਂ ਦੇ ਅੰਕੜੇ ਦਰਸਾਉਂਦੇ ਹਨ ਕਿ ਦਿੱਲੀ ਵਿੱਚ 80 ਪ੍ਰਤੀਸ਼ਤ ਲੋਕ ਦੁਰਵਿਵਹਾਰ ਕਰਦੇ ਹਨ। ਇਸ ਤੋਂ ਬਾਅਦ ਪੰਜਾਬ ਆਉਂਦਾ ਹੈ, ਜਿੱਥੇ 78 ਪ੍ਰਤੀਸ਼ਤ ਲੋਕ ਦੁਰਵਿਵਹਾਰ ਕਰਦੇ ਹਨ। ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਵੀ ਸਥਿਤੀ ਅਜਿਹੀ ਹੀ ਹੈ, ਜਿੱਥੇ 74 ਪ੍ਰਤੀਸ਼ਤ ਲੋਕ ਦੁਰਵਿਵਹਾਰ ਕਰਦੇ ਹਨ। ਇਹ ਅੰਕੜੇ ਇਸ ਸਮਾਜਿਕ ਮੁੱਦੇ ਦੀ ਗੰਭੀਰਤਾ ਨੂੰ ਦਰਸਾਉਂਦੇ ਹਨ ਜੋ ਦੇਸ਼ ਵਿੱਚ ਵੱਧ ਰਿਹਾ ਹੈ।

ਸਰਵੇਖਣ ਵਿਚ ਡਾ. ਸੁਨੀਲ ਜਗਲਾਨ ਕਹਿੰਦੇ ਹਨ ਕਿ ਦੁਰਵਿਵਹਾਰ ਸੰਸਕਾਰ ਦਾ ਹਿੱਸਾ ਨਹੀਂ ਹੈ, ਪਰ ਇਹ ਇੱਕ ਮਾਨਸਿਕ ਬਿਮਾਰੀ ਹੈ। ਜਦੋਂ ਬੱਚੇ ਵੱਡੇ ਹੁੰਦੇ ਹਨ, ਤਾਂ ਉਹ ਆਪਣੇ ਆਲੇ-ਦੁਆਲੇ ਜਾਂ ਫ਼ੋਨ 'ਤੇ ਦੁਰਵਿਵਹਾਰ ਸੁਣਦੇ ਹਨ, ਅਤੇ ਇਹ ਉਨ੍ਹਾਂ ਦੇ ਦਿਮਾਗ ਵਿੱਚ ਵਸ ਜਾਂਦਾ ਹੈ। ਫਿਰ ਉਹ ਦੁਰਵਿਵਹਾਰ ਉਨ੍ਹਾਂ ਦੀ ਆਦਤ ਵਿੱਚ ਬਦਲ ਜਾਂਦੇ ਹਨ। ਇਹ ਸਮੱਸਿਆ ਪੂਰੇ ਸਮਾਜ ਵਿੱਚ ਫੈਲ ਗਈ ਹੈ ਅਤੇ ਇਸਨੂੰ ਹੱਲ ਕਰਨ ਲਈ ਇੱਕ ਜਾਗਰੂਕਤਾ ਮੁਹਿੰਮ ਦੀ ਸਖ਼ਤ ਲੋੜ ਹੈ। ਹੁਣ ਸਵਾਲ ਪੰਜਾਬੀਆਂ ਦਾ ਹੈ ਕਿ ਉਹ ਬਦਤਮੀਜ਼ੀ ਦੀਆਂ ਹੱਦਾਂ ਪਾਰ ਕਰ ਰਹੇ ਹਨ। ਉਹਨਾਂ ਦਾ ਗੁੱਸਾ ਨੱਕ 'ਤੇ ਹੈ ਤੇ ਪੰਜਾਬ ਵਿੱਚ ਜਿਸ ਤਰ੍ਹਾਂ ਦੀਆਂ ਘਟਨਾਵਾਂ ਹੋ ਗਈਆਂ ਕਿ ਅਸੀਂ ਅਜਿਹੇ ਸਮਾਜ ਨਾਲ ਇੱਕ ਨਵਾਂ ਪੰਜਾਬ ਸਿਰ ਸਕਦੇ ਹਾਂ। ਅਜੇ ਵੀ ਸੋਚਣ ਦਾ ਵੇਲਾ ਹੈ। ਪੰਜਾਬੀਓ ਜਾਗੋ ਤੇ ਆਪਣੇ ਹਾਲਾਤ ਨੂੰ ਦੇਖੋ ਸ਼ਾਇਦ ਵਾਹਿਗੁਰੂ ਸੁਮੱਤ ਬਖਸ਼ੇ।

# ਸਾਬਕਾ ਮੰਤਰੀ ਧਾਲੀਵਾਲ ਨੇ 7 ਪਿੰਡਾਂ 'ਚ ਕੀਤੀਆਂ ਨਸ਼ਾ ਮੁਕਤੀ ਯਾਤਰਾਵਾਂ



ਅਜਨਾਲਾ, 18 ਜੁਲਾਈ (ਸੁਖਦੇਵ ਸਿੰਘ ਖਾਲਸਾ) : ਅੱਜ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਹਲਕੇ ਦੇ ਡਿਆਲ ਭੜੰਗ, ਕੋਟਲਾ ਕਾਜ਼ੀਆਂ, ਉਰਧਨ, ਸੁਧਾਰ, ਨਾਨੋਕੇ, ਮਾਕੋਵਾਲ, ਜੱਸੜ ਪਿੰਡਾਂ 'ਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾਵਾਂ ਦੌਰਾਨ ਹੋਈਆਂ ਭਰਵੀਆਂ ਜਨਤਕ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਪੰਜਾਬ ਵਾਸੀ ਆਪ ਮੁਹਾਰੇ ਸਰਗਰਮ ਹਿੱਸਾ ਬਣ ਕੇ ਸਾਬਕਾ ਅਕਾਲੀ ਭਾਜਪਾ ਤੇ ਕਾਂਗਰਸ ਸਰਕਾਰਾਂ ਵੱਲੋਂ ਨਸ਼ਿਆਂ ਦੇ ਕਰੂਰ ਗੰਦੇ ਧੰਦੇ ਨਾਲ ਪੰਜਾਬ ਨੂੰ ਕੀਤੇ ਕਲੰਕਿਤ ਵਰਤਾਰੇ ਤੋਂ ਮੁਕਤੀ ਪਾਉਣ ਲਈ ਨਸ਼ਾ ਮੁਕਤੀ ਯਾਤਰਾਵਾਂ ਨੂੰ ਭਰਵਾਂ ਹੁੰਗਾਰਾ ਦੇ ਰਹੇ ਹਨ। ਜਿਸ ਦੇ ਨਤੀਜੇ ਸਾਹਮਣੇ ਆਉਣ ਕਾਰਣ ਲੋਕਾਂ ਵੱਲੋਂ ਸਰਕਾਰ ਤੇ ਪੁਲਿਸ ਨੂੰ ਦਿੱਤੀਆਂ ਜਾ ਰਹੀਆਂ ਸੱਚੀਆਂ ਸੂਚਨਾਵਾਂ ਦੇ ਮੱਦੇਨਜ਼ਰ ਸਾਬਕਾ ਸਰਕਾਰਾਂ ਦੀ ਕਥਿਤ ਸ਼ਹਿ 'ਤੇ ਸਿਆਸੀ, ਪੁਲਿਸ ਤੇ ਨਸ਼ਾ ਤਸਕਰਾਂ ਦੇ ਬਣੇ ਨਾਪਾਕ ਗੱਠਜੋੜ ਦੇ ਬਦਨਾਮ ਕਿਲ੍ਹੇ ਢਹਿ ਢੇਰੀ ਕਰਦਿਆਂ 23 ਹਜਾਰ ਦੇ ਕਰੀਬ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਸਾਢੇ 11 ਹਜਾਰ ਕਰੋੜ ਰੁਪਏ ਡਰੱਗ ਮਨੀ, ਕਰੋੜਾਂ ਰੁਪਏ ਮੁੱਲ ਦੇ ਨਸ਼ੀਲੇ ਪਦਾਰਥ ਬਰਾਮਦ ਕਰਨ ਸਮੇਤ ਤਸਕਰਾਂ ਵੱਲੋਂ ਡਰੱਗ ਮਨੀ ਨਾਲ ਬਣਾਈਆਂ ਜਾਇਦਾਦਾਂ ਨੂੰ ਜ਼ਬਤ ਤੇ ਉਸਾਰੀਆਂ ਨੂੰ ਢਹਿ ਢੇਰੀ 'ਚ ਕੋਈ ਲਿਹਾਜਦਾਰੀ ਨਹੀਂ ਵਰਤੀ ਜਾ ਰਹੀ। ਵਿਧਾਇਕ ਧਾਲੀਵਾਲ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਅਮਨ ਪਸੰਦ ਪੇਂਡੂ ਤੇ ਸ਼ਹਿਰੀ ਨਾਗਰਿਕਾਂ ਨੂੰ ਅੱਜ ਕਿਤੇ ਵੀ ਨਸ਼ਾ ਤਸਕਰ ਤੇ ਉਹਨਾਂ ਦੇ ਸਮੱਰਥਕ ਨਹੀਂ ਦਿਖਾਈ ਦੇ ਰਹੇ ਹੋਣਗੇ, ਜੋ ਸਰੀਫ ਲੋਕਾਂ 'ਤੇ ਦਬਾਅ ਬਣਾਉਣ ਲਈ ਸ਼ਰ੍ਹੇਆਮ ਡੀਂਗਾਂ ਮਾਰਦੇ ਨਹੀਂ ਸਨ ਥੱਕਦੇ, ਕਿ ਉਹਨਾਂ ਤੋਂ ਪੁੱਛੇ ਬਗੈਰ ਕੋਈ ਵੀ ਪੁਲਿਸ ਮੁਲਾਜ਼ਮ ਉਨ੍ਹਾਂ ਦੇ ਘਰਾਂ, ਪਿੰਡ ਜਾਂ ਸ਼ਹਿਰ ਦੇ ਗਲੀ ਮੁਹੱਲੇ 'ਚ ਨਹੀਂ ਆ ਸਕਦਾ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਨ ਸਰਕਾਰ ਪੰਜਾਬ ਦੇ ਸਾਰੇ ਪਿੰਡਾਂ ਤੇ ਸ਼ਹਿਰਾਂ ਨੂੰ ਨਸ਼ਾ ਮੁਕਤ ਕਰਕੇ ਹੀ ਦਮ ਲਏਗੀ। ਰੈਲੀਆਂ 'ਚ ਤਹਿਸੀਲ ਪੱਧਰੀ ਸਿਵਲ ਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਸਮੇਤ ਗ੍ਰਾਮ ਪੰਚਾਇਤਾਂ ਤੇ ਮੋਹਤਬਰ ਵੱਡੀ ਗਿਣਤੀ 'ਚ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਿਮਸ ਵਿਖੇ ਵਿਸ਼ੇਸ਼ ਸਮਾਰੋਹ

## ਨਸ਼ਿਆਂ ਖ਼ਿਲਾਫ਼ ਨੌਜਵਾਨਾਂ ਦੀ ਭੂਮਿਕਾ ਅਹਿਮ : ਪੁਲਿਸ ਕਮਿਸ਼ਨਰ



ਜਲੰਧਰ, 18 ਜੁਲਾਈ, (ਸੰਦੀਪ ਕੌਲ) : ਪੰਜਾਬ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਪੀ.ਆਈ.ਐਮ. ਐਸ), ਜਲੰਧਰ ਵਿਖੇ 'ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ' ਨੂੰ ਸਮਰਪਿਤ ਸਮਾਗਮ ਆਯੋਜਿਤ ਕੀਤਾ ਗਿਆ। ਇਹ ਸਮਾਰੋਹ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਸੰਦਰਭ ਵਿੱਚ ਕਰਵਾਇਆ ਗਿਆ। ਇਸ ਮੌਕੇ ਪੁਲਿਸ ਕਮਿਸ਼ਨਰ ਜਲੰਧਰ ਸ੍ਰੀਮਤੀ ਧਨਪ੍ਰੀਤ ਕੌਰ, ਆਈ.ਪੀ.ਐਸ. ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।

ਇਸ ਮੌਕੇ ਸੰਬੋਧਨ ਕਰਦੇ ਹੋਏ ਧਨਪ੍ਰੀਤ ਕੌਰ ਨੇ ਕਿਹਾ ਕਿ ਨਸ਼ਾ ਰੋਕਥਾਮ ਲਈ ਪੰਜਾਬ ਸਰਕਾਰ ਅਤੇ ਪੁਲਿਸ ਵੱਲੋਂ ਕਈ ਮਹੱਤਵਪੂਰਨ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਮਾਨਸਿਕ ਸਿਹਤ ਵਿਸ਼ੇਸ਼ ਗਿਆਨ, ਮੈਡੀਕਲ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਮੁਕਤੀ ਅਭਿਆਨ ਵਿੱਚ ਭਰਪੂਰ ਭਾਗ ਲੈਣ ਅਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਨੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਇਸ ਤਬਦੀਲੀ ਦੇ ਸਾਥੀ ਬਣਨ ਅਤੇ ਨਸ਼ਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ।

ਸਮਾਗਮ ਵਿੱਚ ਡਾ. ਰਾਜੀਵ ਅਰੋੜਾ, ਡਾਇਰੈਕਟਰ ਪ੍ਰਿੰਸਪਲ; ਡਾ. ਕਵਲਜੀਤ ਸਿੰਘ, ਐਗਜ਼ਿਕਿਊਟਿਵ ਚੇਅਰਪਰਸਨ; ਡਾ. ਐਚ.ਕੇ. ਚੀਮਾ, ਡੀਨ ਅਕੈਡਮਿਕਸ ਅਤੇ ਵਿਭਿੰਨ ਵਿਭਾਗਾਂ ਦੇ ਮੁਖੀਆਂ ਨੇ ਵੀ ਸ਼ਿਰਕਤ ਕੀਤੀ।

ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਮੈਡੀਕਲ ਅਤੇ ਨਰਸਿੰਗ ਵਿਦਿਆਰਥੀਆਂ ਨੇ ਭਾਗ ਲਿਆ। ਡੀ.ਏ.ਵੀ ਕਾਲਜ ਆਫ਼ ਨਰਸਿੰਗ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਦੇ ਦੁਸ਼ਪ੍ਰਭਾਵਾਂ ਉੱਤੇ ਆਧਾਰਿਤ ਸੋਚਣ 'ਤੇ ਮਜਬੂਰ ਕਰ ਦੇਣ ਵਾਲਾ ਰੋਲ ਪਲੇਅ ਪੇਸ਼ ਕੀਤਾ ਗਿਆ।

ਨਸ਼ਿਆਂ ਦੇ ਖਿਲਾਫ਼ ਚੱਲ ਰਹੀ ਮੁਹਿੰਮ ਤਹਿਤ ਪੋਸਟਰ ਤੇ ਰੀਲ ਬਣਾਉਣ ਦੀ ਪ੍ਰਤੀਯੋਗਿਤਾ ਦੇ ਜੇਤੂਆਂ ਨੂੰ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ।

# ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ



ਅੰਮ੍ਰਿਤਸਰ, 18 ਜੁਲਾਈ, (ਗੁਰਦਿਆਲ ਸਿੰਘ) : ਬਾਲਾ ਪ੍ਰੀਤਮ, ਅਸ਼ਟਮ ਬਲਬੀਰਾ, ਬਾਲ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਦਿਹਾੜਾ, ਚੀਫ ਖਾਲਸਾ ਦੀਵਾਨ ਦੀ ਅਗਵਾਈ ਹੇਠ ਚੱਲ ਰਹੀ ਜ਼ਿਲ੍ਹੇ ਦੀ ਪ੍ਰਸਿੱਧ ਵਿੱਦਿਆ ਸੰਸਥਾ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨਤਾਰਨ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਗੁਰਦੁਆਰਾ ਸਾਹਿਬ ਵਿਖੇ 15 ਜੁਲਾਈ 2025 ਨੂੰ ਸ਼ੁਰੂ ਹੋਏ ਅਖੰਡ ਪਾਠ ਸਾਹਿਬ ਦੇ ਭੋਗ 17 ਜੁਲਾਈ 2025 ਨੂੰ ਪਾਏ ਗਏ। ਭੋਗ ਦੀ ਸਮਾਪਤੀ ਤੋਂ ਬਾਅਦ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ। ਸਾਰੀ ਸੰਗਤ ਨੇ ਰਸਮਈ ਕੀਰਤਨ ਦਾ ਆਨੰਦ ਲਿਆ। ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।

ਇਸ ਸਮਾਗਮ ਵਿੱਚ ਚੀਫ ਖਾਲਸਾ ਦੀਵਾਨ ਦੀ ਸਥਾਨਕ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ. ਹਰਜੀਤ ਸਿੰਘ, ਚੀਫ਼ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਜੀ, ਸਕੂਲ ਦੇ ਮੈਂਬਰ ਇੰਚਾਰਜ ਸ. ਨਵਜੋਤ ਸਿੰਘ ਜੀ ਅਤੇ ਸ. ਰਣਦੀਪ ਸਿੰਘ ਜੀ, ਚੀਫ ਖਾਲਸਾ ਦੀਵਾਨ ਇੰਸਟੀਚਿਊਟ ਆਫ ਮੈਨੇਜਮੈਂਟ ਅਤੇ ਟੈਕਨਾਲੋਜੀ ਦੇ ਪ੍ਰਿੰਸੀਪਲ ਸਰਦਾਰ ਜਸਬੀਰ ਸਿੰਘ ਜੀ, ਸਕੂਲ ਦੇ ਪ੍ਰਿੰਸੀਪਲ ਸ. ਸਤਵੰਤ ਸਿੰਘ ਬੈਂਸ ਜੀ, ਸਟਾਫ ਮੈਂਬਰ ਅਤੇ ਵਿਦਿਆਰਥੀ ਮੌਜੂਦ ਸਨ। ਇਸ ਮੌਕੇ 'ਤੇ ਹਰਜੀਤ ਸਿੰਘ ਜੀ, ਗੁਰਿੰਦਰ ਸਿੰਘ ਜੀ, ਸ. ਨਵਜੋਤ ਸਿੰਘ ਜੀ ਅਤੇ ਸ. ਰਣਦੀਪ ਸਿੰਘ ਜੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਗੁਰੂ ਜੀ ਨੇ ਜਾਤ-ਪਾਤ ਅਤੇ ਉਚ-ਨੀਚਤਾ ਨੂੰ ਥੱਲੇ ਰੱਖ ਕੇ ਪੀੜਤਾਂ ਦੀ ਸੇਵਾ ਦਾ ਯਤਨ ਕੀਤਾ। ਉਹ ਖੁਦ ਵੀ ਸੇਵਾ ਵਿੱਚ ਜੁਟ ਗਏ। ਉਨ੍ਹਾਂ ਦੀ ਜ਼ਿੰਦਗੀ ਦਾ ਮੂਲ ਮੰਤਵ ਮਾਨਵਤਾ ਦੀ ਸੇਵਾ ਸੀ। ਇਸੀ ਕਰਕੇ ਲੋਕ ਉਨ੍ਹਾਂ ਨੂੰ ਬਾਲਾ ਪੀਰ ਕਹਿ ਕੇ ਸੰਬੋਧਨ ਕਰਨ ਲੱਗ ਪਏ। ਉਨ੍ਹਾਂ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਸਿੱਖ ਇਤਿਹਾਸ ਤੋਂ ਪ੍ਰੇਰਣਾ ਲੈਣ, ਪਰਉਪਕਾਰ ਦੀ ਭਾਵਨਾ ਅਪਣਾ ਕੇ ਦੁਖੀਆਂ ਦੀ ਸਹਾਇਤਾ ਕਰਨ ਦਾ ਸੰਕਲਪ ਲੈਣ। ਸਕੂਲ ਦੇ ਪ੍ਰਿੰਸੀਪਲ ਸਤਵੰਤ ਸਿੰਘ ਬੈਂਸ ਜੀ ਨੇ ਕਿਹਾ ਕਿ ਸਿੱਖ ਇਤਿਹਾਸ ਬਹੁਤ ਹੀ ਪ੍ਰੇਰਣਾਦਾਇਕ ਹੈ, ਜਿਸ ਬਾਰੇ ਹਰ ਵਿਦਿਆਰਥੀ ਨੂੰ ਗਿਆਨ ਹੋਣਾ ਚਾਹੀਦਾ ਹੈ, ਤਾਂ ਜੋ ਉਹ ਇਤਿਹਾਸ ਤੋਂ ਸਿੱਖ ਕੇ ਆਪਣੀ ਜ਼ਿੰਦਗੀ ਵਿੱਚ ਸਹੀ ਰਾਹ ਚੁਣ ਸਕਣ। ਕਾਰਜਕ੍ਰਮ ਦੇ ਅੰਤ 'ਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ, ਜਿਸਨੂੰ ਸਾਰੀ ਸੰਗਤ ਨੇ ਸ਼ਰਧਾ ਨਾਲ ਛਕਿਆ।

# ਜਥੇਦਾਰ ਗੜਗੱਜ ਵੱਲੋਂ ਵਿਦੇਸ਼ ਅੰਦਰ ਔਕੜਾਂ ਦੇ ਬਾਵਜੂਦ ਸਾਬਤ ਸੂਰਤ ਸਿੱਖੀ ਸਰੂਪ ਨਾਲ ਡਾਕਟਰੀ ਪੜ੍ਹਾਈ ਜਾਰੀ ਰੱਖਣ ਵਾਲੇ ਨੌਜਵਾਨ ਦਾ ਸਨਮਾਨ



ਅੰਮ੍ਰਿਤਸਰ, 18 ਜੁਲਾਈ, (ਬਬਲੂ ਮਹਾਜਨ) : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿਦੇਸ਼ ਦੀ ਇੱਕ ਮੈਡੀਕਲ ਅਕੈਡਮੀ ਤੋਂ ਔਕੜਾਂ ਦੇ ਬਾਵਜੂਦ ਸਾਬਤ ਸੂਰਤ ਸਿੱਖੀ ਸਰੂਪ ਕਾਇਮ ਰੱਖਦਿਆਂ ਡਾਕਟਰੀ ਦੀ ਪੜ੍ਹਾਈ ਜਾਰੀ ਰੱਖਣ ਵਾਲੇ ਸਿੱਖ ਨੌਜਵਾਨ ਸ. ਹਰਸ਼ਦੀਪ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਜ਼ਿਕਰਯੋਗ ਹੈ ਕਿ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਦੇ ਰਹਿਣ ਵਾਲੇ ਸ. ਹਰਸ਼ਦੀਪ ਸਿੰਘ ਅਤੇ ਉਨ੍ਹਾਂ ਦੀ ਭੈਣ ਬੀਬੀ ਗੁਰਪ੍ਰੀਤ ਕੌਰ ਉਜ਼ਬੇਕੀਸਤਾਨ ਵਿਖੇ ਤਾਸ਼ਕੰਤ ਯੂਨੀਵਰਸਿਟੀ ਦੀ ਮੈਡੀਕਲ ਅਕੈਡਮੀ ਤੋਂ ਡਾਕਟਰੀ ਦੀ ਪੜ੍ਹਾਈ ਐਮ.ਬੀ.ਬੀ.ਐਸ ਦਾ ਕੋਰਸ ਕਰਨ ਲਈ ਵਿਦੇਸ਼ ਗਏ ਹੋਏ ਹਨ। ਚੱਲਦੇ ਕੋਰਸ ਦੌਰਾਨ ਅਕੈਡਮੀ ਦੇ ਪ੍ਰੋਫੈਸਰ ਵੱਲੋਂ ਸ. ਹਰਸ਼ਦੀਪ ਸਿੰਘ ਉੱਤੇ ਇਹ ਸ਼ਰਤ ਲਗਾਈ ਗਈ ਕਿ ਜੇਕਰ ਉਨ੍ਹਾਂ ਨੇ ਸਰਜਰੀ ਦੀ ਕਲਾਸ ਵਿੱਚ ਦਾਖਲ ਹੋਣਾ ਹੈ ਤਾਂ ਉਨ੍ਹਾਂ ਨੂੰ ਆਪਣੀ ਦਾੜ੍ਹੀ ਦੇ ਕੇਸ ਕੱਟਣੇ ਪੈਣਗੇ।

ਇਸ ਮਾਮਲੇ ਵਿੱਚ ਕੇਸ ਕੱਟਣ ਦੀ ਜਗ੍ਹਾ ਸ. ਹਰਸ਼ਦੀਪ ਸਿੰਘ ਨੇ ਵਿਦੇਸ਼ ਅੰਦਰ ਆਪਣੀ ਡਾਕਟਰੀ ਦੀ ਪੜ੍ਹਾਈ ਛੱਡਣ ਨੂੰ ਪਹਿਲ ਦਿੱਤੀ। ਸ. ਹਰਸ਼ਦੀਪ ਸਿੰਘ ਨੇ ਤਾਸ਼ਕੰਤ ਯੂਨੀਵਰਸਿਟੀ ਦੇ ਡੀਨ ਨੂੰ ਸਿੱਖ ਪਛਾਣ ਵਿੱਚ ਕੇਸਾਂ ਦੀ ਮਹੱਤਤਾ ਬਾਰੇ ਜਾਣੂੰ ਕਰਵਾਉਣ ਦੀ ਵੀ ਕੋਸ਼ਿਸ਼ ਕੀਤੀ, ਲੇਕਿਨ ਉਨ੍ਹਾਂ ਦੀ ਗੱਲ ਨਾ ਸੁਣੀ ਗਈ। ਉਪਰੰਤ ਸ. ਹਰਸ਼ਦੀਪ ਸਿੰਘ ਨੇ ਇਹ ਮਾਮਲਾ ਆਪਣੇ ਖੇਤਰ ਦੀ ਇੱਕ ਸਿੱਖ ਸਾਂਸਦ ਰਾਹੀਂ ਭਾਰਤ ਸਰਕਾਰ ਪਾਸ ਉਠਾਇਆ, ਜਿਨ੍ਹਾਂ ਨੇ ਵਿਦੇਸ਼ ਮੰਤਰਾਲੇ ਨੂੰ ਲਿਖ ਕੇ ਇਸ ਦਾ ਹੱਲ ਕਰਨ ਲਈ ਆਖਿਆ। ਮਾਮਲਾ ਹੱਲ ਹੋਣ ਉਪਰੰਤ ਤਾਸ਼ਕੰਤ ਮੈਡੀਕਲ ਅਕੈਡਮੀ ਵੱਲੋਂ ਸ. ਹਰਸ਼ਦੀਪ ਸਿੰਘ ਨੂੰ ਦਾੜ੍ਹੀ ਕੇਸਾਂ ਸਮੇਤ ਹੀ ਸਰਜਰੀ ਦੀ ਕਲਾਸ ਲਗਾਉਣ ਦੀ ਲਿਖਤੀ ਪ੍ਰਵਾਨਗੀ ਦੇ ਦਿੱਤੀ ਗਈ, ਪ੍ਰੋਫੈਸਰ ਨੇ ਲਿਖਤੀ ਮੁਆਫੀ ਮੰਗੀ ਅਤੇ ਅਗਾਂਹ ਤੋਂ ਵੀ ਸਿੱਖ ਵਿਦਿਆਰਥੀਆਂ ਲਈ ਇਹ ਸ਼ਰਤ ਹਟਾ ਦਿੱਤੀ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ. ਹਰਸ਼ਦੀਪ ਸਿੰਘ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਵਿਦੇਸ਼ ਅੰਦਰ ਸਿੱਖ ਪਛਾਣ ਨਾਲ ਸਬੰਧਤ ਮਾਮਲੇ ਵਿੱਚ ਅਤੇ ਆਪਣੇ ਹੱਕ ਲਈ ਡਟ ਕੇ ਪਹਿਰਾ ਦਿੱਤਾ ਅਤੇ ਆਪਣੀ ਸੂਝ-ਬੂਝ ਤੇ ਲਿਆਕਤ ਨਾਲ ਇਸ ਮਾਮਲੇ ਨੂੰ ਉਜਾਗਰ ਕੀਤਾ, ਜਿਸ ਨਾਲ ਉਜ਼ਬੇਕੀਸਤਾਨ ਦੀ ਤਾਸ਼ਕੰਤ ਮੈਡੀਕਲ ਅਕੈਡਮੀ ਵਿੱਚ ਸਿੱਖ ਬੱਚਿਆਂ ਲਈ ਆਪਣੀ ਪਛਾਣ ਕਾਇਮ ਰੱਖਦਿਆਂ ਡਾਕਟਰੀ ਪੜ੍ਹਾਈ ਕਰਨ ਦਾ ਰਾਹ ਪੱਧਰਾ ਹੋਇਆ ਹੈ। ਇਸ ਲਈ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਮੂਹ ਸਿੱਖ ਨੌਜਵਾਨ ਇਸ ਮਾਮਲੇ ਤੋਂ ਪ੍ਰੇਰਨਾ ਲੈਣ ਅਤੇ ਆਪਣੀ ਸਾਬਤ ਸੂਰਤ ਸਿੱਖ ਪਛਾਣ ਨੂੰ ਕਾਇਮ ਰੱਖਣ ਲਈ ਅਜਿਹੀ ਦ੍ਰਿੜ੍ਹਤਾ ਰੱਖਣ। ਇਸ ਮੌਕੇ ਸ. ਹਰਸ਼ਦੀਪ ਸਿੰਘ ਦੇ ਮਾਪੇ ਸ. ਗੁਰਜਿੰਦਰ ਸਿੰਘ ਤੇ ਬੀਬੀ ਗੁਰਪ੍ਰੀਤ ਕੌਰ ਅਤੇ ਭੈਣ ਬੀਬੀ ਪਲਕਪ੍ਰੀਤ ਕੌਰ ਵੀ ਹਾਜ਼ਰ ਸਨ।

# ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦ 'ਚ ਸਮੂਹ ਸੰਗਤਾਂ ਨੇ ਲਗਾਇਆ ਦੁੱਧ ਦਾ ਲੰਗਰ



ਫਿਲੌਰ, 18 ਜੁਲਾਈ, (ਅਜੇ ਸਿੰਘ ਨਾਗੀ) : ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਚਹਿਰੀਆਂ ਦੇ ਸਾਹਮਣੇ ਅਰਦਾਸ ਉਪਰੰਤ ਹਲਕਾ ਫਿਲੌਰ ਦੀਆਂ ਸਮੂਹ ਸੰਗਤਾਂ ਵੱਲੋਂ ਦੁੱਧ ਲੰਗਰ ਲਗਾਇਆ ਗਿਆ। ਇਸ ਮੌਕੇ ਬਾਬਾ ਸੰਤੋਖ ਸਿੰਘ, ਬਾਬਾ ਸੁਖਵਿੰਦਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਸਿੰਘਾ ਸ਼ਹੀਦਾਂ ਡੇਰਾ ਸ੍ਰੀ ਸ੍ਰੀਮਾਨ ਸੰਤ ਬਾਬਾ ਜਰਨੈਲ ਸਿੰਘ ਨੰਗਲ ਬੇਟ ਆਲੋਵਾਲ, ਤਰਸੇਮ ਰਪਾਣਾ ਪ੍ਰਧਾਨ ਬੀਜੇਪੀ ਵਿਮੁਕਤ ਜਾਤੀਆਂ ਪ੍ਰਧਾਨ ਪੰਜਾਬ, ਤਰਸੇਮ ਸਿੰਘ ਢਿੱਲੋਂ ਨੇ ਬਾਬਾ ਮੋਤੀ ਦਾ ਮਹਿਰਾ ਜੀ ਦੇ ਇਤਿਹਾਸ 'ਤੇ ਚਾਨਣਾ ਪਾਇਆ ਤੇ ਸੰਗਤਾਂ ਨੂੰ ਅਪੀਲ ਕੀਤੀ ਬਾਬਾ ਮੋਤੀ ਰਾਮ ਮਹਿਰਾ ਜੀ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਸਮਾਜ ਸੇਵੀ ਉਪਰਾਲੇ ਕਰੋ। ਇਸ ਮੌਕੇ ਹਰਜੀਤ ਸਿੰਘ ਢੇਸੀ ਜ਼ਿਲ੍ਹਾ ਪ੍ਰਧਾਨ ਬੀਕੇਯੂ ਦੁਆਬਾ, ਚੌਧਰੀ ਵਿਕਰਮਜੀਤ ਸਿੰਘ ਹਲਕਾ ਵਿਧਾਇਕ ਫਿਲੌਰ, ਜਸਵੀਰ ਸਿੰਘ ਖੱਖ, ਗੁਲਸ਼ਨ ਕੁਮਾਰ ਅਹੂਜਾ ਪ੍ਰਧਾਨ ਆੜਤੀਆ ਐਸੋਸੀਏਸ਼ਨ ਫਿਲੌਰ, ਰਣਜੀਤ ਸਿੰਘ ਖੇਲਾ, ਡਾਕਟਰ ਕੁਲਦੀਪ ਰਾਏ, ਬਲਵਿੰਦਰ ਸਿੰਘ ਖਹਿਰਾ ਬਲਾਕ ਪ੍ਰਧਾਨ ਫਿਲੌਰ, ਸੁਰਜੀਤ ਸਿੰਘ ਬਰਨਾਲਾ, ਪਿੰਦਾ ਤੇਹਿੰਗ, ਗੁਰਨਾਮ ਸਿੰਘ ਥਾਣੇਦਾਰ, ਹਰਵਿੰਦਰ ਸਿੰਘ ਸੈਣੀ, ਵਰਿੰਦਰ ਸਿੰਘ ਸੈਣੀ, ਗੁਰਸ਼ਾਨ ਸਿੰਘ ਨਾਗੀ, ਜਥੇਦਾਰ ਹਰਜਿੰਦਰ ਸਿੰਘ ਲੱਲੀਆਂ, ਜਰਨੈਲ ਸਿੰਘ ਮੋਤੀਪੁਰ ਖਾਲਸਾ, ਅਮਰੀਕ ਸਿੰਘ, ਡਾਕਟਰ ਅਸ਼ਵਨੀ ਕੁਮਾਰ ਆਸ਼ੂ, ਜਸਪਾਲ ਸਰਪੰਚ ਮਠੱਡਾ ਖੁਰਦ, ਗੁਰਨਾਮ ਸਿੰਘ ਮਠੱਡਾ, ਇਲਾਕੇ ਭਾਰ ਦੀਆਂ ਵਿਸ਼ੇਸ਼ ਸ਼ਖਸੀਅਤਾਂ ਤੇ ਸੰਗਤਾਂ ਹਾਜ਼ਰ ਸਨ।

# ਪਿੰਡ ਬਲੇਹਰ ਵਿਖੇ ਬ੍ਰਹਮ ਗਿਆਨੀ ਬਾਬਾ ਬੀਰ ਸਿੰਘ ਦਾ ਸਾਲਾਨਾ ਜੋੜ ਮੇਲਾ ਮਨਾਇਆ



ਭਿੱਖੀਵਿੰਡ, 18 ਜੁਲਾਈ, (ਸਵਿੰਦਰ ਬਲੇਹਰ) : ਜ਼ਿਲ੍ਹਾ ਤਰਨਤਾਰਨ ਹਲਕਾ ਖੇਮਕਰਨ ਬਲਾਕ ਭਿੱਖੀਵਿੰਡ ਦੇ ਪਿੰਡ ਬਲੇਹਰ ਵਿਖੇ ਧੰਨ-ਧੰਨ ਬਾਬਾ ਬੀਰ ਸਿੰਘ ਜੀ ਦਾ ਸਾਲਾਨਾ ਜੋੜ ਮੇਲਾ ਸੰਤ ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲਿਆਂ ਦੀ ਰਹਿਨੁਮਾਈ ਹੇਠ ਮੁੱਖ ਸੇਵਾਦਾਰ ਬਾਬਾ ਪਾਲਾ ਸਿੰਘ ਜੀ ਦੀ ਅਗਵਾਈ ਹੇਠ ਪਿੰਡ ਦੀਆਂ ਸਮੂਹ ਸਾਧ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਰਪੰਚ ਬੋਹੜ ਸਿੰਘ ਸਰਪੰਚ ਗੁਰਪ੍ਰੀਤ ਸਿੰਘ ਸ਼ੇਰਾ ਅਤੇ ਬਾਬਾ ਤਰਸੇਮ ਸਿੰਘ ਨੇ ਦੱਸਿਆ ਕਿ ਇਹ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿੱਚ ਵੱਖ-ਵੱਖ ਕਵੀਸ਼ਰੀ ਜੱਥਿਆਂ ਨੇ ਆਈਆਂ ਹੋਈਆਂ ਸੰਗਤਾਂ ਨੂੰ ਗੁਰੂ ਦਾ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਉਪਰੰਤ ਗੁਰੂ ਘਰ ਦਾ ਲੰਗਰ ਸਾਰਾ ਦਿਨ ਚੱਲਦਾ ਰਿਹਾ ਅਤੇ ਸੇਵਾਦਾਰਾਂ ਨੇ ਆਈਆਂ ਹੋਈਆਂ ਸੰਗਤਾਂ ਨੂੰ ਬੜੀ ਨਿਮਰਤਾ ਸਹਿਤ ਲੰਗਰ ਛਕਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਸਰਪੰਚ ਬੋਹੜ ਸਿੰਘ ਬਲੇਹਰ, ਸਰਪੰਚ ਗੁਰਪ੍ਰੀਤ ਸਿੰਘ ਸ਼ੇਰਾ ਬਲੇਹਰ, ਨੰਬਰਦਾਰ ਕਰਤਾਰ ਸਿੰਘ ਬਲੇਹਰ, ਸਾਬਕਾ ਸਰਪੰਚ ਪ੍ਰਤਾਪ ਸਿੰਘ ਬਲੇਹਰ, ਸਾਬਕਾ ਸਰਪੰਚ ਬਲਕਾਰ ਸਿੰਘ ਬਲੇਹਰ, ਸਾਬਕਾ ਸਰਪੰਚ ਰਸ਼ਪਾਲ ਸਿੰਘ ਬਲੇਹਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੂਬਾ ਸਕੱਤਰ ਜਥੇਦਾਰ ਹਰਪਾਲ ਸਿੰਘ ਬਲੇਹਰ, ਸਰਪੰਚ ਚਮਕੌਰ ਸਿੰਘ ਬਲੇਹਰ, ਮੈਂਬਰ ਸਤਨਾਮ ਸਿੰਘ, ਮੈਂਬਰ ਜਜਪਪਾਲ ਸਿੰਘ, ਮੈਂਬਰ ਦਿਲਬਾਗ ਸਿੰਘ, ਮੈਂਬਰ ਤਰਸੇਮ ਸਿੰਘ, ਮੈਂਬਰ ਨਿਸ਼ਾਨ ਸਿੰਘ, ਮੈਂਬਰ ਬਾਪੂ ਬਲਵੰਤ ਸਿੰਘ, ਗੁਲਜ਼ਾਰ ਸਿੰਘ, ਬਲਜਿੰਦਰ ਸਿੰਘ, ਡਾਕਟਰ ਰਣਬੀਰ ਸਿੰਘ ਬਲੇਹਰ, ਸਰਪੰਚ ਬਲਜੀਤ ਸਿੰਘ ਫਰੰਦੀਪੁਰ, ਸਰਪੰਚ ਬਲਰਾਜ ਸਿੰਘ ਬੈਂਕਾ, ਸਾਬਕਾ ਸਰਪੰਚ ਗੁਰਦੇਵ ਸਿੰਘ ਬਲੇਹਰ, ਪ੍ਰਧਾਨ ਗੁਰਦੇਵ ਸਿੰਘ, ਗੁਰਭੇਜ ਸਿੰਘ, ਸੁਖਦੇਵ ਸਿੰਘ ਸਮੇਤ ਹੋਰ ਸੰਗਤਾਂ ਵੀ ਹਾਜ਼ਰ ਸਨ।

# ਮੁੜ ਜਨਰਲ ਸਕੱਤਰ ਬਣਨ ਮਗਰੋਂ ਜਗਦੀਪ ਸਿੰਘ ਕਾਹਲੋਂ ਨੇ ਪਰਿਵਾਰ ਸਮੇਤ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋ ਕੇ ਕੀਤਾ ਸ਼ੁਕਰਾਨਾ

## ਕੌਮ ਦੀ ਸੇਵਾ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਦਿਨ ਰਾਤ ਕੰਮ ਕਰਨ ਲਈ ਵਚਨਬੱਧ : ਕਾਹਲੋਂ



ਅੰਮ੍ਰਿਤਸਰ, 18 ਜੁਲਾਈ, (ਬਬਲੂ ਮਹਾਜਨ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੜ ਜਨਰਲ ਸਕੱਤਰ ਬਣਨ ਉਪਰੰਤ ਸਰਦਾਰ ਜਗਦੀਪ ਸਿੰਘ ਕਾਹਲੋਂ ਅੱਜ ਪਰਿਵਾਰ ਸਮੇਤ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ ਤੇ ਅਕਾਲ ਪੁਰਖ਼ ਦਾ ਸ਼ੁਕਰਾਨਾ ਕੀਤਾ।

ਸਰਦਾਰ ਕਾਹਲੋਂ ਨੇ ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਕਾਲ ਪੁਰਖ਼ ਦੀ ਰਹਿਮਤ ਨਾਲ ਉਹ ਬੀਤੇ ਦਿਨੀਂ ਹੋਈ ਚੋਣ ਵਿਚ ਮੁੜ ਸਰਬਸੰਮਤੀ ਨਾਲ ਜਨਰਲ ਸਕੱਤਰ ਚੁਣੇ ਗਏ ਹਨ। ਇਸੇ ਲਈ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਵਾਸਤੇ ਉਹ ਅੱਜ ਪਰਿਵਾਰ ਸਮੇਤ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ ਹਨ ਅਤੇ ਅਕਾਲ ਪੁਰਖ ਦਾ ਕੋਟਿ-ਕੋਟਿ ਸ਼ੁਕਰਾਨਾ ਕੀਤਾ ਹੈ। ਉਹਨਾਂ ਕਿਹਾ ਕਿ ਸੰਗਤ ਵੱਲੋਂ ਸੌਂਪੀ ਸੇਵਾ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਪੂਰੇ ਸਮਰਪਣ ਤੇ ਇਮਾਨਦਾਰੀ ਨਾਲ ਸੰਗਤ ਦੀ ਸੇਵਾ ਕਰਦੇ ਰਹਿਣਗੇ।

ਉਹਨਾਂ ਕਿਹਾ ਕਿ ਕੌਮ ਦੀ ਸੇਵਾ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਦਿਨ ਰਾਤ ਡੱਟ ਕੇ ਕੰਮ ਕਰਨ ਵਾਸਤੇ ਵਚਨਬੱਧ ਹੈ। ਉਹਨਾਂ ਕਿਹਾ ਕਿ ਕੋਰੋਨਾ ਕਾਲ ਵਿਚ ਲੰਗਰ ਸੇਵਾ ਤੋਂ ਲੈ ਕੇ ਕਿਸਾਨੀ ਸੰਘਰਸ਼ ਵਿਚ ਸੇਵਾ ਅਤੇ ਹੁਣ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਦਿੱਲੀ ਗੁਰਦੁਆਰਾ ਕਮੇਟੀ ਕ੍ਰਾਂਤੀਕਾਰੀ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਦੇਸ਼ ਭਰ ਵਿਚ ਦਿੱਲੀ ਗੁਰਦੁਆਰਾ ਕਮੇਟੀ ਪਹਿਲੀ ਅਜਿਹੀ ਸੰਸਥਾ ਹੈ, ਜਿਸਨੇ 50 ਰੁਪਏ ਵਿਚ ਐਮ ਆਰ ਆਈ ਤੇ ਸੀ ਟੀ ਸਕੈਨ, 7 ਹਜ਼ਾਰ ਰੁਪਏ ਪੈਟ ਸਕੈਨ ਅਤੇ ਮੁਫਤ ਡਾਇਲਸਿਸ ਵਰਗੀਆਂ ਸੇਵਾਵਾਂ ਦਿੱਤੀਆਂ ਹਨ। ਉਹਨਾਂ ਕਿਹਾ ਕਿ ਅਕਾਲ ਪੁਰਖ਼ ਦੀ ਰਹਿਮਤ ਨਾਲ ਅਸੀਂ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਆਪਣੀਆਂ ਸੇਵਾਵਾਂ ਦਾ ਨਿਰੰਤਰ ਵਿਸਥਾਰ ਕਰ ਰਹੇ ਹਾਂ ਅਤੇ ਸੰਗਤ ਦੇ ਸਹਿਯੋਗ ਸਦਕਾ ਅਜਿਹੀ ਮਿਸਾਲ ਕਾਇਮ ਕਰਾਂਗੇ, ਜਿਸਦਾ ਦੂਜਾ ਕੋਈ ਸਾਨੀ ਵੇਖਣ ਨੂੰ ਨਹੀਂ ਮਿਲੇਗਾ।

# ਮੌਤ ਤੋਂ ਦੋ ਹਫ਼ਤਿਆਂ ਬਾਅਦ ਦੁਬਈ ਤੋਂ ਭਾਰਤ ਪੁੱਜੀ ਰਣਜੀਤ ਸਿੰਘ ਦੀ ਮ੍ਰਿਤਕ ਦੇਹ




ਅੰਮ੍ਰਿਤਸਰ, 18 ਜੁਲਾਈ, (ਗੁਰਦਿਆਲ ਸਿੰਘ/ਬਬਲੂ ਮਹਾਜਨ) : ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਨੇੜਲੇ ਪਿੰਡ ਗਿੱਲ ਮੰਝ ਨਾਲ ਸਬੰਧਿਤ 40 ਸਾਲਾ ਰਣਜੀਤ ਸਿੰਘ ਪੁੱਤਰ ਫੌਜਾ ਸਿੰਘ ਦਾ ਮ੍ਰਿਤਕ ਸਰੀਰ ਅੱਜ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ.ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਰਣਜੀਤ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੇ ਬਿਹਤਰ ਭਵਿੱਖ ਲਈ ਕਰੀਬ ਪਿਛਲੇ 4 ਸਾਲਾਂ ਤੋਂ ਦੁਬਈ ਵਿਖੇ ਮਿਹਨਤ ਮਜ਼ਦੂਰੀ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪਰਿਵਾਰ ਵੱਲੋਂ ਦੱਸਣ ਮੁਤਾਬਿਕ ਬੀਤੀ 4 ਜੁਲਾਈ ਨੂੰ ਕੰਮ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਅੱਜ ਅੰਮ੍ਰਿਤਸਰ ਹਵਾਈ ਅੱਡੇ ਤੋਂ ਮ੍ਰਿਤਕ ਸਰੀਰ ਪੀੜ੍ਹਤ ਪਰਿਵਾਰ ਦੀ ਹਾਜ਼ਰੀ 'ਚ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ, ਵਿੱਤ ਸਕੱਤਰ ਨਵਜੀਤ ਸਿੰਘ ਘਈ ਅਤੇ ਮਨਪ੍ਰੀਤ ਸਿੰਘ ਕੰਬੋਜ਼ ਵੱਲੋਂ ਪ੍ਰਾਪਤ ਕਰਕੇ ਟਰੱਸਟ ਦੀ ਹੀ 'ਮੁਫ਼ਤ ਐਂਬੂਲੈਂਸ ਸੇਵਾ' ਰਾਹੀਂ ਉਸ ਦੇ ਘਰ ਤੱਕ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਰਣਜੀਤ ਦਾ ਮ੍ਰਿਤਕ ਸਰੀਰ ਭੇਜਣ 'ਤੇ ਆਇਆ ਖਰਚ ਆਦਿ ਉਸ ਦੀ ਕੰਮ ਵਾਲੀ ਕੰਪਨੀ ਵੱਲੋਂ ਕੀਤਾ ਗਿਆ ਹੈ। ਡਾ.ਓਬਰਾਏ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਗੁਰਦਾਸਪੁਰ ਜ਼ਿਲ੍ਹਾ ਟੀਮ ਵੱਲੋਂ ਜਲਦ ਹੀ ਪਰਿਵਾਰ ਦੀ ਆਰਥਿਕ ਹਾਲਤ ਤੋਂ ਜਾਣੂੰ ਕਰਵਾਉਣ ਉਪਰੰਤ ਰਣਜੀਤ ਦੀ ਪਤਨੀ ਨੂੰ ਲੋੜ ਅਨੁਸਾਰ ਮਹੀਨਾਵਾਰ ਪੈਨਸ਼ਨ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਡਾ.ਓਬਰਾਏ ਦੀ ਸਰਪ੍ਰਸਤੀ ਹੇਠ ਹੁਣ ਤੱਕ 418 ਦੇ ਕਰੀਬ ਬਦਨਸੀਬ ਨੌਜਵਾਨਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ ਅਤੇ ਪਿਛਲੇ ਕੁਝ ਅਰਸੇ ਤੋਂ ਹਵਾਈ ਅੱਡਾ ਅੰਮ੍ਰਿਤਸਰ ਤੋਂ ਮ੍ਰਿਤਕ ਸਰੀਰ ਘਰਾਂ ਤੱਕ ਪਹੁੰਚਣ ਲਈ ਮੁਫ਼ਤ ਐਂਬੂਲੈਂਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ।

ਇਸ ਦੌਰਾਨ ਹਵਾਈ ਅੱਡੇ 'ਤੇ ਮੌਜੂਦ ਮ੍ਰਿਤਕ ਦੇ ਸਾਲਾ ਸੰਤੋਖ ਸਿੰਘ ਤੇ ਗੁਰਪ੍ਰੀਤ ਸਿੰਘ, ਭਰਾ ਮਨਵਿੰਦਰ ਸਿੰਘ, ਸਰਪੰਚ ਸੁਖਦੀਪ ਸਿੰਘ ਅਤੇ ਕੁਲਵੰਤ ਸਿੰਘ ਆਦਿ ਨੇ ਡਾ.ਐਸ.ਪੀ. ਸਿੰਘ ਓਬਰਾਏ ਦਾ ਇਸ ਔਖੀ ਘੜੀ ਵੇਲੇ ਵੱਡੀ ਮੱਦਦ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਆਲ ਇੰਡੀਆ ਮਜਹਬੀ ਸਿੱਖ ਵੈਲਫੇਅਰ ਐਸੋਸੀਏਸ਼ਨ ਵੱਲੋਂ ਕੈਪਟਨ ਕੋਟਲੀ ਮੱਲੀਆਂ ਮਾਝਾ ਜ਼ੋਨ ਦੇ ਇੰਚਾਰਜ ਨਿਯੁਕਤ



ਤਰਸਿੱਕਾ, 18 ਜੁਲਾਈ, (ਦਵਿੰਦਰ ਸਿੰਘ ਤਰਸਿੱਕਾ) : ਆਲ ਇੰਡੀਆ ਮਹਜਬੀ ਸਿੱਖ ਵੈਲਫਅਰ ਐਸ਼ੋਸੀਏਸ਼ਨ ਰਜਿਸਟਰ ਵੱਲੋਂ ਕੈਪਟਨ ਮੱਖਣ ਸਿੰਘ ਕੋਟਲੀ ਮੱਲੀਆਂ ਨੂੰ ਮਾਝਾ ਜ਼ੋਨ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਗੱਲਬਾਤ ਕਰਦਿਆਂ ਕੈਪਟਨ ਮੱਖਣ ਸਿੰਘ ਨੇ ਕਿਹਾ ਕਿ ਨੈਸ਼ਨਲ ਪ੍ਰਧਾਨ ਸੁਖਮਿੰਦਰ ਸਿੰਘ ਗੱਜਣਵਾਲ ਤੇ ਨੈਸ਼ਨਲ ਕੋਡੀਨੇਟਰ ਸੁਵਿੰਦਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ।


**ਸਪੋਰਟਸ ਅਥਾਰਿਟੀ ਆਫ ਇੰਡੀਆ**
**ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ**
**ਸਪੋਰਟਸ ਪਟਿਆਲਾ ਪੰਜਾਬ-147001**

**ਵਕੀਲਾਂ ਦੀ ਸੂਚੀ ਲਈ ਨੋਟਿਸ**

ਸਪੋਰਟਸ ਅਥਾਰਟੀ ਆਫ਼ ਇੰਡੀਆ, ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ, ਭਾਰਤ ਸਰਕਾਰ ਦੇ ਅਧੀਨ ਇੱਕ ਖੁਦਮੁਖਤਿਆਰ ਸੰਸਥਾ ਹੈ। ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ, ਸਪੋਰਟਸ ਅਥਾਰਟੀ ਆਫ਼ ਇੰਡੀਆ ਆਪਣੇ ਕਾਨੂੰਨੀ ਮਾਮਲਿਆਂ ਲਈ ਵਕੀਲਾਂ ਦੀ ਸੂਚੀ ਲਈ ਪ੍ਰਸਤਾਵਾਂ ਨੂੰ ਸੱਦਾ ਦਿੰਦਾ ਹੈ।
ਵਕੀਲਾਂ ਦੀ ਸੂਚੀ ਲਈ ਨਿਰਧਾਰਤ ਪ੍ਰਕਿਰਿਆ ਦਾ ਵਿਸਤ੍ਰਿਤ ਵੇਰਵਾ ਸਪੋਰਟਸ ਅਥਾਰਟੀ ਆਫ਼ ਇੰਡੀਆ ਦੀ ਵੈੱਬਸਾਈਟ www.sportsauthorityofindia.nic.in 'ਤੇ ਉਪਲਬਧ ਹੈ।
ਵੈੱਬਸਾਈਟ 'ਤੇ ਉਪਲਬਧ ਨਿਰਧਾਰਤ ਫਾਰਮੈਟ ਵਿੱਚ ਅਰਜ਼ੀ ਇਸ ਦਫ਼ਤਰ ਨੂੰ 25 ਜੁਲਾਈ, 2025 ਸ਼ਾਮ 5 ਵਜੇ ਤੋਂ ਪਹਿਲਾਂ-ਪਹਿਲਾਂ ਪਹੁੰਚ ਜਾਣੀ ਚਾਹੀਦੀ ਹੈ। ਰਜਿਸਟਰਡ ਡਾਕ ਰਾਹੀਂ ਸੀਨੀਅਰ ਕਾਰਜਕਾਰੀ ਨਿਰਦੇਸ਼ਕ, ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ, ਪਟਿਆਲਾ, ਪੰਜਾਬ-147001 ਜਾਂ ਈਮੇਲ nsnispatiala.sai@gov.in ਰਾਹੀਂ ਈਮੇਲ/ਲਿਫਾਫੇ 'ਤੇ ਵਿਸ਼ੇ ਨੂੰ ਵਕੀਲਾਂ ਦੀ ਸੂਚੀ ਲਈ ਅਰਜ਼ੀ ਵਜੋਂ ਜ਼ਿਕਰ ਕਰਦੇ ਹੋਏ
ਮਿਤੀ: 19.07.2025

ਸੀਨੀਅਰ ਕਾਰਜਕਾਰੀ ਨਿਰਦੇਸ਼ਕ
ਐਸਏਐਸ, ਐਨਆਈਐਸ, ਪਟਿਆਲਾ



**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਵਰਕਸ਼ਾਪ ਇਲੈਕਟ੍ਰਿਕਲ ਇੰਜੀਨੀਅਰ (ਆਈ/ਸੀ) ਉੱਤਰ ਰੇਲਵੇ ਜਗਾਧਰੀ ਵਰਕਸ਼ਾਪ, ਯਮੁਨਾ ਨਗਰ, ਹਰਿਆਣਾ-135002, ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਹੇਠਾ ਲਿਖੇ ਕੰਮ ਦੇ ਲਈ ਕੇਵਲ ਆਨਲਾਈਨ ਮੋਡ ਦੇ ਦੁਵਾਰਾ ਤੋਂ ਈ-ਟੈਂਡਰ ਮੰਗ ਕਰਦਾ ਹੈ:-

| | | | |
|---|---|---|---|
| ਕੰਮ ਦਾ ਨਾਮ | ਐਲਐਚਬੀ ਪਾਵਰ ਕਾਰਾਂ ਵਿਚ ਉੱਚਰ ਸ਼ਮਤਾ ਕਪਲਰ ਅਤੇ ਫੀਡਰ ਕੇਬਲਸ ਦਾ ਪ੍ਰਾਵਧਾਨ। | | |
| ਟੈਂਡਰ ਪ੍ਰਕਾਰ | ਖੁਲੀ | ਬੋਲੀ ਪ੍ਰਣਾਲੀ | ਇਕ ਪੈਕੇਟ ਸਿਸਟਮ |
| ਟੈਂਡਰ ਵਿਕਰੀ ਸਮਾਪਨ ਮਿਤੀ | 11.08.2025 ਸਵੇਰੇ:11:30 ਵਜੇ | ਟੈਂਡਰ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 18.07.2025 15:13 |
| ਪੂਰਵ-ਬੋਲੀ ਜ਼ਰੂਰੀ ਹੈ | ਨਹੀਂ | ਅੱਜ ਤਕ ਪ੍ਰੀ-ਬਿਡ ਕਵੇਰੀ | ਨਹੀਂ |
| ਵਿਗਿਆਪਨ ਮੂਲ | ਰੁ: 2,19,03,310.41/- ਸਾਰੇ ਕਰ ਜੀਐਸਟੀ ਆਦਿ ਸਹਿਤ। | ਟੈਂਡਰ ਅਨੁਭਾਗ | ਟੈਂਡਰ ਅਤੇ ਵਰਕਸ/ ਇਲੈਕਟ੍ਰਿਕਲ ਬਰਾਂਚ, ਜਗਾਧਰੀ ਵਰਕਸ਼ਾਪ |
| ਅਗ੍ਰਿਮ ਧਨ | ਰੁ:2,59,500/- | ਆਫਰ ਦੀ ਵੈਧਤਾ | 60 ਦਿਨ |
| ਟੈਂਡਰ ਦਸਤਾਵੇਜ ਲਾਗਤ | Nil (ਅਪ੍ਰੈਲ 2022 ਦੇ ਭਾਗ-I ਖੰਡ ਨੰਬਰ 3 ਦੇ ਅਨੁਸਾਰ) | ਪੂਰਾ ਕਰਨ ਦਾ ਸਮਾਂ | 24 ਮਹੀਨੇ |
| ਬੋਲੀ ਸ਼ੁਰੂ ਮਿਤੀ | 28.07.2025 | ਬੋਲੀ ਸਮਾਪਤੀ ਮਿਤੀ | 11.08.2025 ਸਵੇਰੇ 11.30 ਵਜੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਉਸਦੇ ਬਾਦ ਕਿਸੀ ਵੀ ਸਮੇਂ ਟੈਂਡਰ ਨੂੰ ਬੰਦ ਕੀਤਾ ਜਾਂ ਸਕਦਾ ਹੈ। ਟੈਂਡਰਕਰਤਾਵਾਂ ਨੂੰ ਉਦਘਾਟਨ ਦੇ ਦੋਰਾਨ ਹਾਜ਼ਰ ਰਹਿਣ ਦੀ ਜ਼ਰੂਰਤ ਨਹੀਂ ਹੈ। ਟੈਂਡਰ ਬੰਦ ਹੋਣ ਦੇ ਬਾਦ ਕਿਸੀ ਵੀ ਸਮੇਂ ਟੈਂਡਰ ਖੋਲਣ ਦਾ ਅਧਿਕਾਰ ਰੇਲਵੇ ਕੋਲ ਸੁਰੱਖਿਅਤ ਹੈ। | | |
| ਵੈੱਬਸਾਈਟ | www.ireps.gov.in ਉਤੇ ਜਾਏ | | |

ਨੰਬਰ 56-ਡਬਲਯੂ/ਇਲੈਕਟ੍ਰਕ/24-25/ਟੀ/23/ਕਪਲਰ ਅਤ ਫੀਡਰ ਕੇਬਲਸ/ ਆਰਟੀ
2184/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ-ਟੈਂਡਰ**
**ਖੁਲੀ ਟੈਂਡਰ ਸੂਚਨਾ 19-ਅੰਬਾਲਾ/2025-26 ਮਿਤੀ 17.07.2025**

ਸੀਨੀਅਰ ਮੰਡਲ ਇੰਜੀਨੀਅਰ-ਸਮਨਵੇ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰ ਦੇ ਦੁਵਾਰਾ ਤੋਂ ਇਛੁਕ ਠੇਕੇਦਾਰਾਂ ਤੋਂ ਹੇਠਾ ਲਿਖੇ ਕੰਮਾਂ ਲਈ ਖੁਲੀ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕੀ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਤਕ ਖੁਲੀ ਰਹੇਗੀ ਅਤੇ ਉਸਦੇ ਬਾਦ ਖੋਲੀ ਜਾਵੇਗੀ।

1 ਕੰਮ ਦਾ ਨਾਮ : ਯੂਐਮਬੀ-ਕੇਐਲਕੇ ਖੰਡ ਉਤੇ ਪ੍ਰਮੁੱਖ ਪੁਲ ਨੰਬਰ 240,242, 244, 245, 249, 252, 259,260,267, 278, 316, 332 ਉਤੇ ਸੁਰੱਖਿਆ ਕੰਮ ਅਤੇ ਨਿਰੀਖਸ਼ਣ ਵਿਵਸਥਾ ਦਾ ਉਨਨਯਨ।

| ਅਨੁਮਾਨਿਤ ਲਾਗਤ (ਰੁ:) | ਅਗ੍ਰਿਮ ਰਾਸ਼ੀ (ਰੁ) | ਕੰਮ ਪੂਰਾ ਕਰਨ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ |
|---|---|---|---|
| 1,59,34,276 | 2,29,700 | 06 ਮਹੀਨੇ | 11.08.2025 |

2 ਕੰਮ ਦਾ ਨਾਮ : ਸੀਨੀਅਰ ਡੀਈਐਨ/ਆਈ/ਯੂਐਮਬੀ ਅਨੁਭਾਗ ਵਿਚ ਪੰਜ ਸਾਲ ਦੀ ਗਰੰਟੀ/ਵਾਰੰਟੀ ਦੇ ਨਾਲ 1 ਸਵਚਾਲਿਤ, ਬੈਕਟੀਰਿਯੋਲਾਜਿਕਲ ਟ੍ਰੀਟਮੈਂਟ ਪਲਾਂਟ ਦੀ ਆਪੂਰਤੀ, ਸਥਾਪਨਾ ਅਤੇ ਪਰੀਖਸ਼ਣ।

| ਅਨੁਮਾਨਿਤ ਲਾਗਤ (ਰੁ:) | ਅਗ੍ਰਿਮ ਰਾਸ਼ੀ (ਰੁ) | ਕੰਮ ਪੂਰਾ ਕਰਨ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ |
|---|---|---|---|
| 19,15,624 | 38,300 | 03 ਮਹੀਨੇ | 11.08.2025 |

ਨੋਟ :- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜ਼ਰੂਰੀ ਸੰਬੰਧਿਤ ਡਾਕਯੂਮੈਂਟਾਂ ਦੇ ਸਕੈਨਿੰਗ ਕਾਪੀ ਨੂੰ ਰੇਲਵੇ ਵੇਬਸਾਈਟ IREPS ਉਤੇ ਅਪਲੋਡ ਕਰਨ ਜ਼ਰੂਰੀ ਹੈ। 2. ਅਗ੍ਰਿਮ ਰਾਸ਼ੀ ਆਨ ਲਾਇਨ ਪੇਮੇਂਟ ਨੇਟ ਬੈਂਕਿੰਗ/ਗੇਟਵੇ ਪੇਮੇਂਟ ਦੇ ਦੁਵਾਰਾ ਹੀ ਸਵੀਕਾਰ ਹੋਣਗੇ। 3. ਟੈਂਡਰ ਦੀ ਪੂਰੀ ਜਾਣਕਾਰੀ ਲਈ ਰੇਲਵੇ ਵੈੱਬਸਾਈਟ www.ireps.gov.in ਉਤੇ ਲਾਗ ਆਨ ਕਰੋ। 4. ਠੇਕੇਦਾਰ ਨੂੰ ਈ-ਟੈਂਡਰਾਂ ਵਿਚ ਭਾਗੀਦਾਰੀ ਲਈ (ਕਲਾਸ-III) ਡਿਜਿਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗੀ। 2180/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਭਾਰਤੀ ਕੰਟੇਨਰ ਨਿਗਮ ਲਿਮਟਿਡ**
**CONTAINER CORPORATION OF INDIA LTD.**
ਇੱਕ ਨਵਰਤਨ ਕੰਪਨੀ (ਭਾਰਤ ਸਰਕਾਰ ਦਾ ਅਦਾਰਾ)
A Navratna Company (A Govt. of India Undertaking)
ਐਨਐਸਆਈਸੀ ਬਿਜ਼ਨਸ ਪਾਰਕ, ਨਵੀਂ ਐਮਡੀਬੀਪੀ ਬਿਲਡਿੰਗ, ਦੂਜੀ ਮੰਜ਼ਿਲ, ਓਖਲਾ ਇੰਡਸਟ੍ਰੀਜ਼ ਅਸਟੇਟ ਨਵੀਂ ਦਿੱਲੀ-110020

**ਜਨਤਕ ਨਿਲਾਮੀ/ਟੈਂਡਰ ਨੋਟਿਸ ਈ-ਨਿਲਾਮੀ ਰਾਹੀਂ ਲਾਵਾਰਿਸ/ਕਲੀਅਰ ਕੀਤੇ ਆਯਾਤ ਕੀਤੇ ਕਾਰਗੋ ਦਾ ਨਿਪਟਾਰਾ**

ਕੰਟੇਨਰ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ 30.04.2025 ਤੋਂ ਪਹਿਲਾਂ ਏਰੀਆ 1 ਅਤੇ ਏਰੀਆ 4 ਟਰਮੀਨਲਾਂ 'ਤੇ ਪਏ ਕਬਾੜ, ਖਾਲੀ ਖਰਾਬ ਹੋਏ ਕੰਟੇਨਰਾਂ ਅਤੇ ਲਾਵਾਰਿਸ/ਅਣਪਛਾਤੇ ਆਯਾਤ ਕੀਤੇ ਕਾਰਗੋ ਦੀ ਨਿਲਾਮੀ 31.07.2025 ਨੂੰ "ਜਿਵੇਂ ਹੈ ਜਿੱਥੇ ਹੈ ਦੇ ਆਧਾਰ 'ਤੇ" ਈ-ਨਿਲਾਮੀ ਰਾਹੀਂ ਕਰੇਗੀ। ਨਿਲਾਮੀ ਵਿਕਰੀ ਦੇ ਨਿਯਮਾਂ ਅਤੇ ਸ਼ਰਤਾਂ ਅਤੇ ਕਾਰਗੋ ਵੇਰਵਿਆਂ ਦੇ ਨਾਲ ਸਾਰੇ ਵੇਰਵੇ 19.07.2025 ਤੋਂ www.concorindia.co.in ਅਤੇ www.mstcecommerce.com 'ਤੇ ਉਪਲਬਧ ਹੋਣਗੇ। ਜਨਤਕ ਖੇਤਰ ਦੇ ਅਦਾਰਿਆਂ/ਵਿਭਾਗਾਂ ਸਮੇਤ ਸਾਰੇ ਆਯਾਤਕ, ਜਿਨ੍ਹਾਂ ਦੇ ਕੰਟੇਨਰ/ਮਾਲ ਕਿਸੇ ਵੀ ਵਿਵਾਦ, ਅਦਾਲਤਾਂ/ਟ੍ਰਿਬਿਊਨਲਾਂ/ਹੋਰਾਂ ਦੁਆਰਾ ਦਿੱਤੇ ਗਏ ਸਟੇਅ ਜਾਂ ਕਿਸੇ ਵੀ ਅਜਿਹੇ ਕਾਰਨ ਕਰਕੇ ਸਬੰਧਤ ਟਰਮੀਨਲਾਂ 'ਤੇ ਲਾਵਾਰਿਸ/ਅਣਪਛਾਤੇ ਪਏ ਹਨ ਅਤੇ ਵੈੱਬਸਾਈਟ ਵਿੱਚ ਅਪਲੋਡ ਕੀਤੀ ਗਈ ਉਪਰੋਕਤ ਸੂਚੀ ਵਿੱਚ ਸ਼ਾਮਲ ਹਨ, ਸਬੰਧਤ ਕਾਰਜਕਾਰੀ ਨਿਰਦੇਸ਼ਕ, ਖੇਤਰ 1 ਅਤੇ ਖੇਤਰ 4 CONCOR ਨਾਲ ਅਤੇ ਸਬੰਧਤ ਕਮਿਸ਼ਨਰੇਟ ਕਸਟਮ ਕਮਿਸ਼ਨਰ ਨੂੰ ਇਸ ਅਨੁਸਾਰ ਸੂਚਿਤ ਕਰ ਸਕਦਾ ਹੈ ਅਤੇ ਅਜਿਹੇ ਨੋਟਿਸ ਦੇ 7 (ਸੱਤ ਦਿਨਾਂ) ਦੇ ਅੰਦਰ ਅਜਿਹੇ ਸਾਮਾਨ ਦੇ ਨਿਪਟਾਰੇ ਸੰਬੰਧੀ ਆਪਣੇ ਇਤਰਾਜ਼/ਦਾਅਵੇ ਦਰਜ ਕਰ ਸਕਦਾ ਹੈ। ਅਜਿਹਾ ਨਾ ਕਰਨ 'ਤੇ ਸਾਮਾਨ ਦੀ ਨਿਲਾਮੀ ਬਿਨਾਂ ਕਿਸੇ ਹੋਰ ਨੋਟਿਸ ਦੇ ਜਿਵੇਂ ਹੈ ਜਿੱਥੇ ਹੈ ਦੇ ਆਧਾਰ 'ਤੇ ਕੀਤੀ ਜਾਵੇਗੀ। ਪੂਰੇ ਵੇਰਵਿਆਂ ਲਈ ਕਿਰਪਾ ਕਰਕੇ www.concorindia.co.in ਅਤੇ www.mstcecommerce.com 'ਤੇ ਲੌਗਇਨ ਕਰੋ।

ਕਾਰਜਕਾਰੀ ਨਿਰਦੇਸ਼ਕ, ਖੇਤਰ 1



**ਅਕਾਲ ਸਹਾਇ ॥**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ-ਛਾਇਆ ਹੇਠ
**ਅੱਠਵੇਂ ਪਾਤਸ਼ਾਹ ਬਾਲਾ ਪ੍ਰੀਤਮ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਦਾ**
**ਪ੍ਰਕਾਸ਼ ਗੁਰਪੁਰਬ**
**੦੪ ਸਾਵਣ ਸੰਮਤ ਨਾਨਕਸ਼ਾਹੀ ੫੫੭, 19 ਜੁਲਾਈ 2025 ਦਿਨ ਸ਼ਨਿੱਚਰਵਾਰ ਨੂੰ ਮਨਾਇਆ ਜਾ ਰਿਹਾ ਹੈ।**
**ਸਥਾਨ** : ਗੁਰਦੁਆਰਾ ਸ੍ਰੀ ਸ਼ੀਸ਼ ਮਹਿਲ ਸਾਹਿਬ ਸ੍ਰੀ ਕੀਰਤਪੁਰ ਸਾਹਿਬ
**ਗੁਰਮਤਿ ਸਮਾਗਮ** : ਸਮਾਂ : ਸਵੇਰੇ 9.00 ਵਜੇ ਤੋਂ ਸ਼ਾਮ 3.00 ਵਜੇ ਤੱਕ
**ਕੀਰਤਨ ਦਰਬਾਰ** : ਸ਼ਾਮ : 7.30 ਵਜੇ ਤੋਂ 10.30 ਵਜੇ ਤੱਕ
ਉਪਰੰਤ ਰਾਤ 11 ਵਜੇ ਆਤਿਸ਼ਬਾਜੀ ਕੀਤੀ ਜਾਵੇਗੀ।
ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕਰਨ ਲਈ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ।
**ਗੁਰੂ ਪੰਥ ਦੇ ਦਾਸ**



ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ।



ਐਡਵੋਕੇਟ ਹਰਜਿੰਦਰ ਸਿੰਘ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਸ੍ਰ. ਅਮਰਜੀਤ ਸਿੰਘ ਜੀ ਚਾਵਲਾ
ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਡਾ. ਦਲਜੀਤ ਸਿੰਘ ਭਿੰਡਰ
ਅੰਤ੍ਰਿਗ ਕਮੇਟੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

**ਜਾਰੀ ਕਰਤਾ : ਮੈਨੇਜਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ।**



**ਪੰਜਾਬ ਸਰਕਾਰ**
ਟੈਂਡਰ ਹਵਾਲਾ ਨੰਬਰ: ਈ-ਟੈਂਡਰ ਨੰ. ਐਮਸੀਜੇ/(ਭ ਅਤੇ ਮ) 2025-26/13

| | |
|---|---|
| ਵਿਭਾਗ : | ਨਗਰ ਨਿਗਮ, ਜਲੰਧਰ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਈ-ਟੈਂਡਰ ਮੰਗ ਸੂਚਨਾ (ਸਿਵਲ ਕੰਮ) |
| ਬੰਦ ਹੋਣ ਦੀ ਮਿਤੀ ਅਤੇ ਸਮਾਂ : | ਠੇਕੇਦਾਰਾਂ ਲਈ ਮਿਤੀ ਅਤੇ ਸਮਾਂ ਸੂਚੀ : 04.08.2025 ਨੂੰ 16.00 ਵਜੇ ਤੱਕ |
| ਵੇਰਵਿਆਂ ਲਈ ਲਾਗ ਆਨ ਕਰੋ : | www.eproc.punjab.govt.in |
| ਨੋਟ : | ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ। |

ਸਹੀ/-ਨਿਗਮ ਇੰਜੀਨੀਅਰ, ਨਗਰ ਨਿਗਮ, ਜਲੰਧਰ
RO.No.PR-Advt.No.3234/12/2025-26/1346/Dated CHD : 18/07/2025



**ਪੰਜਾਬ ਸਰਕਾਰ**
ਨਗਰ ਕੌਂਸਲ, ਭਵਾਨੀਗੜ੍ਹ ਵੱਲੋਂ ਸਿਵਲ ਕੰਮਾਂ ਦੇ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

| ਲ.ਨੰ. | ਟੈਂਡਰ ਹਵਾਲਾ ਨੰ. | ਬੰਦ ਹੋਣ ਦੀ ਮਿਤੀ ਅਤੇ ਸਮਾਂ |
|---|---|---|
| 1 | ਈ-ਟੈਂਡਰ/ਐਮਸੀ/ਭਵਾਨੀਗੜ੍ਹ/2025-26/03 | 06.08.2025 ਨੂੰ ਸਵੇਰੇ 11.00 ਵਜੇ |
| 2 | ਈ-ਟੈਂਡਰ/ਐਮਸੀ/ਭਵਾਨੀਗੜ੍ਹ/2025-26/04 | |
| 3 | ਈ-ਟੈਂਡਰ/ਐਮਸੀ/ਭਵਾਨੀਗੜ੍ਹ/2025-26/05 | |

ਵੇਰਵਿਆਂ ਲਈ ਲਾਗ ਆਨ ਕਰੋ : http.eprocPunjab.gov.in
ਸੂਚਨਾ : ਟੈਂਡਰ ਸੂਚਨਾ ਆਰਐਫਪੀ ਸੂਚਨਾ ਸੰਬੰਧੀ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-
ਪ੍ਰਧਾਨ, ਨਗਰ ਕੌਂਸਲ, ਭਵਾਨੀਗੜ੍ਹ — ਕਾਰਜਕਾਰੀ ਅਧਿਕਾਰੀ, ਨਗਰ ਕੌਂਸਲ, ਭਵਾਨੀਗੜ੍ਹ
RO.No.PR-Advt.No.1252/12/2025-26/1372/Dated CHD : 18/07/2025



**ਪੰਜਾਬ ਮੰਡੀ ਬੋਰਡ**
Email ID : pmb.xencbar@punjab.gov.in
**ਆਨਲਾਈਨ ਬੋਲੀ ਸੱਦਾ ਪੱਤਰ**
**ਟੈਂਡਰ ਨੋਟਿਸ ਨੰ. 06 (2025) ਮਿਤੀ 18.07.2025**

ਕਾਰਜਕਾਰੀ ਇੰਜੀਨੀਅਰ (ਸਿਵਲ) ਪੰਜਾਬ ਮੰਡੀ ਬੋਰਡ, ਵਿਕਾਸ ਭਵਨ, ਨਵੀਂ ਦਾਣਾ ਮੰਡੀ, ਬਰਨਾਲਾ ਵੱਲੋਂ ਖ਼ਰੀਦ ਕੇਂਦਰ ਕੋਟਦੁੱਨਾ ਦੇ ਪੁਰਾਣੇ ਫੜ ਨੂੰ ਪੁੱਟ ਕੇ ਨਵੀਂ ਜਗ੍ਹਾ ਤੇ ਫੜ ਲਗਾਉਣਾ ਅਤੇ 35×35 ਸਟੀਲ ਕਵਰ ਸ਼ੈੱਡ ਅਤੇ ਆਰ.ਆਰ.ਸੀ. ਰੀਟੇਨਿੰਗਵਾਲ ਦੀ ਉਸਾਰੀ ਕਰਨ ਲਈ ਪੰਜਾਬ ਮੰਡੀ ਬੋਰਡ ਨਾਲ ਸੂਚੀਕ੍ਰਿਤ ਪਾਤਰ ਤੇ ਬੋਲੀਕਾਰਾਂ ਤੋਂ ਬੋਲੀਆਂ ਮੰਗੀਆਂ ਜਾਂਦੀਆਂ ਹਨ। ਵੇਰਵਿਆਂ, ਸ਼ਰਤਾਂ ਤੇ ਪ੍ਰਤੀਬੰਧਾਂ ਜਾਂ ਬੋਲੀ ਸੱਦਾ ਸੂਚਨਾ ਲਈ ਵੈੱਬਸਾਈਟ ਤੋਂ ਹਵਾਲਾ ਲਿਆ ਜਾ ਸਕਦਾ ਹੈ : www.eproc.punjab.gov.in
ਜੇਕਰ ਕੋਈ ਸੋਧ ਹੋਵੇਗੀ ਤਾਂ ਸਿਰਫ਼ ਵੈੱਬਸਾਈਟ ਉੱਤੇ ਹੀ ਜਾਰੀ ਕੀਤੀ ਜਾਵੇਗੀ।
Closing Date & Time : 05.08.2025 3.00 PM

ਸਹੀ/- ਕਾਰਜਕਾਰੀ ਇੰਜੀਨੀਅਰ (ਸ),
ਪੰਜਾਬ ਮੰਡੀ ਬੋਰਡ,
ਬਰਨਾਲਾ

Ro No. PR-Advt No. 1574 / 12 / 2025-26 / 1329 / Dated CHD : 18.07.2025



**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ**
ਰਜਿਸਟਰਡ ਦਫ਼ਤਰ ਪੰ:ਰਾ:ਬਿ: ਬੋਰਡ: ਮੁੱਖ ਦਫ਼ਤਰ ਦੀ ਮਾਲ ਪਟਿਆਲਾ - 147001
ਕਾਰਪੋਰੇਸ਼ਨ ਪਹਿਚਾਨ ਨੰ. U40109PB2010SGC033813
Website : www.pspcl.in
ਮੋਬਾਇਲ ਨੰ. 96461-23797

ਸੀਨੀਅਰ ਕਾਰਜਕਾਰੀ ਇੰਜੀਨੀਅਰ, ਸਿਵਲ ਉਸਾਰੀ ਅਤੇ ਸਾਂਭ-ਸੰਭਾਲ ਮੰਡਲ, ਡੀ-207, ਥਰਮਲ ਕਲੋਨੀ, ਪੀ.ਐਸ.ਪੀ.ਸੀ.ਐਲ., ਬਠਿੰਡਾ ਵੱਲੋਂ ਹੇਠ ਲਿਖੇ ਕੰਮਾਂ ਦੇ ਖੁੱਲ੍ਹੇ ਟੈਂਡਰ ਈ-ਟੈਂਡਰ ਪ੍ਰਣਾਲੀ ਰਾਹੀਂ ਸੱਦੇ ਜਾਂਦੇ ਹਨ।

| ਲੜੀ ਨੰ. | ਕੰਮ ਦਾ ਨਾਮ | ਟੈਂਡਰ ਇਨਕੁਆਇਰੀ ਨੰ. |
|---|---|---|
| 1 | 66 ਕੇ.ਵੀ. ਸਬ-ਸਟੇਸ਼ਨ ਡਗਰੂ ਵਿਖੇ ਉਪ ਮੰਡਲ ਡਗਰੂ ਲਈ ਸਬਮਰਸੀਬਲ ਪੰਪ ਇੰਸਟਾਲ ਕਰਨ ਸਬੰਧੀ। | TE-15/CCM/BTI/2025-26 |

ਵਿਸਤ੍ਰਿਤ ਟੈਂਡਰ ਮੰਗ ਨੋਟਿਸ ਅਤੇ ਟੈਂਡਰ ਸਪੈਸੀਫਿਕੇਸ਼ਨ https://eproc.punjab.gov.in ਮਿਤੀ 19.07.2025 ਸਵੇਰੇ 09.00 ਵਜੇ ਤੋਂ ਵੇਖੇ ਜਾ ਸਕਦੇ ਹਨ।
ਨੋਟ : ਸੋਧ ਸੰਬੰਧੀ ਵੇਰਵੇ ਵੈੱਬਸਾਈਟ https://eproc.punjab.gov.in ਤੇ ਦੇਖੇ ਜਾਣ।

C 506/25
Ro No. PR-Advt. No. 1079 / 12 / 2025-26 / 1363 / Dated CHD : 18.07.2025

# ਚੀਫ਼ ਇੰਜੀਨੀਅਰ ਦੇ ਦਫ਼ਤਰ ਬਾਹਰ ਬਿਜਲੀ ਮੁਲਾਜ਼ਮਾਂ ਵੱਲੋਂ ਧਰਨਾ



ਲੁਧਿਆਣਾ, 18 ਜੁਲਾਈ (ਰਵਿੰਦਰ ਸਿੰਘ ਨਿੱਝਰ) : ਬਿਜਲੀ ਮੁਲਾਜ਼ਮਾਂ ਦੀਆਂ ਜੁਝਾਰੂ ਜਥੇਬੰਦੀਆਂ ਵੱਲੋਂ ਸਰਕਲ ਪੱਧਰ ਦਾ ਧਰਨਾ ਮੁੱਖ ਚੀਫ ਇੰਜੀਨੀਅਰ ਦੇ ਦਫਤਰ ਦੇ ਬਾਹਰ ਇੰਜ ਰਘਵੀਰ ਸਿੰਘ ਰਾਮਗੜ੍ਹ ਸੂਬਾਈ ਆਗੂ ਜੁਆਇੰਟ ਫੋਰਮ, ਕਰਤਾਰ ਸਿੰਘ ਤੇ ਇੰਜ ਰਸ਼ਪਾਲ ਸਿੰਘ ਸੂਬਾਈ ਆਗੂ ਬਿਜਲੀ ਮੁਲਾਜਮ ਏਕਤਾ ਮੰਚ, ਇੰਜ ਜਗਤਾਰ ਸਿੰਘ ਸੂਬਾਈ ਆਗੂ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਕੇਵਲ ਸਿੰਘ ਬਨਵੈਤ ਸੂਬਾਈ ਆਗੂ ਪਾਵਰਕਾਮ ਐਂਡ ਟਰਾਂਸਕੋ ਪੈਨਸ਼ਨਰਜ ਯੂਨੀਅਨ, ਜਸਵੀਰ ਸਿੰਘ ਆਂਡਲੂ ਗਰਿੱਡ ਸਟਾਫ ਐਸੋਸੀਏਸ਼ਨ ਦੀ ਸਾਂਝੀ ਅਗਵਾਈ ਹੇਠ ਲਗਾਇਆ ਗਿਆ, ਜਿਸਦੇ ਮੰਚ ਦਾ ਸੰਚਾਲਨ ਪ੍ਰਧਾਨ ਸਤੀਸ਼ ਭਾਰਦਵਾਜ ਤੇ ਪ੍ਰਧਾਨ ਸੁਰਜੀਤ ਸਿੰਘ ਵੱਲੋਂ ਕੀਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੱਸਿਆ ਕਿ 02/06/25 ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਅਤੇ ਸੀਐਮਡੀ ਕੇਕੇ ਸਿਨਹਾ ਆਈ ਏ ਐਸ ਨਾਲ ਸਮੁੱਚੀ ਮੈਨੇਜਮੈਂਟਾਂ ਨਾਲ ਮੋਹਾਲੀ ਵਿਖੇ ਅਹਿਮ ਮੀਟਿੰਗ ਹੋਈ ਸੀ, ਜਿਸ ਵਿੱਚ ਲੰਬੀ ਵਿਚਾਰ ਚਰਚਾ ਤੋਂ ਬਾਅਦ 50 ਮੰਗਾਂ 'ਚੋਂ 25 ਨੂੰ ਲਾਗੂ ਕਰਨ ਉੱਤੇ ਸਹਿਮਤੀ ਬਣ ਗਈ ਸੀ ਪਰ ਡੇਢ ਮਹੀਨਾ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਸਬੰਧੀ ਕੋਈ ਵੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਜੇਕਰ ਹੁਣ ਵੀ ਪੰਜਾਬ ਸਰਕਾਰ, ਬਿਜਲੀ ਮੰਤਰੀ ਜਾਂ ਮੈਨੇਜਮੈਂਟ ਨਾ ਜਾਗੀ ਤਾਂ 27 ਜੁਲਾਈ ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਦੀ ਅੰਮ੍ਰਿਤਸਰ ਸਥਿਤ ਕੋਠੀ ਦਾ ਘਿਰਾਓ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਇਸ ਤੋਂ ਬਾਅਦ ਅਗਸਤ ਮਹੀਨੇ ਦੇ ਪਹਿਲੇ ਹਫਤੇ ਤੋਂ ਕਲਮ ਤੇ ਔਜਾਰ ਛੱਡੋ ਹੜਤਾਲ ਸ਼ੁਰੂ ਕਰ ਦਿੱਤੀ ਜਾਵੇਗੀ। ਆਗੂਆਂ ਨੇ ਆਏ ਹੋਏ ਸਾਰੇ ਬਿਜਲੀ ਮੁਲਾਜ਼ਮਾਂ ਨੂੰ 27 ਦੀ ਸੂਬਾ ਪੱਧਰੀ ਰੋਸ ਰੈਲੀ ਦੀਆਂ ਤਿਆਰੀਆਂ 'ਚ ਜੁੱਟ ਜਾਣ ਦੇ ਆਦੇਸ਼ ਦਿੱਤੇ। ਹੋਰਨਾਂ ਆਗੂਆਂ ਚਮਕੌਰ ਸਿੰਘ, ਸੋਬਨ ਸਿੰਘ ਠਾਕੁਰ, ਦਲਜੀਤ ਸਿੰਘ, ਕਰਤਾਰ ਸਿੰਘ, ਮਨਜੀਤ ਸਿੰਘ ਮਨਸੂਰਾਂ, ਧਰਮਿੰਦਰ, ਅਵਤਾਰ ਸਿੰਘ ਬੱਸੀਆਂ, ਬੂਟਾ ਸਿੰਘ, ਗੁਰਪ੍ਰੀਤ ਸਿੰਘ ਮਹਿਦੂਦਾਂ, ਸਰਤਾਜ ਸਿੰਘ, ਗੌਰਵ ਕੁਮਾਰ, ਗਗਨਦੀਪ ਸਿੰਘ ਵਿਰਦੀ, ਚਰਨਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਬਿਜਲੀ ਮੁਲਾਜਮ ਹਾਜ਼ਰ ਸਨ।

# ਲੋਕ ਗਾਇਕ ਕਲਾ ਮੰਚ ਨੇ ਦੋ ਜ਼ਿਲ੍ਹਾ ਪ੍ਰਧਾਨਾਂ ਦੇ ਨਾਵਾਂ ਦਾ ਐਲਾਨ ਕੀਤਾ




ਲੁਧਿਆਣਾ, 18 ਜੁਲਾਈ (ਰਵਿੰਦਰ ਸਿੰਘ ਨਿੱਝਰ) : ਲੋਕ ਗਾਇਕ ਕਲਾ ਮੰਚ ਇੰਟਰਨੈਸ਼ਨਲ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿੱਚ ਇਕਾਈਆਂ ਦੇ ਪੁਨਰਗਠਨ ਦਾ ਕੰਮ ਬਾਦਸਤੂਰ ਜਾਰੀ ਹੈ। ਮੰਚ ਦੇ ਬਾਨੀ ਪ੍ਰਧਾਨ ਹਾਕਮ ਬਖਤੜੀ ਵਾਲਾ ਨੇ ਸੰਗਰੂਰ ਅਤੇ ਕਪੂਰਥਲਾ ਤੋਂ ਬਾਅਦ ਜ਼ਿਲ੍ਹਾ ਮੋਗਾ ਅਤੇ ਜਿਲ ਫਰੀਦਕੋਟ ਦੇ ਪ੍ਰਧਾਨਾਂ ਦੇ ਨਾਂ ਵੀ ਐਲਾਨ ਦਿੱਤੇ ਹਨ। ਹਾਕਮ ਨੇ ਦੱਸਿਆ ਕਿ ਗਾਇਕ ਗੁਰਸੇਵਕ ਘੋਲੀਆ ਨੂੰ ਜ਼ਿਲ੍ਹਾ ਮੋਗਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਅਤੇ ਮੀਤ ਗੁਰਨਾਮ ਨੂੰ ਜ਼ਿਲ੍ਹਾ ਫਰੀਦਕੋਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਜ਼ਿਲ੍ਹਾ ਮੋਗਾ ਦੇ ਪ੍ਰਧਾਨ ਗੁਰਸੇਵਕ ਘੋਲੀਆ ਨੇ ਆਪਣੇ ਜ਼ਿਲ੍ਹੇ ਵਿੱਚ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਜਿਸ ਵਿੱਚ ਗਾਇਕ ਅਜੈਦੀਪ, ਹਰਪ੍ਰੀਤ ਰਾਜਸਥਾਨੀ, ਗੁਰਲਾਲ ਸਿੱਧੂ, ਜੱਜ ਜਟਾਣਾ, ਗੀਤਕਾਰ ਬੂਟਾ ਘੋਲੀਆ ਖੁਰਦ, ਅਮਰੀਕ ਘੋਲੀਆ ਖੁਰਦ, ਗੀਤਕਾਰ ਇਕਬਾਲ ਘੋਲੀਆ, ਕਹਾਣੀਕਾਰ ਕੁਲਵੰਤ ਘੋਲੀਆ, ਇਨਸਾਫ਼ ਸਿੰਘ ਬਰਾੜ, ਲਾਲੀ ਹੀਰਾ, ਗੀਤਕਾਰ ਬਿਕਰਮਜੀਤ ਜੱਜ, ਗਾਇਕ ਇੰਦਰਜੀਤ ਮੋਗਾ, ਗਾਇਕ ਗੁਰਦੀਪ ਭੰਗੂ, ਗਾਇਕ ਜਸਵਿੰਦਰ ਸਫਰੀ, ਗੀਤਕਾਰ ਐਡਵੋਕੇਟ ਰਾਣਾ ਮੱਲਕੇ, ਗਾਇਕ ਬਲਵੀਰ ਗਿੱਲ, ਗਾਇਕ ਸਿਕੰਦਰ ਅਲੀ, ਗਾਇਕ ਗੋਬਿੰਦ ਸਮਾਲਸਰ, ਗਾਇਕ ਰੇਸ਼ਮ ਭੱਟੀ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਫਰੀਦਕੋਟ ਜ਼ਿਲ੍ਹੇ ਦੇ ਮੰਚ ਦੇ ਪ੍ਰਧਾਨ ਮੀਤ ਗੁਰਨਾਮ ਨੇ ਬਾਅਦ ਵਿੱਚ ਕਮੇਟੀ ਦਾ ਗਠਨ ਕੀਤਾ ਜਿਸ ਵਿੱਚ ਹਰਿੰਦਰ ਸੰਧੂ ਨੂੰ ਸਰਪ੍ਰਸਤ, ਸੁਰਜੀਤ ਗਿੱਲ ਨੂੰ ਮੀਤ ਪ੍ਰਧਾਨ, ਵਰਿੰਦਰ ਗੋਲਡੀ ਨੂੰ ਸੈਕਟਰੀ, ਬਿੱਲਾ ਮਾਣੇਵਾਲੀਆ ਨੂੰ ਸਲਾਹਕਾਰ, ਕੁਲਵੰਤ ਨੱਥੇਵਾਲਾ ਨੂੰ ਖਜਾਨਚੀ, ਗੀਤਕਾਰ ਜੱਸਾ ਫੇਰੋਕੇ, ਤਾਰੀ ਗੁੱਲੇਵਾਲਾ, ਅੰਗਰੇਜ਼ ਸੀਨ, ਗੁਰਪ੍ਰੀਤ ਮਲਕੇ, ਪਰਮ ਕੋਟਕਪੂਰਾ, ਕੁਲਵਿੰਦਰ ਸੇਠੀ, ਨਿਤਨ, ਵਿੱਕੀ, ਮੰਗਾ, ਲਖਵੀਰ, ਪ੍ਰਿੰਸ, ਬਿੰਦਰ, ਅਮਨ ਅਤੇ ਸਿਕੰਦਰ ਨੂੰ ਕਾਰਜਕਾਰਨੀ ਦੇ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

# ਕੈਬਨਿਟ ਮੰਤਰੀ ਅਰੋੜਾ ਨੇ ਸਾਰਥੀ ਪ੍ਰੋਜੈਕਟ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ



ਲੁਧਿਆਣਾ, 18 ਜੁਲਾਈ (ਵਿਸ਼ਾਲ ਸ਼ਰਮਾ) : ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸ਼ੁੱਕਰਵਾਰ ਨੂੰ ਐਸ.ਸੀ.ਡੀ ਸਰਕਾਰੀ ਕਾਲਜ (ਲੜਕੇ) ਲੁਧਿਆਣਾ ਵਿਖੇ ਸਰਕਾਰੀ ਸੈਕੰਡਰੀ ਸਕੂਲਾਂ ਅਤੇ ਕਾਲਜਾਂ ਦੇ ਕਰੀਅਰ ਗਾਈਡੈਂਸ ਸਲਾਹਕਾਰਾਂ ਨੂੰ ਸਿਖਲਾਈ ਦੇਣ ਦੀ ਪਹਿਲਕਦਮੀ, ਪ੍ਰੋਜੈਕਟ ਸਾਰਥੀ ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਦੇ ਨਾਲ ਜ਼ਿਲ੍ਹਾ ਪ੍ਰਸ਼ਾਸਨ ਅਤੇ ਐਕਟ ਹਿਊਮਨ ਹਰਲੀਨ ਕੌਰ ਦੀ ਅਗਵਾਈ ਵਾਲੀ ਇੱਕ ਐਨ.ਜੀ.ਓ ਦੁਆਰਾ ਆਯੋਜਿਤ ਇਸ ਪ੍ਰੋਗਰਾਮ ਵਿੱਚ ਲੁਧਿਆਣਾ ਦੇ 393 ਸਲਾਹਕਾਰਾਂ ਨੇ ਹਿੱਸਾ ਲਿਆ। ਸੰਜੀਵ ਅਰੋੜਾ ਨੇ ਖੇਤੀਬਾੜੀ, ਤਕਨਾਲੋਜੀ, ਉੱਦਮਤਾ, ਵਿਗਿਆਨ, ਸਿਵਲ ਸੇਵਾਵਾਂ, ਦਵਾਈ ਅਤੇ ਇੰਜੀਨੀਅਰਿੰਗ ਵਰਗੇ ਵਿਭਿੰਨ ਕਰੀਅਰ ਵੱਲ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਕਰਨ ਲਈ ਸਲਾਹਕਾਰਾਂ ਨੂੰ ਹੁਨਰਾਂ ਨਾਲ ਲੈਸ ਕਰਕੇ ਜੀਵਨ ਬਦਲਣ ਦੀ ਪਹਿਲਕਦਮੀ ਦੀ ਸੰਭਾਵਨਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ, "ਬਹੁਤ ਸਾਰੇ ਵਿਦਿਆਰਥੀਆਂ ਦੇ ਕਰੀਅਰ ਮਾਰਗਾਂ ਬਾਰੇ ਸਪੱਸ਼ਟਤਾ ਦੀ ਘਾਟ ਹੈ। ਪ੍ਰੋਜੈਕਟ ਸਾਰਥੀ ਸਲਾਹਕਾਰਾਂ ਨੂੰ ਇਸ ਪਾੜੇ ਨੂੰ ਪੂਰਾ ਕਰਨ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ।"ਇਹ ਸਿਖਲਾਈ ਪ੍ਰਭਾਵਸ਼ਾਲੀ ਵਿਦਿਆਰਥੀ ਕਾਉਂਸਲਿੰਗ ਲਈ ਸਟੈਂਡਰਡ ਓਪਰੇਟਿੰਗ ਪ੍ਰਕਿਰਿਆਵਾਂ (ਐਸ. ਓ. ਪੀਜ਼) 'ਤੇ ਕੇਂਦ੍ਰਿਤ ਹੈ, ਸੂਚਿਤ ਕਰੀਅਰ ਵਿਕਲਪਾਂ ਦਾ ਸਮਰਥਨ ਕਰਨ ਲਈ ਵਿਹਾਰਕ ਪਹੁੰਚਾਂ 'ਤੇ ਜ਼ੋਰ ਦਿੰਦੀ ਹੈ। ਇੱਕ ਮਹੱਤਵਪੂਰਨ ਪਲ ਬੀ.ਡੀ ਗਰੁੱਪ ਦੇ ਡਾਇਰੈਕਟਰ ਕ੍ਰਿਸ਼ਨ ਦਾ ਇੱਕ ਪ੍ਰੇਰਨਾਦਾਇਕ ਭਾਸ਼ਣ ਸੀ, ਜਿਸ ਵਿੱਚ ਉਨ੍ਹਾਂ ਨੇ ਸਾਂਝਾ ਕੀਤਾ ਕਿ ਅਧਿਆਪਕਾਂ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਕਿਵੇਂ ਢਾਲਿਆ। ਉਨ੍ਹਾਂ ਨੇ ਆਪਣੀ ਮਾਂ, ਨੀਲਮ ਅਰੋੜਾ, ਜੋ ਕਿ ਇੱਕ ਸੇਵਾਮੁਕਤ ਪ੍ਰਿੰਸੀਪਲ ਸੀ, ਨੂੰ ਸਿੱਖਿਆ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਪ੍ਰੇਰਿਤ ਕਰਨ ਲਈ ਸਨਮਾਨਿਤ ਕੀਤਾ। ਪ੍ਰੋਜੈਕਟ ਸਾਰਥੀ 2.0 ਦਾ ਉਦੇਸ਼ ਵਿਦਿਆਰਥੀਆਂ ਨੂੰ ਭਵਿੱਖ ਨੂੰ ਪੂਰਾ ਕਰਨ ਲਈ ਮਾਰਗਦਰਸ਼ਨ ਕਰਨ ਲਈ ਸਲਾਹਕਾਰਾਂ ਨੂੰ ਸਮਰੱਥ ਬਣਾ ਕੇ ਵਿਦਿਅਕ ਵਾਤਾਵਰਨ ਨੂੰ ਮਜ਼ਬੂਤ ਕਰਨਾ ਹੈ।

# ਵਿਜ਼ਡਮ ਇੰਟਰਨੈਸ਼ਨਲ ਸਕੂਲ ਵਿਖੇ ਸਾਇੰਸ ਮੇਲਾ ਲਗਾਇਆ



ਜਗਰਾਉਂ, 18 ਜੁਲਾਈ (ਦਵਿੰਦਰ ਜੈਨ) : ਵਿਜ਼ਡਮ ਇੰਟਰਨੈਸ਼ਨਲ ਸਕੂਲ ਵਿਖੇ ਇੱਕ ਵਿਗਿਆਨ ਸਾਇੰਸ ਮੇਲਾ ਕਰਵਾਇਆ ਗਿਆ। । ਸਕੂਲ ਦੇ ਚੌਥੀ ਕਲਾਸ ਤੋ ਲੈ ਕੇ ਅੱਠਵੀਂ ਕਲਾਸ ਦੇ ਵਿਦਿਆਰਥੀਆ ਨੇ ਇਸ ਗਤੀਵਿਧੀ ਵਿੱਚ ਹਿੱਸਾ ਲਿਆ। ਅਧਿਆਪਕਾਂ ਦੀ ਅਗਵਾਈ ਹੇਠ ਵੱਖ-ਵੱਖ ਕਿਸਮਾਂ ਦੇ ਮਾਡਲ ਤਿਆਰ ਕੀਤੇ ਗਏ ਸਨ, ਜਿਸ ਵਿੱਚ ਵਿਦਿਆਰਥੀਆਂ ਨੇ ਭੌਤਿਕ ਵਿਗਿਆਨ, ਗਣਿਤ, ਵਿਗਿਆਨ, ਸੂਰਜ ਪਰਿਵਾਰ ਦੇ ਮੈਂਬਰ, ਕੁਦਰਤੀ ਸਰੋਤਾਂ ਨਾਲ ਸਬੰਧਤ ਮਾਡਲ ਤਿਆਰ ਕੀਤੇ ਸਨ। ਇਸ ਮੌਕੇ ਸਕੂਲ ਸਟਾਫ ਜਿਵੇਂ ਮੈਡਮ ਭੁਪਿੰਦਰ ਸ਼ਰਮਾ, ਮੈਡਮ ਜਸਤੇਜ ਕੌਰ, ਮੈਡਮ ਜਸਪ੍ਰੀਤ ਕੌਰ, ਮੈਡਮ ਸਿਮਰਨਪ੍ਰੀਤ ਕੌਰ ਅਤੇ ਸਰ ਰੋਹਿਤ ਕੁਮਾਰ ਨੇ ਜੱਜ ਦੀ ਅਹਿਮ ਭੂਮਿਕਾ ਨਿਭਾਈ। ਉਹਨਾ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆ ਤੋਂ ਪ੍ਰਸ਼ਨ ਪੁੱਛੇ, ਅਤੇ ਵਿਦਿਆਰਥੀਆ ਨੇ ਸੁਚੱਜੇ ਢੰਗ ਨਾਲ ਉੱਤਰ ਦਿੱਤੇ। ਇਹ ਸਾਰਾ ਸਮਾਗਮ ਪੀ.ਆਰ.ਉ ਕੁਲਵੀਰ ਕੌਰ ਦੀ ਦੇਖਭ ?ਾਲ ਹੇਠ ਹੋਇਆ। ਉਹਨਾ ਦੇ ਸਹਾਇਕ ਨਾਲ ਜਸਵੰਤ ਮੈਡਮ ਸਨ ਸਕੂਲ ਦੇ ਚੇਅਰਮੈਨ ਸਤੀਸ਼ ਕਾਲੜਾ, ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਨੇ ਇਹ ਸਮਾਗਮ ਨੇਪਰੇ ਚਾੜ੍ਹਨ ਤੇ ਅਧਿਆਪਿਕਾ ਦੀ ਸ਼ਲਾਘਾ ਕੀਤੀ। ਬੱਚਿਆਂ ਨੂੰ ਕਿਹਾ ਕਿ ਵਿਗਿਆਨ ਹਮੇਸ਼ਾ ਮਨੁੱਖਤਾ ਲਈ ਵਰਦਾਨ ਸਾਬਤ ਹੋਇਆ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਇਨ੍ਹਾਂ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਵਿੱਚ ਆਤਮਵਿਸ਼ਵਾਸ ਪੈਦਾ ਹੁੰਦਾ ਹੈ। ਇਸ ਸਾਇੰਸ ਮੇਲੇ ਦੀਆ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਦੇ ਬੈਜ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਤਸ਼ਾਹਿਤ ਕੀਤਾ ਗਿਆ।

# ਵਾਰਡ ਨੰ. 32 ਦੇ 'ਆਪ' ਵਰਕਰ ਭਾਜਪਾ 'ਚ ਸ਼ਾਮਲ



ਲੁਧਿਆਣਾ, 18 ਜੁਲਾਈ (ਰਵਿੰਦਰ ਸਿੰਘ ਨਿੱਝਰ) : ਭਾਜਪਾ ਦੇ ਸਥਾਨਕ ਦਫ਼ਤਰ ਲੁਧਿਆਣਾ ਵਿਖੇ ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ, ਗਿਆਸਪੁਰਾ ਸਰਕਲ ਦੇ ਵਾਰਡ ਨੰਬਰ 32 ਦੇ ਕਈ ਆਮ ਆਦਮੀ ਪਾਰਟੀ ਵਰਕਰ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀਆਂ ਦੇਸ਼ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਵਿੱਚ ਸ਼ਾਮਲ ਹੋਏ। ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਆਮ ਆਦਮੀ ਪਾਰਟੀ ਦੇ ਸਾਰੇ ਵਰਕਰਾਂ ਨੂੰ ਭਾਜਪਾ ਦਾ ਗਮਛਾ ਪਹਿਨਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ। ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਵਿੱਚ ਅਖਿਲੇਸ਼ ਪਾਂਡੇ, ਜਤਿੰਦਰ ਯਾਦਵ, ਰਾਜਵੀਰ ਸਿੰਘ, ਲਖਵਿੰਦਰ ਸਿੰਘ ਰਮਨਦੀਪ ਸਿੰਘ, ਛੋਟੂ ਵਰਮਾ, ਸੁਦਾਮਾ ਯਾਦਵ, ਗੁਰਮੇਲ ਸਿੰਘ, ਸੋਨੂੰ, ਅਮਨਦੀਪ ਸਿੰਘ ਨੇ 'ਆਪ' ਨੂੰ ਅਲਵਿਦਾ ਕਿਹਾ ਅਤੇ ਭਾਜਪਾ ਵਿੱਚ ਸ਼ਾਮਲ ਹੋਏ। ਇਸ ਮੌਕੇ ਭਾਜਪਾ ਜ਼ਿਲ੍ਹਾ ਜਨਰਲ ਸਕੱਤਰ ਯਸ਼ਪਾਲ ਜਨੋਤਰਾ, ਉਪ ਪ੍ਰਧਾਨ ਡਾ. ਨਿਰਮਲ ਨਈਅਰ, ਭਾਜਪਾ ਸੀਨੀਅਰ ਆਗੂ ਸਤਪਾਲ ਸੱਗੜ, ਸਰਕਲ ਮੁਖੀ ਸੁਰੇਸ਼ ਅਗਰਵਾਲ, ਹਿਮਾਂਸ਼ੂ ਕਾਲੜਾ ਮੌਜੂਦ ਸਨ।

# ਸ੍ਰੀ ਹਰਿਮੰਦਰ ਸਾਹਿਬ ਨੂੰ ਬੰਬ ਨਾਲ ਉਡਾਉਣ ਵਾਲੇ ਸ਼ਿਵਮ ਦੂਬੇ ਨੂੰ ਫ਼ਾਂਸੀ ਦਿੱਤੀ ਜਾਵੇ : ਜਸਬੀਰ ਦੂਆ



ਲੁਧਿਆਣਾ, 18 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਵਿਕਾਸ ਮੰਚ ਦੇ ਪ੍ਰਧਾਨ ਜਸਬੀਰ ਸਿੰਘ ਦੂਆ ਨੇ ਆਖਿਆ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਬੰਬ ਨਾਲ ਉਡਾਉਣ ਦੀ ਪੰਜ ਵਾਰ ਧਮਕੀ ਦੇਣ ਦੇ ਕਥਿਤ ਦੋਸ਼ ਵਿੱਚ ਫੜੇ ਸ਼ਿਵਮ ਦੂਬੇ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਤਾਂ ਕਿ ਭਵਿੱਖ ਵਿੱਚ ਕੋਈ ਹੋਰ ਵਿਅਕਤੀ ਅਜਿਹੀ ਕੋਝੀ ਹਰਕਤ ਨਾ ਕਰ ਸਕੇ। ਦੂਆ ਨੇ ਆਖਿਆ ਕਿ ਜੇਕਰ ਸਰਕਾਰਾਂ ਸੱਚਮੁੱਚ ਇਮਾਨਦਾਰ ਹਨ, ਤਾਂ ਅਜਿਹੀ ਕੋਝੀ ਹਰਕਤ ਕਰਨ ਵਾਲੇ ਨੂੰ ਕਿਸੇ ਕੀਮਤ 'ਤੇ ਵੀ ਬਖਸ਼ਿਆ ਨਹੀਂ ਜਾਣਾ ਚਾਹੀਦਾ। ਉਹਨਾਂ ਕਿਹਾ ਕਿ ਸਿੱਖਾਂ ਨੇ ਹਮੇਸ਼ਾ ਪੂਰੇ ਦੇਸ਼ ਹੀ ਨਹੀਂ ਬਲਕਿ ਸੰਸਾਰ ਭਰ ਵਿੱਚ ਜਾ ਕੇ ਜਿੱਥੇ ਵੀ ਕਿਤੇ ਕਿਸੇ ਕੁਦਰਤੀ ਆਫਤਾਂ ਕਾਰਨ ਬਿਪਤਾ ਪਈ ਹੈ, ਉੱਥੇ ਜਾ ਕੇ ਪੀੜਿਤ ਲੋਕਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਹੈ। ਉਹਨਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਚਹੁੰ ਵਰਨਾਂ ਦਾ ਸਾਂਝਾ ਅਸਥਾਨ ਹੈ, ਜਿੱਥੇ ਸਿੱਖ, ਹਿੰਦੂ, ਮੁਸਲਿਮ ਅਤੇ ਇਸਾਈ ਆਦਿ ਲਈ ਚਾਰ ਦਰਵਾਜ਼ੇ ਬਣੇ ਹੋਏ ਹਨ, ਜੋ ਕਿ ਹਰ ਧਰਮ ਦੇ ਵਿਅਕਤੀ ਲਈ ਖੁੱਲ੍ਹੇ ਹਨ। ਉਹਨਾਂ ਕਿਹਾ ਕਿ ਅਜਿਹੇ ਪਾਵਨ ਅਸਥਾਨ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲੇ 24 ਸਾਲਾ ਸਾਫਟਵੇਅਰ ਇੰਜੀਨੀਅਰ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਗੰਭੀਰਤਾ ਨਾਲ ਕਾਰਵਾਈ ਕਰੇ ਅਤੇ ਸਰਕਾਰਾਂ ਨੂੰ ਮਜਬੂਰ ਕਰੇ ਕਿ ਉਹ ਇਸ ਮਾਮਲੇ ਨੂੰ ਹਲਕੇ ਵਿੱਚ ਨਾ ਲੈਣ। ਉਨਾਂ ਸਮੂਹ ਸਿੱਖ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਥਿਤ ਦੋਸ਼ੀ ਨੂੰ ਸਜ਼ਾ ਦਿਵਾਉਣ ਲਈ ਇੱਕ ਹੋ ਜਾਣ ਅਤੇ ਪੂਰੀ ਸ਼ਿੱਦਤ ਨਾਲ ਅਜਿਹੇ ਸ਼ਰਾਰਤੀ ਅਨਸਰਾਂ ਦਾ ਮੁਕਾਬਲਾ ਕਰਨ।

# ਭਿਖਾਰੀਆਂ ਦੇ ਬੱਚਿਆਂ ਦੇ ਡੀ.ਐਨ.ਏ. ਟੈਸਟ ਕਰਵਾਉਣ ਨਾਲ ਆਮ ਬੱਚਿਆਂ ਦੇ ਅਗਵਾ ਦੀਆਂ ਵਾਰਦਾਤਾਂ 'ਚ ਭਾਰੀ ਕਮੀ ਆਵੇਗੀ : ਕੰਡਾ, ਜੌਹਰ, ਧਰਮਿੰਦਰ



ਲੁਧਿਆਣਾ, 18 ਜੁਲਾਈ (ਰਵਿੰਦਰ ਸਿੰਘ ਨਿੱਝਰ) : ਨਗਰ ਨਿਗਮ ਲੁਧਿਆਣਾ ਦੇ ਡਿਪਟੀ ਮੇਅਰ ਪ੍ਰਿੰਸ ਜੌਹਰ, ਆਮ ਆਦਮੀ ਪਾਰਟੀ ਦੇ ਹਲਕਾ ਆਤਮ ਨਗਰ ਦੇ ਬੀਸੀ ਵਿੰਗ ਦੇ ਪ੍ਰਧਾਨ ਅਵਤਾਰ ਸਿੰਘ ਕੰਡਾ ਅਤੇ ਸੀਨੀਅਰ ਆਗੂ ਧਰਮਿੰਦਰ ਸਿੰਘ ਨੇ ਆਖਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਭਿਖਾਰੀਆਂ ਦੇ ਬੱਚਿਆਂ ਦਾ ਡੀਐਨਏ ਟੈਸਟ ਕਰਵਾਉਣ ਲਈ ਜੋ ਮੁਹਿੰਮ ਆਰੰਭੀ ਗਈ ਹੈ ਇਹ ਬਹੁਤ ਸ਼ਲਾਘਾਯੋਗ ਹੈ। ਕੰਡਾ ਨੇ ਆਖਿਆ ਕਿ ਇਸ ਨਾਲ ਇਹ ਪਤਾ ਚੱਲ ਜਾਵੇਗਾ ਕਿ ਜਿਸ ਭਿਖਾਰੀ ਕੋਲ ਬੱਚਾ ਚੁੱਕਿਆ ਹੋਇਆ ਹੈ ਉਹ ਉਸ ਦਾ ਆਪਣਾ ਹੈ ਜਾਂ ਕਿਸੇ ਜਗਾ ਤੋਂ ਅਗਵਾ ਕਰਕੇ ਲਿਆਂਦਾ ਗਿਆ ਹੈ। ਉਹਨਾਂ ਕਿਹਾ ਕਿ ਹੋ ਸਕਦਾ ਹੈ ਕਿ ਭਿਖਾਰੀ ਕਿਸੇ ਸੂਬੇ ਵਿੱਚੋਂ ਬੱਚੇ ਅਗਵਾਹ ਕਰਕੇ ਉਸ ਨੂੰ ਦੂਸਰੇ ਸੂਬਿਆਂ ਦੇ ਭਿਖਾਰੀਆਂ ਕੋਲ ਵੇਚ ਦਿੰਦੇ ਹੋਣ ਜਾਂ ਹੋਰ ਸੂਬੇ ਵਿੱਚ ਉਸ ਤੋਂ ਭੀਖ ਮੰਗਵਾਉਂਦੇ ਹੋਣ ਤਾਂ ਕਿ ਬੱਚੇ ਦੀ ਪਹਿਚਾਣ ਨਾ ਹੋ ਸਕੇ। ਉਨਾਂ ਕਿਹਾ ਕਿ ਡੀਐਨਏ ਕਰਵਾਉਣ ਮਗਰੋਂ ਜੇਕਰ ਡੀਐਨਏ ਬੱਚੇ ਦੇ ਮਾਤਾ ਪਿਤਾ ਨਾਲ ਮਿਲ ਜਾਵੇਗਾ ਤਾਂ ਉਹ ਬੱਚਾ ਉਹਨਾਂ ਨੂੰ ਸੌਂਪ ਦਿੱਤਾ ਜਾਵੇਗਾ ਨਹੀਂ ਤਾਂ ਬੱਚਿਆਂ ਨੂੰ ਸਕੂਲਾਂ ਜਾਂ ਬਾਲ ਘਰਾਂ ਵਿੱਚ ਭੇਜ ਕੇ ਉਹਨਾਂ ਦੇ ਮਾਪਿਆਂ ਨੂੰ ਜੇਲ੍ਹ ਅੰਦਰ ਡੱਕ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਅੱਗੇ ਤੋਂ ਉਹ ਕਿਸੇ ਬੱਚੇ ਨੂੰ ਅਗਵਾਹ ਕਰਨ ਜਾਂ ਅਗਵਾਹ ਕੀਤਾ ਹੋਇਆ ਬੱਚਾ ਲੈਣ ਦੀ ਹਿੰਮਤ ਨਾ ਕਰਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਕਦਮ ਨਾਲ ਅਨੇਕਾਂ ਉਹਨਾਂ ਮਾਂ ਬਾਪ ਲਈ ਆਸ ਦੀ ਕਿਰਨ ਜਾਗੀ ਹੈ ਜਿਨਾਂ ਦੇ ਬੱਚਿਆਂ ਨੂੰ ਪਿਛਲੇ ਸਮਿਆਂ ਵਿੱਚ ਅਗਵਾਹ ਕੀਤਾ ਗਿਆ ਹੈ।

ਉਹਨਾਂ ਵਿੱਚੋਂ ਕਈਆਂ ਦੇ ਬੱਚਿਆਂ ਦੇ ਲੱਭ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਕੰਡਾ ਨੇ ਆਖਿਆ ਕਿ ਵੈਸੇ ਤਾਂ ਚਾਹੀਦਾ ਹੈ ਕਿ ਭੀਖ ਮੰਗਣ ਤੇ ਪੂਰਨ ਪਾਬੰਦੀ ਲਗਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਕਿਸੇ ਵੀ ਉਮਰ ਦਾ ਕੋਈ ਬੰਦਾ ਭੀਖ ਮੰਗਦਾ ਅਗਰ ਫੜਿਆ ਜਾਂਦਾ ਹੈ ਤਾਂ ਉਸਨੂੰ ਜੇਲ੍ਹ ਵਿੱਚ ਡੱਕ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਭਿਖਾਰੀ ਸਾਡੇ ਸਮਾਜ ਦੇ ਮੱਥੇ ਉੱਤੇ ਬਹੁਤ ਵੱਡਾ ਕਲੰਕ ਹਨ ਜਿਸ ਨੂੰ ਮਿਟਾਉਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਅੱਗੇ ਆਈ ਹੈ ਅਤੇ ਇਹ ਕੰਮ ਜਲਦੀ ਤੋਂ ਜਲਦੀ ਨੇਪਰੇ ਚਾੜ ਦੇਣਾ ਚਾਹੀਦਾ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1, ਦੁੱਗਰੀ ਵਿਖੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ



ਲੁਧਿਆਣਾ, 18 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਦੁੱਗਰੀ, ਫੇਸ-1, ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਦੇ ਨਾਲ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਅੰਦਰ ਵੱਡੀ ਗਿਣਤੀ ਵਿੱਚ ਇਲਾਕੇ ਦੀਆਂ ਸੰਗਤਾਂ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸ਼ਹੀਦ ਭਾਈ ਤਾਰੂ ਸਿੰਘ ਜੀ ਨੂੰ ਆਪਣਾ ਸਿੱਜਦਾ ਤੇ ਸਤਿਕਾਰ ਅਰਪਿਤ ਕੀਤਾ । ਗੁਰਮਤਿ ਸਮਾਗਮ ਦੌਰਾਨ ਸੰਗਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਸਮੁੱਚੇ ਪੰਥ ਲਈ ਇੱਕ ਚਾਨਣ-ਮੁਨਾਰਾ ਹਨ । ਉਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਗੁਰੂ ਆਸ਼ੇ ਅਨੁਸਾਰ ਜਿਉਂ ਕੇ ਜਿੱਥੇ ਆਪਣਾ ਸਮੁੱਚਾ ਪ੍ਰੀਵਾਰ ਕੌਮ ਨੂੰ ਸਮਰਪਿਤ ਕੀਤਾ ਉੱਥੇ ਨਾਲ ਹੀ ਕੌਮੀ ਸੋਚ ਦੇ ਹਾਣੀ ਬਣ ਕੇ ਧਰਮ ਵਿੱਚ ਪ੍ਰਪੱਕਤਾ ਕਾਇਮ ਰੱਖਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ ਅਤੇ ਸਮੁੱਚੀ ਕੌਮ ਨੂੰ ਕੌਮੀਅਤ ਦਾ ਪੈਗਾਮ ਦਿੱਤਾ। ਉਨ੍ਹਾਂ ਨੇ ਕਿਹਾ ਕਿ ਕੌਮ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਉਣਾ ਤਾਂ ਹੀ ਸਫਲਾ ਹੋ ਸਕਦਾ ਹੈ ਜੇਕਰ ਗੁਰੂ ਦੀਆਂ ਸੰਗਤਾਂ ਉਸ ਮਹਾਨ ਸ਼ਹੀਦ ਦੀ ਕੁਰਬਾਨੀ ਤੋਂ ਸੇਧ ਲੈ ਕੇ ਬਾਣੀ ਤੇ ਬਾਣੇ ਦੇ ਸਿਧਾਂਤ ਨਾਲ ਵੱਧ ਤੋਂ ਵੱਧ ਜੁੜਨ । ਇਸ ਦੌਰਾਨ ਸਮਾਗਮ ਅੰਦਰ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸਰਵਣ ਸਿੰਘ ਖ਼ਾਲਸਾ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਗੁਰਦੁਆਰਾ ਸਾਹਿਬ ਦੀ ਇਸਤਰੀ ਸਤਿਸੰਗ ਸਭਾ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ । ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਆਯੋਜਿਤ ਕੀਤੇ ਗਏ ਸਮਾਗਮ ਨੂੰ ਇੱਕ ਪ੍ਰੇਰਣਾਦਾਇਕ ਸਮਾਗਮ ਦੱਸਿਆ ਤੇ ਸੰਗਤਾਂ ਨੂੰ ਧਰਮ ਦੇ ਮਾਰਗ ਉੱਪਰ ਚੱਲਣ, ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਤਾਕੀਦ ਵੀ ਕੀਤੀ । ਇਸ ਦੌਰਾਨ ਸਮਾਗਮ ਅੰਦਰ ਪੁੱਜੇ ਸਮੂਹ ਕੀਰਤਨੀ ਜੱਥਿਆਂ ਨੂੰ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਅਤੇ ਉਨ੍ਹਾਂ ਦੇ ਸਾਥੀ ਮੈਂਬਰਾਂ ਨੇ ਸਾਂਝੇ ਰੂਪ ਵਿੱਚ ਕੀਰਤਨੀ ਜੱਥਿਆਂ ਦੇ ਮੈਂਬਰਾਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ।



ਸ਼ਰਧਾ ਅਤੇ ਸਮਰਪਿਤ ਪ੍ਰਤੀਕ ਸ਼੍ਰੀ ਕੇਦਾਰਨਾਥ ਰਤਨ ਨੇ ਜੋ ਕਿ ਲੁਧਿਆਣਾ ਦੇ ਰਹਿਣ ਵਾਲੇ ਹਨ ਉਹਨਾਂ ਨੇ ਸੰਕਲਪ ਲਿਆ ਸੀ ਕਿ ਜਦ ਉਹਨਾਂ ਦੇ ਗੁਰੂ ਬਾਪੂ ਆਸਾ ਰਾਮ ਜੀ ਦੀ ਰਿਹਾਈ ਹੋਵੇਗੀ ਤਾਂ ਹੀ ਉਹ ਆਪਣੇ ਸਿਰ ਦੇ ਬਾਲ ਅਤੇ ਦਾੜ੍ਹੀ ਕਟਾਉਣਗੇ ਹੁਣ ਉਹਨਾਂ ਦਾ ਸੰਕਲਪ ਪੂਰਾ ਹੋ ਗਿਆ ਤਾਂ ਉਹਨਾਂ ਨੇ ਸ਼੍ਰੀ ਨੈਨਾ ਦੇਵੀ ਮੰਦਰ ਵਿੱਚ ਜਾ ਕੇ ਆਪਣੇ ਮੁੰਡਨ ਕਰਵਾ ਕੇ ਆਪਣਾ ਸੰਕਲਪ ਪੂਰਾ ਕੀਤਾ।

# ਭੀਖ ਮੰਗਦੇ ਬੱਚਿਆਂ ਦਾ ਹੋਵੇਗਾ ਡੀ.ਐਨ.ਏ. ਟੈਸਟ : ਡੀ.ਸੀ.




ਲੁਧਿਆਣਾ, 18 ਜੁਲਾਈ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਲੁਧਿਆਣਾ ਦੀਆਂ ਸੜਕਾਂ 'ਤੇ ਬਾਲਗਾਂ ਨਾਲ ਭੀਖ ਮੰਗਦੇ ਬੱਚਿਆਂ ਦੀ ਡੀ.ਐਨ.ਏ. ਟੈਸਟਿੰਗ ਸ਼ੁਰੂ ਕਰਨ ਲਈ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਰੁਪਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਇੱਕ ਕਮੇਟੀ ਬਣਾਈ ਹੈ। ਅਗਲੇ ਹਫ਼ਤੇ ਸ਼ੁਰੂ ਹੋਣ ਵਾਲੀ ਇਸ ਮੁਹਿੰਮ ਦਾ ਉਦੇਸ਼ ਪਰਿਵਾਰਕ ਸਬੰਧਾਂ ਦੀ ਪੁਸ਼ਟੀ ਕਰਨਾ ਅਤੇ ਬੱਚਿਆਂ ਦੀ ਤਸਕਰੀ ਨੂੰ ਰੋਕਣਾ ਹੈ। ਕਮੇਟੀ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ, ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈਕੰਡਰੀ ਅਤੇ ਪ੍ਰਾਇਮਰੀ), ਸਿਵਲ ਸਰਜਨ ਅਤੇ ਪੁਲਿਸ ਕਮਿਸ਼ਨਰ ਅਤੇ ਨਗਰ ਨਿਗਮ ਲੁਧਿਆਣਾ ਦੇ ਪ੍ਰਤੀਨਿਧੀ ਸ਼ਾਮਲ ਹਨ। ਕਮੇਟੀ ਨੂੰ ਅਜਿਹੇ ਬੱਚਿਆਂ ਦੀ ਪਛਾਣ ਕਰਨ ਲਈ ਲੁਧਿਆਣਾ ਭਰ ਵਿੱਚ ਛਾਪੇਮਾਰੀ ਕਰਨ ਅਤੇ ਉਨ੍ਹਾਂ ਦੇ ਨਾਲ ਆਉਣ ਵਾਲੇ ਬਾਲਗਾਂ ਨਾਲ ਸਬੰਧਾਂ ਦੀ ਪੁਸ਼ਟੀ ਕਰਨ ਲਈ ਡੀ.ਐਨ.ਏ. ਟੈਸਟ ਕਰਨ ਦਾ ਕੰਮ ਸੌਂਪਿਆ ਗਿਆ ਹੈ। ਟੈਸਟ ਦੇ ਨਤੀਜਿਆਂ ਤੱਕ, ਬੱਚਿਆਂ ਨੂੰ ਉਨ੍ਹਾਂ ਦੀ ਸੁਰੱਖਿਆ ਅਤੇ ਸੁਰੱਖਿਆ ਲਈ ਬਾਲ ਸੰਭਾਲ ਸੰਸਥਾਵਾਂ ਵਿੱਚ ਰੱਖਿਆ ਜਾਵੇਗਾ।

# ਬਲੌਜ਼ਮਜ਼ ਸਕੂਲ ਵਿਖੇ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਅਧੀਨ ਅਲੱਗ-ਅਲੱਗ ਗਤੀਵਿਧੀਆਂ



ਜਗਰਾਓਂ, 18 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ਦਵਿੰਦਰ ਜੈਨ) : ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਭੇਜੇ ਗਏ ਸਰਕੂਲਰ ਅਧੀਨ ਉਹਨਾਂ ਦੁਆਰਾ ਦੱਸੇ ਗਏ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸੰਭਾਲ ਸਬੰਧੀ ਕਈ ਤਰ੍ਹਾਂ ਦੀਆਂ ਜਾਣਕਾਰੀਆਂ ਦਿੱਤੀਆਂ ਗਈਆਂ ,ਜਿਸ ਵਿੱਚ ਉਹਨਾਂ ਵਿਚਕਾਰ ਭਾਸ਼ਣ, ਲੇਖ ਮੁਕਾਬਲੇ, ਡਰਾਇੰਗ, ਪੇਂਟਿੰਗ ਕੰਪੀਟੀਸ਼ਨ, ਚਾਰਟ ਮੇਕਿੰਗ ਆਦਿ ਕਰਵਾ ਕੇ ਉਹਨਾਂ ਦੀ ਜਾਣਕਾਰੀ ਵਿੱਚ ਵਾਧਾ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ.ਨਵਨੀਤ ਕੌਰ ਨੇ ਦੱਸਿਆ ਕਿ ਸਰਕਾਰ ਵੱਲੋਂ ਇਹਨਾਂ ਯੋਜਨਾਵਾਂ ਦੀ ਅਸੀਂ ਸ਼ਲਾਘਾ ਕਰਦੇ ਹਾਂ ਤਾਂ ਜੋ ਵਿਦਿਆਰਥੀ ਵਰਗ ਵਿੱਚ ਵਾਤਾਵਰਨ ਨੂੰ ਸਾਂਭ ਕੇ ਰੱਖਣ ਦੀ ਇੱਛਾ ਪੈਦਾ ਹੋਵੇ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਵਾ ਪ੍ਰਦੂਸ਼ਨ ਤੋਂ ਬਚਾ ਸਾਫ ਫਿਜ਼ਾ ਵਿੱਚ ਸਾਹ ਲੈ ਸਕਣ ਯੋਗ ਬਣਾ ਸਕੀਏ। ਅੱਜ ਦੇ ਯੂਥ ਨੂੰ ਇਸ ਪਾਸੇ ਵੱਲ ਤੋਰਨਾ ਸਭ ਤੋਂ ਔਖਾ ਕਾਰਜ ਹੈ ਪਰ ਵਿੱਦਿਅਕ ਸੰਸਥਾਵਾਂ ਸਰਕਾਰ ਦੇ ਸਹਿਯੋਗ ਸਦਕਾ ਇਸ ਰਾਹ ਨੂੰ ਸੌਖਾ ਕਰ ਸਕਦੀਆਂ ਹਨ। ਇਸ ਮੌਕੇ ਸਕੂਲ ਦੇ ਪ੍ਰੈਜੀਡੈਂਟ ਸ. ਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਅਸੀਂ ਸਰਕਾਰ ਦੇ ਇਸ ਪ੍ਰੋਗਰਾਮ ਲਈ ਧੰਨਵਾਦੀ ਹਾਂ।

# 'ਆਪ' ਵੱਲੋਂ ਦਲਿਤਾਂ ਨਾਲ ਕੀਤੇ ਗਏ ਕਿਸੇ ਵੀ ਵਾਅਦੇ ਨੂੰ ਪੂਰਾ ਨਹੀਂ ਕੀਤਾ ਗਿਆ : ਸੁਸ਼ੀਲ ਰਿੰਕੂ




ਲੁਧਿਆਣਾ, 18 ਜੁਲਾਈ (ਰਵਿੰਦਰ ਸਿੰਘ ਨਿੱਝਰ) : ਜਲੰਧਰ ਤੋਂ ਸਾਬਕਾ ਸੰਸਦ ਮੈਂਬਰ, ਭਾਜਪਾ ਆਗੂ ਸੁਸ਼ੀਲ ਕੁਮਾਰ ਰਿੰਕੂ ਨੇ ਲੁਧਿਆਣਾ ਭਾਜਪਾ ਦਫ਼ਤਰ ਵਿਖੇ ਇੱਕ ਪ੍ਰੈਸ ਕਾਨਫਰੰਸ ਕੀਤੀ। ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਵੀ ਉਨ੍ਹਾਂ ਨਾਲ ਮੌਜੂਦ ਸਨ। ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ ਕਿਹਾ ਕਿ ਪੰਜਾਬ ਦੀ ਲਗਭਗ 31% ਦਲਿਤ ਆਬਾਦੀ ਦੀਆਂ ਵੋਟਾਂ ਪ੍ਰਾਪਤ ਕਰਨ ਲਈ, ਚੋਣਾਂ ਤੋਂ ਪਹਿਲਾਂ, ਆਮ ਆਦਮੀ ਪਾਰਟੀ ਨੇ ਅਜਿਹੇ ਕਈ ਐਲਾਨ ਕੀਤੇ ਸਨ ਕਿ ਜੇਕਰ 'ਆਪ' ਪੰਜਾਬ ਵਿੱਚ ਸਰਕਾਰ ਬਣਾਉਂਦੀ ਹੈ, ਤਾਂ ਪੰਜਾਬ ਦਾ ਉਪ ਮੁੱਖ ਮੰਤਰੀ ਦਲਿਤ ਭਾਈਚਾਰੇ ਵਿੱਚੋਂ ਹੋਵੇਗਾ। ਪਰ ਸਰਕਾਰ ਬਣੇ ਸਾਢੇ ਤਿੰਨ ਸਾਲ ਹੋ ਗਏ ਹਨ ਪਰ ਅਜੇ ਤੱਕ ਉਪ ਮੁੱਖ ਮੰਤਰੀ ਦੀ ਨਿਯੁਕਤੀ ਨਹੀਂ ਕੀਤੀ ਗਈ ਹੈ। ਰਿੰਕੂ ਨੇ ਕਿਹਾ ਕਿ 'ਆਪ' ਦੇ ਪ੍ਰਮੁੱਖ ਆਗੂਆਂ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਦੇ ਹੀ ਇੱਕ ਵਿਸ਼ੇਸ਼ ਐਸਆਈਟੀ ਬਣਾਈ ਜਾਵੇਗੀ ਜਿਸ ਵਿੱਚ ਦਲਿਤਾਂ 'ਤੇ ਅੱਤਿਆਚਾਰਾਂ ਅਤੇ ਝੂਠੇ ਮਾਮਲਿਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇਗੀ ਅਤੇ ਸਖ਼ਤ ਸਜ਼ਾ ਦੀ ਸਿਫ਼ਾਰਸ਼ ਕੀਤੀ ਜਾਵੇਗੀ। ਪ੍ਰੈਸ ਕਾਨਫਰੰਸ ਦੌਰਾਨ ਭਾਜਪਾ ਆਗੂ ਰਿੰਕੂ ਨੇ ਬੇਅਦਬੀ ਕਾਨੂੰਨ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ। ਉਨ੍ਹਾਂ ਕਿਹਾ ਕਿ ਚੋਣਾਂ ਨੇੜੇ ਆਉਣ ਕਾਰਨ ਸਰਕਾਰ ਨੂੰ ਇਹ ਕਾਨੂੰਨ ਯਾਦ ਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਬਿੱਲ ਦੀਆਂ ਸਭ ਤੋਂ ਵੱਡੀਆਂ ਖਾਮੀਆਂ ਵਿੱਚੋਂ ਇੱਕ ਧਾਰਮਿਕ ਗ੍ਰੰਥਾਂ ਦੀ ਸੁਰੱਖਿਆ ਪ੍ਰਤੀ ਇਸਦਾ ਚੋਣਵਾਂ ਅਤੇ ਪੱਖਪਾਤੀ ਪਹੁੰਚ ਹੈ। ਇਹ ਬੁੱਧ ਧਰਮ, ਜੈਨ ਧਰਮ ਅਤੇ ਪਾਰਸੀ ਧਰਮਾਂ ਦੇ ਪਵਿੱਤਰ ਗ੍ਰੰਥਾਂ ਨੂੰ ਪੂਰੀ ਤਰ੍ਹਾਂ ਅਣਦੇਖਾ ਕਰਦਾ ਹੈ। ਇਹ ਪੱਖਪਾਤ ਕਾਨੂੰਨ ਦੇ ਤਹਿਤ ਸਮਾਨਤਾ ਦੀ ਭਾਵਨਾ ਦੀ ਉਲੰਘਣਾ ਕਰਦਾ ਹੈ। ਇਸ ਮੌਕੇ ਪ੍ਰੈਸ ਕਾਨਫਰੰਸ ਵਿੱਚ ਸੀਨੀਅਰ ਭਾਜਪਾ ਆਗੂ ਡਾ. ਡੀ. ਖੋਸਲਾ, ਜ਼ਿਲ੍ਹਾ ਜਨਰਲ ਸਕੱਤਰ ਯਸ਼ਪਾਲ ਜਨੋਤਰਾ, ਉਪ ਪ੍ਰਧਾਨ ਡਾ. ਨਿਰਮਲ ਨਈਅਰ, ਐਸਸੀ ਮੋਰਚਾ ਪ੍ਰਧਾਨ ਅਜੈ ਪਾਲ ਦਿਸਾਵਰ, ਜ਼ਿਲ੍ਹਾ ਪ੍ਰੈਸ ਸਕੱਤਰ ਡਾ. ਸਤੀਸ਼ ਕੁਮਾਰ, ਐਸਸੀ ਮੋਰਚਾ ਜ਼ਿਲ੍ਹਾ ਜਨਰਲ ਸਕੱਤਰ ਵਿਜੇ ਖਟਕ ਮੌਜੂਦ ਸਨ।

# ਲੈਂਡ ਪੂਲਿੰਗ ਸਕੀਮ ਨੂੰ ਵੱਡਾ ਹੁਲਾਰਾ, ਕਾਲੋਨਾਈਜ਼ਰ ਜਗਦੀਸ਼ ਜੈਨ ਨੇ 100 ਏਕੜ ਤੋਂ ਵੱਧ ਜ਼ਮੀਨ ਗਲਾਡਾ ਨੂੰ ਸੌਂਪੀ



ਲੁਧਿਆਣਾ, 18 ਜੁਲਾਈ (ਜਤਿੰਦਰ ਪਾਲ ਸਿੰਘ ਛਾਬੜਾ) : ਪੰਜਾਬ ਦੀ ਲੈਂਡ ਪੂਲਿੰਗ ਨੀਤੀ ਨੂੰ ਇੱਕ ਮਹੱਤਵਪੂਰਨ ਹੁਲਾਰਾ ਦਿੰਦੇ ਹੋਏ, ਪ੍ਰਸਿੱਧ ਕਾਲੋਨਾਈਜ਼ਰ ਸ੍ਰੀ ਜਗਦੀਸ਼ ਜੈਨ ਨੇ ਅੱਜ ਗਲਾਡਾ ਨੂੰ 100 ਏਕੜ ਜ਼ਮੀਨ ਸੌਂਪੀ। ਅਧਿਕਾਰਤ ਦਸਤਾਵੇਜ਼ ਸੀਏ ਗਲਾਡਾ ਸ਼੍ਰੀ ਸੰਦੀਪ ਕੁਮਾਰ ਅਤੇ ਏਸੀਏ ਓਜੇਸਵੀ ਅਲੰਕਾਰ ਨੇ ਸ. ਸ਼ਰਨਪਾਲ ਸਿੰਘ ਮੱਕੜ, ਲੋਕ ਸਭਾ ਹਲਕਾ ਇੰਚਾਰਜ ਅਤੇ ਚੇਅਰਮੈਨ, ਯੋਜਨਾ ਬੋਰਡ, ਲੁਧਿਆਣਾ ਦੀ ਮੌਜੂਦਗੀ ਵਿੱਚ ਪ੍ਰਾਪਤ ਕੀਤੇ। ਸ. ਮੱਕੜ ਨੇ ਇਸ ਮਹੱਤਵਪੂਰਨ ਕਦਮ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਸਕੀਮ ਜ਼ਮੀਨ ਮਾਲਕਾਂ ਨੂੰ ਵਿੱਤੀ ਮੁਆਵਜ਼ੇ ਦੀ ਬਜਾਏ ਬਦਲੇ ਵਿੱਚ ਵਿਕਸਤ ਰਿਹਾਇਸ਼ੀ ਅਤੇ ਵਪਾਰਕ ਪਲਾਟ ਪ੍ਰਾਪਤ ਕਰਨ ਨੂੰ ਯਕੀਨੀ ਬਣਾਉਂਦੀ ਹੈ - ਇਸ ਤਰ੍ਹਾਂ ਉਹ ਸ਼ਹਿਰੀ ਵਿਕਾਸ ਵਿੱਚ ਹਿੱਸੇਦਾਰ ਬਣਨ ਦੇ ਯੋਗ ਬਣਦੇ ਹਨ। ਉਦਾਹਰਣ ਵਜੋਂ, 8 ਕਨਾਲ ਪੂਲ ਲਈ, ਇੱਕ ਵਿਅਕਤੀ ਨੂੰ 1000 ਵਰਗ ਗਜ਼ ਰਿਹਾਇਸ਼ੀ ਅਤੇ 200 ਵਰਗ ਗਜ਼ ਵਪਾਰਕ (SCO) ਪਲਾਟ ਮਿਲਦੇ ਹਨ।

ਉਨ੍ਹਾਂ ਨੇ ਹੋਰ ਮੁੱਖ ਫਾਇਦਿਆਂ 'ਤੇ ਚਾਨਣਾ ਪਾਇਆ: ਵਿਕਰੀ ਡੀਡਾਂ 'ਤੇ ਕੋਈ ਸਟੈਂਪ ਡਿਊਟੀ ਨਹੀਂ ਲਗਾਈ ਜਾਂਦੀ, ਅਤੇ ਜ਼ਮੀਨ ਮਾਲਕਾਂ ਨੂੰ ਪ੍ਰਤੀ ਏਕੜ ₹50,000 ਸਾਲਾਨਾ ਕਿਰਾਇਆ ਉਦੋਂ ਤੱਕ ਦਿੱਤਾ ਜਾਂਦਾ ਹੈ ਜਦੋਂ ਤੱਕ ਪੁੱਡਾ ਜ਼ਮੀਨ ਦਾ ਕਬਜ਼ਾ ਨਹੀਂ ਲੈ ਲੈਂਦਾ। ਇਹ ਪੂਰੀ ਪਹਿਲ ਸ. ਸ਼ਰਨਪਾਲ ਸਿੰਘ ਮੱਕੜ ਦੇ ਸਮਰਪਿਤ ਯਤਨਾਂ ਸਦਕਾ ਸਾਕਾਰ ਹੋਈ ਹੈ, ਜਿਨ੍ਹਾਂ ਦੀ ਸਰਗਰਮ ਪ੍ਰੇਰਨਾ ਅਤੇ ਅਗਵਾਈ ਨੇ ਇਸਨੂੰ ਭਾਗੀਦਾਰੀ ਅਤੇ ਪ੍ਰਗਤੀਸ਼ੀਲ ਵਿਕਾਸ ਦਾ ਇੱਕ ਮਾਡਲ ਬਣਾਇਆ ਹੈ।

# ਮਿਕਸ ਲੈਂਡ ਯੂਜ਼ ਦੀ ਇੰਡਸਟਰੀ ਬਚਾਉਣ ਲਈ ਯੂ.ਸੀ.ਪੀ.ਐਮ.ਏ. ਚੋਣਾਂ ਲੜਾਂਗੇ : ਠੁਕਰਾਲ, ਘੜਿਆਲ



ਲੁਧਿਆਣਾ, 18 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸਮਾਲ ਸਕੇਲ ਮੈਨੂੰ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਜਸਵਿੰਦਰ ਸਿੰਘ ਠੁਕਰਾਲ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਸ. ਠੁਕਰਾਲ ਨੇ ਦੱਸਿਆ ਕਿ ਅੱਜ ਆਹੁਦੇਦਾਰਾ ਦੀ ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਅਗਲੇ ਮਹੀਨੇ ਯੂ.ਸੀ.ਪੀ.ਐਮ.ਏ. ਦੀਆ ਹੋਣ ਜਾ ਰਹੀਆ ਚੋਣਾਂ ਵਿੱਚ ਐਸੋਸੀਏਸ਼ਨ ਅਹਿਮ ਭੂਮਿਕਾ ਨਿਭਾਏਗੀ। ਸ. ਠੁਕਰਾਲ ਨੇ ਦੱਸਿਆ ਕਿ ਸਾਡੀ ਐਸੋਸੀਏਸ਼ਨ ਦੇ 850 ਮੈਬਰਾਂ ਵਿੱਚੋਂ 350 ਮੈਂਬਰ ਅਜਿਹੇ ਹਨ, ਜੋ ਯੂ.ਸੀ.ਪੀ.ਐਮ.ਏ. ਦੇ ਵੀ ਮੈਂਬਰ ਹਨ ਅਤੇ ਮਿਕਸ ਲੈਂਡ ਯੂਜ ਵਿੱਚ ਵਸੀ ਇੰਡਸਟਰੀ ਵਿੱਚੋਂ ਕਰੀਬ 850 ਮੈਂਬਰ ਯੂ.ਸੀ.ਪੀ.ਐਮ.ਏ. ਦੇ ਮੈਂਬਰ ਹਨ ਅਤੇ ਇਤਨੀ ਵੱਡੀ ਗਿਣਤੀ ਵਿੱਚ ਮੈਬਰ ਹੋਣ ਦੇ ਬਾਵਜੂਦ ਮਿਕਸ ਲੈਂਡ ਯੂਜ ਮੁੱਦੇ ਦਾ ਹੱਲ ਨਹੀਂ ਹੋ ਰਿਹਾ ਜਿਸ ਕਾਰਨ ਇੰਡਸਟਰੀ ਦੇ ਸਿਰ ਤੇ ਪ੍ਰਦੂਸ਼ਨ ਕੰਟਰੋਲ ਬੋਰਡ, ਪਾਵਰਕਾਮ, ਨਗਰ ਨਿਗਮ ਦੀ ਤਲਵਾਰ ਲਟਕੀ ਰਹਿੰਦੀ ਹੈ ਅਤੇ ਹਰ ਸਮੇਂ ਫੈਕਟਰੀਆ ਬੰਦ ਹੋਣ ਦਾ ਡਰ ਲੱਗਿਆ ਰਹਿੰਦਾ ਹੈ। ਇਸ ਸਮੇਂ ਬੋਲਦਿਆ ਐਸੋਸੀਏਸਨ ਦੇ ਸਰਪ੍ਰਸਤ ਸ. ਅਮਰੀਕ ਸਿੰਘ ਘੜਿਆਲ ਨੇ ਕਿਹਾ ਕਿ ਮਿਕਸ ਲੈਂਡ ਯੂਜ ਦੀ ਇੰਡਸਟਰੀ ਨੂੰ ਬਚਾਉਣ ਲਈ ਇਨ੍ਹਾਂ ਚੋਣਾ ਵਿੱਚ ਹਿੱਸਾ ਲੈਣਾ ਇੰਡਸਟਰੀ ਦੀ ਮੰਗ ਵੀ ਹੈ ਅਤੇ ਲੋੜ ਵੀ ਹੈ, ਜਿਸ ਨੂੰ ਦੇਖਦਿਆ ਆਹੁਦੇਦਾਰਾ ਦੇ ਕੀਤੇ ਫੈਸਲੇ ਮੁਤਾਬਿਕ ਸਮਾਲ ਸਕੇਲ ਮੈਨੂੰ ਐਸੋਸੀਏਸਨ (ਰਜਿ) ਦੇ ਆਹਦੇਦਾਰ ਚੋਣਾ ਵਿੱਚ ਖੜੇ ਕੀਤੇ ਜਾਣਗੇ ਅਤੇ ਮਿਕਸ ਲੈਂਡ ਯੂਜ, ਨਿਊ ਜਨਤਾ ਨਗਰ, ਸ਼ਿਮਲਾਪੁਰੀ ਵਿੱਚ ਵਸੀ ਇੰਡਸਟਰੀ ਦੀ ਲੜਾਈ ਲੜ ਕੇ ਪੱਕੇ ਤੌਰ ਤੇ ਹੱਲ ਕੀਤਾ ਜਾਵੇਗਾ। ਇਸ ਸਮੇਂ ਇੰਦਰਜੀਤ ਸਿੰਘ, ਸਵਿੰਦਰ ਸਿੰਘ ਹੂੰਝਣ, ਰਜਿੰਦਰ ਸਿੰਘ ਕਲਸੀ, ਮਨਜੀਤ ਪੱਬੀ, ਸਮੇਸ ਕੋਛੜ, ਪਵਨ ਕੁਮਾਰ ਢੰਡ, ਅਜਮੇਰ ਸਿੰਘ ਗਰੇਵਾਲ, ਸੁਰਿੰਦਰ ਸਿੰਘ ਠੁਕਰਾਲ, ਸੁਖਚੈਨ ਸਿੰਘ ਆਦਿ ਹਾਜ਼ਰ ਸਨ।

# ਵਿਨੋਦ ਬਾਂਸਲ ਬਣੇ ਸ੍ਰੀ ਮਹਾਂਵੀਰ ਦੁਸਹਿਰਾ ਕਮੇਟੀ ਦੇ ਨਵੇਂ ਪ੍ਰਧਾਨ



ਜਗਰਾਉਂ, 18 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ਅੰਕੁਸ਼ ਸਹਿਜਪਾਲ) : ਸ੍ਰੀ ਮਹਾਵੀਰ ਦੁਸ਼ਹਿਰਾ ਕਮੇਟੀ ਪੁਰਾਣੀ ਦਾਣਾ ਮੰਡੀ ਜਗਰਾਉਂ ਦੀ ਜਿੰਮੇਵਾਰੀ ਹੁਣ ਸ੍ਰੀ ਵਿਨੋਦ ਬਾਂਸਲ ਨੂੰ ਦਿੱਤੀ ਗਈ ਜਗਰਾਉਂ ਦੇ ਵਿਖੇ ਸ੍ਰੀ ਮਹਾਵੀਰ ਦੁਸ਼ਹਿਰਾ ਕਮੇਟੀ ਦੀ ਇੱਕ ਅਹਿਮ ਮੀਟਿੰਗ ਜਗਰਾਉਂ ਪੁਰਾਣੀ ਦਾਣਾ ਮੰਡੀ ਦੀ ਧਰਮਸ਼ਾਲਾ ਵਿਖੇ ਹੋਈ ਜਿੱਥੇ ਸਰਬ ਸੰਮਤੀ ਨਾਲ ਜੈ ਸ਼੍ਰੀ ਰਾਮ ਦੇ ਨਾਰਿਆਂ ਦੇ ਨਾਲ ਸ਼੍ਰੀ ਵਿਨੋਦ ਬਾਂਸਲ ਨੂੰ ਦੁਸ਼ਹਿਰਾ ਕਮੇਟੀ ਦੀ ਜਿੰਮੇਵਾਰੀ ਦਿੱਤੀ ਗਈ ਅਤੇ ਉਹਨਾਂ ਨੂੰ ਪ੍ਰਧਾਨ ਚੁਣਿਆ ਗਿਆ ਅਤੇ ਸਾਰੇ ਹੀ ਮੈਂਬਰਾਂ ਨੇ ਵਿਨੋਦ ਬਾਂਸਲ ਜੀ ਦਾ ਤਾੜੀਆਂ ਵਜਾ ਕੇ ਸਵਾਗਤ ਕੀਤਾ ਨਵੇਂ ਚੁਣੇ ਗਏ ਪ੍ਰਧਾਨ ਜੀ ਨੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਇਸ ਜਿੰਮੇਵਾਰੀ ਨੂੰ ਪੂਰੀ ਤਨ ਮਨ ਨਾਲ ਨਿਭਾਉਣਗੇ ਅਤੇ ਕਮੇਟੀ ਦੀ ਮਰਿਆਦਾ ਨੂੰ ਹੋਰ ਉੱਚਾ ਚੁੱਕਣਗੇ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਸ੍ਰੀ ਵਿਨੋਦ ਬਾਂਸਲ ਜੀ ਜਗਰਾਉਂ ਦੀ ਪੁਰਾਣੀ ਦਾਣਾ ਮੰਡੀ ਵਿਖੇ ਪ੍ਰਾਚੀਨ ਮੰਦਰ ਗਏ ਅਤੇ ਸ਼੍ਰੀ ਰਾਮ ਭਗਵਾਨ ਦਾ ਅਸ਼ੀਰਵਾਦ ਲਿਆ ਅਤੇ ਸ਼੍ਰੀ ਬਾਂਸਲ ਨੇ ਘੋਸ਼ਣਾ ਕੀਤੀ ਕਿ ਜਲਦ ਹੀ ਜਗਰਾਉਂ ਦੇ ਰੇਲਵੇ ਸਟੇਸ਼ਨ ਤੇ ਭਗਵਾਨ ਮਹਾਂਵੀਰ ਜੀ ਦਾ ਝੰਡਾ ਲਹਿਰਾਇਆ ਜਾਏਗਾ ਅਤੇ ਬਜਰੰਗ ਬਲੀ ਜੀ ਦੀ ਸ਼ੋਭਾ ਯਾਤਰਾ ਨਿਕਾਲੀ ਜਾਏਗੀ ਜੋ ਕਿ ਰੇਲਵੇ ਰੋਡ ਤੋਂ ਹੁੰਦੀ ਹੋਈ ਮੰਡੀ ਵਾਲੇ ਮੰਦਰ ਵਿਖੇ ਬਜਰੰਗਬਲੀ ਜੀ ਦਾ ਝੰਡਾ ਚੜਾਇਆ ਜਾਏਗਾ ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਾਰੇ ਹੀ ਸ਼ਹਿਰ ਵਾਸੀ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਰਾਮ ਜੀ ਦੇ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕਰਨ ਇਸ ਮੌਕੇ ਤੇ ਸੁਸ਼ੀਲ ਗੋਇਲ, ਵਿਜੇ ਗਰਗ, ਪਰਸ਼ੋਤਮ, ਅਗਰਵਾਲ, ਅਮਿਤ ਬਾਂਸਲ, ਸੁਰਿੰਦਰ ਮਿੱਤਲ, ਅਨਮੋਲ ਗੁਪਤਾ, ਅੰਕੁਸ਼ ਧੀਰ, ਤੀਰਥ ਸਿੰਗਲਾ, ਆਤਮਾਰਾਮ ਬਾਵਾ ਬਲਦੇਵ ਸੰਗਰ, ਦਰਸ਼ਨ ਸਿੰਗਲਾ, ਵਿਸ਼ਾਲ ਗੋਇਲ, ਪਵਨ ਤਲਵਾਰ, ਨਰੇਸ਼ ਵਰਮਾ, ਬਾਬਾ ਰਾਮਨਾਥ ਹਾਜ਼ਰ ਸਨ।

# ਹਰਿਆਣਾ ਸਿੱਖ ਗੁਰਦੁਆਰਾ ਚੋਣ ਜਾਂ ਜੁਡੀਸ਼ਲ ਕਮਿਸ਼ਨ ਚੁਣੇ ਮੈਂਬਰਾਂ ਦਾ ਕਰਾਵੇ ਡੋਪ ਟੈਸਟ : ਮੀਤ ਪ੍ਰਧਾਨ ਗੁਰਬੀਰ ਸਿੰਘ



ਲੁਧਿਆਣਾ, 18 ਜੁਲਾਈ (ਕਰਨੈਲ ਸਿੰਘ ਐੱਮ.ਏ.) : ਪਿਛਲੇ ਕੁਝ ਸਮੇਂ ਤੋਂ ਸਿੱਖ ਸੰਗਤਾਂ ਵੱਲੋਂ ਪੁੱਜੀਆਂ ਸ਼ਿਕਾਇਤਾਂ ਅਨੁਸਾਰ ਕੁਝ ਕੁ ਕਮੇਟੀ ਮੈਂਬਰਾਂ ਦੇ ਵੱਖ-ਵੱਖ ਤਰ੍ਹਾਂ ਦੇ ਨਸ਼ਾ ਕਰਨ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ, ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਧਾਰਮਿਕ ਸੰਸਥਾ ਦਾ ਨੁਮਾਇੰਦਾ ਬੜਾ ਸਾਫ਼ ਸੁਥਰਾ ਤੇ ਨਸ਼ਾ ਰਹਿਤ ਹੋਣਾ ਚਾਹੀਦਾ ਹੈ । ਅੱਜ ਮੀਡੀਆ ਨੂੰ ਜਾਰੀ ਇੱਕ ਬਿਆਨ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ੍ਰ: ਗੁਰਬੀਰ ਸਿੰਘ ਤਲਾਕੌਰ ਨੇ ਹਰਿਆਣਾ ਸਿੱਖ ਗੁਰਦੁਆਰਾ ਚੋਣ ਕਮਿਸ਼ਨਰ ਅਤੇ ਹਰਿਆਣਾ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨਰ ਨੂੰ ਅਪੀਲ ਕਰਦਿਆਂ ਕਿਹਾ ਕਿ ਸੰਗਤਾਂ ਦੀ ਤਸੱਲੀ ਵਾਸਤੇ 11 ਮੈਂਬਰੀ ਐਗਜੈਕਟਿਵ ਅਤੇ ਪੂਰੇ ਜਨਰਲ ਹਾਊਸ ਦਾ ਡੋਪ ਟੈਸਟ ਕਰਵਾਇਆ ਜਾਵੇ ਕਿਉਂਕਿ ਗੁਰਦੁਆਰਾ ਐਕਟ 2014 ਵਿੱਚ ਵੀ ਲਿਖਿਆ ਹੈ ਕਿ ਇਸ ਕਮੇਟੀ ਦਾ ਕੋਈ ਵੀ ਮੈਂਬਰ ਕਿਸੇ ਤਰ੍ਹਾਂ ਦੇ ਨਸ਼ੇ ਦਾ ਸੇਵਨ ਨਾ ਕਰਦਾ ਹੋਵੇ ਅਤੇ ਦਿਮਾਗੀ ਸੰਤੁਲਨ ਖਰਾਬ ਨਾ ਹੋਵੇ, ਸਜ਼ਾ ਯਾਫਤਾ ਜਾਂ ਦੀਵਾਲੀਆ ਨਾ ਹੋਵੇ।

ਡੋਪ ਟੈਸਟ ਦੌਰਾਨ ਜੇਕਰ ਕੋਈ ਦੋਸ਼ੀ ਪਾਇਆ ਜਾਂਦਾ ਹੈ ਤੇ ਉਸਦੀ ਮੈਂਬਰਸ਼ਿਪ ਰੱਦ ਕੀਤੀ ਜਾਵੇ । ਮੀਤ ਪ੍ਰਧਾਨ ਗੁਰਬੀਰ ਸਿੰਘ ਤਲਾਕੌਰ ਨੇ ਕਿਹਾ ਕਿ ਅਗਰ ਡੋਪ ਟੈਸਟ ਵਿੱਚ ਸਾਰੇ ਸਹੀ ਪਾਏ ਜਾਂਦੇ ਹਨ ਤਾਂ ਇਸ ਨਾਲ ਸਿੱਖ ਸੰਗਤਾਂ ਦੀ ਤਸੱਲੀ ਹੋ ਜਾਵੇਗੀ ਕਿ ਕੋਈ ਵੀ ਮੈਂਬਰ ਕਿਸੇ ਤਰ੍ਹਾਂ ਦੇ ਸ਼ਰਾਬ, ਭੁੱਕੀ, ਅਫੀਮ ਨਸ਼ੇ ਦਾ ਸੇਵਨ ਨਹੀਂ ਕਰਦਾ । ਸ੍ਰ: ਗੁਰਬੀਰ ਸਿੰਘ ਨੇ ਕਿਹਾ ਕਿ ਹਰਿਆਣਾ ਕਮੇਟੀ ਮੈਂਬਰ ਸਹਿਬਾਨਾਂ ਦਾ ਇੱਕ ਵਫ਼ਦ ਲੈ ਕੇ ਜਲਦੀ ਹੀ ਕਮਿਸ਼ਨਰ ਸਾਹਿਬਾਨਾਂ ਨੂੰ ਇੱਕ ਮੰਗ ਪੱਤਰ ਦਿੱਤਾ ਜਾਵੇਗਾ।

## ਐੱਨ.ਸੀ.ਆਰ.ਟੀ. ਨੇ ਸਿੱਖ ਇਤਿਹਾਸ ਤੇ ਮਰਾਠਾ ਵਿਰਸੇ ਨੂੰ ਦਿੱਤੀ ਉਚਿੱਤ ਥਾਂ

☛ ਅੱਠਵੀਂ ਕਲਾਸ ਦੀ ਨਵੀਂ ਪਾਠ-ਪੁਸਤਕ 'ਚ ਭੁੱਲੇ-ਵਿਸਰੇ ਮਹਾਨ ਸ਼ਾਸਕਾਂ ਨੂੰ ਦਿੱਤੀ ਪ੍ਰਮੁੱਖਤਾ


ਨਵੀਂ ਦਿੱਲੀ, 18 ਜੁਲਾਈ (ਚ.ਨ.ਸ.): ਐੱਨਸੀਈਆਰਟੀ ਵੱਲੋਂ ਜਾਰੀ ਕੀਤੀ ਗਈ ਅੱਠਵੀਂ ਕਲਾਸ ਦੀ ਸਮਾਜਿਕ ਵਿਗਿਆਨ ਦੀ ਨਵੀਂ ਪਾਠ-ਪੁਸਤਕ 'ਚ ਮਰਾਠਾ ਆਗੂਆਂ ਦੇ ਵਿਸਥਾਰਤ ਦ੍ਰਿਸ਼ਟੀਕੋਣ ਤੋਂ ਲੈ ਕੇ ਸਿੱਖ ਧਰਮ ਦੇ ਇਤਿਹਾਸ ਅਤੇ ਸ਼ਕਤੀਸ਼ਾਲੀ ਖੇਤਰੀ ਰਾਜਵੰਸ਼ਾਂ ਤੋਂ ਲੈ ਕੇ ਨਰਸਿੰਘ ਦੇਵ-1 ਵਰਗੇ ਅਣਦੇਖੇ ਸ਼ਾਸਕਾਂ ਤੱਕ ਦਾ ਸੁਮੇਲ ਹੈ। ਇਹ ਭਾਰਤੀ ਇਤਿਹਾਸ ਦਾ ਇਕ ਵਿਆਪਕ ਤੇ ਸਮੁੱਚਾ ਖਾਕਾ ਪੇਸ਼ ਕਰਦੀ ਹੈ। ਕਿਤਾਬ 'ਐਕਸਪਲੋਰਿੰਗ ਸੁਸਾਇਟੀ : ਇੰਡੀਆ ਐਂਡ ਬਿਆਂਡ ਗ੍ਰੇਡ-8, ਪਾਰਟ-1' ਸਿੱਖ ਤੇ ਮਰਾਠਾ ਸਮਰਾਜਾਂ 'ਤੇ ਵਿਸਥਾਰਤ ਅਧਿਆਇ ਪੇਸ਼ ਕਰਦੀ ਹੈ, ਜਿਹੜੇ ਸਿਰਫ਼ ਕੁਝ ਸਫਿਆਂ ਜਾਂ ਸੰਖੇਪ ਸੰਦਰਭਾਂ ਤੱਕ ਸੀਮਤ ਸਨ। ਇਹ ਨਰਸਿੰਘ ਦੇਵ-1, ਓਡੀਸ਼ਾ ਦੇ ਗਜਪਤੀ ਸ਼ਾਸਕ, ਹੋਯਸਾਲ, ਰਾਣੀ ਅੱਬਬੱਕਾ-1 ਤੇ 2 ਅਤੇ ਟਰਾਵਣਕੋਰ ਦੇ ਮਾਰਥੰਡ ਵਰਮਾ ਵਰਗੀਆਂ ਖੇਤਰੀ ਸ਼ਖਸੀਅਤਾਂ ਨੂੰ ਰਾਸ਼ਟਰੀ ਫੋਕਸ 'ਚ ਲਿਆਉਂਦੀ ਹੈ। ਨਵੀਂ ਪਾਠ-ਪੁਸਤਕ



'ਚ ਮਸ਼ਹੂਰ ਰਾਜਪੂਤ ਸ਼ਾਸਕਾਂ ਜਿਵੇਂ ਰਾਣਾ ਕੁੰਭਾ ਤੇ ਮਹਾਰਾਣਾ ਪ੍ਰਤਾਪ ਦੇ ਸਿਰਫ਼ ਯੋਧਿਆਂ ਦੇ ਰੂਪ 'ਚ ਨਹੀਂ ਬਲਕਿ ਦਿੱਲੀ 'ਚ ਸ਼ਕਤੀ ਸੰਤੁਲਨ ਦੇ ਬਦਲਦੇ ਦੌਰ ਦੌਰਾਨ ਰਣਨੀਤਕ ਮਹੱਤਵ ਦੇ ਵਿਅਕਤੀਆਂ ਦੇ ਰੂਪ 'ਚ ਵੀ ਹਵਾਲਾ ਦਿੱਤਾ ਗਿਆ ਹੈ। ਸਿੱਖ ਗੁਰੂਆਂ ਤੇ ਸ਼ਾਸਕਾਂ ਦਾ ਵਿਸਥਾਰਤ ਵੇਰਵਾ ਸਿੱਖ ਅਧਿਆਇ 'ਚ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੇ ਗਏ ਭਗਤੀ ਅੰਦੋਲਨ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਹਿਤ ਹਥਿਆਰਬੰਦ ਵਿਰੋਧ, ਖ਼ਾਲਸਾ ਪੰਥ ਦੀ ਸਥਾਪਨਾ ਤੇ ਮਹਾਰਾਜਾ ਰਣਜੀਤ ਸਿੰਘ ਤਹਿਤ ਏਕੀਕ੍ਰਿਤ ਸਮਰਾਜ ਦੀ ਸਥਾਪਨਾ ਤੱਕ ਦਾ ਵੇਰਵਾ ਤੇ ਇਸ ਦੇ ਉਭਾਰ ਦਾ ਵਰਨਣ ਕੀਤਾ ਗਿਆ ਹੈ। ਇਹ ਦੱਸਦਾ ਹੈ ਕਿ ਸਿੱਖ ਗੁਰੂ ਮੁਗਲਾਂ ਦੇ ਸ਼ੋਸ਼ਣ ਖਿਲਾਫ਼ ਕਿਵੇਂ ਖੜ੍ਹੇ ਹੋਏ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਪੰਥ ਦੀ ਸਥਾਪਨਾ ਮਹੱਤਵਪੂਰਨ ਪਲ ਸਨ। ਕਿਤਾਬ 'ਚ ਸਿੱਖ ਸਾਮਰਾਜ ਦੀ ਧਰਮ ਨਿਰਪੱਖ ਤੇ ਸਮੁੱਚੀ ਸ਼ਾਸਨ ਸ਼ੈਲੀ ਨੂੰ ਵੀ ਉਜਾਗਰ ਕੀਤਾ ਗਿਆ ਹੈ, ਜਿਹੜੀ ਪੰਜਾਬ ਤੋਂ ਕਸ਼ਮੀਰ ਦੇ ਕੁਝ ਹਿੱਸਿਆਂ ਤੱਕ ਫੈਲੀ ਹੋਈ ਸੀ ਤੇ 19ਵੀਂ ਸਦੀ ਦੇ ਮੱਧ ਤੱਕ ਉਪਨਿਵੇਸ਼ੀ ਵਿਸਥਾਰ ਖਿਲਾਫ਼ ਮਜ਼ਬੂਤ ਗੜ੍ਹ ਬਣੀ ਰਹੀ।

## ਕਰਜ਼ੇ ਲਈ ਹੁਣ ਸਿਬਿਲ ਸਕੋਰ ਨਹੀਂ ਹੋਵੇਗਾ ਆਧਾਰ

ਨਵੀਂ ਦਿੱਲੀ, 18 ਜੁਲਾਈ (ਚ.ਨ.ਸ.): ਬੈਂਕ ਜਾਂ ਦੂਜੇ ਵਿੱਤੀ ਸੰਸਥਾਨ ਜਦ ਕਰਜ਼ਾ ਦਿੰਦੇ ਹਨ ਤਾਂ ਸਭ ਤੋਂ ਪਹਿਲਾਂ ਬਿਨੈਕਾਰ ਦਾ ਕ੍ਰੈਡਿਟ ਸਕੋਰ ਦੇਖਦੇ ਹਨ। ਕ੍ਰੈਡਿਟ ਸਕੋਰ ਲਈ ਸਿਬਿਲ 'ਤੇ ਨਿਰਭਰ ਰਹਿਣਾ ਪੈਂਦਾ ਹੈ, ਪਰ ਹੁਣ ਇਹ ਨਿਰਭਰਤਾ ਖ਼ਤਮ ਹੋਣ ਜਾ ਰਹੀ ਹੈ। ਵਿੱਤ ਮੰਤਰਾਲੇ ਦੇ ਵਿੱਤੀ ਸੇਵਾ ਵਿਭਾਗ (ਡੀਐੱਫਐੱਸ) ਨੇ ਸਾਰੇ ਸਰਕਾਰੀ ਤੇ ਨਿੱਜੀ ਬੈਂਕ ਤੇ ਗ਼ੈਰ ਬੈਂਕਿੰਗ ਵਿੱਤੀ ਸੰਸਥਾਨਾਂ ਨੂੰ ਜਲਦ ਤੋਂ ਜਲਦ ਯੂਨੀਫਾਈਡ ਲੈਂਡਿੰਗ ਇੰਟਰਫੇਸ (ਯੂਐੱਲਆਈ) ਪਲੇਟਫਾਰਮ ਨਾਲ ਜੁੜਨ ਦਾ ਨਿਰਦੇਸ਼ ਦਿੱਤਾ ਹੈ। ਕਰਜ਼ਾ ਦੇਣ 'ਚ ਯੂਐੱਲਆਈ ਦੀ ਵਰਤੋਂ ਸਬੰਧੀ ਸਾਰੀਆਂ ਵਿੱਤੀ ਸੰਸਥਾਵਾਂ ਨੂੰ ਇਕ ਨੋਡਲ ਅਧਿਕਾਰੀ ਨਾਮਜ਼ਦ ਕਰਨ ਲਈ ਕਿਹਾ ਗਿਆ ਹੈ। ਡੀਐੱਫਐਸ ਵੱਲੋਂ ਬੈਂਕ ਤੇ ਹੋਰ ਵਿੱਤੀ ਸੰਸਥਾਵਾਂ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀਈਓ ਨੂੰ ਮਹੀਨਾਵਾਰ ਆਧਾਰ 'ਤੇ ਯੂਐੱਲਆਈ ਦੇ ਅਮਲ ਦੀ ਸਮੀਖਿਆ ਕਰਨ ਲਈ ਵੀ ਕਿਹਾ ਗਿਆ ਹੈ। ਜਿਨ੍ਹਾਂ ਸੰਸਥਾਵਾਂ ਨੇ ਯੂਐੱਲਆਈ ਨਾਲ ਜੁੜਨ ਦੀ ਪਹਿਲ ਨਹੀਂ ਕੀਤੀ ਹੈ, ਉਨ੍ਹਾਂ ਨੂੰ ਜਲਦ ਤੋਂ ਜਲਦ ਇਸ ਦਿਸ਼ਾ 'ਚ ਕਦਮ ਚੁੱਕਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਇਸ ਸਬੰਧ 'ਚ ਡੀਐੱਫਐੱਸ ਸਕੱਤਰ ਐੱਮ. ਨਾਗਰਾਜੂ ਤੇ ਆਰਬੀਆਈ ਦੇ




ਡਿਪਟੀ ਗਵਰਨਰ ਟੀ. ਰਬੀ ਸ਼ੰਕਰ ਦੀ ਪ੍ਰਧਾਨਗੀ 'ਚ ਬੈਠਕ ਕਰਵਾਈ ਗਈ, ਜਿਸ 'ਚ 12 ਸਰਕਾਰੀ ਬੈਂਕ, 18 ਨਿੱਜੀ ਬੈਂਕ, ਤਿੰਨ ਸਮਾਲ ਫਾਇਨਾਂਸ ਬੈਂਕ ਤੇ ਛੇ ਐੱਨਬੀਐੱਫਸੀ ਦੇ ਐੱਮਡੀ ਤੇ ਸੀਈਓ ਮੌਜੂਦ ਸਨ। ਜ਼ਿਕਰਯੋਗ ਹੈ ਕਿ ਕ੍ਰੈਡਿਟ ਸਕੋਰ ਮਾਪਣ ਲਈ 25 ਸਾਲ ਪਹਿਲਾਂ ਕ੍ਰੈਡਿਟ ਇਨਫਾਰਮੇਸ਼ਨ ਬਿਊਰੋ ਇੰਡੀਆ ਲਿਮਟਿਡ (ਸਿਬਿਲ) ਦੀ ਸਥਾਪਨਾ ਕੀਤੀ ਗਈ ਸੀ। ਮੁੱਖ ਤੌਰ 'ਤੇ ਬੈਂਕ ਤੇ ਵਿੱਤੀ ਸੰਸਥਾਵਾਂ ਤੋਂ ਕਰਜ਼ਾ ਲੈਣ ਵਾਲਿਆਂ ਤੇ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਵਾਲਿਆਂ ਦਾ ਹੀ ਸਿਬਿਲ ਸਕੋਰ ਦਾ ਪਤਾ ਲੱਗ ਸਕਦਾ ਹੈ। ਹੁਣ ਪਹਿਲੀ ਵਾਰ ਕਰਜ਼ਾ ਲੈਣ ਵਾਲੇ ਦਾ ਵੀ ਕ੍ਰੈਡਿਟ ਸਕੋਰ ਅਸਾਨੀ ਨਾਲ ਜਾਣਿਆ ਜਾ ਸਕੇਗਾ।

## ਪਾਕਿਸਤਾਨ ਦੇ ਪੰਜਾਬ ਸੂਬੇ 'ਚ ਭਾਰੀ ਮੀਂਹ ਕਾਰਨ 24 ਘੰਟਿਆਂ 'ਚ 63 ਲੋਕਾਂ ਦੀ ਮੌਤ



ਲਾਹੌਰ, 18 ਜੁਲਾਈ (ਚ.ਨ.ਸ.): ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਪਿਛਲੇ 24 ਘੰਟਿਆਂ ਵਿੱਚ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਕਾਰਨ 63 ਲੋਕਾਂ ਦੀ ਜਾਨ ਚਲੀ ਗਈ। ਵੀਰਵਾਰ ਨੂੰ ਪੰਜਾਬ ਵਿੱਚ ਐਮਰਜੈਂਸੀ ਐਲਾਨਣੀ ਪਈ। ਇਸ ਦੌਰਾਨ 300 ਲੋਕ ਜ਼ਖ਼ਮੀ ਵੀ ਹੋਏ। ਇਸ ਦੇ ਨਾਲ ਹੀ ਮਰਨ ਵਾਲਿਆਂ ਦੀ ਗਿਣਤੀ 124 ਹੋ ਗਈ ਹੈ। ਜ਼ਿਆਦਾਤਰ ਮੌਤਾਂ ਲਾਹੌਰ, ਫੈਸਲਾਬਾਦ, ਓਕਾਰਾ, ਸਾਹੀਵਾਲ, ਪਾਕਪਟਨ ਅਤੇ ਚੱਕਵਾਲ ਵਿੱਚ ਹੋਈਆਂ ਹਨ। ਇਨ੍ਹਾਂ ਇਲਾਕਿਆਂ ਵਿੱਚ 125 ਤੋਂ ਵੱਧ ਘਰਾਂ ਨੂੰ ਨੁਕਸਾਨ ਪਹੁੰਚਿਆ। ਚੱਕਵਾਲ ਸਭ ਤੋਂ ਵੱਧ ਪ੍ਰਭਾਵਿਤ ਇਲਾਕਾ ਸੀ। ਪਿਛਲੇ 10 ਘੰਟਿਆਂ ਦੌਰਾਨ ਚੱਕਵਾਲ ਜ਼ਿਲ੍ਹੇ ਵਿੱਚ 423 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਪਾਕਿਸਤਾਨ ਦੇ ਮੌਸਮ ਵਿਭਾਗ ਨੇ ਪਹਿਲਾਂ ਹੀ ਦੇਸ਼ ਭਰ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਸੀ। ਰਾਵਲਪਿੰਡੀ, ਚੱਕਵਾਲ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਭਾਰੀ ਮੀਂਹ ਕਾਰਨ ਨਦੀਆਂ ਉਛਲ ਰਹੀਆਂ ਹਨ। **ਪੰਜਾਬ ਦੇ ਮੁੱਖ ਮੰਤਰੀ ਨੇ ਜਾਰੀ ਕੀਤੀਆਂ ਹਦਾਇਤਾਂ:** ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਕਿਹਾ ਕਿ ਉਨ੍ਹਾਂ ਨੇ ਸਾਇਰਨ ਅਤੇ ਐਲਾਨਾਂ ਰਾਹੀਂ ਜਨਤਾ ਨੂੰ ਸੁਚੇਤ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਲੋਕਾਂ ਨੂੰ ਸਥਾਨਕ ਅਧਿਕਾਰੀਆਂ ਨਾਲ ਸਹਿਯੋਗ ਕਰਨ ਅਤੇ ਜ਼ਰੂਰੀ ਸੁਰੱਖਿਆ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਗਈ ਹੈ। **ਰਾਵਲਪਿੰਡੀ ਵਿੱਚ ਵੀ ਛੁੱਟੀ ਦਾ ਐਲਾਨ:** ਨਾਗਰਿਕਾਂ ਨੂੰ ਬੇਲੋੜੀ ਯਾਤਰਾ ਤੋਂ ਬਚਣ ਅਤੇ ਬਿਜਲੀ ਦੀਆਂ ਲਾਈਨਾਂ ਆਦਿ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਪਾਣੀ ਦੇ ਪੱਧਰ ਵਿੱਚ ਲਗਾਤਾਰ ਵਾਧੇ ਕਾਰਨ, ਰਾਵਲਪਿੰਡੀ ਵਿੱਚ ਗਵਾਲਮੰਡੀ ਅਤੇ ਕਟਾਰੀਅਨ ਪੁਲਾਂ ਲਈ ਹੜ੍ਹ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਇਸ ਤੋਂ ਇਲਾਵਾ ਰਾਵਲਪਿੰਡੀ ਵਿੱਚ ਵੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

## ਜੱਦੀ ਪਿੰਡ ਬਿਆਸ 'ਚ ਹੋਵੇਗਾ ਮੈਰਾਥਨ ਦੌੜਾਕ ਫੌਜਾ ਸਿੰਘ ਦਾ ਸਸਕਾਰ

ਜਲੰਧਰ, 18 ਜੁਲਾਈ (ਚ.ਨ.ਸ.): ਬਜ਼ੁਰਗ ਮੈਰਾਥਨ ਦੌੜਾਕ ਫੌਜਾ ਸਿੰਘ ਦਾ ਅੰਤਿਮ ਸਸਕਾਰ ਐਤਵਾਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਬਿਆਸ ਵਿਚ 20 ਜੁਲਾਈ ਦੁਪਹਿਰੇ 12 ਵਜੇ ਕੀਤਾ ਜਾਵੇਗਾ। ਫੌਜਾ ਸਿੰਘ ਦਾ ਲੰਘੇ ਦਿਨੀਂ 114 ਸਾਲ ਦੀ ਉਮਰ ਵਿਚ ਇਕ ਹਾਦਸੇ ਵਿਚ ਦੇਹਾਂਤ ਹੋ ਗਿਆ ਸੀ। ਪਰਿਵਾਰ ਮੁਤਾਬਕ ਸਿੰਘ ਨੇ ਆਪਣੀਆਂ ਅੰਤਿਮ ਰਸਮਾਂ ਜੱਦੀ ਪਿੰਡ ਵਿਚ ਹੀ ਕੀਤੇ ਜਾਣ ਦੀ ਇੱਛਾ ਜਤਾਈ ਸੀ। ਫੌਜਾ ਸਿੰਘ ਦੇ ਪੁੱਤਰ ਹਰਵਿੰਦਰ ਸਿੰਘ ਨੇ ਦੱਸਿਆ, "ਮੇਰੀ ਭੈਣ ਪਹਿਲਾਂ ਹੀ ਆ ਚੁੱਕੀ ਹੈ ਅਤੇ ਮੇਰਾ ਭਰਾ ਅੱਜ ਪਹੁੰਚ ਜਾਵੇਗਾ। ਉਸ ਤੋਂ ਬਾਅਦ ਸਸਕਾਰ ਕੀਤਾ ਜਾਵੇਗਾ। ਪਰਿਵਾਰ ਬਹੁਤ ਦੁਖੀ ਹੈ।" ਹਰਵਿੰਦਰ ਨੇ ਕਿਹਾ ਕਿ ਉਸ ਦੇ ਪਿਤਾ ਨੂੰ ਗੱਡੀ ਦੀ ਫੇਟ ਮਾਰਨ ਵਾਲੇ ਮੁਲਜ਼ਮ ਦਾ ਪਰਿਵਾਰ ਵੀ ਉਸ ਨੂੰ ਮਿਲਣ ਆਇਆ ਸੀ। ਉਸ ਨੇ ਕਿਹਾ, "ਉਹ ਕੱਲ੍ਹ ਮੈਨੂੰ ਮਿਲਣ ਆਏ ਸਨ ਅਤੇ ਆਪਣੀ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਨੇ ਕਿਹਾ ਕਿ ਘਟਨਾ ਤੋਂ ਬਾਅਦ ਮੁਲਜ਼ਮ ਘਬਰਾ ਗਿਆ ਸੀ, ਜਿਸ ਕਾਰਨ ਉਹ ਮੌਕੇ ਤੋਂ ਭੱਜ ਗਿਆ।" ਫੌਜਾ ਸਿੰਘ ਨੇ ਮੀਡੀਆ ਨਾਲ ਆਪਣੇ ਪਿਛਲੇ ਇੰਟਰਵਿਊ ਵਿੱਚ ਇਹ ਗੱਲ ਸਾਂਝੀ ਕੀਤੀ ਸੀ ਕਿ ਉਹ ਆਪਣੇ ਪਿੰਡ ਦੇ ਅੰਦਰ ਰੋਜ਼ਾਨਾ ਘੁੰਮ ਕੇ ਸਰਗਰਮ ਰਹਿੰਦਾ ਹੈ। ਬਜ਼ੁਰਗ ਮੈਰਾਥਨ ਨੇ ਕਿਹਾ ਸੀ, "ਮੈਂ ਸੜਕਾਂ 'ਤੇ ਜਾਣ ਤੋਂ ਬਚਦਾ ਹਾਂ ਕਿਉਂਕਿ ਇਹ ਖ਼ਤਰਨਾਕ ਹੋ ਸਕਦਾ ਹੈ, ਇਸ ਲਈ ਮੈਂ ਪਿੰਡ ਦੇ ਅੰਦਰ ਹੀ ਰਹਿੰਦਾ ਹਾਂ।" ਪਰ ਦੁਖਦਾਈ ਗੱਲ ਇਹ ਹੈ ਕਿ ਜਦੋਂ ਉਹ ਪਿੰਡ ਦੇ ਇੱਕ ਸਥਾਨਕ ਢਾਬੇ ਵੱਲ ਪੈਦਲ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਇੱਕ ਕਾਰ ਨੇ ਟੱਕਰ ਮਾਰ ਦਿੱਤੀ।

## ਨਸ਼ੇ ਖ਼ਿਲਾਫ਼ ਜੰਗ 'ਚ ਪੁਲਿਸ ਨੇ ਦੋ ਵਾਰਡਾਂ 'ਚ ਚਲਾਇਆ ਤਲਾਸ਼ੀ ਅਭਿਆਨ

ਮੱਲਾਂ ਵਾਲਾ, 18 ਜੁਲਾਈ (ਹਰਪਾਲ ਸਿੰਘ ਖਾਲਸਾ/ਇੰਦਰਜੀਤ ਸਿੰਘ ਸੰਧੂ): ਐਸਐਸਪੀ ਫਿਰੋਜ਼ਪੁਰ ਦੇ ਸਿੱਧੇ ਹੁਕਮਾਂ 'ਤੇ ਐਸਐਚਓ ਹਰਿੰਦਰ ਸਿੰਘ ਦੀ ਅਗਵਾਈ ਹੇਠ ਮੱਲਾਂਵਾਲਾ ਦੇ ਵਾਰਡ ਨੰਬਰ 2 ਤੇ 3 ਵਿੱਚ ਨਸ਼ੇ ਵਿਰੁੱਧ ਅਭਿਆਨ ਚਲਾਇਆ ਗਿਆ। ਪੁਲਿਸ ਪਾਰਟੀ ਨੇ ਘਰ ਘਰ ਤਲਾਸ਼ੀ ਲੈ ਕੇ ਕੁਝ ਸ਼ੱਕੀ ਬੰਦਿਆਂ ਦੀ ਜਾਂਚ ਕੀਤੀ। ਪੁਲਿਸ ਪਾਰਟੀ ਨੇ ਨਸ਼ਾ ਸੁੰਘਣ ਵਾਲਾ ਡੌਗ ਦੀ ਵੀ ਮਦਦ ਲਈ ਅਤੇ ਨਸ਼ਾ ਵੇਚਣ ਵਾਲਿਆਂ ਨੂੰ ਸਖਤ ਚਿਤਾਵਨੀ ਦਿੱਤੀ। ਪੁਲਿਸ ਨੇ ਪਿੰਡ ਵਾਸੀਆਂ ਨੂੰ ਇਕੱਠੇ ਕਰਕੇ ਸਾਫ਼ ਸੰਦੇਸ਼ ਦਿੱਤੇ ਕਿ ਹੁਣ ਕਿਸੇ ਵੀ ਨਸ਼ਾ ਤਸਕਰ ਨੂੰ ਛੱਡਿਆ ਨਹੀਂ ਜਾਵੇਗਾ। ਜੇਕਰ ਕੋਈ ਨਸ਼ੇ ਦੀ ਲਤ ਤੋਂ ਛੁਟਕਾਰਾ ਲੈਣਾ ਚਾਹੁੰਦਾ ਹੈ, ਉਹ ਬੇਝਿਜਕ ਪੁਲਿਸ ਨਾਲ ਸੰਪਰਕ ਕਰ ਸਕਦਾ ਹੈ। ਐਸਐਚਓ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਹਾਇਤਾ ਨਾਲ ਨਸ਼ਾ ਛੱਡਣ ਵਾਲਿਆਂ ਨੂੰ ਫਿਰੋਜ਼ਪੁਰ ਸਿਵਲ ਹਸਪਤਾਲ 'ਚ ਇਲਾਜ ਲਈ ਦਾਖਲ ਕਰਵਾਇਆ ਜਾਵੇਗਾ। ਜਿਸ ਵੀ ਵਿਅਕਤੀ ਕੋਲ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਹੋਵੇ, ਉਹ ਆਪਣੀ ਪਛਾਣ ਗੁਪਤ ਰੱਖਵਾ ਸਕਦਾ ਹੈ। ਇਹ ਦੱਸਣਾ ਲਾਜ਼ਮੀ ਹੈ ਕਿ ਐਸਐਚਓ ਹਰਿੰਦਰ ਸਿੰਘ ਨੇ ਕੁਝ ਦਿਨਾਂ ਵਿਚ ਹੀ ਪਿੰਡ ਵਿੱਚ ਦੂਜੀ ਵਾਰੀ ਸਰਚ ਅਭਿਆਨ ਚਲਾਇਆ ਹੈ ਜਿਸ ਨਾਲ ਨਸ਼ਾ ਤਸਕਰਾਂ 'ਚ ਹੜਕੰਪ ਮਚ ਗਿਆ ਹੈ। ਕਈ ਨੌਜਵਾਨ ਨਸ਼ੇ ਦੀ ਓਵਰਡੋਜ਼ ਕਾਰਨ ਆਪਣੀ ਜਾਨ ਗਵਾ ਚੁੱਕੇ ਹਨ, ਪਰ ਜਦੋਂ ਤੋਂ ਐਸਐਚਓ ਹਰਿੰਦਰ ਸਿੰਘ ਨੇ ਚਾਰਜ ਸੰਭਾਲਿਆ ਹੈ, ਇਲਾਕੇ 'ਚ ਨਸ਼ੇ ਦੀ ਲਹਿਰ ਨੂੰ ਵੱਡਾ ਝਟਕਾ ਲੱਗਾ ਹੈ।



## ਪੈਰੋਲ 'ਤੇ ਆਏ ਕੈਦੀ ਨੇ ਪਟਨਾ ਦੇ ਨਿੱਜੀ ਹਸਪਤਾਲ 'ਚ ਮਰੀਜ਼ 'ਤੇ ਚਲਾਈਆਂ ਗੋਲ਼ੀਆਂ, ਮੌਕੇ 'ਤੇ ਮੌਤ

ਪਟਨਾ, 18 ਜੁਲਾਈ (ਚ.ਨ.ਸ.): ਸ਼ਾਸਤਰੀ ਨਗਰ ਥਾਣਾ ਖੇਤਰ ਦੇ ਰਾਜਾ ਬਜ਼ਾਰ ਵਿੱਚ ਅਪਰਾਧੀਆਂ ਨੇ ਪਾਰਸ ਹਸਪਤਾਲ ਵਿੱਚ ਦਾਖਲ ਹੋ ਕੇ ਇੱਕ ਮਰੀਜ਼ ਨੂੰ ਗੋਲੀ ਮਾਰ ਦਿੱਤੀ। ਮਰੀਜ਼ ਨੂੰ ਤਿੰਨ ਤੋਂ ਚਾਰ ਗੋਲੀਆਂ ਮਾਰੀਆਂ ਗਈਆਂ। ਘਟਨਾ ਤੋਂ ਬਾਅਦ ਹਸਪਤਾਲ ਵਿੱਚ ਹਫੜਾ-ਦਫੜੀ ਦਾ ਮਾਹੌਲ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਸ਼ਾਸਤਰੀ ਨਗਰ, ਰਾਜੀਵ ਨਗਰ ਥਾਣਾ ਦੀ ਪੁਲਿਸ ਮੌਕੇ 'ਤੇ ਪਹੁੰਚ ਗਈ। ਪਤਾ ਲੱਗਿਆ ਹੈ ਕਿ ਅਪਰਾਧੀਆਂ ਨੇ ਚੰਦਨ ਮਿਸ਼ਰਾ ਨਾਮ ਦੇ ਮਰੀਜ਼ ਨੂੰ ਗੋਲੀ ਮਾਰੀ ਹੈ, ਜੋ ਬੇਉਰ ਜੇਲ੍ਹ ਦਾ ਕੈਦੀ ਹੈ ਅਤੇ ਪੈਰੋਲ 'ਤੇ ਬਾਹਰ ਆਇਆ ਹੈ। ਇਲਾਜ ਲਈ ਉਹ ਪਾਰਸ ਹਸਪਤਾਲ ਵਿਚ ਭਰਤੀ ਸੀ। ਵੀਰਵਾਰ ਨੂੰ ਹਸਪਤਾਲ ਦੇ ਕਮਰੇ ਵਿੱਚ 4 ਅਪਰਾਧੀ ਦਾਖਲ ਹੋਏ ਅਤੇ ਚੰਦਨ ਮਿਸ਼ਰਾ 'ਤੇ ਗੋਲੀਆਂ ਚਲਾ ਕੇ ਫਰਾਰ ਹੋ ਗਏ। ਚੰਦਨ ਮਿਸ਼ਰਾ ਬਕਸਰ ਦਾ ਰਹਿਣ ਵਾਲਾ ਹੈ ਅਤੇ ਉਸ 'ਤੇ ਕੇਸਰੀ ਨਾਮ ਦੇ ਵਿਅਕਤੀ ਦੀ ਹੱਤਿਆ ਦਾ ਦੋਸ਼ ਵੀ ਹੈ। **ਮੌਕੇ 'ਤੇ ਪਹੁੰਚੀ ਪੁਲਿਸ:** ਇਸ ਘਟਨਾ ਦੀ ਜਾਣਕਾਰੀ ਮਿਲਦੇ ਹੀ ਸ਼ਾਸਤਰੀ ਨਗਰ ਥਾਣੇ ਦੀ ਪੁਲਿਸ ਮੌਕੇ 'ਤੇ ਪਹੁੰਚ ਗਈ।




ਸੀਨੀਅਰ ਪੁਲਿਸ ਅਧਿਕਾਰੀ ਵੀ ਹਸਪਤਾਲ ਪਹੁੰਚੇ ਹਨ। ਸ਼ਾਸਤਰੀ ਨਗਰ ਦੇ ਥਾਣੇਦਾਰ ਅਮਰ ਕੁਮਾਰ ਨੇ ਗੋਲੀ ਲੱਗਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਹੈ ਕਿ ਪਟਨਾ ਰੇਂਜ ਦੇ ਆਈਜੀ ਜਿਤੇਂਦਰ ਰਾਣਾ ਵੀ ਹਸਪਤਾਲ ਪਹੁੰਚੇ ਹਨ। ਪੁਲਿਸ ਸੀਸੀਟੀਵੀ ਫੁਟੇਜ ਦੀ ਜਾਂਚ ਕਰ ਰਹੀ ਹੈ। **ਪਟਨਾ ਦੇ ਐਸਐਸਪੀ ਨੇ ਕੀਤਾ ਵੱਡਾ ਦਾਅਵਾ:** ਐਸਐਸਪੀ ਕਾਰਤਿਕੇਯ ਸ਼ਰਮਾ ਵੀ ਘਟਨਾ ਸਥਾਨ 'ਤੇ ਪਹੁੰਚੇ। ਉਨ੍ਹਾਂ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਹਸਪਤਾਲ ਵਿਚ ਇਲਾਜ ਕਰਵਾ ਰਹੇ ਬਕਸਰ ਦੇ ਨਿਵਾਸੀ ਚੰਦਨ ਮਿਸ਼ਰਾ 'ਤੇ ਅਪਰਾਧੀਆਂ ਨੇ ਕਈ ਰਾਊਂਡ ਗੋਲੀਆਂ ਚਲਾਈਆਂ। ਐਸਐਸਪੀ ਨੇ ਕਿਹਾ ਕਿ ਮਰੀਜ਼ ਦੀ ਸੰਭਾਵਨਾ ਹੈ ਕਿ ਮੌਤ ਹੋ ਚੁੱਕੀ ਹੈ ਪਰ ਹਸਪਤਾਲ ਤੋਂ ਪੁਸ਼ਟੀ ਹੋਣੀ ਬਾਕੀ ਹੈ। ਚੰਦਨ ਬਕਸਰ ਦਾ ਇਕ ਦੁਰਦਾਂਤ ਅਪਰਾਧੀ ਹੈ, ਜਿਸ 'ਤੇ ਇਕ ਦਰਜਨ ਤੋਂ ਵੱਧ ਹੱਤਿਆ ਦੇ ਮਾਮਲੇ ਦਰਜ ਹਨ। ਉਹ ਬਕਸਰ ਦੇ ਇਕ ਗੈਂਗ ਦਾ ਮੈਂਬਰ ਸੀ। ਐਸਐਸਪੀ ਨੇ ਕਿਹਾ ਕਿ ਗੈਂਗਵਾਰ ਵਿਚ ਹਮਲਾ ਹੋਣ ਦੀ ਸੰਭਾਵਨਾ ਜ਼ਿਆਦਾ ਹੈ। ਵਿਰੋਧੀ ਗਟ ਦੇ ਲੋਕਾਂ ਨੇ ਇਹ ਹਮਲਾ ਕਰਵਾਇਆ ਹੋਵੇਗਾ। ਸੀਸੀਟੀਵੀ ਫੁਟੇਜ ਵਿਚ ਸ਼ੂਟਰ ਦੇ ਚਿਹਰੇ ਆਏ ਹਨ ਜੋ ਬਕਸਰ ਪੁਲਿਸ ਨਾਲ ਸਾਂਝੇ ਕੀਤੇ ਜਾ ਰਹੇ ਹਨ।

## ਨੌਜਵਾਨ ਪੀੜ੍ਹੀ ਨੂੰ 114 ਸਾਲਾ ਅਥਲੀਟ ਫੌਜਾ ਸਿੰਘ ਵੱਲੋਂ ਮਿਹਨਤ ਕਰਕੇ ਪ੍ਰਾਪਤ ਕੀਤੇ ਮੁਕਾਮ ਤੋਂ ਸੇਧ ਲੈਣ ਦੀ ਲੋੜ: ਪ੍ਰੋ. ਬਡੂੰਗਰ

ਫਤਹਿਗੜ੍ਹ ਸਾਹਿਬ, 18 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ 114 ਸਾਲਾ ਐਥਲੀਟ ਫੌਜਾ ਸਿੰਘ ਦੇ ਦੇਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਫੌਜਾ ਸਿੰਘ ਨੇ ਵਿਸ਼ਵ ਪੱਧਰ 'ਤੇ ਸਿੱਖੀ ਸਰੂਪ ਵਿੱਚ ਦੌੜ ਕੇ ਆਪਣਾ ਨਾਮ ਰੁਸ਼ਨਾਇਆ ਹੈ। ਉਹਨਾਂ ਕਿਹਾ ਕਿ ਫੌਜਾ ਸਿੰਘ ਅੱਜ ਦੀ ਨੌਜਵਾਨ ਪੀੜ੍ਹੀ ਲਈ ਇੱਕ ਪ੍ਰੇਰਨਾ ਸਰੋਤ ਅਥਲੀਟ ਹਨ, ਜਿਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਜ਼ਿੰਦਗੀ ਵਿੱਚ ਨਾਮਣਾ ਖੱਟਣ ਲਈ ਉਮਰ ਕੋਈ ਮਾਇਨੇ ਨਹੀਂ ਰੱਖਦੀ । ਪ੍ਰੋਫੈਸਰ ਬਡੂੰਗਰ ਨੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਫੌਜਾ ਸਿੰਘ ਦੇ ਜੀਵਨ ਤੇ ਮਿਹਨਤ ਤੋਂ ਪ੍ਰੇਰਨਾ ਲੈਣ ਦੀ ਲੋੜ ਕਰਾਰ ਦਿੰਦਿਆਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਸਰਕਾਰ ਵੱਲੋਂ ਸੜਕਾਂ 'ਤੇ ਦੁਰਘਟਨਾਵਾਂ ਦੀਆਂ ਘਟਨਾਵਾਂ 'ਤੇ ਕਾਬੂ ਪਾਉਣ ਦੇ ਨਾਲ ਨਾਲ ਦੁਰਘਟਨਾਵਾਂ ਵਿੱਚ ਜ਼ਖਮੀ ਹੋਏ ਵਿਅਕਤੀਆਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਤੇ ਹਸਪਤਾਲਾਂ ਵਿੱਚ ਸਮੇਂ ਸਿਰ ਲਿਜਾ ਕੇ ਜਾਨ ਬਚਾਉਣ ਦੇ ਮਨੋਰਥ ਨਾਲ ਬਣਾਈ ਗਈ ਸੜਕ ਸੁਰੱਖਿਆ ਫੋਰਸ ਐਸਟੀਐਫ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਿਆਂ ਐਸਟੀਐਫ ਨੂੰ ਹੋਰ ਚੁਸਤ ਦਰੁਸਤ ਕਰਨ ਦੀ ਮੰਗ ਕੀਤੀ ਹੈ ਕਿਉਂਕਿ ਜੇਕਰ ਐਸਟੀਐਫ ਦੇ ਜਵਾਨ ਚੁਸਤ ਦਰੁਸਤ ਹੋਣਗੇ ਤਾਂ ਉਹ ਹੋਰ ਆਪਣੀ ਡਿਊਟੀ ਚੰਗੀ ਤਰ੍ਹਾਂ ਨਿਭਾਉਂਦੇ ਹੋਏ ਜ਼ਖਮੀਆਂ ਦੀ ਮਦਦ ਕਰਨ ਲਈ ਅੱਗੇ ਆਉਣਗੇ।



## ਦੇਸ਼ ਭਗਤ ਯੂਨੀਵਰਸਿਟੀ ਨੇ ਪੰਜਾਬ ਦੀਆਂ ਦੋ ਸਰਕਾਰੀ ਤਕਨੀਕੀ ਯੂਨੀਵਰਸਿਟੀਆਂ ਨਾਲ ਸਮਝੌਤਿਆਂ 'ਤੇ ਕੀਤੇ ਦਸਤਖ਼ਤ




ਮੰਡੀ ਗੋਬਿੰਦਗੜ੍ਹ, 18 ਜੁਲਾਈ (ਅੰਮ੍ਰਿਤਪਾਲ ਸਿੰਘ/ਸੂਦ): ਤਕਨੀਕੀ ਵਿਕਾਸ ਨੂੰ ਵਧਾਉਣ ਤੇ ਸਰੋਤਾਂ ਦੀ ਵਰਤੋਂ ਨੂੰ ਅਨੁਕੂਲ ਬਣਾਉਣ ਲਈ ਇੱਕ ਰਣਨੀਤਕ ਕਦਮ ਚੁੱਕਦੇ ਹੋਏ ਦੇਸ਼ ਭਗਤ ਯੂਨੀਵਰਸਿਟੀ ਨੇ ਪੰਜਾਬ ਦੀਆਂ ਦੋ ਪ੍ਰਮੁੱਖ ਤਕਨੀਕੀ ਯੂਨੀਵਰਸਿਟੀਆਂ-ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ ਤੇ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਸਿਟੀ ਫਿਰੋਜ਼ਪੁਰ ਨਾਲ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ। ਇਨ੍ਹਾਂ ਸਮਝੌਤਿਆਂ 'ਤੇ ਰਸਮੀ ਤੌਰ 'ਤੇ ਡਾ. ਸੁਸ਼ੀਲ ਮਿੱਤਲ ਜੋ ਇੱਕ ਪ੍ਰਸਿੱਧ ਸਿੱਖਿਆ ਸ਼ਾਸਤਰੀ ਤੇ ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਤੇ ਉਨ੍ਹਾਂ ਕੋਲ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫਿਰੋਜ਼ਪੁਰ ਦੇ ਵਾਈਸ ਚਾਂਸਲਰ ਦਾ ਵਾਧੂ ਚਾਰਜ ਵੀ ਹੈ ਤੇ ਡਾ. ਹਰਸ਼ ਸਦਾਵਰਤੀ, ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੁਆਰਾ ਦਸਤਖਤ ਕੀਤੇ ਗਏ। ਇਸ ਮੌਕੇ 'ਤੇ ਬੋਲਦੇ ਹੋਏ ਡਾ. ਮਿੱਤਲ ਨੇ ਮੰਡੀ ਗੋਬਿੰਦਗੜ੍ਹ ਦੇ ਉਦਯੋਗਿਕ ਹੱਬ ਵਿੱਚ ਸਥਿਤ ਦੇਸ਼ ਭਗਤ ਯੂਨੀਵਰਸਿਟੀ ਦੀ ਸੰਭਾਵਨਾ 'ਤੇ ਜ਼ੋਰ ਦਿੱਤਾ-ਜੋ ਕਿ ਲੋਹਾ ਤੇ ਸਟੀਲ ਉਦਯੋਗ ਲਈ ਇੱਕ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਕੇਂਦਰ ਹੈ-ਮਕੈਨੀਕਲ ਤੇ ਉਤਪਾਦ ਵਿਕਾਸ ਇੰਜੀਨੀਅਰਾਂ ਦੀ ਸਿਖਲਾਈ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਡੀ.ਬੀ.ਯੂ. ਵਿੱਚ ਖੋਜ ਤੇ ਵਿਕਾਸ ਦੇ ਡੀਨ ਡਾ. ਪਰਵੀਨ ਬਾਂਸਲ ਨੇ ਆਈ.ਕੇ.ਜੀ.ਪੀ.ਟੀ.ਯੂ. ਵਿਖੇ ਅਤਿ-ਆਧੁਨਿਕ ਆਟੋਮੋਬਾਈਲ ਤੇ ਮਕੈਨੀਕਲ ਇੰਜੀਨੀਅਰਿੰਗ ਪ੍ਰਯੋਗਸ਼ਾਲਾਵਾਂ 'ਤੇ ਚਾਨਣਾ ਪਾਇਆ, ਜਿਸ ਨਾਲ ਡੀ.ਬੀ.ਯੂ. ਦੇ ਭਵਿੱਖ ਦੇ ਇੰਜੀਨੀਅਰਾਂ ਨੂੰ ਬਹੁਤ ਲਾਭ ਹੋਵੇਗਾ। ਉਨ੍ਹਾਂ ਨੇ ਬਾਇਓਸੈਂਸਰਾਂ 'ਤੇ ਸਹਿਯੋਗੀ ਖੋਜ ਦੀ ਸੰਭਾਵਨਾ ਦਾ ਵੀ ਜ਼ਿਕਰ ਕੀਤਾ-ਜੋ ਕਿ ਕੋਵਿਡ-19 ਤੋਂ ਬਾਅਦ ਇੱਕ ਉੱਭਰਦਾ ਫੋਕਸ ਖੇਤਰ ਹੈ ਤੇ ਸਹਿਯੋਗੀ ਸਿਹਤ ਵਿਗਿਆਨ ਤੇ ਪੈਰਾ ਮੈਡੀਕਲ ਕੋਰਸਾਂ ਲਈ ਉੱਨਤ ਪਾਠਕ੍ਰਮ ਵਿਕਸਿਤ ਕਰਨ ਲਈ ਸਾਂਝੇ ਯਤਨਾਂ ਦਾ ਪ੍ਰਸਤਾਵ ਰੱਖਿਆ। ਆਈ. ਕੇ. ਜੀ. ਪੀ. ਟੀ. ਯੂ. ਵਿੱਚ ਕਾਲਜ ਵਿਕਾਸ ਦੇ ਡੀਨ ਡਾ. ਬਲਕਾਰ ਸਿੰਘ ਤੇ ਖੋਜ ਦੇ ਐਸੋਸੀਏਟ ਡੀਨ ਡਾ. ਰਾਜੀਵ ਬੇਦੀ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਤੇ ਦੋਵਾਂ ਸੰਸਥਾਵਾਂ ਦੇ ਅਕਾਦਮਿਕ ਤੇ ਤਕਨੀਕੀ ਸਰੋਤਾਂ ਦੀ ਵਰਤੋਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਾ ਭਰੋਸਾ ਦਿੱਤਾ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਇਸ ਸਮਝੌਤੇ ਨੂੰ ਆਈ.ਕੇ.ਜੀ.ਪੀ.ਟੀ.ਯੂ. ਅਧੀਨ ਸਰਕਾਰ ਦੁਆਰਾ ਸਥਾਪਤ ਵਿਸ਼ਵ ਪੱਧਰੀ ਪ੍ਰਯੋਗਸ਼ਾਲਾਵਾਂ ਤੇ ਵਰਕਸ਼ਾਪਾਂ ਦੀ ਸਰਬੋਤਮ ਵਰਤੋਂ ਵੱਲ ਇੱਕ ਅਗਾਂਹਵਧੂ ਕਦਮ ਦੱਸਿਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਅਤਿ-ਆਧੁਨਿਕ ਹੁਨਰਾਂ ਤੇ ਗਿਆਨ ਨਾਲ ਸਸ਼ਕਤ ਬਣਾਉਣਾ ਹੈ।

## ਪੰਜਾਬੀ ਲਿਖਾਰੀ ਸਭਾ ਦੀ ਮੀਟਿੰਗ 'ਚ ਹੋਈਆਂ ਅਹਿਮ ਵਿਚਾਰਾਂ

ਮੰਡੀ ਗੋਬਿੰਦਗੜ੍ਹ, 18 ਜੁਲਾਈ (ਸੂਦ): ਪੰਜਾਬੀ ਲਿਖਾਰੀ ਸਭਾ ਮੰਡੀ ਗੋਬਿੰਦਗੜ੍ਹ ਦੀ ਮੀਟਿੰਗ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮੰਡੀ ਗੋਬਿੰਦਗੜ੍ਹ ਵਿੱਚ ਪ੍ਰਧਾਨ ਉਪਕਾਰ ਸਿੰਘ ਦਿਆਲਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੀ ਸ਼ੁਰੂਆਤ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਹੋਈ। ਉਘੇ ਲੇਖਕ ਜ਼ੋਰਾਵਰ ਸਿੰਘ ਪੰਛੀ ਦੇ ਭਤੀਜੇ ਹਰਪਾਲ ਸਿੰਘ ਦੀ ਸੜਕ ਹਾਦਸੇ ਵਿੱਚ ਹੋਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਲੇਖਕ ਅਮਰ ਸਿੰਘ ਸੈਂਪਲ ਨੇ ਕਹਾਣੀ 'ਬੁਝਾਰਤ', ਬਘੇਲ ਸਿੰਘ ਚੰਦਨ ਨੇ 'ਫੜਾ ਫੋਕੀਆਂ' ਗੀਤ, ਹਰਸ਼ ਸ਼ਰਮਾ ਨੇ 'ਰੋਟੀ ਮੰਗਦਾ ਗਰੀਬ ਅਮੀਰ ਮਾਂਗਦਾ ਪੈਸਾ' ਗੀਤ, ਨਵਪ੍ਰੀਤ ਸਿੰਘ ਨੇ ਕਵਿਤਾ 'ਸਮਝੌਤਾ', ਹਾਕਮ ਸਿੰਘ ਮੀਤ ਨੇ ਕਵਿਤਾ 'ਮੁਹੱਬਤੇਂ', ਜਗਜੀਤ ਸਿੰਘ ਗੁਰਮ ਨੇ 'ਦੀਦ ਤੇਰੇ ਤੜਪਾਇਆ ਮੁੰਡ ਮੁੰਡ ਤੇਰੇ ਆਇਆ' ਗੀਤ, ਪ੍ਰਧਾਨ ਉਪਕਾਰ ਸਿੰਘ ਦਿਆਲਪੁਰੀ ਨੇ ਗੀਤ 'ਆਪੇ ਅੰਦਰ ਜੱਟ ਸਾਜਨਾ', ਪੁਸ਼ਪਿੰਦਰ ਰਾਣਾ ਨੇ 'ਦੇਸ਼ ਤੋਂ ਜਾਨ ਵਾਰਨ ਵਾਲੇ ਈਧਰ ਵੀ ਨੇ ਤੇ ਉਧਾਰ ਵੀ' ਕਵਿਤਾ, ਪ੍ਰਸਿੱਧ ਚਿੱਤਰਕਾਰ ਹਰਪ੍ਰੀਤ ਸਿੰਘ ਨਾਜ਼ ਨੇ ਹਾਜ਼ਰ ਸਾਰੇ ਲੇਖਕਾਂ ਨੂੰ ਨਵੀਂ ਕਿਤਾਬ 'ਸਾਕਾ ਚਮਕੌਰ ਸਾਹਿਬ' ਬਾਰੇ ਜਾਣਕਾਰੀ ਦਿੱਤੀ। ਅੰਤ ਵਿੱਚ ਪੜ੍ਹੀਆਂ ਰਚਨਾਵਾਂ 'ਤੇ ਰਚਨਾਤਮਕ ਚਰਚਾ ਅਤੇ ਵਿਚਾਰ-ਵਟਾਂਦਰਾ ਹੋਇਆ। ਮੀਟਿੰਗ ਵਿੱਚ ਮੀਡੀਆ ਸਲਾਹਕਾਰ ਨਰਿੰਦਰ ਭਾਟੀਆ, ਪਰਮਜੀਤ ਸਿੰਘ ਧੀਮਾਨ ਅਤੇ ਤੇਜਪਾਲ ਸਿੰਘ ਮਾਰਜਾਰਾ ਨੇ ਵੀ ਵਿਚਾਰ ਪੇਸ਼ ਕੀਤੇ ਜਦੋਂ ਕਿ ਮੀਟਿੰਗ ਦੀ ਕਾਰਵਾਈ ਜਗਜੀਤ ਸਿੰਘ ਗੁਰਮ ਨੇ ਬਾਖ਼ੂਬੀ ਚਲਾਈ। ਅੰਤ ਵਿਚ ਪ੍ਰਧਾਨ ਉਪਕਾਰ ਸਿੰਘ ਦਿਆਲਪੁਰੀ ਨੇ ਧੰਨਵਾਦ ਕੀਤਾ।



## ਕੈਂਪ ਦੌਰਾਨ 475 ਮਰੀਜ਼ਾਂ ਦਾ ਚੈੱਕਅੱਪ ਕਰਕੇ ਦਿੱਤੀਆਂ ਦਵਾਈਆਂ

ਕੋਟ ਈਸੇ ਖਾਂ, 18 ਜੁਲਾਈ (ਗਾਂਧੀ/ਖੁਰਾਣਾ): ਪੰਜਾਬ ਸਰਕਾਰ, ਆਯੂਸ਼ ਵਿਭਾਗ ਪੰਜਾਬ, ਡਾਇਰੈਕਟਰ ਆਯੁਰਵੈਦਿਕ ਪੰਜਾਬ ਡਾ. ਰਵੀ ਡੂਮਰਾ, ਹੋਮਿਓਪੈਥੀ ਵਿਭਾਗ ਦੇ ਡਾਇਰੈਕਟਰ ਡਾ. ਹਰਿੰਦਰ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਆਯੁਰਵੈਦਿਕ ਅਫਸਰ ਡਾ.ਪਲਵਿੰਦਰ ਸਿੰਘ ਅਤੇ ਜ਼ਿਲ੍ਹਾ ਹੋਮਿਓਪੈਥੀ ਅਫਸਰ ਡਾ. ਰੁਪਿੰਦਰ ਕੌਰ ਦੀ ਰਹਿਨੁਮਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਕੋਟ ਈਸੇ ਖਾਂ ਵਿੱਚ ਫਰੀ ਆਯੁਰਵੈਦਿਕ ਅਤੇ ਹੋਮਿਓਪੈਥੀ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਪਹੁੰਚੇ ਮਰੀਜ਼ਾਂ ਦਾ ਮਾਹਿਰ ਡਾਕਟਰਾਂ ਵੱਲੋਂ ਚੈੱਕਅਪ ਕੀਤਾ ਗਿਆ ਤੇ ਉਨ੍ਹਾਂ ਨੂੰ ਫਰੀ ਦਵਾਈਆਂ ਦਿੱਤੀਆਂ ਗਈਆਂ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਕਮਿਊਨਿਟੀ ਹੈਲਥ ਸੈਂਟਰ ਕੋਟ ਈਸੇ ਖਾਂ ਦੇ ਹੋਮਿਓਪੈਥੀ ਮੈਡੀਕਲ ਅਫਸਰ ਡਾ.ਰਣਜੀਤ ਥਿੰਦ ਨੇ ਦੱਸਿਆ ਕਿ ਕੈਂਪ ਦੌਰਾਨ ਲਗਭਗ 475 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ, ਜਿਸ ਵਿੱਚ ਆਯੁਰਵੈਦਿਕ ਵਿਭਾਗ ਵੱਲੋਂ 270 ਤੇ ਹੋਮਿਓਪੈਥੀ ਵਿਭਾਗ ਵੱਲੋਂ 205 ਮਰੀਜ਼ਾਂ ਦਾ ਨਿਰੀਖਣ ਕਰਕੇ ਉਹਨਾਂ ਨੂੰ ਦਵਾਈਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਆਯੁਰਵੈਦਿਕ ਵਿਭਾਗ ਵੱਲੋਂ ਡਾ. ਸਿਮਰਜੀਤ ਕੌਰ ਏ. ਐਮ. ਓ. ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਸੁੰਦਰ ਨਗਰ ਕੋਟ ਈਸੇ ਖਾਂ, ਡਾ. ਸ਼ਵਿੰਦਰ ਸੇਤੀਆ ਏ ਐਮ ਓ ਜੇ ਈ ਡੀ ਬੋਹਨਾ, ਡਾ. ਸੁਰੇਸ਼ ਕੁਮਾਰ ਏ ਐਮ ਓ ਜੇ ਈ ਡੀ ਲ_ਹਾਰਾ, ਹੋਮਿਓਪੈਥੀ ਵਿਭਾਗ ਤੋਂ ਡਾ. ਰਣਜੀਤ ਸਿੰਘ ਐਚ ਐਮ ਓ, ਗੁਰਜਿੰਦਰ ਸਿੰਘ ਉਪ ਵੈਦ, ਅਮਨਦੀਪ ਸਿੰਘ ਉਪ ਵੈਦ, ਮਨਦੀਪ ਸਿੰਘ ਉਪ ਵੈਦ, ਮਨਪ੍ਰੀਤ ਸਿੰਘ ਉਪਵੈਦ, ਰਾਜਵਿੰਦਰ ਸਿੰਘ ਡਿਸਪੈਂਸਰ, ਲਖਵੰਤ ਕੌਰ ਟਰੇਡ ਦਾਈ, ਰਾਜ ਕੁਮਾਰ ਉਪਵੈਦ, ਮਨਦੀਪ ਕੌਰ, ਮਨਜੀਤ ਕੌਰ, ਪ੍ਰਦੀਪ ਸਿੰਘ, ਲਵਦੀਪ ਸ਼ਰਮਾ ਤੇ ਬਲਾਕ ਐਜੂਕੇਟਰ ਜਤਿੰਦਰ ਸੂਦ ਤੋਂ ਇਲਾਵਾ ਵੱਡੀ ਗਿਣਤੀ 'ਚ ਸਿਹਤ ਕਰਮੀ ਹਾਜ਼ਰ ਸਨ।



## ਬਚੌਲੀ 'ਚ ਮਹਾਨ ਸੰਤ ਸੰਮੇਲਨ 20 ਨੂੰ: ਸਵਾਮੀ ਆਤਮਾਨੰਦ

ਸ੍ਰੀ ਅਨੰਦਪੁਰ ਸਾਹਿਬ, 18 ਜੁਲਾਈ (ਤਰਲੋਚਨ ਸਿੰਘ): ਨੇੜਲੇ ਪਿੰਡ ਬਚੌਲੀ ਵਿਖੇ ਭੂਰੀ ਵਾਲੇ ਸੰਪਰਦਾਇ ਵਲੋਂ ਸ਼ਕਤੀ ਪੀਠ ਮਾਤਾ ਨੈਣਾ ਦੇਵੀ ਜੀ ਦੇ ਦਰਸ਼ਨ ਕਰਨ ਜਾਣ ਵਾਲੀ ਸੰਗਤ ਲਈ ਭੰਡਾਰੇ ਦੇ ਪ੍ਰਬੰਧ ਲਈ ਪਿਛਲੇ 15 ਸਾਲਾਂ ਤੋ ਅੰਨ- ਖੇਤਰ ਚਲਾਇਆ ਜਾ ਰਿਹਾ ਹੈ। ਜਿਸ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 16 ਜੁਲਾਈ ਸੰਗਰਾਂਦ ਵਾਲੇ ਦਿਨ ਤੋਂ ਸੰਗਤ ਲਈ ਮਹੀਨਾਵਾਰ ਚੱਲਣ ਵਾਲਾ ਭੰਡਾਰਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਨਾਲ ਹੀ 20 ਜੁਲਾਈ ਦਿਨ ਐਤਵਾਰ ਨੂੰ ਮਹਾਨ ਸੰਤ ਸੰਮੇਲਨ ਕਰਵਾਇਆ ਜਾ ਰਿਹਾ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਅੰਨ-ਖੇਤਰ ਦੇ ਮੁੱਖ ਪ੍ਰਬੰਧਕ ਸਵਾਮੀ ਆਤਮਾਨੰਦ ਜੀ ਨੇ ਦੱਸਿਆ ਕਿ ਹਰ ਸਾਲ ਵਾਂਗ ਇਸ ਸਾਲ ਵੀ ਸੰਗਤ ਲਈ 24 ਘੰਟੇ ਚੱਲਣ ਵਾਲੇ ਭੰਡਾਰੇ ਤੋ ਇਲਾਵਾ ਮੈਡੀਕਲ ਕੈਂਪ ਵੀ ਲਗਾਇਆ ਗਿਆ ਹੈ । ਉਨ੍ਹਾਂ ਨੇ ਦੱਸਿਆ ਕਿ ਐਤਵਾਰ ਨੂੰ ਪਹਿਲਾਂ ਭੂਰੀ ਵਾਲੀ ਸੰਪਰਦਾਇ ਦੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।ਉਪਰੰਤ ਮਹਾਨ ਸੰਤ ਸੰਮੇਲਨ ਕਰਵਾਇਆ ਜਾਵੇਗਾ, ਜਿਸ ਵਿੱਚ ਨਾਮਵਰ ਸੰਤਾਂ ਵਲੋਂ ਆਪਣੇ ਪ੍ਰਵਚਨਾਂ ਨਾਲ ਸੰਗਤ ਪ੍ਰਭੂ ਚਰਨਾਂ ਨਾਲ ਜੋੜਿਆ ਜਾਵੇਗਾ। ਇਸ ਸਬੰਧ ਵਿੱਚ ਹੋਰ ਜਾਣਕਾਰੀ ਦਿੰਦਿਆਂ ਇੰਸਪੈਕਟਰ ਭਗਵਾਨ ਸਿੰਘ ਲਾਡੀ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਬਲਤੇਜ ਸਿੰਘ ਪੰਨੂ ਸ਼ਾਮਲ ਹੋਣਗੇ ਤੇ ਹੋਰ ਵੀ ਕਈ ਨਾਮਵਰ ਸ਼ਖਸੀਅਤਾਂ ਇਸ ਸੰਤ ਸੰਮੇਲਨ ਵਿਚ ਸ਼ਾਮਲ ਹੋਣਗੀਆਂ।



## ਪ੍ਰਿੰਸੀਪਲ ਰਵਿੰਦਰ ਕੌਰ ਦੀ ਕਿਤਾਬ 'ਜੀਵਨ ਜਾਚ' ਲੋਕ ਅਰਪਣ

ਅਮਲੋਹ, 18 ਜੁਲਾਈ (ਜਸਵੰਤ ਸਿੰਘ): ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸ਼ਮਸ਼ਪੁਰ ਦੀ ਪ੍ਰਿੰਸੀਪਲ ਰਵਿੰਦਰ ਕੌਰ ਦੀ ਕਿਤਾਬ 'ਜੀਵਨ ਜਾਚ' ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ਼ੁਸ਼ੀਲ ਨਾਥ ਨੇ ਲੋਕ ਅਰਪਣ ਕੀਤੀ। ਉਨ੍ਹਾਂ ਪ੍ਰਿੰਸੀਪਲ ਰਵਿੰਦਰ ਕੌਰ ਵਲੋਂ ਸਿੱਖਿਆ ਦੇ ਨਾਲ-ਨਾਲ ਸਾਹਿਤ ਦੇ ਖੇਤਰ ਵਿੱਚ ਵੀ ਸਰਗਰਮੀ ਨਾਲ ਯੋਗਦਾਨ ਪਾਉਣ ਦੀ ਸ਼ਲਾਘਾ ਕੀਤੀ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਦੀਦਾਰ ਸਿੰਘ ਮਾਂਗਟ ਨੇ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਕਿਤਾਬ ਜੀਵਨ ਵਿੱਚ ਸਫਲਤਾ ਦੇ ਗੁਰ ਦੱਸਦੀ ਹੈ। ਲੇਖਕਾ ਰਵਿੰਦਰ ਕੌਰ ਨੇ ਦੱਸਿਆ ਕਿ ਇਹ ਕਿਤਾਬ ਉਨ੍ਹਾਂ ਵਿਦਿਆਰਥੀਆਂ ਦੇ ਮਨੋਵਿਗਿਆਨ ਨੂੰ ਸਮਝਦੇ ਹੋਏ ਉਨ੍ਹਾਂ ਦੀਆਂ ਸਮੱਸਿਆਵਾਂ ਅਧਿਆਪਕ ਕਿਵੇਂ ਹੱਲ ਕਰ ਸਕਦੇ ਹਨ, ਅਧਿਆਪਕ ਦਾ ਵਿਦਿਆਰਥੀ ਦੀ ਜ਼ਿੰਦਗੀ ਵਿੱਚ ਕੀ ਸਥਾਨ ਹੈ, ਵਿਦਿਆਰਥੀ ਸਫਲਤਾ ਕਿਵੇਂ ਪ੍ਰਾਪਤ ਕਰ ਸਕਦੇ ਹਨ, ਅਧਿਆਪਕ ਵਿਦਿਆਰਥੀ ਵਿੱਚ ਆਤਮ ਵਿਸ਼ਵਾਸ ਕਿਵੇਂ ਪੈਦਾ ਕਰ ਸਕਦੇ ਹਨ, ਵਿਦਿਆਰਥੀਆਂ ਨੂੰ ਸਹਿਣਸ਼ੀਲ, ਨਿਮਰਤਾ, ਇਨਸਾਨੀਅਤ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਕਿਵੇਂ ਬਣਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਨੌਜਵਾਨ ਪੀੜ੍ਹੀ ਦੀ ਬੇਚੈਨੀ ਤੇ ਮਾਨਸਿਕ ਤਣਾਅ ਕਿਵੇਂ ਦੂਰ ਕੀਤਾ ਜਾ ਸਕਦਾ ਹੈ, ਅਧਿਆਪਕ ਦੀ ਪ੍ਰੇਰਨਾ ਅਤੇ ਪ੍ਰਸ਼ੰਸਾ ਵਿਦਿਆਰਥੀ ਦੀ ਜ਼ਿੰਦਗੀ ਬਦਲ ਸਕਦੀ ਹੈ, ਵਾਤਾਵਰਣ ਨੂੰ ਬਿਹਤਰ ਬਣਾਉਣ ਅਤੇ ਖ਼ਤਮ ਹੋ ਰਹੇ ਸਭਿਆਚਾਰ ਬਾਰੇ ਵੀ ਚਰਚਾ ਕੀਤੀ ਹੈ। ਨੌਜਵਾਨ ਪੀੜ੍ਹੀ ਵਿੱਚ ਵੱਧ ਰਹੇ ਨਸ਼ੇ 'ਤੇ ਵੀ ਚਿੰਤਾ ਜਤਾਈ ਹੈ। ਅਸਲ ਵਿੱਚ ਇਹ ਪੁਸਤਕ ਬੱਚੇ, ਨੌਜਵਾਨ ਅਤੇ ਵੱਡਿਆਂ ਸਭ ਨੂੰ ਜਾਗਰੂਕ ਕਰਦੀ ਹੈ। ਇਸ ਮੌਕੇ ਪ੍ਰੋਫੈਸਰ ਰਵਿੰਦਰ ਸਿੰਘ, ਸੁਚਿੰਦਰ ਸਿੰਘ, ਨੌਰੰਗ ਸਿੰਘ ਸਟੇਟ ਐਵਾਰਡੀ, ਜਸਵੀਰ ਸਿੰਘ ਅਤੇ ਬੂਟਾ ਸਿੰਘ ਭੰਦੋਹਲ ਆਦਿ ਨੇ ਵੀ ਵਿਚਾਰ ਪੇਸ਼ ਕੀਤੇ।



## ਰਿਸ਼ਿਕ ਖੁਰਾਨਾ ਨੇ ਪਾਵਰ ਲਿਫਟਿੰਗ ਦੇ ਰਾਜ ਪੱਧਰੀ ਮੁਕਾਬਲਿਆਂ 'ਚ ਲਿਆ ਤੀਜਾ ਸਥਾਨ

ਮੰਡੀ ਗੋਬਿੰਦਗੜ੍ਹ, 18 ਜੁਲਾਈ (ਸੂਦ): ਗੋਬਿੰਦਗੜ੍ਹ ਪਬਲਿਕ ਸਕੂਲ ਦੇ



ਗਿਆਰਵੀਂ ਜਮਾਤ ਦੇ ਵਿਦਿਆਰਥੀ ਰਿਸ਼ਿਕ ਖੁਰਾਨਾ ਨੇ ਪਾਵਰ ਲਿਫਟਿੰਗ ਖੇਤਰ ਵਿੱਚ ਰਾਜ ਪੱਧਰੀ ਇਕੁਇਪਡ ਪਾਵਰ ਲਿਫ਼ਟਿੰਗ ਮੁਕਾਬਲੇ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ ਹਾਸਲ ਕਰਕੇ ਸਕੂਲ, ਪ੍ਰੀਵਾਰ ਅਤੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ। ਉਸਨੇ ਰਾਜ ਪੱਧਰੀ ਇਕੁਇਪਡ ਪਾਵਰ ਲਿਫਟਿੰਗ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਮਹਾਰਾਸ਼ਟਰ ਦੇ ਕੋਹਲਾਪੁਰ ਵਿਖੇ ਹੋਏ ਰਾਸ਼ਟਰੀ ਪੱਧਰ ਕਲਾਸਿਕ ਪਾਵਰ ਲਿਫਟਿੰਗ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਆਪਣੀ ਮਿਹਨਤ ਅਤੇ ਸਮਰਪਣ ਦਾ ਪ੍ਰਮਾਣ ਦਿੱਤਾ। ਸਕੂਲ ਪ੍ਰਿੰਸੀਪਲ ਡਾ. ਨੀਰੂ ਅਰੋੜਾ ਨੇ ਰਿਸ਼ਿਕ ਨੂੰ ਇਸ ਉਪਲਬਧੀ 'ਤੇ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਤਰੱਕੀ ਦੀ ਕਾਮਨਾ ਕੀਤੀ। ਅਧਿਆਪਕਾਂ ਅਤੇ ਸਹਿਯੋਗੀ ਵਿਦਿਆਰਥੀਆਂ ਨੇ ਵੀ ਉਸਦੇ ਜਜ਼ਬੇ ਦੀ ਪ੍ਰਸ਼ੰਸਾ ਕੀਤੀ। ਰਿਸ਼ਿਕ ਦੀ ਇਹ ਕਾਮਯਾਬੀ ਹੋਰ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਹੈ ਕਿ ਮਿਹਨਤ ਅਤੇ ਲਗਨ ਨਾਲ ਕਿਸੇ ਵੀ ਖੇਤਰ ਵਿੱਚ ਉੱਚਾਈਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ।

## ਅੰਤਰ-ਰਾਸ਼ਟਰੀ ਨਿਆਂ ਦਿਵਸ ਮੌਕੇ ਵੱਖ-ਵੱਖ ਸਕੂਲਾਂ 'ਚ ਸੈਮੀਨਾਰ




ਫਤਹਿਗੜ੍ਹ ਸਾਹਿਬ, 18 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਵਿਸ਼ਵ ਅੰਤਰ-ਰਾਸ਼ਟਰੀ ਨਿਆਂ ਦਿਵਸ, ਜੋ ਕਿ ਹਰ ਸਾਲ 17 ਜੁਲਾਈ ਨੂੰ ਮਨਾਇਆ ਜਾਂਦਾ ਹੈ, ਦਾ ਮੁੱਖ ਮੰਤਵ ਅੰਤਰਰਾਸ਼ਟਰੀ ਅਪਰਾਧਾਂ ਦੇ ਪੀੜਤਾਂ ਲਈ ਨਿਆਂ ਨੂੰ ਉਤਸ਼ਾਹਿਤ ਕਰਨ ਲਈ ਸਾਰਿਆਂ ਨੂੰ ਇੱਕਜੁੱਟ ਕਰਨਾ ਹੈ। ਇਸ ਦਿਨ ਦੀ ਮਹੱਤਤਾ ਬਾਰੇ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨਾ ਅੱਜ ਦੇ ਸਮੇਂ ਦੀ ਲੋੜ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਅਸ਼ੋਕ ਚੌਹਾਨ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗਤਪੁਰ ਸੋਢੀਆਂ ਅਤੇ ਸਰਕਾਰੀ ਹਾਈ ਸਕੂਲ ਮਾਧੋਪੁਰ ਵਿਖੇ ਸੈਮੀਨਾਰ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਚੁਣੌਤੀਆਂ ਨਾਲ ਨਜਿੱਠਣ ਲਈ ਸਹਿਯੋਗ ਅਤੇ ਭਾਈਵਾਲੀ ਉੱਤੇ ਜ਼ੋਰ ਦੇਣਾ ਚਾਹੀਦਾ ਹੈ, ਕਿਉਂਕਿ ਏਕਤਾ ਵਿੱਚ ਹੀ ਬਲ ਹੈ। ਸਕੱਤਰ ਨੇ ਵੱਧ ਰਹੀ ਨਸ਼ਿਆਂ ਦੀ ਸਮਾਜਿਕ ਬੁਰਾਈ ਨੂੰ ਰੋਕਣ ਵਾਸਤੇ ਸਖਤ ਕਦਮ ਚੁੱਕਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਬੁਰੀ ਆਦਤ ਤੋਂ ਬਚਾਉਣ ਲਈ ਖੇਡਾਂ ਅਤੇ ਹੋਰ ਉਸਾਰੂ ਗਤੀਵਿਧੀਆਂ ਵੱਲ ਉਤਸ਼ਾਹਿਤ ਕਰਨਾ ਜ਼ਰੂਰੀ ਹੈ। ਇਸ ਮੌਕੇ 'ਤੇ ਸ਼੍ਰੀ ਅਸ਼ੋਕ ਕੁਮਾਰ ਚੌਹਾਨ ਨੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਹੇਠ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਚੱਲ ਰਹੀ ਰੁੱਖ ਲਗਾਉਣ ਦੀ ਮੁਹਿੰਮ ਤਹਿਤ ਸਰਕਾਰੀ ਹਾਈ ਸਕੂਲ ਮਾਧੋਪੁਰ ਵਿਖੇ ਪੌਦੇ ਲਗਾ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਇਸ ਮੁਹਿੰਮ ਦੇ ਤਹਿਤ ਵਾਤਾਵਰਣ ਦੀ ਸੰਭਾਲ ਵਿੱਚ ਸੰਜੀਦਾ ਹੋ ਕੇ ਸਾਨੂੰ ਸਾਰਿਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।

## ਸਿੱਖਿਆ ਤੇ ਸੰਵੇਦਨਸ਼ੀਲਤਾ ਰਾਹੀਂ ਨਸ਼ਿਆਂ ਦਾ ਮੁਕਾਬਲਾ ਸੰਭਵ: ਐੱਸ.ਐੱਸ.ਪੀ.

ਫਿਰੋਜ਼ਪੁਰ, 18 ਜੁਲਾਈ (ਚ.ਨ.ਸ): ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਡਾਇਟ ਫਿਰੋਜ਼ਪੁਰ ਵਿਖੇ ਚੱਲ ਰਹੇ ਦੋ ਰੋਜ਼ਾ ਸੈਮੀਨਾਰ ਦੇ ਦੂਜੇ ਅਤੇ ਆਖਰੀ ਦਿਨ ਜ਼ਿਲ੍ਹਾ ਪੁਲਿਸ ਮੁਖੀ ਐਸ ਐਸ ਪੀ ਫਿਰੋਜ਼ਪੁਰ, ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸ੍ਰੀਮਤੀ ਮੁਨੀਲਾ ਅਰੋੜਾ, ਡਿਪਟੀ ਡੀ.ਈ.ਓ. ਡਾ. ਸਤਿੰਦਰ ਸਿੰਘ, ਡਾਇਟ ਪ੍ਰਿੰਸੀਪਲ ਮੈਡਮ ਸੀਮਾ ਪੰਛੀ, ਜ਼ਿਲ੍ਹਾ ਨੋਡਲ ਅਸ਼ਵਿੰਦਰ ਬਰਾੜ ਜ਼ਿਲ੍ਹਾ ਨੋਡਲ ਅਫਸਰ ਅਤੇ ਜ਼ਿਲ੍ਹਾ ਰਿਸੋਰਸ ਪਰਸਨ ਦਿਨੇਸ਼ ਚੌਹਾਨ ਦੇ ਮਾਰਗਦਰਸ਼ਨ ਹੇਠ ਵਿਸ਼ੇਸ਼ ਸੈਸ਼ਨ ਆਯੋਜਿਤ ਕੀਤਾ ਗਿਆ। ਐਸ ਐਸ ਪੀ ਸਾਹਬ ਵੱਲੋਂ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਆਖਿਆ ਗਿਆ ਕਿ ਨਸ਼ਾ ਨਾ ਸਿਰਫ਼ ਕਾਨੂੰਨੀ ਗੰਭੀਰਤਾ ਰੱਖਦਾ ਹੈ, ਸਗੋਂ ਇਹ ਇਕ ਸਮਾਜਿਕ ਅਤੇ ਪਰਿਵਾਰਕ ਬਿਮਾਰੀ ਬਣ ਚੁੱਕੀ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਕਿਹਾ ਕਿ ਤੁਸੀਂ ਹੀ ਉਹ ਪਹਿਲੀ ਇਕਾਈ ਹੋ ਜੋ ਕਿਸੇ ਵੀ ਵਿਦਿਆਰਥੀ ਦੀ ਦਿਸ਼ਾ ਨੂੰ ਪਹਿਚਾਣ ਸਕਦੀ ਹੈ। ਐਸ ਐਸ ਪੀ ਸਾਬ ਵੱਲੋਂ ਸਕੂਲ ਪੱਧਰ 'ਤੇ ਨਸ਼ਾ ਵਿਰੋਧੀ ਸਲੋਗਨ, ਨੁਕੜ ਨਾਟਕ ਅਤੇ ਹੋਰ ਗਤੀਵਿਧੀਆਂ ਰਾਹੀਂ ਜਾਗਰੂਕਤਾ ਵਧਾਉਣ ਦੀ ਅਪੀਲ ਕੀਤੀ ਗਈ। ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਮੁਨੀਲਾ ਅਰੋੜਾ ਵੱਲੋਂ ਵਿਦਿਆਰਥੀਆਂ ਦੀ ਮਾਨਸਿਕ ਹਾਲਤ, ਸਮਾਜਿਕ ਦਬਾਅ ਅਤੇ ਰੁਝਾਨਾਂ ਉੱਤੇ ਚਰਚਾ ਕਰਦਿਆਂ ਕਿਹਾ ਗਿਆ ਕਿ 'ਸਿੱਖਿਆ ਸਿਰਫ਼ ਕਲਾਸਰੂਮ ਤੱਕ ਸੀਮਤ ਨਹੀਂ, ਇਹ ਇਕ ਸੰਘਰਸ਼ ਹੈ ਨੈਤਿਕਤਾ ਅਤੇ ਭਵਿੱਖ ਦੀ ਰਚਨਾ ਲਈ।' ਉਨ੍ਹਾਂ ਨੇ ਅਧਿਆਪਕਾਂ ਨੂੰ ਉਤਸ਼ਾਹਿਤ ਕੀਤਾ ਕਿ ਸਕੂਲ ਅੰਦਰ ਵਿਦਿਆਰਥੀਆਂ ਨਾਲ ਨਿੱਜੀ ਪੱਧਰ 'ਤੇ ਸੰਵਾਦ ਬਣਾਇਆ ਜਾਵੇ, ਤਾਂ ਜੋ ਉਹ ਆਪਣੇ ਮਨ ਦੀ ਗੱਲ ਵੀ ਸਾਂਝੀ ਕਰ ਸਕਣ। ਡਿਪਟੀ ਡੀ.ਈ.ਓ. ਡਾ. ਸਤਿੰਦਰ ਸਿੰਘ ਨੇ ਵੀ ਆਪਣੀ ਗੱਲ ਰੱਖਦਿਆਂ ਕਿਹਾ ਕਿ 'ਅਧਿਆਪਕ ਦੀ ਕਲਮ ਨਾਲ ਕਈ ਵਾਰ ਉਹ ਕਰਾਮਾਤ ਹੋ ਸਕਦੀ ਹੈ ਜੋ ਕਾਨੂੰਨ ਵੀ ਨਹੀਂ ਕਰ ਸਕਦੇ।'



# ਤਰਨਜੀਤ ਸਿੰਘ ਸੰਧੂ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ ਨਾਲ ਸਬੰਧਤ ਇੰਸਟੀਚਿਊਟ ਦੇ ਮੁਖੀ ਬਣੇ



ਨਵੀਂ ਦਿੱਲੀ, 18 ਜੁਲਾਈ (ਚ.ਨ.ਸ.): ਅਮਰੀਕਾ 'ਚ ਭਾਰਤੀ ਸਫ਼ੀਰ ਰਹੇ ਤਰਨਜੀਤ ਸਿੰਘ ਸੰਧੂ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ (ਯੂ.ਐੱਸ.ਆਈ.ਐੱਸ.ਪੀ.ਐੱਫ.) ਦੇ ਭੂ-ਸਿਆਸੀ ਇੰਸਟੀਚਿਊਟ ਦੇ ਚੇਅਰਮੈਨ ਬਣਾਏ ਗਏ ਹਨ। ਉਨ੍ਹਾਂ ਫੋਰਮ ਦੇ ਸਲਾਹਕਾਰ ਵਜੋਂ ਕੰਮਕਾਰ ਸੰਭਾਲ ਲਿਆ ਹੈ। ਫੋਰਮ ਨੇ ਇਕ ਬਿਆਨ 'ਚ ਕਿਹਾ ਕਿ ਤਰਨਜੀਤ ਸਿੰਘ ਸੰਧੂ ਇੰਡੋ-ਮਿਡਲ-ਈਸਟ-ਯੂਰਪ-ਇਕਨੌਮਿਕ ਕੌਰੀਡੋਰ (ਆਈ.ਐੱਮ.ਈ.ਸੀ.), ਇੰਡੋ-ਪੈਸੇਫਿਕ ਕੰਆਰਡੀਨੇਟਰਲ ਸਕਿਉਰਿਟੀ ਡਾਇਲਾਗ (ਕੁਆਡ) ਤੇ ਆਈ.ਯੂ. (ਭਾਰਤ, ਇਜ਼ਰਾਈਲ, ਅਮਰੀਕਾ ਤੇ ਯੂਏਈ) ਬਾਰੇ ਪਹਿਲਕਦਮੀਆਂ ਦੇ ਮਾਮਲੇ 'ਚ ਆਪਣੇ ਕੂਟਨੀਤਕ ਤਜਰਬੇ ਦੀ ਵਰਤੋਂ ਕਰਦਿਆਂ ਫੋਰਮ ਦਾ ਮਾਰਗਦਰਸ਼ਨ ਕਰਨਗੇ। ਸੰਧੂ ਨੇ ਆਪਣੇ ਬਿਆਨ 'ਚ ਕਿਹਾ ਕਿ ਉਹ ਯੂ.ਐੱਸ.ਆਈ.ਐੱਸ.ਪੀ.ਐੱਫ. ਦੇ ਭੂ-ਸਿਆਸੀ ਇੰਸਟੀਚਿਊਟ ਦੇ ਚੇਅਰਮੈਨ ਬਣ ਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਨ।

# ਅਮਰਨਾਥ ਯਾਤਰਾ ਮੁਲਤਵੀ, ਬਾਲਟਾਲ ਤੇ ਪਹਿਲਗਾਮ ਦੋਵੇਂ ਰਸਤੇ ਬੰਦ

ਜੰਮੂ, 18 ਜੁਲਾਈ (ਚ.ਨ.ਸ.): ਅਧਿਕਾਰੀਆਂ ਨੇ ਦੱਸਿਆ ਕਿ ਘਾਟੀ ਵਿੱਚ ਪਿਛਲੇ 36 ਘੰਟਿਆਂ ਤੋਂ ਭਾਰੀ ਬਾਰਿਸ਼ ਕਾਰਨ ਵੀਰਵਾਰ ਨੂੰ ਅਮਰਨਾਥ ਯਾਤਰਾ ਮੁਲਤਵੀ ਕਰ ਦਿੱਤੀ ਗਈ। ਮੌਸਮ ਵਿਭਾਗ ਨੇ ਜੰਮੂ-ਕਸ਼ਮੀਰ ਦੇ ਕੁਝ ਹਿੱਸਿਆਂ ਵਿੱਚ ਹੋਰ ਭਾਰੀ ਬਾਰਿਸ਼ ਦੀ ਚਿਤਾਵਨੀ ਜਾਰੀ ਕੀਤੀ ਹੈ। ਇਹ ਚਿਤਾਵਨੀ ਗੰਦਰਬਲ ਜ਼ਿਲ੍ਹੇ ਵਿੱਚ ਯਾਤਰਾ ਦੇ ਬਾਲਟਾਲ ਰੂਟ 'ਤੇ ਜ਼ਮੀਨ ਖਿਸਕਣ ਕਾਰਨ ਇੱਕ ਮਹਿਲਾ ਸ਼ਰਧਾਲੂ ਦੀ ਮੌਤ ਤੇ ਤਿੰਨ ਹੋਰ ਜ਼ਖਮੀ ਹੋਣ ਤੋਂ ਇੱਕ ਦਿਨ ਬਾਅਦ ਆਈ ਹੈ। ਕਸ਼ਮੀਰ ਦੇ ਡਵੀਜ਼ਨਲ ਕਮਿਸ਼ਨਰ ਵਿਜੇ ਕੁਮਾਰ ਬਿਧੂੜੀ ਨੇ ਕਿਹਾ ਕਿ ਪਹਿਲਗਾਮ ਤੇ ਬਾਲਟਾਲ ਬੇਸ ਕੈਂਪਾਂ ਤੋਂ ਸ੍ਰੀ ਅਮਰਨਾਥ ਜੀ ਯਾਤਰਾ 17 ਜੁਲਾਈ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਪਿਛਲੇ ਦੋ ਦਿਨਾਂ ਤੋਂ ਲਗਾਤਾਰ ਭਾਰੀ ਬਾਰਿਸ਼ ਕਾਰਨ, ਦੋਵਾਂ ਰੂਟਾਂ 'ਤੇ ਪਟੜੀਆਂ ਦੀ ਮੁਰੰਮਤ ਦਾ ਕੰਮ ਕਰਨਾ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਹਾਲਾਂਕਿ, ਬਾਲਟਾਲ ਤੋਂ ਜਾਣ ਵਾਲੇ ਸ਼ਰਧਾਲੂ ਪੰਜਤਰਨੀ ਕੈਂਪ ਵਿੱਚ ਰੁਕੇ ਸ਼ਰਧਾਲੂਆਂ ਨੂੰ ਬੀਆਰਓ ਤੇ ਪਹਾੜੀ ਬਚਾਅ ਟੀਮਾਂ ਦੀ ਲੋੜੀਂਦੀ ਤਾਇਨਾਤੀ ਨਾਲ ਬਾਲਟਾਲ ਜਾਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ।

# ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੁੱਲ੍ਹਣ ਲਈ ਭਾਰਤ ਸਰਕਾਰ ਤੋਂ ਮੰਗ

ਡੇਰਾ ਬਾਬਾ ਨਾਨਕ, 18 ਜੁਲਾਈ (ਚ.ਨ.ਸ.): ਜੰਮੂ-ਕਸ਼ਮੀਰ ਦੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੇ ਅਪਰੇਸ਼ਨ ਸਿੰਦੂਰ ਦੌਰਾਨ ਦੋਹਾਂ ਦੇਸ਼ਾਂ ਵਿਚ ਹੋਏ ਤਣਾਅ ਦੌਰਾਨ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਪਿਛਲੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਬੰਦ ਹੈ, ਦੇ ਮੁੜ ਖੁੱਲ੍ਹਣ ਦੇ ਆਸਾਰ ਦਿਖਾਈ ਦੇ ਰਹੇ ਹਨ। ਜਾਣਕਾਰੀ ਅਨੁਸਾਰ ਇਸ ਬੰਦ ਪਏ ਲਾਂਘੇ ਨੂੰ ਖੁੱਲ੍ਹਵਾਉਣ ਸਬੰਧੀ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਲਾਂਘਾ ਖੋਲ੍ਹਣ ਦੀ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ, ਉਥੇ ਭਰੋਸੇਯੋਗ ਸੂਤਰਾਂ ਅਨੁਸਾਰ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਦੇ ਸਬੰਧ ਵਿਚ ਜੁਲਾਈ ਮਹੀਨੇ ਦੇ ਆਖਰੀ ਹਫ਼ਤੇ 24 ਤੋਂ ਲੈ ਕੇ 27 ਜੁਲਾਈ ਦਰਮਿਆਨ ਭਾਰਤ ਤੇ ਪਾਕਿਸਤਾਨ ਦਰਮਿਆਨ ਲਾਂਘਾ ਖੋਲ੍ਹਣ ਸਬੰਧੀ ਮੀਟਿੰਗ ਹੋਣ ਜਾ ਰਹੀ ਹੈ। ਵੀਰਵਾਰ ਨੂੰ ਡੇਰਾ ਬਾਬਾ ਨਾਨਕ ਦੀ ਕੌਮਾਂਤਰੀ ਸਰਹੱਦ 'ਤੇ ਬਣੇ ਅਜੂਬੇ ਵਰਗੇ ਪੈਸੇਂਜਰ ਟਰਮੀਨਲ ਨੂੰ ਵੇਖਣ ਆਏ ਕਮਲਜੀਤ ਕੌਰ ਲਾਂਡੇਵਾਲੀ ਜਲੰਧਰ, ਜਗਜੀਤ ਸਿੰਘ, ਕਿਰਨਪ੍ਰੀਤ ਕੌਰ, ਜਸਵਿੰਦਰ ਸਿੰਘ, ਮਨਪ੍ਰੀਤ ਸਿੰਘ, ਅਮਰਜੀਤ, ਮੰਗਲ ਸਿੰਘ, ਗੁਰਮੀਤ ਕੌਰ ਮੱਧ ਪ੍ਰਦੇਸ਼, ਰੇਖਾ ਬਰੇਲੀ, ਵੀਰਪਾਲ ਕੌਰ ਆਦਿ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਦੀਆਂ ਉਮੀਦਾਂ ਰੱਖੀਆਂ ਹੋਈਆਂ ਹਨ। ਲਾਂਘਾ ਬੰਦ ਹੋਣ ਦੇ ਬਾਵਜੂਦ ਉਹ ਡੇਰਾ ਬਾਬਾ ਨਾਨਕ ਦੀ ਸਰਹੱਦ 'ਤੇ ਬਣੇ ਪੈਸੇਂਜਰ ਟਰਮੀਨਲ ਦੇ ਇਲਾਵਾ ਸਰਹੱਦ ਤੇ ਖੜੇ ਹੋ ਕੇ ਪਾਕਿਸਤਾਨ ਵਾਲੇ ਪਾਸੇ ਦਿਖਾਈ ਦੇਣ ਵਾਲੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦੂਰ ਤੋਂ ਹੀ ਦਰਸ਼ਨ ਕਰ ਰਹੇ ਹਨ। ਉਨ੍ਹਾਂ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਤੋਂ ਮੰਗ ਕੀਤੀ ਕਿ ਲਾਂਘੇ ਨੂੰ ਤੁਰੰਤ ਖੋਲ੍ਹਿਆ ਜਾਵੇ। ਲਾਂਘਾ ਖੋਲ੍ਹਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਸਬੰਧੀ ਭਾਰਤ ਸਰਕਾਰ ਤੋਂ ਮੰਗ ਕੀਤੀ ਗਈ ਹੈ।

# ਭਾਰਤ 'ਚ ਅਮਰੀਕੀ ਦੂਤਾਵਾਸ ਵੱਲੋਂ ਅਮਰੀਕਾ ਜਾਣ ਵਾਲੇ ਲੋਕਾਂ ਲਈ ਵੱਡੀ ਚੇਤਾਵਨੀ ਜਾਰੀ

ਨਵੀਂ ਦਿੱਲੀ, 18 ਜੁਲਾਈ (ਚ.ਨ.ਸ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਮੇਂ ਆਪਣੇ ਦੇਸ਼ ਤੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੀ ਮੁਹਿੰਮ ਵਿੱਚ ਰੁੱਝੇ ਹੋਏ ਹਨ। ਇਸ ਦੌਰਾਨ ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਅਮਰੀਕਾ ਜਾਣ ਵਾਲੇ ਲੋਕਾਂ ਲਈ ਇੱਕ ਵੱਡੀ ਚੇਤਾਵਨੀ ਜਾਰੀ ਕੀਤੀ ਹੈ। ਇਸ ਵਿੱਚ ਦੂਤਾਵਾਸ ਨੇ ਕਿਹਾ ਹੈ ਕਿ ਜੇਕਰ ਕੋਈ ਵਿਅਕਤੀ ਅਮਰੀਕਾ ਵਿੱਚ ਹਮਲਾ ਜਾਂ ਚੋਰੀ ਕਰਦਾ ਹੈ ਤਾਂ ਉਸ ਦਾ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ। ਚੇਤਾਵਨੀ ਵਿੱਚ ਅੱਗੇ ਕਿਹਾ ਕਿ ਸਿਰਫ ਇਹ ਹੀ ਨਹੀਂ, ਜੇਕਰ ਦੋਸ਼ੀ ਵਿਅਕਤੀ ਅਜਿਹਾ ਕਰਦਾ ਹੈ ਤਾਂ ਉਸ ਨੂੰ ਦੁਬਾਰਾ ਕਦੇ ਵੀ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਮਰੀਕੀ ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਪੋਸਟ ਕਰਕੇ ਇਹ ਚੇਤਾਵਨੀ ਦਿੱਤੀ ਹੈ। ਐਕਸ 'ਤੇ ਆਪਣੀ ਪੋਸਟ ਵਿਚ ਦੂਤਾਵਾਸ ਨੇ ਕਿਹਾ ਕਿ ਸੰਯੁਕਤ ਰਾਜ ਵਿੱਚ ਹਮਲਾ ਕਰਨ ਜਾਂ ਚੋਰੀ ਕਰਨ ਨਾਲ ਨਾ ਸਿਰਫ ਤੁਹਾਨੂੰ ਕਾਨੂੰਨੀ ਸਮੱਸਿਆਵਾਂ ਪੈਦਾ ਹੋਣਗੀਆਂ ਬਲਕਿ ਇਹ ਤੁਹਾਡੇ ਵੀਜ਼ਾ ਨੂੰ ਰੱਦ ਕਰਨ ਦਾ ਕਾਰਨ ਵੀ ਬਣ ਸਕਦਾ ਹੈ।



ਇੰਨਾ ਹੀ ਨਹੀਂ ਜੇਕਰ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਸੀਂ ਭਵਿੱਖ ਵਿੱਚ ਅਮਰੀਕੀ ਵੀਜ਼ਾ ਲਈ ਵੀ ਅਯੋਗ ਹੋ ਸਕਦੇ ਹੋ। ਸੰਯੁਕਤ ਰਾਜ ਅਮਰੀਕਾ ਕਾਨੂੰਨ ਤੇ ਵਿਵਸਥਾ ਦੀ ਕਦਰ ਕਰਦਾ ਹੈ ਤੇ ਉਮੀਦ ਕਰਦਾ ਹੈ ਕਿ ਵਿਦੇਸ਼ੀ ਸੈਲਾਨੀ ਸਾਰੇ ਅਮਰੀਕੀ ਕਾਨੂੰਨਾਂ ਦੀ ਪਾਲਣਾ ਕਰਨਗੇ। ਧਿਆਨ ਦੇਣ ਯੋਗ ਹੈ ਕਿ ਅਮਰੀਕੀ ਦੂਤਾਵਾਸ ਨੇ ਇਹ ਕਦਮ ਅਜਿਹੇ ਸਮੇਂ ਚੁੱਕਿਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਮਰੀਕਾ ਤੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਤੇ ਹੋਰ ਅਪਰਾਧੀਆਂ ਨੂੰ ਕੱਢਣ ਦੀ ਮੁਹਿੰਮ ਵਿੱਚ ਲੱਗੇ ਹੋਏ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ ਦੇ ਦਫ਼ਤਰ ਦੇ ਅਨੁਸਾਰ 20 ਜਨਵਰੀ ਤੋਂ 29 ਅਪ੍ਰੈਲ ਦੇ ਵਿਚਕਾਰ ਅਮਰੀਕਾ ਤੋਂ 1,42,000 ਲੋਕਾਂ ਨੂੰ ਕੱਢਿਆ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਵਿੱਚ ਚੋਰੀ ਲਈ ਜੁਰਮਾਨਾ ਤੇ ਜੇਲ੍ਹ ਦੀ ਸਜ਼ਾ ਦੋਵਾਂ ਦੀ ਵਿਵਸਥਾ ਹੈ। ਅਮਰੀਕੀ ਨਿਆਂ ਵਿਭਾਗ ਦੇ ਅਨੁਸਾਰ ਜੇਕਰ ਚੋਰੀ ਕੀਤੇ ਸਮਾਨ ਦੀ ਕੀਮਤ 300 ਅਮਰੀਕੀ ਡਾਲਰ ਤੋਂ ਘੱਟ ਹੈ, ਤਾਂ ਦੋਸ਼ੀ ਵਿਅਕਤੀ 'ਤੇ ਸ਼੍ਰੇਣੀ 'ਈ' ਅਪਰਾਧ ਦਾ ਦੋਸ਼ ਲਗਾਇਆ ਜਾਵੇਗਾ, ਜਿਸ ਲਈ ਜੁਰਮਾਨਾ (2,500 ਅਮਰੀਕੀ ਡਾਲਰ ਤੱਕ) ਤੇ ਕੈਦ (ਇੱਕ ਸਾਲ ਤੱਕ) ਹੋ ਸਕਦੀ ਹੈ। ਦੂਜੇ ਪਾਸੇ ਜੇਕਰ ਚੋਰੀ ਕੀਤੀ ਵਸਤੂ ਦੀ ਕੀਮਤ 300 ਅਮਰੀਕੀ ਡਾਲਰ ਤੋਂ ਵੱਧ ਹੈ ਤਾਂ ਵਿਅਕਤੀ 'ਤੇ ਸ਼੍ਰੇਣੀ '4' ਅਪਰਾਧ ਦਾ ਦੋਸ਼ ਲਗਾਇਆ ਜਾਵੇਗਾ, ਜਿਸ ਲਈ ਜੁਰਮਾਨਾ (25,000 ਅਮਰੀਕੀ ਡਾਲਰ ਤੱਕ) ਤੇ ਕੈਦ (1 ਤੋਂ 3 ਸਾਲ ਤੱਕ) ਹੋ ਸਕਦੀ ਹੈ।

# ਮੁਖਦੇਵ ਸਿੰਘ ਆਲੋਵਾਲ ਨੂੰ ਮੀਡੀਆ ਇੰਚਾਰਜ ਲਗਾਉਣ 'ਤੇ ਰਾਜੀਵ ਸ਼ਰਮਾ ਨੇ ਸਨਮਾਨਤ ਕੀਤਾ



ਗੁਰਦਾਸਪੁਰ, 18 ਜੁਲਾਈ (ਜਸਵਿੰਦਰ ਸਿੰਘ): ਅੱਜ ਪਾਰਟੀ ਦੇ ਸਾਥੀ ਮੁਖਦੇਵ ਸਿੰਘ ਆਲੋਵਾਲ ਨੂੰ ਜ਼ਿਲ੍ਹਾ ਮੀਡੀਆ ਇੰਚਾਰਜ ਲੱਗਣ 'ਤੇ ਚੇਅਰਮੈਨ ਨਗਰ ਸੁਧਾਰ ਟਰੱਸਟ ਤੇ ਲੋਕ ਸਭਾ ਇੰਚਾਰਜ ਗੁਰਦਾਸਪੁਰ ਰਾਜੀਵ ਸ਼ਰਮਾ ਨੇ ਆਪਣੇ ਦਫਤਰ ਬੁਲਾ ਕੇ ਸਨਮਾਨਤ ਕੀਤਾ। ਮੁਖਦੇਵ ਸਿੰਘ ਆਲੋਵਾਲ ਨੂੰ ਆਮ ਆਦਮੀ ਪਾਰਟੀ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦਾ ਮੀਡੀਆ ਇੰਚਾਰਜ ਨਿਯੁਕਤ ਕਰਨ 'ਤੇ ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਸਮੁੱਚੀ ਪਾਰਟੀ ਹਾਈਕਮਾਨ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਮੁੱਖ ਮੰਤਰੀ ਭਗਵੰਤ ਮਾਨ, ਪਾਰਟੀ ਪ੍ਰਧਾਨ ਅਮਨ ਅਰੋੜਾ, ਵਰਕਿੰਗ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਲੋਕ ਸਭਾ ਗੁਰਦਾਸਪੁਰ ਦੇ ਇੰਚਾਰਜ ਰਾਜੀਵ ਸ਼ਰਮਾ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਤੇ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਦਿੱਤੀ ਗਈ ਨਵੀਂ ਜ਼ਿੰਮੇਵਾਰੀ ਨੂੰ ਤਨ-ਮਨ ਨਾਲ ਨਿਭਾਵਾਂਗਾ। ਇਸ ਮੌਕੇ 'ਤੇ ਕਸ਼ਮੀਰ ਸਿੰਘ ਵਾਹਲਾ ਡਾਇਰੈਕਟਰ ਪੰਜਾਬ ਸਟੇਟ ਇੰਡਸਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟਡ, ਬਲਜੀਤ ਸਿੰਘ ਖ਼ਾਲਸਾ ਚੇਅਰਮੈਨ ਮਾਰਕੀਟ ਕਮੇਟੀ ਦੀਨਾਨਗਰ, ਰਣਜੀਤ ਸਿੰਘ ਪਾੜਾ, ਆਸ਼ੂ ਰੰਧਾਵਾ, ਐੱਸ.ਐੱਮ. ਰੰਧਾਵਾ, ਸੋਨੂ ਦਿਓਲ, ਰਜਨੀਸ਼ ਬੈਂਸ, ਐੱਸ. ਕੁਮਾਰ, ਹਰਦਿਆਲ ਸਿੰਘ, ਸਾਹਿਬ ਕੌਰ, ਪਵਨ ਕੁਮਾਰ, ਕਨੌਂਜੀਆ ਤੇ ਹੋਰ ਪਾਰਟੀ ਦੇ ਸਾਥੀ ਹਾਜ਼ਰ ਸਨ।

# ਪਰਮਬੀਰ ਸਿੰਘ ਰਾਣਾ 'ਆਪ' ਦੇ ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ ਨਿਯੁਕਤ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 18 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੇ ਨਜ਼ਦੀਕੀ ਸਾਥੀ ਤੇ ਸਿਆਸੀ ਸਲਾਹਕਾਰ ਪਰਮਬੀਰ ਸਿੰਘ ਰਾਣਾ ਘੁਮਾਣ ਨੂੰ ਪਾਰਟੀ ਪ੍ਰਤੀ ਵਧੀਆ ਸੇਵਾਵਾਂ ਨਿਭਾਉਣ 'ਤੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੀ ਸਿਫਾਰਸ਼ 'ਤੇ ਜ਼ਿਲ੍ਹਾ ਗੁਰਦਾਸਪੁਰ ਦੇ ਸੋਸ਼ਲ ਮੀਡੀਆ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵ-ਨਿਯੁਕਤ ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ ਪਰਮਬੀਰ ਸਿੰਘ ਰਾਣਾ ਘੁਮਾਣ ਨੇ ਆਖਿਆ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਸੂਬਾ ਇੰਚਾਰਜ ਤੇ ਸਾਬਕਾ ਮੁੱਖ ਮੰਤਰੀ ਦਿੱਲੀ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਤੇ ਸੂਬਾ ਪ੍ਰਧਾਨ ਅਮਨ ਅਰੋੜਾ, ਸੂਬਾ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ, ਚੇਅਰਮੈਨ ਜਗਰੂਪ ਸਿੰਘ ਸੇਖਵਾਂ, ਚੇਅਰਮੈਨ ਰਾਜੀਵ ਸ਼ਰਮਾ, ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਜੋਬਨ ਰੰਧਾਵਾ ਤੇ ਪਾਰਟੀ ਹਾਈਕਮਾਂਡ ਦਾ ਹਮੇਸ਼ਾ ਰਿਣੀ ਰਹਾਂਗਾ ਜਿਨ੍ਹਾਂ ਮੈਨੂੰ ਜ਼ਿਲ੍ਹਾ ਗੁਰਦਾਸਪੁਰ ਦਾ ਸੋਸ਼ਲ ਮੀਡੀਆ ਇੰਚਾਰਜ ਨਿਯੁਕਤ ਕਰਕੇ ਮਾਣ ਬਖਸ਼ਿਆ ਹੈ। ਇਸ ਮੌਕੇ ਪਰਮਬੀਰ ਸਿੰਘ ਰਾਣਾ ਨੇ ਆਖਿਆ ਕਿ ਉਹ ਪਾਰਟੀ ਵੱਲੋਂ ਦਿੱਤੀ ਜ਼ਿੰਮੇਵਾਰੀ ਇਮਾਨਦਾਰੀ ਤੇ ਮਿਹਨਤ ਨਾਲ ਨਿਭਾਵੇਗਾ। ਇਸ ਮੌਕੇ ਚੇਅਰਮੈਨ ਕੁਲਵੰਤਬੀਰ ਸਿੰਘ ਘੁਮਾਣ, ਸਾਬਕਾ ਸਰਪੰਚ ਨਰਿੰਦਰ ਸਿੰਘ ਨਿੱਕੀ ਘੁਮਾਣ, ਚੇਅਰਮੈਨ ਹੈਲਥ ਕਾਰਪੋਰੇਸ਼ਨ ਵਿੱਕੀ ਘਨੌਰ, ਡਾ. ਰਾਜੂ ਬੇਦੀ ਘੁਮਾਣ, ਸਰਪੰਚ ਗੁਰਮੀਤ ਸਿੰਘ ਚੌਲਚੱਕ, ਸਰਪੰਚ ਲਾਡੀ ਨੂਰਪੁਰ, ਪ੍ਰੀਤ ਢਿੱਲੋਂ ਮਾਝਾ ਜ਼ੋਨ ਇੰਚਾਰਜ, ਅਰਵਿੰਦ ਚੌਹਾਨ ਨੈਸ਼ਨਲ ਟੀਮ ਇੰਚਾਰਜ ਨੇ ਪਰਮਬੀਰ ਸਿੰਘ ਰਾਣਾ ਘੁਮਾਣ ਨੂੰ ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ ਨਿਯੁਕਤ ਹੋਣ 'ਤੇ ਵਧਾਈ ਦਿੱਤੀ।

# ਫਾਸਟਵੇ ਦੇ ਐੱਮ.ਡੀ. ਗੁਰਦੀਪ ਸਿੰਘ ਨੂੰ ਜਾਰੀ ਕੀਤੇ ਸੰਮਨ 'ਤੇ ਹਾਈ ਕੋਰਟ ਨੇ ਲਗਾਈ ਰੋਕ

ਚੰਡੀਗੜ੍ਹ, 18 ਜੁਲਾਈ (ਚ.ਨ.ਸ.): ਮਜੀਠੀਆ ਮਾਮਲੇ ਵਿਚ ਫਾਸਟਵੇ ਦੇ ਐਮਡੀ ਗੁਰਦੀਪ ਸਿੰਘ ਨੂੰ ਜਾਰੀ ਕੀਤੇ ਸੰਮਨ 'ਤੇ ਹਾਈ ਕੋਰਟ ਨੇ ਸੋਮਵਾਰ ਤੱਕ ਰੋਕ ਲਗਾ ਦਿੱਤੀ ਹੈ। ਗੁਰਦੀਪ ਸਿੰਘ ਨੇ ਅਦਾਲਤ ਵਿਚ ਪਟੀਸ਼ਨ ਦਾਇਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਾਬਕਾ ਮੰਤਰੀ ਦੇ ਖਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦੀ ਜਾਂਚ ਦੇ ਸਿਲਸਿਲੇ ਵਿਚ ਸੰਮਨ ਭੇਜਿਆ ਗਿਆ ਹੈ, ਜਦਕਿ ਉਨ੍ਹਾਂ ਦਾ ਉਸ ਐਫਆਈਆਰ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਗੁਰਦੀਪ ਸਿੰਘ ਨੇ ਚਿੰਤਾ ਜਤਾਈ ਕਿ ਉਨ੍ਹਾਂ ਨੂੰ ਜਾਣਬੁੱਝ ਕੇ ਇਸ ਮਾਮਲੇ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਜਾਂਚ ਵਿਚ ਸ਼ਾਮਲ ਹੋਣ ਲਈ ਤਿਆਰ ਹਨ ਪਰ ਉਨ੍ਹਾਂ ਨੂੰ ਡਰ ਹੈ ਕਿ ਸਰਕਾਰ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਗੁਰਦੀਪ ਸਿੰਘ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਮਜੀਠੀਆ ਕੇਸ ਨਾਲ ਜੁੜੀਆਂ ਕਈ ਖਬਰਾਂ ਉਨ੍ਹਾਂ ਦੀ ਮੀਡੀਆ ਕੰਪਨੀ ਦੁਆਰਾ ਚਲਾਈਆਂ ਗਈਆਂ ਸਨ ਅਤੇ ਹੁਣ ਸਰਕਾਰ ਰੰਜਿਸ਼ਨ ਕਾਰਵਾਈ ਕਰ ਰਹੀ ਹੈ।

# ਏ.ਐੱਸ.ਆਈ. ਜਸਵਿੰਦਰ ਸਿੰਘ ਦਾ ਨਗਦ ਰਾਸ਼ੀ ਤੇ ਕਲਾਸ ਵਨ ਸਰਟੀਫਿਕੇਟ ਨਾਲ ਸਨਮਾਨ

ਨਵਾਂਸ਼ਹਿਰ, 18 ਜੁਲਾਈ (ਰੌਸ਼ਨ ਲਾਲ ਸੁਮੰਨ): ਪੰਜਾਬ ਸਰਕਾਰ ਵੱਲੋਂ ਕੀਤਾ ਗਿਆ। ਇਹ ਸਨਮਾਨ ਲੁਧਿਆਣਾ ਰੇਂਜ ਦੇ ਡੀ.ਆਈ.ਜੀ. ਆਈ.ਪੀ.ਐੱਸ. ਨਿਲਾਂਬਰੀ ਜਗਦਲੇ ਵਿਜੇ ਤੇ ਜ਼ਿਲ੍ਹਾ ਪੁਲਿਸ ਮੁਖੀ ਡਾ. ਮਹਿਤਾਬ ਸਿੰਘ ਆਈ.ਪੀ.ਐੱਸ. ਵੱਲੋਂ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਮਿਹਨਤੀ ਤੇ ਇਮਾਨਦਾਰ ਪੁਲਿਸ ਅਧਿਕਾਰੀਆਂ ਦਾ ਡੀ.ਜੀ.ਪੀ. ਪੰਜਾਬ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਜਾਂਦਾ ਹੈ। ਉਨ੍ਹਾਂ ਏ.ਐੱਸ.ਆਈ. ਜਸਵਿੰਦਰ ਸਿੰਘ ਨੂੰ ਵਧਾਈ ਦਿੱਤੀ ਤੇ ਭਵਿੱਖ 'ਚ ਆਪਣੀ ਡਿਊਟੀ ਹੋਰ ਵੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।



ਚਲਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਬਹੁਤ ਹੀ ਲਗਨ ਤੇ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਵਾਲੇ ਪੰਜਾਬ ਪੁਲਿਸ ਦੇ ਏ.ਐੱਸ.ਆਈ. ਜਸਵਿੰਦਰ ਸਿੰਘ ਦਾ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਵੱਲੋਂ 10 ਹਜ਼ਾਰ ਦੀ ਨਗਦ ਰਾਸ਼ੀ ਤੇ ਕਲਾਸ ਵਨ ਸਰਟੀਫਿਕੇਟ ਦੇ ਕੇ ਵਿਸ਼ੇਸ਼ ਸਨਮਾਨ

# ਏ.ਡੀ.ਸੀ. ਡਾ. ਬੇਦੀ ਨੇ ਸ਼ਹਿਰ 'ਚ ਸਫ਼ਾਈ ਵਿਵਸਥਾ ਦਾ ਜਾਇਜ਼ਾ ਲਿਆ



ਗੁਰਦਾਸਪੁਰ, 18 ਜੁਲਾਈ (ਜਗੀਰ ਸਿੰਘ ਮੰਡ/ਸੰਧੂ/ਬਸਰਾ): ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਅੱਜ ਸਵੇਰੇ ਗੁਰਦਾਸਪੁਰ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਦਾ ਜਾਇਜ਼ਾ ਲਿਆ ਗਿਆ। ਨਗਰ ਕੌਂਸਲ ਗੁਰਦਾਸਪੁਰ ਤੋਂ ਸ਼ੁਰੂ ਹੋ ਕੇ ਵਧੀਕ ਡਿਪਟੀ ਕਮਿਸ਼ਨਰ ਨੇ ਗੁਰਦਾਸਪੁਰ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ, ਮੱਛੀ ਮਾਰਕੀਟ, ਹਨੂੰਮਾਨ ਚੌਕ, ਗੀਤਾ ਭਵਨ ਰੋਡ, ਡਾਕਖ਼ਾਨਾ ਚੌਕ ਤੇ ਜਹਾਜ਼ ਚੌਕ ਵਿੱਚ ਸਫ਼ਾਈ ਕਰਮਚਾਰੀਆਂ ਵੱਲੋਂ ਕੀਤੀ ਜਾ ਰਹੀ ਸਫ਼ਾਈ ਦਾ ਮੁਆਇਨਾ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਸਫ਼ਾਈ ਕਰਮੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਸਫ਼ਾਈ ਕਰਮੀ ਆਪਣੀਆਂ ਬੀਟਾਂ ਵਿੱਚ ਰੋਜ਼ਾਨਾ ਸਫ਼ਾਈ ਕਰਨ ਤੇ ਘਰਾਂ ਵਿੱਚੋਂ ਸੁੱਕਾ ਤੇ ਗਿੱਲਾ ਕੂੜਾ ਵੱਖ-ਵੱਖ ਕੁਲੈਕਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫ਼ਾਈ ਵਿੱਚ ਕੋਈ ਵੀ ਕੁਤਾਹੀ ਜਾਂ ਢਿੱਲ-ਮੱਠ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿੱਚ ਗਿੱਲੇ ਤੇ ਸੁੱਕੇ ਕੂੜੇ ਲਈ ਵੱਖ-ਵੱਖ ਡਸਟਬੀਨ ਲਗਾਉਣ ਤੇ ਸਫ਼ਾਈ ਕਰਮੀਆਂ ਨੂੰ ਗਿੱਲਾ ਤੇ ਸੁੱਕਾ ਕੂੜਾ ਵੱਖ-ਵੱਖ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ ਕੂੜੇ ਦਾ ਨਿਪਟਾਰਾ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸ਼ਹਿਰ ਦੀ ਸਫ਼ਾਈ ਵਿੱਚ ਪੂਰਾ ਸਹਿਯੋਗ ਕਰਨ ਤੇ ਸੜਕਾਂ ਕਿਨਾਰੇ ਕੂੜਾ ਬਿਲਕੁਲ ਨਾ ਸੁੱਟਿਆ ਜਾਵੇ। ਉਨ੍ਹਾਂ ਕਿਹਾ ਕਿ ਜ਼ਿੰਮੇਵਾਰ ਨਾਗਰਿਕ ਬਣਦੇ ਹੋਏ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕੀਤੀ ਜਾਵੇ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਸ਼ਹਿਰ ਵਿੱਚ ਸੀਵਰੇਜ ਵਿਵਸਥਾ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਰਸਾਤ ਦੇ ਸੀਜ਼ਨ ਦੌਰਾਨ ਸੀਵਰੇਜ ਦੀ ਸਫ਼ਾਈ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਇਸ ਮੌਕੇ ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੇ ਬਜ਼ਾਰਾਂ ਵਿੱਚ ਹੋਏ ਨਾਜਾਇਜ਼ ਕਬਜ਼ਿਆਂ ਨੂੰ ਦੂਰ ਕੀਤਾ ਜਾਵੇ ਤਾਂ ਜੋ ਆਵਾਜਾਈ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ।

# ਪੰਜਗਰਾਈਆਂ ਵਿਖੇ ਵਾਤਾਵਰਨ ਦੀ ਸ਼ੁੱਧਤਾ ਲਈ ਕੀਤੀ ਗਈ ਨਾਨਕ ਜੰਗਲ ਦੀ ਸਾਫ਼-ਸਫ਼ਾਈ

ਬਟਾਲਾ, 18 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਪਿੰਡ ਪੰਜਗਰਾਈਆਂ ਦੇ ਫੋਕਲ ਪੁਆਇੰਟ ਦੇ ਕੋਲ ਵਿਲੇਜ ਵੈੱਲਫੇਅਰ ਐਂਡ ਕਲਚਰਲ ਸੁਸਾਇਟੀ ਪੰਜਗਰਾਈਆਂ ਵੱਲੋਂ ਲਗਾਏ ਗਏ ਨਾਨਕ ਜੰਗਲ ਵਿਖੇ ਸੁਸਾਇਟੀ ਦੇ ਅਹਿਮ ਮੈਂਬਰ ਸਵ. ਵੀਰ ਚਰਨਜੀਤ ਸਿੰਘ (ਡੀ.ਸੀ.) ਨੂੰ ਯਾਦ ਕਰਦਿਆਂ ਹੋਇਆਂ, ਅੱਜ ਸਾਬਕਾ ਸਰਪੰਚ ਕਰਮਜੀਤ ਸਿੰਘ ਬਾਜਵਾ, ਵੀਰ ਕੰਵਲਜੀਤ ਸਿੰਘ ਲੱਲੀ, ਸਾਬਕਾ ਪੰਚ ਧਰਮਿੰਦਰ ਸਿੰਘ, ਗੁਲਜ਼ਾਰ ਸਿੰਘ ਫੌਜੀ, ਵੀਰ ਮਿੰਟੂ ਮੈਹਿਰਾ ਆਦਿ ਸੁਸਾਈਟੀ ਮੈਂਬਰਾਂ ਨੇ ਰੋਟਾਵੇਟਰ ਨਾਲ ਸਾਫ-ਸਫਾਈ ਦਾ ਕੰਮ ਆਰੰਭ ਕੀਤਾ।




ਸੁਸਾਇਟੀ ਮੈਂਬਰਾਂ ਦਾ ਮੰਨਣਾ ਹੈ ਕਿ ਸਾਡਾ ਵੀਰ ਚਰਨਜੀਤ ਸਿੰਘ ਡੀ.ਸੀ. ਫੁੱਲਾਂ, ਫਲਾਂ, ਬੂਟਿਆਂ, ਪੌਦਿਆਂ ਨਾਲ ਪਿਆਰ ਕਰਨ ਵਾਲਾ ਇਨਸਾਨ ਸੀ, ਜੋ ਪਿਛਲੇ ਸਾਲ ਰੱਬ ਨੂੰ ਪਿਆਰਾ ਹੋ ਗਿਆ। ਉਸ ਦੀ ਘਾਟ ਸਾਨੂੰ ਸਭ ਨੂੰ ਸਦੀਵੀਂ ਰੜਕਦੀ ਰਹੇਗੀ। ਸੁਸਾਇਟੀ ਮੈਂਬਰਾਂ ਨੇ ਪੰਜਾਬ ਦੇ ਸਮੁੱਚੇ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਆਪਣੇ ਵਿਛੜ ਚੁੱਕੇ ਵੀਰ, ਭੈਣ, ਬੇਟੀ, ਮਾਤਾ-ਪਿਤਾ, ਪ੍ਰੇਮਿਕਾ, ਪਤਨੀ ਜਾਂ ਬਜ਼ੁਰਗ ਦੀ ਯਾਦ ਵਿੱਚ ਇੱਕ-ਇੱਕ ਬੂਟਾ ਲਗਾਓ। ਇਸ ਨਾਲ ਸਾਡਾ ਵਾਤਾਵਰਨ ਤਾਂ ਸ਼ੁੱਧ ਹੋਵੇਗਾ ਹੀ ਨਾਲ ਹੀ ਸਾਨੂੰ ਆਕਸੀਜਨ ਦੀ ਘਾਟ ਮਹਿਸੂਸ ਨਹੀਂ ਹੋਵੇਗੀ ਤੇ ਆਪਣੇ ਵਿਛੜ ਚੁੱਕੇ ਪਿਆਰੇ ਦੀ ਯਾਦ ਵੀ ਹਮੇਸ਼ਾ ਸਾਡੇ ਮਨਾਂ ਵਿੱਚ ਤਾਜ਼ਾ ਰਹੇਗੀ। ਉਨ੍ਹਾਂ ਸਮੁੱਚੇ ਪਿੰਡ ਵਾਸੀਆਂ ਨੂੰ ਵੀ ਕਿਹਾ ਕਿ ਆਪਣੇ ਘਰ ਜਾਂ ਹਵੇਲੀ ਮੋਟਰ ਪਲਾਟ ਆਦਿ ਦੇ ਵਿੱਚ ਵੱਧ ਤੋਂ ਵੱਧ ਪੌਦੇ ਲਗਾਓ ਤਾਂ ਕਿ ਸਾਡਾ ਨਗਰ ਹਰਿਆ-ਭਰਿਆ ਤੇ ਖੁਸ਼ਹਾਲ ਨਜ਼ਰ ਆਵੇ। ਇਸ ਮੌਕੇ ਸਾਬਕਾ ਸਰਪੰਚ ਕਰਮਜੀਤ ਸਿੰਘ ਬਾਜਵਾ, ਕਿਸਾਨ ਆਗੂ ਕੰਵਲਜੀਤ ਸਿੰਘ ਲੱਲੀ, ਧਰਮਿੰਦਰ ਸਿੰਘ, ਤਜਿੰਦਰ ਸਿੰਘ ਲਾਲੀ, ਗੁਲਜ਼ਾਰ ਸਿੰਘ ਫੌਜੀ, ਬਲਵਿੰਦਰ ਸਿੰਘ ਤੇ ਜਰਨੈਲ ਸਿੰਘ ਹਾਜ਼ਰ ਸਨ।

# ਭਤੀਜਿਆਂ ਤੋਂ ਤੰਗ ਹੋ ਕੇ 81 ਸਾਲ ਦਾ ਬਜ਼ੁਰਗ ਚੜ੍ਹਿਆ ਪਾਣੀ ਵਾਲੀ ਟੈਂਕੀ ਉਪਰ

## ☛ਪੁਲਿਸ ਪ੍ਰਸ਼ਾਸਨ ਨੂੰ ਵੀ ਕਈ ਵਾਰ ਦਿੱਤੀਆਂ ਲਿਖਤੀ ਦਰਖਾਸਤਾਂ, ਕੋਈ ਸੁਣਵਾਈ ਨਹੀਂ ਹੋਈ: ਬਜ਼ੁਰਗ ਗੁਰਮੁੱਖ ਸਿੰਘ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 18 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਅੱਜ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਅੰਦਰ ਆਉਂਦੇ ਪਿੰਡ ਧਾਲੀਵਾਲ ਵਿੱਚ ਉਸ ਵੇਲੇ ਹਾਈ ਪ੍ਰੋਫਾਈਲ ਮਸਲਾ ਬਣ ਗਿਆ, ਜਦੋਂ ਸਵੇਰੇ 7 ਵਜੇ ਪਿੰਡ ਦਾ ਹੀ ਇੱਕ 81 ਸਾਲ ਦਾ ਬਜ਼ੁਰਗ ਗੁਰਮੁੱਖ ਸਿੰਘ ਪਾਣੀ ਵਾਲੀ ਟੈਂਕੀ ਉਪਰ ਚੜ੍ਹ ਗਿਆ। ਪਿੰਡ ਦੇ ਸਰਪੰਚ ਗੁਰਨਾਮ ਸਿੰਘ ਮੌਕੇ 'ਤੇ ਆਪਣੇ ਮੈਂਬਰਾਂ ਨਾਲ ਮੌਕੇ ਪਹੁੰਚੇ ਤੇ ਬਜ਼ੁਰਗ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਬਜ਼ੁਰਗ ਗੁਰਮੁੱਖ ਨੇ ਇੱਕ ਨਾ ਸੁਣੀ। ਗੁਰਮੁੱਖ ਸਿੰਘ ਆਪਣੇ ਨਾਲ ਛੋਟਾ ਲਾਊਡ ਸਪੀਕਰ ਤੇ ਕਾਗਜ਼ਾਤ ਲੈ ਕੇ ਟੈਂਕੀ ਉਪਰ ਚੜ੍ਹਿਆ ਹੋਇਆ ਸੀ, ਉਸ ਵੱਲੋਂ ਬਾਰ-ਬਾਰ ਅਨਾਊਂਸਮੈਂਟ ਕੀਤੀ ਜਾ ਰਹੀ ਸੀ ਕਿ ਐੱਸ.ਐੱਸ.ਪੀ. ਬਟਾਲਾ ਜਾਂ ਡੀ.ਸੀ. ਗੁਰਦਾਸਪੁਰ ਆਉਣਗੇ ਤਾਂ ਮੈਂ ਥੱਲੇ ਉਤਰਾਂਗਾ। ਪਤਾ ਲੱਗਦਿਆਂ ਹੀ ਡਿਊਟੀ ਅਫਸਰ ਸਬ-ਇੰਸਪੈਕਟਰ ਰਵੇਲ ਸਿੰਘ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਤੇ ਉਨ੍ਹਾਂ ਨਾਲ ਟੈਂਕੀ ਉਪਰ ਚੜ੍ਹ ਕੇ ਗੱਲਬਾਤ ਕੀਤੀ ਗਈ ਤੇ ਭਰੋਸਾ ਦਿੱਤਾ ਗਿਆ, ਜਿਸ ਦੇ ਚੱਲਦਿਆਂ ਬਜ਼ੁਰਗ ਗੁਰਮੁੱਖ ਸਿੰਘ ਲਗਭਗ 2 ਘੰਟੇ ਬਾਅਦ ਟੈਂਕੀ ਤੋਂ ਥੱਲੇ ਉਤਰਿਆ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਬਜ਼ੁਰਗ ਗੁਰਮੁੱਖ ਸਿੰਘ ਨੇ ਦੱਸਿਆ ਕਿ ਮੇਰੇ ਭਤੀਜੇ ਬਲਵਿੰਦਰ ਸਿੰਘ ਤੇ ਨਰਿੰਦਰ ਸਿੰਘ ਪੁੱਤਰ ਗਿਆਨ ਸਿੰਘ ਵੱਲੋਂ ਗ਼ਲਤ ਢੰਗ ਨਾਲ ਮੇਰੀ ਜ਼ਮੀਨ ਵੇਚੀ ਗਈ ਹੈ ਤੇ ਮੈਂ ਪਿੰਡ ਦੇ ਇੱਕ ਪੰਚਾਇਤੀ ਕਮਰੇ ਵਿੱਚ ਰਹਿ ਰਿਹਾ ਹਾਂ, ਉਸ ਵਿੱਚੋਂ ਵੀ ਕੱਢਿਆ ਗਿਆ। ਮੇਰਾ ਕੋਈ ਰਹਿਣ ਬਸੇਰਾ ਨਹੀਂ ਹੈ, ਜਿਸਦੇ ਸਬੰਧੀ ਪੁਲਿਸ ਪ੍ਰਸ਼ਾਸਨ ਤੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਮੈਂ ਬਹੁਤ ਵਾਰ ਲਿਖ ਚੁੱਕਾ ਹਾਂ ਪਰ ਕੋਈ ਸੁਣਵਾਈ ਨਹੀਂ ਹੋਈ। ਅਖੀਰ ਮੈਨੂੰ ਖੁਦਖੁਸ਼ੀ ਦਾ ਰਾਹ ਅਪਣਾਉਣਾ ਪਿਆ।



**ਕੀ ਕਹਿਣਾ ਸਬ-ਇੰਸਪੈਕਟਰ ਰਵੇਲ ਸਿੰਘ ਦਾ:** ਇਸ ਸਬੰਧੀ ਜਦੋਂ ਡਿਊਟੀ ਅਫਸਰ ਸਬ-ਇੰਸਪੈਕਟਰ ਰਵੇਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬਜ਼ੁਰਗ ਦੀ ਸਾਰੀ ਗੱਲਬਾਤ ਸੁਣੀ ਹੈ, ਜਿਸਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ ਤੇ ਬਜ਼ੁਰਗ ਗੁਰਮੁੱਖ ਸਿੰਘ ਨੂੰ ਇਨਸਾਫ ਦਿਵਾਇਆ ਜਾਵੇਗਾ।

**ਕੀ ਕਹਿਣਾ ਸਰਪੰਚ ਗੁਰਨਾਮ ਸਿੰਘ ਦਾ:** ਜਦੋਂ ਇਸ ਸਬੰਧੀ ਪਿੰਡ ਦੇ ਸਰਪੰਚ ਗੁਰਨਾਮ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡੇ ਪਿੰਡ ਦਾ ਹੀ ਹੈ ਪਰ ਕਾਫੀ ਦੇਰ ਤੋਂ ਪਿੰਡ ਤੋਂ ਬਾਹਰ ਰਹਿ ਰਿਹਾ ਹੈ ਤੇ ਇਸ ਦੇ ਜਿਨ੍ਹਾਂ ਭਤੀਜਿਆਂ ਨਾਲ ਕੋਈ ਜ਼ਮੀਨ ਦਾ ਮਸਲਾ ਹੈ। ਉਹ ਵੀ ਅੱਜ ਕੱਲ੍ਹ ਪਿੰਡ ਤੋਂ ਬਾਹਰ ਰਹਿ ਰਹੇ ਹਨ।

# ਵਿਧਾਇਕ ਰੰਧਾਵਾ ਨੇ ਇਲਾਕੇ ਦੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਕੀਤਾ ਲਾਮਬੰਦ



ਡੇਰਾ ਬਾਬਾ ਨਾਨਕ/ਗੁਰਦਾਸਪੁਰ, 18 ਜੁਲਾਈ (ਹੈਪੀ ਕੋਟਲੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਯਾਤਰਾ ਬੀਤੀ ਸ਼ਾਮ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਕੋਠਾ, ਚਾਕਾਂਵਾਲੀ, ਬਹਿਲੋਲਪੁਰ, ਘੁੰਮਣ, ਮਾਨ, ਕਾਹਲਾਂਵਾਲੀ ਤੇ ਖਲੀਲਪੁਰ ਵਿਖੇ ਪਹੁੰਚੀ, ਜਿੱਥੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਤੇ ਆਮ ਜਨਤਾ ਨਾਲ ਮੀਟਿੰਗਾਂ ਦੌਰਾਨ ਨਸ਼ਿਆਂ ਦੇ ਖ਼ਾਤਮੇ ਦਾ ਅਹਿਦ ਲਿਆ ਗਿਆ। ਇਸ ਮੌਕੇ ਵੱਡੀਆਂ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਲੋਕ ਆਪ ਮੁਹਾਰੇ ਅੱਗੇ ਆ ਕੇ ਇਸ ਯਾਤਰਾ ਦਾ ਹਿੱਸਾ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਸੂਬੇ ਵਿੱਚੋਂ ਨਸ਼ੇ ਦੀਆਂ ਜੜ੍ਹਾਂ ਪੁੱਟਣ ਲਈ ਦਿਨ-ਰਾਤ ਇੱਕ ਕਰ ਰਹੀ ਹੈ ਤੇ ਹੁਣ ਉਹ ਦਿਨ ਦੂਰ ਨਹੀਂ ਜਦੋਂ ਸੂਬੇ ਵਿੱਚੋਂ ਮੁਕੰਮਲ ਤੌਰ 'ਤੇ ਨਸ਼ਿਆਂ ਦਾ ਖ਼ਾਤਮਾ ਹੋ ਜਾਵੇਗਾ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਨੂੰ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ ਤੇ ਪਿੰਡ ਵਾਸੀਆਂ ਨੂੰ ਨਿਰੰਤਰ ਨਸ਼ੇ ਖ਼ਿਲਾਫ਼ ਲੜੀ ਜਾ ਰਹੀ ਜੰਗ ਵਿੱਚ ਇਕਜੁੱਟ ਹੋ ਕੇ ਸਰਕਾਰ ਦਾ ਸਹਿਯੋਗ ਦੇਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਆਂਦਾ ਜਾਵੇ, ਜਿੱਥੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਪੰਜਾਬ ਸਰਕਾਰ ਵੱਲੋਂ ਮੁਫ਼ਤ ਤੇ ਢੁਕਵਾਂ ਇਲਾਜ ਕੀਤਾ ਜਾਂਦਾ ਹੈ। ਰੰਧਾਵਾ ਨੇ ਕਿਹਾ ਕਿ ਸੂਬੇ ਦੀ ਨੌਜਵਾਨੀ ਹੁਣ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਰਹੀ ਹੈ ਤੇ ਪੰਜਾਬ ਮੁੜ ਤੋਂ ਸਿਹਤਮੰਦ ਪੰਜਾਬ ਬਣਨ ਵੱਲ ਵੱਧ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨਸ਼ਿਆਂ ਖ਼ਿਲਾਫ਼ ਇਹ ਫ਼ੈਸਲਾਕੁੰਨ ਯੁੱਧ ਆਵਾਮ ਦੇ ਸਹਿਯੋਗ ਨਾਲ ਜ਼ਰੂਰ ਜਿੱਤੇਗੀ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਡੀ.ਐੱਸ.ਪੀ. ਡੇਰਾ ਬਾਬਾ ਨਾਨਕ ਜੋਗਾ ਸਿੰਘ, ਬੀ.ਡੀ.ਪੀ.ਓ. ਪਰਮਜੀਤ ਕੌਰ ਤੋਂ ਇਲਾਵਾ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰ, ਪੰਚ-ਸਰਪੰਚ ਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਕਵੀ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਦਿਨ 23 ਨੂੰ ਮਨਾਇਆ ਜਾਵੇਗਾ



ਬਟਾਲਾ/ਉਧਨਵਾਲ, 18 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ਸੁਖਅੰਮ੍ਰਿਤ ਸਿੰਘ ਸੋਨੂੰ ਘੁਮਾਣ): ਪੰਜਾਬ ਦੇ ਸਿਰਮੌਰ ਕਵੀ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਦਿਨ 23 ਜੁਲਾਈ ਨੂੰ ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ, ਜਲੰਧਰ ਰੋਡ ਬਟਾਲਾ ਵਿਖੇ ਮਨਾਇਆ ਜਾਵੇਗਾ। ਇਸ ਸਬੰਧੀ ਅੱਜ ਵਿਕਰਮਜੀਤ ਸਿੰਘ ਪਾਂਥੇ, ਐੱਸ.ਡੀ.ਐੱਮ-ਕਮ.ਕਮਿਸ਼ਨਰ ਨਗਰ ਨਿਗਮ ਬਟਾਲਾ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ ਤੇ ਸਮਾਗਮ ਮਨਾਉਣ ਦੀ ਰੂਪ-ਰੇਖਾ ਉਲੀਕੀ ਗਈ। ਮੀਟਿੰਗ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਹੈਰੀਟੇਜ ਗੁਰਦਾਸਪੁਰ ਵੱਲੋਂ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਦਿਨ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨਾਂ ਦੱਸਿਆ ਕਿ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਲਾਲ ਚੰਦ ਕਟਾਰੂਚੱਕ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਮੌਕੇ ਪ੍ਰੋਫੈਸਰ ਰਾਜ ਕੁਮਾਰ ਸ਼ਰਮਾ, ਜਨਰਲ ਸੈਕਟਰੀ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ, ਹੈਰੀਟੇਜ ਸੁਸਾਇਟੀ ਦੇ ਮੈਂਬਰ ਸੁਖਜਿੰਦਰ ਸਿੰਘ ਰਾਜਿੰਦਰਾ ਫਾਊਂਡਰੀ ਬਟਾਲਾ, ਪਵਨ ਕੁਮਾਰ, ਨਵਦੀਪ ਸਿੰਘ, ਪ੍ਰਿੰਸਪਾਲ ਸਿੰਘ, ਪ੍ਰਵੀਨ ਕੁਮਾਰ, ਪ੍ਰਿੰਸੀਪਲ ਦਵਿੰਦਰ ਸਿੰਘ ਭੱਟੀ ਪੌਲੀਟੈਕਨਿਕ ਕਾਲਜ ਬਟਾਲਾ, ਅਤੁਲ ਮਹਾਜਨ ਜ਼ਿਲ੍ਹਾ ਜੰਗਲਾਤ ਅਫਸਰ, ਡਾ. ਪਰਮਜੀਤ ਸਿੰਘ ਕਲਸੀ, ਹਰਮਨਜੀਤ ਸਿੰਘ ਜੁਆਇੰਟ ਸਕੱਤਰ ਹੈਰੀਟੇਜ ਸੁਸਾਇਟੀ, ਐੱਸ.ਡੀ.ਓ., ਲੈਕਚਰਾਰ ਹਰਪ੍ਰੀਤ ਸਿੰਘ, ਬਖਸ਼ੀਸ਼ ਸਿੰਘ ਰੇਂਜ ਅਫਸਰ, ਹਰਨੂਰ ਸਿੰਘ ਜੀ.ਈ., ਡਾ. ਵਨੀਤ ਕੁਮਾਰ, ਐੱਸ.ਆਈ. ਅਵਤਾਰ ਸਿੰਘ, ਪਰਮਜੀਤ ਕੌਰ, ਦਮਨਜੀਤ ਸਿੰਘ ਮੈਨੇਜਰ ਛੋਟਾ ਘੱਲੂਘਾਰਾ, ਮੈਮੋਰੀਅਲ ਕਾਹਨੂੰਵਾਨ ਤੇ ਰਾਜਵਿੰਦਰ ਸਿੰਘ ਆਦਿ ਮੌਜੂਦ ਸਨ।

# ਗੌਰਮਿੰਟ ਟੀਚਰਜ਼ ਯੂਨੀਅਨ ਨੇ ਅਧਿਆਪਕਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦੇ ਹੱਲ ਲਈ ਫੜਿਆ ਸੰਘਰਸ਼ ਦਾ ਰਾਹ



ਨਵਾਂਸ਼ਹਿਰ, 18 ਜੁਲਾਈ (ਸੁਖਦੇਵ ਸਿੰਘ ਉੜਾਪੜ): ਗੌਰਮਿੰਟ ਟੀਚਰਜ਼ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਸੂਬਾਈ ਸੱਦੇ ਅਨੁਸਾਰ ਅੱਜ ਜ਼ਿਲ੍ਹਾ ਪ੍ਰਧਾਨ ਬਿਕਰਮਜੀਤ ਸਿੰਘ ਰਾਹੋਂ ਦੀ ਅਗਵਾਈ ਵਿੱਚ ਅਧਿਆਪਕ ਮੰਗਾਂ ਤੇ ਮਸਲਿਆਂ ਸਬੰਧੀ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ) (ਐ.ਸਿੱ) ਅਨੀਤਾ ਸ਼ਰਮਾ ਰਾਹੀਂ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਭੇਜੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੀਨੀਅਰ ਆਗੂਆਂ ਨੇ ਦੱਸਿਆ ਕਿ ਅਧਿਆਪਕਾਂ ਨੂੰ ਤਨਖਾਹਾਂ ਸਮੇਤ ਜੀਪੀ ਫੰਡ ਐਡਵਾਂਸ ਤੇ ਹੋਰ ਬਿੱਲ ਮਹੀਨੇ ਦੀ ਇੱਕ ਤਰੀਕ ਨੂੰ ਹੀ ਜਾਰੀ ਕਰਨੇ ਯਕੀਨੀ ਬਣਾਉਣ, ਵੱਖ-ਵੱਖ ਭਰਤੀਆਂ ਤੇ ਅਧਿਆਪਕਾਂ ਦੇ ਹੱਕ 'ਚ ਹੋਏ ਫੈਸਲੇ ਨੂੰ ਜਰਨਲਾਈਜ ਕਰਨ, ਅਧਿਆਪਕਾਂ ਦੇ ਉਕਤ ਕੇਸਾਂ ਵਿੱਚ ਬਣਦੇ ਬਕਾਏ ਜਲਦ ਜਾਰੀ ਕੀਤੇ ਜਾਣ, ਰੀਕਾਸਟ ਲਿਸਟਾਂ ਜਿਵੇਂ ਕਿ 3704 ਤੇ 6635 ਤੁਰੰਤ ਰੱਦ ਕਰਨ, ਸਕੂਲ ਮੈਨੇਜਮੈਂਟ ਕਮੇਟੀਆਂ ਦੇ ਗਠਨ ਵਿੱਚ ਸਿਆਸੀ ਦਖਲ-ਅੰਦਾਜ਼ੀ ਬੰਦ ਕਰਨ, ਛੁੱਟੀਆਂ ਵਾਲੇ ਦਿਨਾਂ ਦੌਰਾਨ ਅਧਿਆਪਕਾਂ ਤੇ ਸਕੂਲ ਮੁਖੀਆਂ ਤੋਂ ਗੂਗਲ ਫਾਰਮ ਭਰਵਾਉਣੇ ਤੇ ਡਾਕ ਮੰਗਣੀ ਬੰਦ ਕਰਨ, ਈਟੀਟੀ, ਸੀ ਐਂਡ ਵੀ ਤੋਂ ਮਾਸਟਰ ਕੇਡਰ, ਮਾਸਟਰ ਕੇਡਰ ਤੋਂ ਲੈਕਚਰਾਰ ਤੇ ਮੁਖ ਅਧਿਆਪਕ ਤੇ ਵੱਖ-ਵੱਖ ਕਾਡਰਾਂ ਤੋਂ ਬਤੌਰ ਪ੍ਰਿੰਸੀਪਲ ਪ੍ਰਮੋਸ਼ਨਾਂ ਜਲਦ ਕਰਨ, ਇਸੇ ਤਰ੍ਹਾਂ ਨਾਨ-ਟੀਚਿੰਗ ਅਸਾਮੀਆਂ ਭਰੀਆਂ ਜਾਣ ਤੇ ਪ੍ਰਾਇਮਰੀ ਸਕੂਲਾਂ ਵਿੱਚ ਸੈਂਟਰ ਪੱਧਰ 'ਤੇ ਡਾਟਾ ਐਂਟਰੀ ਆਪਰੇਟਰ ਦੀਆਂ ਅਸਾਮੀਆਂ ਦੇਣ, ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਦੇ ਵਿੱਚ ਦੋ ਕਲਰਕ ਦੀਆਂ ਅਸਾਮੀਆਂ ਦੇਣ, 8886 ਰੈਗੂਲਰ ਹੋਏ ਅਧਿਆਪਕਾਂ ਨੂੰ ਸੀਐੱਸਆਰ ਰੂਲ ਅਨੁਸਾਰ ਠੇਕਾ ਆਧਾਰਿਤ ਸੇਵਾਵਾਂ ਨੂੰ ਗਿਣਦ/ਡਰਾਇੰਗ ਅਧਿਆਪਕਾਂ ਦੀਆਂ ਪੋਸਟਾਂ ਨੂੰ ਬਹਾਲ ਕਰਨ ਦੀਆਂ ਮੰਗਾਂ ਨੂੰ ਹੱਲ ਕਰਨ ਦੀ ਮੰਗ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਸ਼ੋਤਮ ਲਾਲ, ਬਲਜੀਤ ਸਿੰਘ, ਗੁਰਨਾਮ ਸਿੰਘ, ਦਵਿੰਦਰ ਸਿੰਘ, ਮਨਮੋਹਨ ਸਿੰਘ ਚੱਢਾ, ਨਰਿੰਦਰ ਕੁਮਾਰ ਥੋਪੀਆ, ਅਸ਼ਵਨੀ ਕੁਮਾਰ ਬਲਾਚੌਰ, ਰਾਜਵਿੰਦਰ ਕੌਰ ਆਦਿ ਹਾਜ਼ਰ ਸਨ।

# ਆਜ਼ਾਦੀ ਦਿਹਾੜਾ ਧੂਮਧਾਮ ਨਾਲ ਮਨਾਇਆ ਜਾਵੇਗਾ: ਡੀ.ਸੀ.



ਫਾਜ਼ਿਲਕਾ, 18 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਆਜ਼ਾਦੀ ਦਿਹਾੜੇ ਮੌਕੇ ਫਾਜ਼ਿਲਕਾ ਦੇ ਸ਼ਹੀਦ ਭਗਤ ਸਿੰਘ ਬਹੁਮੰਤਵੀ ਸਟੇਡੀਅਮ ਵਿਖੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਲਈ ਅੱਜ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈ.ਏ.ਐੱਸ. ਦੀ ਪ੍ਰਧਾਨਗੀ ਹੇਠ ਬੈਠਕ ਹੋਈ। ਬੈਠਕ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਇਹ ਸਮਾਗਮ ਕੌਮੀ ਜਜ਼ਬੇ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਲਈ ਸਾਰੇ ਵਿਭਾਗ ਹੁਣ ਤੋਂ ਹੀ ਤਿਆਰੀਆਂ ਆਰੰਭ ਕਰ ਦੇਣ ਤੇ ਸਮਾਂ ਰਹਿੰਦੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲੈਣ। ਉਨ੍ਹਾਂ ਨੇ ਕਿਹਾ ਕਿ ਪੁਲਿਸ ਵਿਭਾਗ ਵੱਲੋਂ ਸੁਰੱਖਿਆ ਤੇ ਪਾਰਕਿੰਗ ਦੇ ਸਾਰੇ ਇੰਤਜ਼ਾਮ ਕੀਤੇ ਜਾਣਗੇ। ਸਿਹਤ ਵਿਭਾਗ ਵੱਲੋਂ ਮੈਡੀਕਲ ਟੀਮ ਦੀ ਤਾਇਨਾਤੀ ਕੀਤੀ ਜਾਵੇਗੀ। ਉਨ੍ਹਾਂ ਨੇ ਨਗਰ ਕੌਂਸਲ ਨੂੰ ਸਾਫ-ਸਫਾਈ, ਫਾਇਰ ਬ੍ਰਿਗੇਡ ਦਾ ਪ੍ਰਬੰਧ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਵੀ ਹੋਵੇਗਾ। ਇਸ ਲਈ ਵੱਖਰੇ ਤੌਰ 'ਤੇ ਇੱਕ ਕਮੇਟੀ ਬਣਾਈ ਗਈ ਹੈ। ਇਸ ਤੋਂ ਬਿਨਾਂ ਪੀਣ ਦੇ ਪਾਣੀ ਤੇ ਹੋਰ ਸਾਰੇ ਪ੍ਰਬੰਧ ਕਰਨ ਲਈ ਵੀ ਵੱਖ-ਵੱਖ ਵਿਭਾਗਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਬੈਠਕ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਭਾਸ਼ ਚੰਦਰ, ਐੱਸ.ਡੀ.ਐੱਮ. ਵੀਰਪਾਲ ਕੌਰ ਤੇ ਕੰਵਰਜੀਤ ਸਿੰਘ ਮਾਨ, ਜ਼ਿਲ੍ਹਾ ਸਿੱਖਿਆ ਅਫਸਰ ਅਜੇ ਸ਼ਰਮਾ ਤੇ ਸਤੀਸ਼ ਕੁਮਾਰ, ਕਾਰਜ ਸਾਧਕ ਅਫਸਰ ਨਗਰ ਕੌਂਸਲ ਗੁਰਦਾਸ ਸਿੰਘ ਵੀ ਹਾਜ਼ਰ ਸਨ।

# 'ਨਸ਼ਾ ਮੁਕਤੀ ਯਾਤਰਾ' ਤਹਿਤ ਪਿੰਡ ਮਨਹੋਰਪੁਰ ਵਿਖੇ ਸਮਾਗਮ

ਬਟਾਲਾ, 18 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਵਿੱਚ ਸਮਾਗਮ ਕਰਵਾਏ ਜਾ ਰਹੇ ਹਨ। ਬਟਾਲਾ ਹਲਕੇ ਦੇ ਪਿੰਡ ਮਨਹੋਰਪੁਰ ਵਿਖੇ 'ਨਸ਼ਾ ਮੁਕਤੀ ਯਾਤਰਾ' ਤਹਿਤ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮਾਨਿਕ ਮਹਿਤਾ, ਚੇਅਰਮੈਨ ਮਾਰਕੀਟ ਕਮੇਟੀ ਬਟਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਐੱਸ.ਐੱਚ.ਓ. ਹਰਜਿੰਦਰ ਸਿੰਘ, ਮਾਸਟਰ ਤਿਲਕ ਰਾਜ, ਵਾਈਸ ਕੋਆਰਡੀਨੇਟਰ ਮਨਜੀਤ ਸਿੰਘ ਬਮਰਾਹ, ਭੁਪਿੰਦਰ ਸਿੰਘ, ਵੀਨੂੰ ਕਾਹਲੋਂ, ਅਮਿਤ ਸੋਢੀ, ਸੰਧੂ ਭੱਟੀ ਤੇ ਪਿੰਡ ਵਾਸੀ ਮੌਜੂਦ ਸਨ। ਇਸ ਮੌਕੇ ਸਮੂਹ ਹਾਜ਼ਰੀਨ ਨੂੰ ਨਸ਼ਿਆਂ ਨੂੰ ਖਤਮ ਕਰਨ ਦੀ ਸਹੁੰ ਵੀ ਚੁਕਾਈ ਗਈ।



ਇਸ ਮੌਕੇ ਬੋਲਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਜਿਥੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ, ਉਸਦੇ ਨਾਲ-ਨਾਲ ਨਸ਼ਾ ਪੀੜਤਾਂ ਦਾ ਮੁਫਤ ਇਲਾਜ ਕਰਵਾਉਣ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮੂਹਿਕ ਸਹਿਯੋਗ ਨਾਲ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ੇ ਵੇਚਣ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਤੇ ਇਸੇ ਦਾ ਹੀ ਨਤੀਜਾ ਹੈ ਕਿ ਹੁਣ ਸਪਲਾਈ ਲਾਈਨ ਟੁੱਟ ਚੁੱਕੀ ਹੈ, ਜਿਸ ਕਾਰਨ ਨਸ਼ੇ ਤੋਂ ਪੀੜਤ ਲੋਕ ਇਲਾਜ ਲਈ ਅੱਗੇ ਆ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਨਸ਼ੇ ਤੋਂ ਪੀੜਤ ਲੋਕਾਂ ਦਾ ਸਰਕਾਰ ਵੱਲੋਂ ਮੁਫਤ ਇਲਾਜ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਇਸ ਮੁਹਿੰਮ ਵਿੱਚ ਜੁੜਨ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਨਸ਼ੇ ਵੇਚਦਾ ਹੈ ਤਾਂ ਉਸ ਦੀ ਸੂਚਨਾ ਪੁਲਿਸ ਨੂੰ ਦਿਓ ਤੇ ਜੇਕਰ ਕੋਈ ਨਸ਼ੇ ਕਰਦਾ ਹੈ ਤਾਂ ਉਸ ਨੂੰ ਇਲਾਜ ਲਈ ਹਸਪਤਾਲ ਭੇਜਿਆ।

# ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
**In the Court of Sh. Puneet Mohinia Civil Judge Jr. Division-1, Nangal**
CNR No.- PBRO80-000283-2023
Next Date: 01.08.2025
CIS No. EXE/23/2023
Syndicate Bank Now Canara Bank
Versus
Suresh Kumar & other
Notice to: 2. Rajiv Kumar S/o Kirpal Singh R/o H.NO. 17-G, Nangal Township, Tehsil Nangal Distt. Rupnagar 2nd Address:- Firoj Gandhi Market, Nagar Sudhar Trust, Mining Office near Kachorian Bhai Wala, Chwonk Ludhiana.
Application for execution of Decree U/o 21 Rule 11 CPC of Judgement and decree dated 26-04-2022 passed by Ld. Civil Judge Jr.Divn. Nangal.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.08.2025** at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 15-07-2025
**Sd/- Civil Judge Jr. Division-1, Nangal**

(U/o 5 Rule 20 CPC)
**In the Court of Ms. Riffi Bhatti Civil Judge (Junior Division), Jagraon**
CNR No.PBLDB0-001172-2018
Next Date: 05.08.2025
Gurmeet Kaur
Versus
Surjit Kaur
Notice to: 1. (A) Harjinder Singh S/o Surjit Kaur W/O Jagdev Singh 1(B) Manjinder Singh S/O Surjit Kaur W/o Jagdev Singh Both R/O Village Dod, Tehsil Jaito, Distt Faridkot
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **05.08.2025** at 10:00 A.M.
For details logon to https://highcourtchd.gov.in/?mod=district_notice&district=Ludhianacourt
Dated, this day of 16-07-2025
**Sd/- Civil Judge (Junior Division), Jagraon**

**District Consumer Disputes Redressal Commission, Moga Room No. B-209 to B-214, Beas Block, IInd Floor, District Administrative Complex, Moga-142001(Punjab)**
**U/s 5 Rule 20 CPC**
NO.DCC/MGA/2025-947
Dated: 07/07/2025
Consumer Case NO. 144/2024
Goyal Hospital
..........Petitioner/Complaint/Appellant
Versus
Max Bupa Health Ins. Co.Ltd
....Opposite Party/Respondent(s)
Notice to: 3. Anju Garg W/o Krishan Gopal, resident of H.No. 1401/11, Street NO. 9, New Town, Moga.
Whereas it has been proved to the satisfaction of this District Consumer Disputes Redressal Commission, Moga that the opposite party is not likely to be served in the ordinary way of process as the same is evading service. Therefore, vide this notice the opposite party is directed to appear in this District Commission on 24.07.2025 at 10.30 A.M. personally or through any duly authorised agent, failing which further proceedings, will be initiated under the law.
Given under my hand and the Seal of the District Commission Today the 7th July, 2025.
**Sd/- President District Consumer Disputes Redressal Commission, Moga**

**Criminal Courts, Ludhiana**
**In the Court of Ms. Rinky Agnihotri Judicial Magistrate - Ist Class Ludhiana**
CNR No.PBLD03-074764-2023
Peshi: 02.08.2025
**Publication Notice for Proclamation Under Section 82 CR.PC**
M/s Switch Immigration
Versus
Ajay Gupta
Petition U/s 138 of Negotiable Instruments Act, 1881 Amended Upto Date
Notice to: Ajay Kumar R/o Shekhpur, Kapurthala 144620
Whereas it has been proved to the satisfaction of the Court that the accused above named cannot be served in the ordinary way of service. Hence, this proclamation under section 82 CRPC is hereby 02-08-2025 at 10:00 A.M.
Take notice that, in default of his/their appearance on the day before mentioned, the above said case will be heard and determined in his/their absence.
Given under my bamekand the seal of the Court, this
For details logon to https://highcourtchd.gov.in/?trs=district_notice&district=ludhiana
**Sd/- Judicial Magistrate - Ist Class Ludhiana**

(U/o 5 Rule 20 CPC)
**In the Court of Ms. Yogita Civil Judge (Junior Division), Dera Bassi**
CNR No.PBSAB0-000860-2021
Next Date: 21.08.2025
CIS No. CS/628/2021
Avtar Singh
Versus
Baljeet Kaur and others
Suit for Separate Possession And Permanent Injunction
Notice to: 2 Baljit Singh S/O Narpal Singh 3 Sunita Devi D/O Onkar Singh S/O Narpal Singh 4 Ram Singh S/O Onkar Singh S/O Narpal Singh 5 Jagiro 6 Kodi D/O Gopala S/O Asha Ram 7 Barsi 8 Ram Bachan S/O Asha Ram 9 Gobinda S/O Asha Ram 10 Puran S/O Asha Ram 11 Jeeto S/O Inder Singh 12 Amrit Verma S/O Dina Nath 13 Diyal Chand S/O Kundan Ram 16 Bhomi Ram S/O Narayan Ram 17 Sonu Ram S/O Kundan Ram, All Residents Of Village Mubarikpur Tehsil Dera Bassi Distt. Sas Nagar Mohali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **08.08.2025** at 10:00 A.M.
For details logon to https://highcourtchd.gov.in/?trs=district_notice&district=mogacourt
Dated, this day of 16-07-2025
**Sd/- Civil Judge (Junior Division), Dera Bassi**

(U/o 5 Rule 20 CPC)
**In the Court of Ms. Navreet Kaur Addl. Civil Judge (Senior Division), Dera Bassi**
CNR No.PBSAB0-001121-2025
Next Date: 22.08.2025
GW/19/2025
Bhawna Sethi W/o Gagandeep Taneja & D/o Kulbhushan Sethi, mother and natural guardian of Drishti D/o Gagandeep Taneja, both R/o Hl-1/116, Sheikhan Mohalla, Ward no. 1, Roop Nagar
Versus
General Public & Anr.
Petition U/s 8 of the Hindu Minority and Guardianship Act, 1956
Notice to: 1. General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **22.08.2025** at 10:00 A.M.
For details logon to https://highcourtchd.gov.in/?trs=district_notice&district=mogacourt
Dated, this day of 17-07-2025
**Sd/- Addl. Civil Judge (Senior Division), Dera Bassi**

(U/o 5 Rule 20 CPC)
**In the Court of Ms. Nandita Civil Judge (Junior Division), Dera Bassi**
CNR No.PBSAB0-000668-2024
Next Date: 14.08.2025
CS/445/2024
Gurdevi
Versus
Parmod Kumar and Ors.
Suit for Declaration
Notice to: 1. Parmod Kumar S/O Mam Raj R/o Village Harda, P.O. Bihta, Distt Ambala, Haryana. 2. Neelam Manchanda W/o Vinod Manchanda R/o H. no. 356, FF, Sector 21, Panchkula, Haryana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.08.2025** at 10:00 A.M.
For details logon to https://highcourtchd.gov.in/?trs=district_notice&district=SAS Nagar
Dated, this day of 17-07-2025
**Sd/- Civil Judge (Junior Division), Dera Bassi**

(U/o 5 Rule 20 CPC)
**In the Court of Ms. Gulfam Civil Judge (Junior Division), Jagraon**
CNR No.PBLDB0-000966-2024
Next Date: 30.07.2025
CS 695 2024
Harpreet Kaur
Versus
Rajwinder Singh
Suit for Possession And Permanent Injunction
Notice to: 5. Gurjiwan Kaur D/O Balwinder Singh S/O Amrik Singh, 6. Jasvir Kaur D/O Jarnail Singh S/O Karma Singh, 7. Shinderpal Kaur D/O Jagnail Singh S/O Karma Singh, 8. Hoshiar Kaur D/O Jarnail Singh S/O Karma Singh, All R/O Village Hissowal, Tehsil Raikot, Distt. Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.07.2025** at 10:00 A.M.
For details logon to https://highcourtchd.gov.in/?trs=district_notice&district=Ludhiana
Dated, this day of 09-06-2025
**Sd/- Civil Judge (Junior Division), Jagraon**

(U/o 5 Rule 20 CPC)
**In the Court of Ms. Priyanka Sharma Judicial Magistrate Ist Class, Amritsar**
Next Date: 13.08.2025
Dimple
Versus
Gurwail Singh
Notice to: 1) Gurmail Singh S/O Amrik Singh 2) Harjit Kaur W/O Amrik Singh Both R/O House NO. B-417 Dana Mandi Bath Road, Tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **13.08.2025** at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 15-07-2025
**Sd/- Judicial Magistrate Ist Class, Amritsar**

(U/o 5 Rule 20 CPC)
**In the Court of Sh. Ravinder Rai Civil Judge (Junior Division), Amritsar**
CNR No.PBAS02-000112-2025
Next Date: 04.08.2025
Ashok Kumar Seghal Son of Sh. Ram Lal, Resident of 10/260, Shiv Nagar Colony, Islamabad, Amritsar
.........Plaintiff
Versus
General Public
Dec
......Defendants
Notice to: General Public
In above titled case the defendant(s)/respondent(s) could not be served. It is ordered that defendant should appear in person or through counsel on **04.08.2025** at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 15-07-2025
**Sd/- Judicial Magistrate Ist Class, Amritsar**

(U/o 5 Rule 20 CPC)
**In the Court of Sh. Ajay Pal Singh Additional Civil Judge (Senior Division), Hoshiarpur**
CNR No.PBHO02-001796-2024
Next Date: 14.08.2025
Anmol Saini S/O Rajdeep Singh R/O House No 38, Street No 3, Shankar Nagar, Fatehgarh Road, Hoshiarpur Through His Attorney Arvinder Kaur Wife Of Rajdeep Singh Resident Of House No 38, Street No 3, Shankar Nagar, Fatehgarh Road, Hoshiarpur
Versus
1. Coastine Immigrant Consultant Pvt Ltd; Deepak Building, First Floor, Backside Gopal Sweets, Leela Bhawan, Patiala Now Doing Business Under Name Of Vcc Institute, Shop No 110, Near Dominos, New Leela Bhawan, Patiala Through Its Director/ Authorized Signatory Gurpreet Singh. 2. Gurpreet Singh S/O Dangal Singh, R/O House No 65, Officer Colony, Civil Line, Patiala Also Director/ Authorized Signatory, Coastline Immigrant Consultants Pvt Ltd; Deepak Building, First Floor, Backside Gopal Sweets, Leela Bhawan Patiala Now Doing Business Under Name Of Vcc Institute, Shop No 110, Near Dominos, New Leela Bhawan, Patiala.
Notice to: 1. Coastine Immigrant Consultant Pvt Ltd; Deepak Building, First Floor, Backside Gopal Sweets, Leela Bhawan, Patiala Now Doing Business Under Name Of Vcc Institute, Shop No 110, Near Dominos, New Leela Bhawan, Patiala Through Its Director/ Autorized Signatory Gurpreet Singh. 2. Gurpreet Singh S/O Dangal Singh, R/O House No 65, Officer Colony, Civil Line, Patiala Also Director/ Authorized Signatory, Coastline Immigrant Consultants Pvt Ltd; Deepak Building, First Floor, Backside Gopal Sweets, Leela Bhawan Patiala Now Doing Business Under Name Of Vcc Institute, Shop No 110, Near Dominos, New Leela Bhawan, Patiala.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.08.2025** at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 14-07-2025
**Sd/- Additional Civil Judge (Senior Division), Hoshiarpur**

(U/o 5 Rule 20 CPC)
(Succession Case)
**In the Court of Sh. Rahul Garg Civil Judge Senior Division, Chandigarh**
CNR No.CHCH02-003262-2024
Next Date: 21.08.2025
Krishan Kant Mehta
Versus
General Public
Petition U/s 372 of Indian Succession Act
Notice to: 1. General Public:- Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.08.2025** at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 14-07-2025
**Sd/- Civil Judge Senior Division, Chandigarh**

(U/o 5 Rule 20 CPC)
**In the Court of Sh. Harbans Singh Lekhi Principal Judge of Family Court, Hoshiarpur, Camp Court at Mukerian**
CNR No.PBHOF4-000059-2023
Next Date: 14.08.2025
Case NO. CM/2/2023
Order Dated:- 15.05.2025
Vijay Kumar aged 45 years son of Darshan Lal, resident of Village Nangal Bihalan, PS Hajipur, Tehsil Mukerian, District Hoshiarpur
..........Applicant
Versus
Renu Bala wife of Vijay Kumar and D/O Surinder Bajaj resident of Kapurthala Nehar Puli, Raj Nagar, Masti Market, near Kali Mata Mandir.
....Respondent
Application Of Restoration of Petition under section 13 of Hindu Marriage Act
Notice to: Renu Bala Spouse:-Vijay Kumar D/o Surinder Bajaj R/o Kapurthala Nehar Puli, Raj Nagar, Masti Market, Near Kali Mata Mandir, Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.08.2025** at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 16-07-2025
**Sd/- Principal Judge of Family Court, Hoshiarpur, Camp Court at Mukerian**

## ਨਾਮ ਸਬੰਧੀ ਸੂਚਨਾ

ਮੈਂ ਪਰਵੀਨ ਕੁਮਾਰੀ ਪਤਨੀ ਲੇਟ ਤੇਜਪਾਲ ਵਾਸੀ ਮਕਾਨ ਨੰ. 342, ਗਲੀ ਨੰ. 5, ਵਾਰਡ ਨੰ. 20 ਨਿਊ ਬਿਸ਼ਨ ਨਗਰ ਪਟਿਆਲਾ ਦੀ ਪੱਕੀ ਵਸਨੀਕ ਹਾਂ। ਇਹ ਕਿ ਮੇਰੀ ਪੁੱਤਰੀ ਜਿਸ ਦਾ ਆਧਾਰ ਕਾਰਡ ਵਿਚ ਨਾ ਸੋਨੀ ਹੈ ਪਰ ਬਾਅਦ ਵਿੱਚ ਮੈਂ ਆਪਣੀ ਪੁੱਤਰੀ ਦਾ ਆਧਾਰ ਅਪਡੇਟ ਕਰਵਾਇਆ ਸੀ ਜਿਸ ਵਿੱਚ ਗ਼ਲਤੀ ਨਾਲ ਉਸ ਦਾ ਨਾਂ ਬਿਮਲੇਸ ਹੋ ਗਿਆ ਸੀ। ਇਹ ਕਿ ਉਸ ਦੇ ਸਕੂਲ ਦੇ ਸਾਰੇ ਸਰਟੀਫਿਕੇਟ ਵਿੱਚ ਵੀ ਉਸ ਦਾ ਨਾਂ ਸੋਨੀ ਹੈ, ਜਿਸ ਵਿੱਚ ਜਨਮ ਦੀ ਮਿਤੀ 07.11.2009 ਹੀ ਹੈ। ਇਹ ਕਿ ਮੇਰੀ ਪੁੱਤਰੀ ਦਾ ਆਧਾਰ ਕਾਰਡ ਵਿੱਚ ਨਾਂ ਸੋਨੀ ਸਹੀ ਵਾ ਦਰੁਸਤ ਹੈ। ਇਹ ਕਿ ਮੈਂ ਆਪਣੀ ਪੁੱਤਰੀ ਜਿਸ ਦਾ ਨਾਂ ਬਿਮਲੇਸ ਹੋ ਗਿਆ ਸੀ ਮੈਂ ਉਸ ਦੇ ਨਾਂ ਦੀ ਕਦੇ ਵਰਤੋਂ ਨਹੀਂ ਕਰਾਂਗੀ।

## ਨਾਮ ਦੀ ਬਦਲੀ

ਮੈਂ, ਮੱਖਣ ਪੁੱਤਰ ਪ੍ਰਕਾਸ਼ ਰਾਮ ਵਾਸੀ ਪਿੰਡ ਸਨਾਵਾਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੇ ਆਪਣਾ ਨਾਮ ਬਦਲ ਕੇ ਮੱਖਣ ਰਾਮ ਰੱਖ ਲਿਆ ਹੈ। ਸਬੰਧਤ ਨੋਟ ਕਰਨ।

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਦਾ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

# ਆਮ ਆਦਮੀ ਪਾਰਟੀ ਅਬੋਹਰ ਦੀ ਲੀਡਰਸ਼ਿਪ ਵੱਲੋਂ ਨਵ-ਨਿਯੁਕਤ ਅਹੁਦੇਦਾਰਾਂ ਦਾ ਸਨਮਾਨ

ਫਾਜ਼ਿਲਕਾ, 18 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਆਮ ਆਦਮੀ ਪਾਰਟੀ ਅਬੋਹਰ ਦੀ ਲੀਡਰਸ਼ਿਪ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਵਿਚ ਨਵ-ਨਿਯੁਕਤ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪਾਰਟੀ ਦੀ ਮਹਿਲਾ ਵਿੰਗ ਦੀ ਜ਼ਿਲ੍ਹਾ ਫਾਜ਼ਿਲਕਾ ਪ੍ਰਧਾਨ ਵਜੋਂ ਪੂਜਾ ਲੂਥਰਾ ਸਚਦੇਵਾ, ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਰਾਜਿੰਦਰ ਕੰਬੋਜ ਅਤੇ ਨਸ਼ਾ ਮੁਕਤੀ ਵਿੰਗ ਦੇ ਜ਼ਿਲ੍ਹਾ ਉਪ ਪ੍ਰਧਾਨ ਵਜੋਂ ਬੀਰਬਲ ਕੰਬੋਜ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਹਲਕਾ ਇੰਚਾਰਜ ਅਰੁਣ ਨਾਰੰਗ, ਮਾਰਕਿਟ ਕਮੇਟੀ ਅਬੋਹਰ ਦੇ ਚੇਅਰਮੈਨ, ਸੀਨੀਅਰ ਆਪ ਆਗੂ ਐਡਵੋਕੇਟ ਹਰਪ੍ਰੀਤ ਸਿੰਘ ਅਤੇ ਅਬੋਹਰ ਦੀ ਸਮੁੱਚੀ ਲੀਡਰਸ਼ਿਪ ਨੇ ਹਿੱਸਾ ਲਿਆ। ਇਸ ਸਮਾਰੋਹ ਦਾ ਮੁੱਖ ਉਦੇਸ਼ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨਾ ਅਤੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਪ੍ਰੇਰਿਤ ਕਰਨਾ ਸੀ। ਸਮਾਰੋਹ ਵਿੱਚ ਪੂਜਾ ਲੂਥਰਾ ਸਚਦੇਵਾ ਨੂੰ ਦੂਜੀ ਵਾਰ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪਾਰਟੀ ਆਗੂਆਂ ਨੇ ਉਨ੍ਹਾਂ ਦੀਆਂ ਪਿਛਲੀਆਂ ਸੇਵਾਵਾਂ ਅਤੇ ਸਮਾਜਿਕ ਮੁੱਦਿਆਂ ਪ੍ਰਤੀ ਸਮਰਪਣ ਦੀ ਸ਼ਲਾਘਾ ਕੀਤੀ। ਹਲਕਾ ਇੰਚਾਰਜ ਅਰੁਣ ਨਾਰੰਗ ਨੇ ਪੂਜਾ ਲੂਥਰਾ ਦੀ ਦੂਜੀ ਵਾਰ ਪ੍ਰਧਾਨ ਬਣਨ ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਪਹਿਲੇ ਕਾਰਜਕਾਲ ਦੌਰਾਨ ਮਹਿਲਾ ਵਿੰਗ ਵਿਚ ਸ਼ਾਨਦਾਰ ਕੰਮ ਕੀਤਾ ਹੈ। ਉਨ੍ਹਾਂ ਕਿਹਾ, "ਪੂਜਾ ਲੂਥਰਾ ਸਚਦੇਵਾ ਨੇ ਪਹਿਲਾਂ ਵੀ ਮਹਿਲਾ ਵਿੰਗ ਦੀ ਅਗਵਾਈ ਕਰਦਿਆਂ ਪਾਰਟੀ ਦੀਆ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਅਤੇ ਮਹਿਲਾ ਵਿੰਗ ਨੂੰ ਹੋਰ ਮਜ਼ਬੂਤ ਕੀਤਾ ਹੈ।

## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

**ਮਾਮਲਾ ਨੰ.: ਓਏ/5640/2017**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਈਐਕਸਐਚ ਨੰ.24473**

**ਬੈਂਕ ਆਫ ਬੜੌਦਾ**
**ਬਨਾਮ**
**ਕਿਰਨ ਦੁੱਗਲ ਅਤੇ ਹੋਰ.**

ਵੱਲ,
(1) **ਕਿਰਨ ਦੁੱਗਲ** ਪਤਨੀ ਹਰਦਿਆਲ ਦੁੱਗਲ, ਵਾਸੀ ਮਕਾਨ ਨੰ.1, ਅਰੋੜਾ ਕਲੋਨੀ, ਫਗਵਾੜਾ, ਜ਼ਿਲ੍ਹਾ ਕਪੂਰਥਲਾ।
(2) **ਹਰਦਿਆਲ ਦੁੱਗਲ** ਪੁੱਤਰ ਬਨਾਰਸੀ ਦਾਸ, ਵਾਸੀ ਮਕਾਨ ਨੰ.1, ਅਰੋੜਾ ਕਲੋਨੀ, ਫਗਵਾੜਾ, ਜ਼ਿਲ੍ਹਾ ਕਪੂਰਥਲਾ।
(3) **ਵਰਿੰਦਰ ਦੁੱਗਲ** ਪੁੱਤਰ ਹਰਦਿਆਲ ਦੁੱਗਲ, ਵਾਸੀ ਮਕਾਨ ਨੰ.1, ਅਰੋੜਾ ਕਲੋਨੀ, ਫਗਵਾੜਾ, ਜ਼ਿਲ੍ਹਾ ਕਪੂਰਥਲਾ।

**ਸੰਮਨ**

**ਜਿਥੇ ਕਿ, ਓ. ਏ./5640/2017, 12.03.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 51,94,236/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ. ਏ.**) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 02.08.2025 **ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 15.03.2025 ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**

## ਸੈਂਟਰਲ ਬੈਂਕ ਆਫ ਇੰਡੀਆ

ਸੈਂਟਰਲ ਬੈਂਕ ਆਫ ਇੰਡੀਆ Central Bank of India "SERVING TO YOU SINCE 1911"
ਖੇਤਰੀ ਦਫਤਰ ਕੇ.ਪੀ., ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ ਫਿਰੋਜ਼ਪੁਰ ਰੋਡ, ਲੁਧਿਆਣਾ-141001

**(ਬਿਨਾ ਪੱਖਪਾਤ ਤੋਂ) ਅੰਤਿਕਾ 4 [ਦੇਖੋ ਨਿਯਮ 8 (1)] ਕਬਜ਼ਾ ਸੂਚਨਾ ਸੰਕੇਤਕ ਕਬਜ਼ਾ (ਅਚੱਲ ਸੰਪੱਤੀ/ਆਂ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਸੈਂਟਰਲ ਬੈਂਕ ਆਫ ਇੰਡੀਆ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਐਕਟ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਉਪਰੰਤ ਦਰਸਾਈ ਅਤੇ ਖਾਤੇ ਅਧੀਨ ਦਰਸਾਈ ਮਿਤੀ ਨੂੰ ਬੈਂਕ ਵੱਲੋਂ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ। ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ ਸੈਂਟਰਲ ਬੈਂਕ ਆਫ ਇੰਡੀਆ ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ, ਕਰਜ਼ਦਾਰ/ਜ਼ਾਮਨ ਦਾ ਨਾਮ | ਅਚੱਲ ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਬੀ/ਓ : ਇੰਡਸਟ੍ਰੀਅਲ ਏਰੀਆ-ਬੀ, ਲੁਧਿਆਣਾ<br>**ਕਰਜ਼ਦਾਰ : 1. ਸ੍ਰੀ ਹਰਪਵਨ ਪਾਲ ਸਿੰਘ 2. ਸ੍ਰੀਮਤੀ ਨਮਰਿਤਾ ਕੌਰ** | **ਜਾਇਦਾਦ**: 1. ਸ਼੍ਰੀਮਤੀ ਨਮਰਿਤਾ ਕੌਰ ਦੇ ਨਾਮ 'ਤੇ ਖਸਰਾ ਨੰਬਰ 4//21, 12//6, 15, 16, 17, 18/1, 23/2, 24, 25, 27, 28, 29, 30, 13//9/2/1, 10/2/2, ਖਾਤਾ ਨੰਬਰ 36/38, ਸਫਾ ਨੰਬਰ 97 ਜਮ੍ਹਾਂਬੰਦੀ ਸਾਲ 2009-10, ਵਾਕੀਆ ਪਿੰਡ ਭੌਰਾ, ਹਦਬਸਤ ਨੰਬਰ 88, (ਮਕਾਨ ਨੰਬਰ 58-ਸੀ, ਸਿਲਵਰ ਕੁੰਜ, ਗ੍ਰੀਨ ਲੈਂਡ ਸਕੂਲ ਦੇ ਨੇੜੇ, ਜਲੰਧਰ ਬਾਈਪਾਸ, ਲੁਧਿਆਣਾ, 225 ਵਰਗ ਗਜ਼ ਮਾਪ) ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ - ਸੜਕ 45 ਫੁੱਟ, ਪਲਾਟ ਹੋਰ, ਉੱਤਰ - ਪਲਾਟ 58-ਸੀ ਦਾ ਹਿੱਸਾ, ਦੱਖਣ - ਪਲਾਟ ਨੰਬਰ 60।<br>**ਜਾਇਦਾਦ**: 2. ਸ਼੍ਰੀਮਤੀ ਨਮਰਿਤਾ ਕੌਰ ਦੇ ਨਾਮ 'ਤੇ ਖਸਰਾ ਨੰਬਰ 7//13/2 ਦਾ ਹਿੱਸਾ, ਖਾਤਾ ਨੰਬਰ 401/424, ਜਮ੍ਹਾਂਬੰਦੀ 2013-2014, ਹੱਦਬਸਤ ਨੰਬਰ 89, 149 ਵਰਗ ਗਜ਼ ਮਾਪ ਸੁਖਦੇਵ ਨਗਰ (ਹਜ਼ੂਰੀ ਬਾਗ ਕਲੋਨੀ) ਪਿੰਡ ਭੱਟੀਆਂ, ਲੁਧਿਆਣਾ ਵਿਖੇ ਸਿਥਤ। ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ - ਰਜਨੀ ਵਰਮਾ, ਪੱਛਮ - ਗੁਆਂਢ, ਉੱਤਰ - ਗਲੀ, ਦੱਖਣ-ਜ਼ਮੀਨ।<br>**ਜਾਇਦਾਦ**: 3. ਸ਼੍ਰੀ ਹਰਪਵਨ ਪਾਲ ਸਿੰਘ ਦੇ ਨਾਮ 'ਤੇ ਖਸਰਾ ਨੰਬਰ 7//13/2 ਦਾ ਹਿੱਸਾ, ਖਾਤਾ ਨੰਬਰ 377/399, ਪੰਨਾ ਨੰਬਰ 336, ਜਮ੍ਹਾਂਬੰਦੀ ਸਾਲ 2008-2009, ਹੱਦਬਸਤ ਨੰਬਰ 89, 200 ਵਰਗ ਗਜ਼ ਮਾਪ ਸੁਖਦੇਵ ਨਗਰ (ਹਜ਼ੂਰੀ ਬਾਗ ਕਲੋਨੀ) ਪਿੰਡ ਭੱਟੀਆਂ, ਲੁਧਿਆਣਾ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ - ਗੁਆਂਢੀ, ਪੱਛਮ - ਗੁਆਂਢੀ, ਉੱਤਰ - ਗੁਆਂਢੀ, ਦੱਖਣ - ਗਲੀ। | 12.05.2025 | 17.07.2025 | Rs. 41,93,446.48<br>(ਰੁ. ਇਕਤਾਲੀ ਲੱਖ ਤਰਾਨਵੇਂ ਹਜ਼ਾਰ ਚਾਰ ਸੌ ਛਿਆਲੀ ਅਤੇ ਅੜਤਾਲੀ ਪੈਸੇ ਕੇਵਲ) ਜਮ੍ਹਾਂ 12.05.2025 ਤੋਂ ਪ੍ਰਭਾਵੀ ਅਗਲੇਰਾ ਵਿਆਜ ਅਤੇ ਹੋਰ ਫੀਸਾਂ |
| ਬੀ/ਓ : ਇੰਡਸਟ੍ਰੀਅਲ ਏਰੀਆ-ਬੀ, ਲੁਧਿਆਣਾ<br>**ਕਰਜ਼ਦਾਰ : ਮੈਸ. ਐਡੋਨਿਸ ਪ੍ਰੋਸੈਸਰਸ (ਰਾਹੀਂ ਇਸ ਦੇ ਪ੍ਰੋਪ. ਨਮਰਿਤਾ ਕੌਰ) ਜ਼ਾਮਨ : ਸ੍ਰੀ ਹਰਪਵਨ ਪਾਲ ਸਿੰਘ** | **ਜਾਇਦਾਦ**: 1. ਸ਼੍ਰੀਮਤੀ ਨਮਰਿਤਾ ਕੌਰ ਦੇ ਨਾਮ 'ਤੇ ਖਸਰਾ ਨੰਬਰ 4//21, 12//6, 15, 16, 17, 18/1, 23/2, 24, 25, 27, 28, 29, 30, 13//9/2/1, 10/2/2, ਖਾਤਾ ਨੰਬਰ 36/38, ਸਫਾ ਨੰਬਰ 97 ਜਮ੍ਹਾਂਬੰਦੀ ਸਾਲ 2009-10, ਵਾਕੀਆ ਪਿੰਡ ਭੌਰਾ, ਹਦਬਸਤ ਨੰਬਰ 88, (ਮਕਾਨ ਨੰਬਰ 58-ਸੀ, ਸਿਲਵਰ ਕੁੰਜ, ਗ੍ਰੀਨ ਲੈਂਡ ਸਕੂਲ ਦੇ ਨੇੜੇ, ਜਲੰਧਰ ਬਾਈਪਾਸ, ਲੁਧਿਆਣਾ, 225 ਵਰਗ ਗਜ਼ ਮਾਪ) ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ - ਸੜਕ 45 ਫੁੱਟ, ਪਲਾਟ ਹੋਰ, ਉੱਤਰ - ਪਲਾਟ 58-ਸੀ ਦਾ ਹਿੱਸਾ, ਦੱਖਣ - ਪਲਾਟ ਨੰਬਰ 60।<br>**ਜਾਇਦਾਦ**: 2. ਸ਼੍ਰੀਮਤੀ ਨਮਰਿਤਾ ਕੌਰ ਦੇ ਨਾਮ 'ਤੇ ਖਸਰਾ ਨੰਬਰ 7//13/2 ਦਾ ਹਿੱਸਾ, ਖਾਤਾ ਨੰਬਰ 401/424, ਜਮ੍ਹਾਂਬੰਦੀ 2013-2014, ਹੱਦਬਸਤ ਨੰਬਰ 89, 149 ਵਰਗ ਗਜ਼ ਮਾਪ ਸੁਖਦੇਵ ਨਗਰ (ਹਜ਼ੂਰੀ ਬਾਗ ਕਲੋਨੀ) ਪਿੰਡ ਭੱਟੀਆਂ, ਲੁਧਿਆਣਾ ਵਿਖੇ ਸਿਥਤ। ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ - ਰਜਨੀ ਵਰਮਾ, ਪੱਛਮ - ਗੁਆਂਢ, ਉੱਤਰ - ਗਲੀ, ਦੱਖਣ-ਜ਼ਮੀਨ।<br>**ਜਾਇਦਾਦ**: 3. ਸ਼੍ਰੀ ਹਰਪਵਨ ਪਾਲ ਸਿੰਘ ਦੇ ਨਾਮ 'ਤੇ ਖਸਰਾ ਨੰਬਰ 7//13/2 ਦਾ ਹਿੱਸਾ, ਖਾਤਾ ਨੰਬਰ 377/399, ਪੰਨਾ ਨੰਬਰ 336, ਜਮ੍ਹਾਂਬੰਦੀ ਸਾਲ 2008-2009, ਹੱਦਬਸਤ ਨੰਬਰ 89, 200 ਵਰਗ ਗਜ਼ ਮਾਪ ਸੁਖਦੇਵ ਨਗਰ (ਹਜ਼ੂਰੀ ਬਾਗ ਕਲੋਨੀ) ਪਿੰਡ ਭੱਟੀਆਂ, ਲੁਧਿਆਣਾ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ - ਗੁਆਂਢੀ, ਪੱਛਮ - ਗੁਆਂਢੀ, ਉੱਤਰ - ਗੁਆਂਢੀ, ਦੱਖਣ - ਗਲੀ। | 12.05.2025 | 17.07.2025 | Rs. 77,77,013.62<br>(ਰੁ. ਸਤੱਤਰ ਲੱਖ ਸਤੱਤਰ ਹਜ਼ਾਰ ਤੇਰਾਂ ਅਤੇ ਬਾਹਠ ਪੈਸੇ ਕੇਵਲ) ਜਮ੍ਹਾਂ 12.05.2025 ਤੋਂ ਪ੍ਰਭਾਵੀ ਅਗਲੇਰਾ ਵਿਆਜ ਅਤੇ ਹੋਰ ਫੀਸਾਂ |
| ਬੀ/ਓ : ਮਾਲ ਰੋਡ ਪਟਿਆਲਾ<br>**ਕਰਜ਼ਦਾਰ : 1. ਸ੍ਰੀ ਕ੍ਰਿਸ਼ਨ ਗੋਪਾਲ ਪੁੱਤਰ ਸਵ. ਸ੍ਰੀ ਧਰਮ ਚੰਦ, 2. ਸ੍ਰੀ ਨੀਰਜ ਕੁਮਾਰ ਪੁੱਤਰ ਸ੍ਰੀ ਕ੍ਰਿਸ਼ਨ ਗੋਪਾਲ** | ਮਿਤੀ 04.04.2006 ਨੂੰ ਰਜਿਸਟਰਡ ਵਿਕਰੀ ਡੀਡ ਦੇ ਅਨੁਸਾਰ ਨੰਬਰ 68 ਸ਼੍ਰੀ ਕ੍ਰਿਸ਼ਨ ਗੋਪਾਲ ਪੁੱਤਰ ਸਵਰਗੀ ਸ਼੍ਰੀ ਧਰਮ ਚੰਦ ਦੇ ਨਾਮ 'ਤੇ ਜਾਇਦਾਦ ਦਾ ਮਾਪ 58 ਵਰਗ ਗਜ਼ ਯਾਨੀ ਕਿ # 542-ਏ ਵਿੱਚੋਂ 54 ਵਰਗ ਗਜ਼ ਅਤੇ # ਬੀ-28/1512-13 ਵਿੱਚੋਂ 04 ਵਰਗ ਗਜ਼, ਮਕਾਨ ਨੰ. 542-ਏ ਅਤੇ ਬੀ-28-1512-13, ਘਾਹ ਮੰਡੀ, ਗਊਸ਼ਾਲਾ ਰੋਡ, ਸ਼ੇਰੇ ਪੰਜਾਬ ਮਾਰਕੀਟ ਦੇ ਨੇੜੇ, ਪਟਿਆਲਾ ਵਿਖੇ ਸਥਿਤ ਹੈ। ਜਾਇਦਾਦ ਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ: ਗਲੀ, ਪੱਛਮ: ਸੜਕ, ਉੱਤਰ: ਗਲੀ, ਦੱਖਣ: ਸ਼੍ਰੀ ਮਦਨ ਮੋਹਨ | 01.02.2025 | 16.07.2025 | Rs. 7,51,172/-<br>(ਰੁ. ਸੱਤ ਲੱਖ ਇਕਵੰਜਾ ਹਜ਼ਾਰ ਇਕ ਸੌ ਬਹੱਤਰ ਕੇਵਲ) 31.01.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ 12.75% ਸਲਾਨਾ ਦੀ ਦਰ 'ਤੇ ਵਿਆਜ ਅਤੇ ਖਰਚਿਆਂ ਸਮੇਤ। |
| ਬੀ/ਓ : ਮਾਲ ਰੋਡ ਪਟਿਆਲਾ<br>**ਕਰਜ਼ਦਾਰ: 1. ਸ਼੍ਰੀ ਸੁਨੀਲ ਨਰੂਲਾ ਪੁੱਤਰ ਸ਼੍ਰੀ ਰਣਬੀਰ ਚੰਦ ਨਰੂਲਾ, 2. ਸ਼੍ਰੀਮਤੀ ਪਰਮਜੀਤ ਨਰੂਲਾ ਪਤਨੀ ਸ਼੍ਰੀ ਸੁਨੀਲ ਨਰੂਲਾ, ਜ਼ਾਮਨ: ਸ਼੍ਰੀ ਵਿਨੇ ਕੁਮਾਰ ਪੁੱਤਰ ਸ਼੍ਰੀ ਧਰਮਪਾਲ।** | ਰਜਿਸਟਰਡ ਵਿਕਰੀ ਡੀਡ ਨੰਬਰ 1756 ਮਿਤੀ 11.05.1999 ਅਤੇ ਵਿਕਰੀ ਡੀਡ ਨੰਬਰ 11087 ਮਿਤੀ 22.10.2003 ਦੇ ਅਨੁਸਾਰ, ਜਾਇਦਾਦ ਦੇ ਮਾਲਕ: ਸ਼੍ਰੀ ਸੁਨੀਲ ਨਰੂਲਾ ਪੁੱਤਰ ਸ਼੍ਰੀ ਰਣਬੀਰ ਚੰਦ ਨਰੂਲਾ। ਜਾਇਦਾਦ ਦਾ ਮਾਪ 284 4/9 ਵਰਗ ਗਜ਼ ਮਕਾਨ ਨੰਬਰ 18, (ਵਿਕਰੀ ਡੀਡ ਹਾਊਸ ਨੰਬਰ 11 ਦੇ ਅਨੁਸਾਰ), ਮਹਿੰਦਰ ਕਲੋਨੀ, ਮਹਿੰਦਰਾ ਕਲੋਨੀ ਦੇ ਸਾਹਮਣੇ, ਪਟਿਆਲਾ ਵਿਖੇ ਸਥਿਤ। ਜਾਇਦਾਦ ਦੀ ਹੱਦਬੰਦੀ ਇਸ ਪ੍ਰਕਾਰ ਹੈ: ਪੂਰਬ: ਪਲਾਟ ਨੰਬਰ 16, ਪੱਛਮ: ਪਲਾਟ ਨੰਬਰ 20, ਉੱਤਰ: ਸੜਕ, ਦੱਖਣ: ਪਲਾਟ ਨੰਬਰ 17 | 04.04.2025 | 16.07.2025 | Rs. 5,83,903.67<br>(ਰੁ. ਪੰਜ ਲੱਖ ਤਰਾਸੀ ਹਜ਼ਾਰ ਨੌਂ ਸੌ ਤਿੰਨ ਅਤੇ ਸਤਾਹਠ ਪੈਸੇ ਕੇਵਲ) 03.04.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ 9.55% ਸਲਾਨਾ ਦੀ ਦਰ 'ਤੇ ਵਿਆਜ ਅਤੇ ਖਰਚਿਆਂ ਸਮੇਤ |
| ਬੀ/ਓ : ਮੋਗਾ<br>**ਕਰਜ਼ਦਾਰ: 1. ਮੈਸ. ਜ਼ੋਰਾ ਸਿੰਘ ਗਿੱਲ ਐਂਡ ਸੰਨਜ਼, 2. ਇੰਦਰਜੀਤ ਸਿੰਘ ਗਿੱਲ ਪੁੱਤਰ ਜ਼ੋਰਾ ਸਿੰਘ।** | ਵਿਕਰੀ ਡੀਡ ਨੰਬਰ 2725 ਮਿਤੀ 22.06.1992 ਅਨੁਸਾਰ ਦੁਕਾਨ ਨੰਬਰ 23, 9 ਮਰਲੇ 3 1/4 ਦਰਸਾਈ (20' x 125''), ਨਵੀਂ ਅਨਾਜ ਮੰਡੀ ਮੋਗਾ ਵਿਖੇ ਸਥਿਤ ਹੈ। ਜਾਇਦਾਦ ਦੇ ਮਾਲਕ ਸ਼੍ਰੀ ਜ਼ੋਰਾ ਸਿੰਘ ਪੁੱਤਰ ਨੌਨਿਹਾਲ ਸਿੰਘ ਪੁੱਤਰ ਅਮਰ ਸਿੰਘ ਨਿਵਾਸੀ ਨਵੀਂ ਅਨਾਜ ਮੰਡੀ ਮੋਗਾ। | 05.05.2025 | 17.07.2025 | Rs. 54,59,248.49<br>(ਰੁ. ਚੁਰੰਜਾ ਲੱਖ ਉਨਾਹਠ ਹਜ਼ਾਰ ਦੋ ਸੌ ਅੜਤਾਲੀ ਅਤੇ ਉਨੰਜਾ ਪੈਸੇ ਕੇਵਲ) 04.05.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ 9.00% ਸਲਾਨਾ ਅਤੇ 9.25% ਸਲਾਨਾ ਦੀ ਦਰ 'ਤੇ ਵਿਆਜ ਅਤੇ ਖਰਚਿਆਂ ਸਮੇਤ |
| ਬੀ/ਓ : ਮੋਗਾ<br>**ਕਰਜ਼ਦਾਰ: 1. ਸ਼੍ਰੀ ਪਰਮਿੰਦਰ ਸਿੰਘ ਪੁੱਤਰ ਸ਼੍ਰੀ ਮੁਖਤਿਆਰ ਸਿੰਘ, 2. ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਮੁਖਤਿਆਰ ਸਿੰਘ, ਜ਼ਾਮਨ: ਸ਼੍ਰੀ ਗੁਰਸੇਵਕ ਸਿੰਘ ਪੁੱਤਰ ਸ਼੍ਰੀ ਰੂਪ ਸਿੰਘ।** | ਸੰਪੱਤੀ ਮਾਪ ਵਾਲੀ 1 ਮਰਲਾ 1 ਸਰਸਾਹੀ 2 ਵਰਗ ਫੁੱਟ 19 ਕਨਾਲ 13 ਮਰਲੇ ਦਾ 10/3537 ਹਿੱਸਾ ਖਸਰਾ ਨੰਬਰ 78//17-18/1-18/2-19/1/1-19/1/2,7-7 2-8 4-19 4-12 0-7, ਖੇਵਟ ਨੰ: 2448 ਖਤੌਨੀ ਨੰ. 3021 ਜਮ੍ਹਾਂਬੰਦੀ 2017-18 ਅਨੁਸਾਰ ਜਿਸ ਦਾ ਘੇਰਾ ਹੇਠ ਲਿਖੇ ਅਨੁਸਾਰ ਹੈ:- ਪੂਰਬ:- ਜਤਿੰਦਰ ਕੌਰ, ਪੱਛਮ:- ਜਤਿੰਦਰ ਕੌਰ, ਉੱਤਰ:- ਰਾਹ, ਦੱਖਣ:- ਅਜਾਇਬ ਸਿੰਘ। ਮੋਗਾ ਮਹਿਲਾ ਸਿੰਘ-2 ਮੋਗਾ, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਵਿੱਚ ਸਥਿਤ ਹੈ। ਮੁਖਤਿਆਰ ਸਿੰਘ ਦੇ ਪਰਮਿੰਦਰ ਸਿੰਘ (ਪੁੱਤਰ) ਅਤੇ ਤੇਜਿੰਦਰ ਕੌਰ (ਪਤਨੀ) ਦੀ ਮਲਕੀਅਤ ਹੈ। | 06.05.2025 | 17.07.2025 | Rs. 5,08,793.31<br>(ਰੁ. ਪੰਜ ਲੱਖ ਅੱਠ ਹਜ਼ਾਰ ਸੱਤ ਸੌ ਤਰਾਨਵੇਂ ਅਤੇ ਇਕੱਤੀ ਪੈਸੇ ਕੇਵਲ) 05.05.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ ਓਡੀ-12.50% ਅਤੇ ਐਫਆਈਟੀਐਲ- 12.35% ਦੀ ਦਰ 'ਤੇ ਵਿਆਜ ਅਤੇ ਖਰਚਿਆਂ ਸਮੇਤ |
| ਬੀ/ਓ : ਮੋਗਾ<br>**ਕਰਜ਼ਦਾਰ: 1. ਸ਼੍ਰੀ ਪਰਵਿੰਦਰ ਸਿੰਘ ਪੁੱਤਰ ਸ਼੍ਰੀ ਲਖਵੀਰ ਸਿੰਘ, 3. ਸ਼੍ਰੀਮਤੀ ਕੁਲਦੀਪ ਕੌਰ ਪਤਨੀ ਸ਼੍ਰੀ ਪਰਵਿੰਦਰ ਸਿੰਘ। ਜ਼ਾਮਨ ਸ਼੍ਰੀ ਪ੍ਰਭਜੋਤ ਸਿੰਘ ਕਾਲੜਾ ਪੁੱਤਰ ਸ਼੍ਰੀ ਹਰਵਿੰਦਰ ਸਿੰਘ।** | **ਜਾਇਦਾਦ**: 1. ਵਿਕਰੀ ਡੀਡ ਵਸੀਕਾ ਨੰਬਰ 4478 ਮਿਤੀ 22.08.2012 ਦੇ ਅਨੁਸਾਰ ਜਾਇਦਾਦ ਦਾ ਮਾਪ 5 ਮਰਲਾ 1 ਸਰਸਾਹੀ 18 ਵਰਗ ਫੁੱਟ। (1400 ਵਰਗ ਫੁੱਟ) 43 ਕਨਾਲ 12 ਮਰਲੇ ਦੀ ਜਾਇਦਾਦ ਵਿੱਚੋਂ 46/7848 ਹਿੱਸਾ ਹੈ ਜਿਸ ਵਿੱਚ ਖਸਰਾ ਨੰਬਰ 93//23/2/1 (1-0), 1364 (1-2), 1387 (1-2), 1382/2(1-10), 1386/2(1-4), 1387/1/2(1-16), 1363/2(1-10), 1384/1(1-12), 1369(0.17), 1370(1-7), 1383(1-5), 1388/2(1-18), 1389/2(1-1), 1371/2(2-0), 1367/1(3-7), 1368/1(1-7), 1433/2(0-6), 1434(1-3), 1437(2-2), 1439/1(1-1), 1440/1(1-3), 1435/1(1-3), 1436/1(2-9), 1438/1(1-5), 1438/1(1-5), 140/141), 1442/2/2(2-8), 1390/2(1-0) ਖੇਵਟ ਨੰ. 403 ਖਤੌਨੀ ਨੰਬਰ 508 ਮੋਗਾ ਜੀਤ ਸਿੰਘ-2, ਤਹਿਸੀਲ ਅਤੇ ਜ਼ਿਲ੍ਹਾ ਮੋਗਾ ਵਿਖੇ ਸਾਲ 2018-2019 ਦੀ ਜਮ੍ਹਾਂਬੰਦੀ ਅਨੁਸਾਰ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਕੁਲਦੀਪ ਕੌਰ, ਪੱਛਮ: ਜਗਦੇਵ ਸਿੰਘ, ਉੱਤਰ: ਭਜਨ ਸਿੰਘ, ਦੱਖਣ: ਰਸਤਾ/ਗਲੀ ਜਾਇਦਾਦ ਦੀ ਮਾਲਕ ਸ਼੍ਰੀਮਤੀ ਕੁਲਦੀਪ ਕੌਰ ਅਤੇ ਪਰਵਿੰਦਰ ਸਿੰਘ।<br>**ਜਾਇਦਾਦ**: 2. ਜਾਇਦਾਦ ਦੀ ਮਾਲਕ ਸ਼੍ਰੀਮਤੀ ਕੁਲਦੀਪ ਕੌਰ ਪਤਨੀ ਪਰਵਿੰਦਰ ਸਿੰਘ, ਵਿਕਰੀ ਡੀਡ ਮਿਤੀ 21.05.2002 ਦੇ ਅਨੁਸਾਰ ਜਿਸਦੇ ਸਿਰਲੇਖ ਡੀਡ ਨੰਬਰ/ਵਸੀਕਾ ਨੰਬਰ 1187, 10 ਮਰਲੇ 2 ਸਰਸਾਈ 18 ਵਰਗ ਫੁੱਟ ਦੀ ਜਾਇਦਾਦ ਜਿਸ ਵਿੱਚ ਖਸਰਾ ਨੰਬਰ 1367/1, 1368/1, 1383/1, 1384/1, 1435/1, 1436/1, 1437/1, 1438/1, 1439/1, 1440/1, 93/23/2/1, 1387, 1364, 1369, 1370/1, 1386, 1363/2, 1371/2, 1382/2, 1390/2, 1387/1/2, 1433/2, 1442/2/2, 1442/1/2, 1388/2, 1389/2, 1434, 1441, 2008-2009 ਦੇ ਸਾਲ ਦੀ ਜਮ੍ਹਾਂਬੰਦੀ ਅਨੁਸਾਰ ਮੋਗਾ ਜੀਤ ਸਿੰਘ-2 ਮੋਗਾ ਵਿਖੇ ਸਥਿਤ। ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ: ਮਾਲਕ, ਪੱਛਮ: ਮਾਲਕ, ਉੱਤਰ: ਭਜਨ ਸਿੰਘ, ਦੱਖਣ: ਰਸਤਾ/ਗਲੀ। | 05.03.2025 | 17.07.2025 | Rs. 16,81,525.52<br>(ਰੁ. ਸੋਲਾਂ ਲੱਖ ਇਕਿਆਸੀ ਹਜ਼ਾਰ ਪੰਜ ਸੌ ਪੱਚੀ ਅਤੇ ਬਵੰਜਾ ਪੈਸੇ ਕੇਵਲ) 04.03.2025 ਤੋਂ ਗਿਣੇ ਜਾਣ ਵਾਲੇ ਮਹੀਨਾਵਾਰ ਵਿਰਾਮਾਂ 'ਤੇ ਓਡੀ-14.20% ਅਤੇ ਐਫਆਈਟੀਐਲ- 12.45% ਦੀ ਦਰ 'ਤੇ ਵਿਆਜ ਅਤੇ ਖਰਚਿਆਂ ਸਮੇਤ |

**ਮਿਤੀ : 18.07.2025** **ਸਥਾਨ : ਲੁਧਿਆਣਾ** **ਅਧਿਕਾਰਤ ਅਧਿਕਾਰੀ**

## ਬੈਂਕ ਆਫ ਬੜੌਦਾ Bank of Baroda

**[ਨਿਯਮ 8-(1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ **ਮੰਗ ਸੂਚਨਾ** ਜਾਰੀ ਕੀਤੀਆਂ ਸਨ।
ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਅਤੇ ਵਿਆਜ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਸ਼ਾਖਾ ਅਤੇ ਕਰਜ਼ਦਾਰ (ਾਂ)/ਜ਼ਾਮਨ (ਾਂ)ਦਾ ਨਾਮ | ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਸ਼ਾਖਾ: ਦੁਗਰੀ ਰੋਡ, ਲੁਧਿਆਣਾ ਸ੍ਰੀ ਹਰਪਾਲ ਸਿੰਘ ਸਪੁੱਤਰ ਸ੍ਰੀ ਗੰਗਾ ਰਾਮ ਅਤੇ ਸ੍ਰੀਮਤੀ ਕਮਲੇਸ਼ ਸੁਪਤਨੀ ਸ੍ਰੀ ਹਰਪਾਲ** | ਜ਼ਮੀਨ ਅਤੇ ਇਮਾਰਤ ਦਾ ਸਾਰਾ ਹਿੱਸਾ ਘਰ ਵਿੱਚ ਸਥਿਤ ਹੈ, ਜਿਸਦੀ ਮਾਪ 100 ਵਰਗ ਗਜ਼ ਹੈ। ਗਲੀ ਨੰਬਰ 4-ਐਫ, ਆਨੰਦ ਵਿਹਾਰ, ਸਰਾਭਾ ਦੇ ਨੇੜੇ ਸਥਿਤ ਹੈ। ਸਕੂਲ ਬੀ/ਐਸ ਡੀਏਵੀ ਸਕੂਲ, ਫੁੱਲਾਂਵਾਲ ਲੁਧਿਆਣਾ - ਖਸਰਾ ਨੰਬਰ ਵਾਲਾ 40//1/2, 11/1, 10, ਖਾਤਾ ਨੰਬਰ। 1026/165, 96/97, ਹੱਦਬਸਤ ਨੰਬਰ 278, ਪਿੰਡ ਫੁੱਲਾਂਵਾਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਸਾਲ 2012-2013 ਲਈ ਜਮਾਂਬੰਦੀ ਅਨੁਸਾਰ, ਵਸੀਕਾ ਨੰਬਰ 11674 ਮਿਤੀ 09.01.2017 ਨੂੰ ਹਰਪਾਲ ਸਿੰਘ ਅਤੇ ਕਮਲੇਸ਼ ਰਾਣੀ ਦੇ ਨਾਮ 'ਤੇ ਹੇਠ ਲਿਖੇ ਅਨੁਸਾਰ ਰਜਿਸਟਰਡ ਹੈ:- ਪੂਰਬ ਵੱਲ: 22'-4'' ਗੁਆਂਢੀ, ਪੱਛਮ ਵੱਲ: 22'-7'' ਗਲੀ, ਉੱਤਰ ਵੱਲ: 39'-6'' ਗੁਆਂਢੀ, ਦੱਖਣ ਵੱਲ: 39'-6'' ਗੁਆਂਢੀ। | 03/05/2025 | 15/07/2025 | Rs 5,96,988.63/- ਅਤੇ ਹੋਰ ਵਿਆਜ |

**ਮਿਤੀ : 15.07.2025** **ਸਥਾਨ : ਲੁਧਿਆਣਾ** **ਸਹੀ/- ਅਧਿਕਾਰਤ ਅਧਿਕਾਰੀ**

## ਕੇਨਰਾ ਬੈਂਕ Canara Bank — ਮਲੋਟ ਸ਼ਾਖਾ

ਕੇਨਰਾ ਬੈਂਕ ਭਾਰਤ ਸਰਕਾਰ ਦਾ ਅਦਾਰਾ Canara Bank A Government of India Undertaking ਸਿੰਡੀਕੇਟ Syndicate

**[ਨਿਯਮ-8 (1)]ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਕੇਨਰਾ ਬੈਂਕ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲੀ, ਜੇਕਰ ਕੋਈ ਹੈ, ਮਨਫੀ ਕਰਕੇ ਬਾਕੀ ਰਕਮ, ਹੋਰ ਫੀਸਾਂ/ਖਰਚਿਆਂ, ਲਾਗਤਾਂ ਦੇ ਲਈ **ਕੇਨਰਾ ਬੈਂਕ, ਤਲਵੰਡੀ ਭਾਈ, ਸ਼ਾਖਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ(8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(ਾਂ)/ਗਿਰਵੀਕਾਰ/ਸਹਿ ਕਰਜ਼ਦਾਰ/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. **ਗੁਰਦੀਪ ਸਿੰਘ ਪੁੱਤਰ ਗੁਰਦਿੱਤ ਸਿੰਘ**, ਅਜੀਤ ਨਗਰ, ਵਾਰਡ ਨੰ. 11-ਮਲੋਟ, ਜ਼ਿਲ੍ਹਾ ਮੁਕਤਸਰ, ਮਲੋਟ, ਪੰਜਾਬ-ਇੰਡੀਆ, 2. **ਬਖਸ਼ਿਸ਼ ਸਿੰਘ ਪੁੱਤਰ ਬਿੱਕਰ ਸਿੰਘ**, ਮਕਾਨ ਨੰ. 250 ਵਾਰਡ ਨੰ. 10, ਨਿਊ ਗੋਬਿੰਦ ਨਗਰ, ਮਲੋਟ, ਜ਼ਿਲ੍ਹਾ ਮੁਕਤਸਰ | ਵਿਕਰੀ ਡੀਡ ਨੰਬਰ 1091 ਮਿਤੀ 14/06/1988 ਅਨੁਸਾਰ ਐਸ.ਆਰ. ਮਲੋਟ ਦੇ ਨਾਮ 'ਤੇ ਰਜਿਸਟਰਡ ਹੈ ਅਤੇ ਇਸ ਸਬੰਧ ਵਿੱਚ ਵਿਕਰੀ ਦਾ ਇੰਤਕਾਲ ਸੀਨੀਅਰ ਨੰਬਰ 5369 'ਤੇ ਮਾਲ ਰਿਕਾਰਡ ਵਿੱਚ ਦਰਜ ਕੀਤਾ ਗਿਆ, ਜਾਇਦਾਦ ਦਾ ਮਾਪ 02 ਮਰਲੇ ਵਪਾਰਕ ਦੁਕਾਨ (12*33 6 = 402 ਵਰਗ ਫੁੱਟ) 18 ਮਰਲੇ ਦੇ ਰਕਬੇ ਦਾ 1/9 ਹਿੱਸਾ ਖਸਰਾ ਨੰਬਰ 250/1 (0-18) ਸਾਲ 2010-11 ਲਈ ਜਮ੍ਹਾਂਬੰਦੀ ਦੀ ਕਾਪੀ ਅਨੁਸਾਰ ਪਿੰਡ ਦਾਨੇਵਾਲਾ ਤਹਿਸੀਲ ਮਲੋਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਹਦਬਸਤ ਨੰਬਰ 165 ਖੇਤਰ ਸ੍ਰੀ ਗੁਰਦੀਪ ਸਿੰਘ ਪੁੱਤਰ ਗੁਰਦਿੱਤ ਸਿੰਘ ਦੇ ਨਾਮ 'ਤੇ ਜੀ.ਟੀ. ਰੋਡ ਦੇ ਨੇੜੇ, ਗੁਰਮੀਤ ਮੈਡੀਕਲ, ਮਲੋਟ ਸਥਿਤ। ਉੱਤਰ: ਹਰਵਿੰਦਰ ਸਿੰਘ, ਦੱਖਣ: ਗਲੀ, ਪੂਰਬ: ਗੁਰਦੀਪ ਸਿੰਘ, ਪੱਛਮੀ: ਸੜਕ | 09.05.2025 | 17.07.2025 | Rs. 2,18,916.77 ਅਗਲੇਰੇ ਵਿਆਜ ਅਤੇ ਖਰਚਿਆਂ ਸਮੇਤ, ਮਨਫੀ ਵਸੂਲੀ, ਜੇਕਰ ਕੋਈ ਹੈ। |

ਮਿਤੀ: 19.07.2025 ਸਥਾਨ : ਮਲੋਟ ਅਧਿਕਾਰਤ ਅਧਿਕਾਰੀ, ਕੇਨੇਰਾ ਬੈਂਥ

## SBI ਸਟੇਟ ਬੈਂਕ ਆਫ ਇੰਡੀਆ

ਸਟਰੈਸਡ ਅਸੈਸਟਸ ਮੈਨੇਜਮੈਂਟ ਬ੍ਰਾਂਚ
ਐਸਸੀਓ 99-107, ਪਹਿਲੀ ਮੰਜ਼ਿਲ, ਸੈਕਟਰ 8-ਸੀ, ਮਧਿਆ ਮਾਰਗ, ਚੰਡੀਗੜ੍ਹ, ਫੋਨ: 0172-4567162,
E-mail: sbi.04262@sbi.co.in

**ਅੰਤਿਕਾ 4 [ਨਿਯਮ (8-1)]**
**ਭੌਤਿਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਕਮ ਨੂੰ ਅਦਾ ਕਰਨ ਲਈ ਉਨ੍ਹਾਂ ਨੂੰ ਸੱਦਾ ਦਿੰਦੇ ਹੋਏ ਇਸ ਉਪਰੰਤ ਦਰਸਾਈ ਅਤੇ ਹਰੇਕ ਖਾਤੇ ਅਧੀਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀ/ਆਂ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ/ਜ਼ਾਮਨ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।
***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਕਰਜ਼ਦਾਰ (ਾਂ) /ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਬਕਾਇਆ ਰਕਮ | ਕਬਜ਼ੇ ਦੀ ਮਿਤੀ ਅਤੇ ਕਿਸਮ |
|---|---|---|---|---|
| ਮੈਸਰਜ਼ ਕੇਆਰਐਮ ਟਾਇਰਜ਼ (ਕਰਜ਼ਦਾਰ), ਸ਼੍ਰੀ ਸੰਦੀਪ ਜੈਨ ਪੁੱਤਰ ਸ਼੍ਰੀ ਸੁਰਿੰਦਰ ਪਾਲ ਜੈਨ (ਭਾਈਵਾਲ), **ਸ਼੍ਰੀਮਤੀ ਪ੍ਰੀਤੀ ਜੈਨ ਪਤਨੀ ਸ਼੍ਰੀ ਸੰਦੀਪ ਜੈਨ** (ਭਾਈਵਾਲ) ਅਤੇ ਸ਼੍ਰੀ ਨਿਪੁਣ ਜੈਨ ਪੁੱਤਰ ਸ਼੍ਰੀ ਸੁਰਿੰਦਰ ਪਾਲ ਜੈਨ (ਜ਼ਾਮਨ) | **ਜਾਇਦਾਦ ਦੀ ਮਲਕੀਅਤ:- ਸ਼੍ਰੀ ਸੰਦੀਪ ਜੈਨ।** ਵਸੀਕਾ ਨੰਬਰ 8192, ਮਿਤੀ 02.08.2006 ਦੇ ਅਧੀਨ ਮਾਪ 2 ਕਨਾਲ 7-2/3 ਮਰਲੇ ਹੈ ਜਿਸਦੇ ਖੇਵਟ ਨੰਬਰ 40, 40/1, 41, ਖਤੌਨੀ ਨੰਬਰ 55, 56, 57, 58, 59, 60, 61, 62, ਖਸਰਾ ਨੰਬਰ 45//11, 20, 21/1, 44//15/1, 16, 45//9, 10, 44//6/1, ਅਤੇ 44//5, 6/2, 45//1, 2, 12 ਹਨ, ਜਿਸ ਵਿੱਚੋਂ ਰਕਬਾ 2 ਕਨਾਲ 7-2/3 ਮਰਲੇ, ਸਾਲ 2000-2001 ਲਈ ਜਮ੍ਹਾਂਬੰਦੀ, ਪਿੰਡ ਭੋਲਾਪੁਰ, (ਐਚ.ਬੀ. ਨੰ. 238), ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ । | 25.05.2023 & Rs. 21,29,05,316/- | Rs. 21,29,05,316/- 25.05.2023 ਦੇ ਅਨੁਸਾਰ ਅਤੇ 26.05.2023 ਤੋਂ ਉਪਰੋਕਤ ਰਕਮ, ਖਰਚਿਆਂ, ਲਾਗਤਾਂ ਅਤੇ ਹੋਰ ਖਰਚਿਆਂ ਆਦਿ 'ਤੇ ਇਕਰਾਰਨਾਮੇ ਦੀ ਦਰ 'ਤੇ ਹੋਰ ਵਿਆਜ। | 17.07.2025 ਭੌਤਿਕ |

**ਮਿਤੀ 18.07.2025** **ਸਥਾਨ : ਲੁਧਿਆਣਾ, ਪੰਜਾਬ** **ਅਧਿਕਾਰਤ ਅਧਿਕਾਰੀ**

## ਪੰਜਾਬ ਨੈਸ਼ਨਲ ਬੈਂਕ punjab national bank

**ਸ਼ਾਖਾ - ਗੁਰਬਖਸ਼ ਕਲੋਨੀ (073910), ਪਟਿਆਲਾ-147001**

**ਸੰਕੇਤਕ ਕਬਜ਼ਾ ਸੂਚਨਾ [ਦੇਖੋ ਨਿਯਮ 8(1)] ਅਚੱਲ ਸੰਪੱਤੀ ਦੇ ਲਈ**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ, ਬੀ.ਓ., ਗੁਰਬਖਸ਼ ਕਲੋਨੀ, ਪਟਿਆਲਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈਆਂ ਮਿਤੀਆਂ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰਾਂ ਨੂੰ ਅਤੇ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਜਮ੍ਹਾਂ ਪੂਰਤੀ ਹੋਣ ਤੱਕ ਲਾਗੂ ਵਿਆਜ ਅਤੇ ਹੋਰ ਫੀਸਾਂ ਦੇ ਲਈ **ਪੰਜਾਬ ਨੈਸ਼ਨਲ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ/ਜ਼ਾਮਨ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।**

| ਖਾਤੇ, ਕਰਜ਼ਦਾਰਾਂ ਅਤੇ ਜ਼ਾਮਨਾਂ ਦੇ ਨਾਮ | ਅਚੱਲ ਸੰਪੱਤੀ ਦਾ ਵੇਰਵਾ | ਸੰਕਤਕ ਕਬਜ਼ੇ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਅਨੁਸਾਰ ਬੈਂਕ ਵੱਲ ਵਸੂਲੀਯੋਗ ਰਕਮ |
|---|---|---|---|---|
| ਕਰਜ਼ਦਾਰ : (1) **ਮੈਸ. ਸਾਈ ਟਰੇਡਰਜ਼**, ਰਾਹੀਂ ਪ੍ਰੋਪ. ਸ਼੍ਰੀ ਅਨਿਲ ਕੁਮਾਰ ਪੁੱਤਰ ਸ਼੍ਰੀ ਇੰਦਰ ਦੇਵ, ਜ਼ਾਮਨ **ਸ਼੍ਰੀਮਤੀ ਲਲਿਤਾ ਦੇਵੀ ਪਤਨੀ ਸ਼੍ਰੀ ਅਨਿਲ ਕੁਮਾਰ ਅਤੇ ਜ਼ਾਮਨ ਸ਼੍ਰੀ ਅਮਿਤ ਕੁਮਾਰ ਪੁੱਤਰ ਸ਼੍ਰੀ ਵਲੈਤੀ ਰਾਮ** | ਸ਼੍ਰੀਮਤੀ ਲਲਿਤਾ ਦੇਵੀ ਪਤਨੀ ਸ਼੍ਰੀ ਅਨਿਲ ਕੁਮਾਰ ਦੇ ਨਾਮ 'ਤੇ, ਵਸੀਕਾ ਨੰਬਰ 10983 ਮਿਤੀ 22.10.2012 ਦੇ ਅਧੀਨ ਰਿਹਾਇਸ਼ੀ ਮਕਾਨ ਦਾ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਖੇਵਟ/ਖਾਤਾ ਨੰਬਰ 9/53, ਖਸਰਾ ਨੰਬਰ 25//6 ਮਿਨ (1-71/3), 7 ਮਿਨ (0-9 1/2), 13 ਮਿਨ (5-14) ਆਈਟਮ 3 ਕੁੱਲ ਰਕਬਾ 7 ਕਨਾਲ 10 2/3 ਮਰਲੇ ਹਨ, ਜਿਸ ਵਿੱਚੋਂ 2 2/3, 150/2/3 ਦਾ ਹਿੱਸਾ 0-2 2/3 ਮਰਲੇ 83.3 ਵਰਗ ਗਜ਼ ਹੈ ਜੋ ਕਿ ਮਕਾਨ ਨੰਬਰ 2, ਛੋਟਾ ਅਰੀਆਂ ਮਾਜਰਾ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ (ਪੰਜਾਬ) ਵਿਖੇ ਸਥਿਤ ਹੈ। ਹੱਦਬੰਦੀ ਇਸ ਤਰ੍ਹਾਂ ਹਨ: ਪੂਰਬ: ਦੂਜਿਆਂ ਦਾ ਮਕਾਨ, ਉੱਤਰ: ਰਸਤਾ, ਪੱਛਮ: ਖਾਲੀ ਪਲਾਟ, ਦੱਖਣ: ਖਾਲੀ ਪਲਾਟ | 18.07.2025 | 31.12.2024 | Rs. 6,70,170.60/- (ਰੁ. ਛੇ ਲੱਖ ਸੱਤਰ ਹਜ਼ਾਰ ਇੱਕ ਸੌ ਸੱਤਰ ਅਤੇ ਸੱਠ ਪੈਸੇ ਕੇਵਲ) ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਖਰਚੇ 01-12-2024 ਤੋਂ |

**ਮਿਤੀ : 19.07.2025** **ਸਥਾਨ : ਪਟਿਆਲਾ** **ਅਧਿਕਾਰਤ ਅਧਿਕਾਰੀ**

## ਬੈਂਕ ਆਫ ਇੰਡੀਆ Bank of India BOI — ਕੋਚਰ ਮਾਰਕਿਟ ਸ਼ਾਖਾ, ਮਾਡਲ ਗ੍ਰਾਮ, ਲੁਧਿਆਣਾ

**ਮੰਗ ਸੂਚਨਾ (ਸਰਫੇਸੀ ਐਕਟ, 2002 ਦੀ ਧਾਰਾ 13 ਦੇ ਉਪ-ਉਪਅਧੀਨ)**

ਹੇਠਾਂ ਦੱਸੇ ਗਏ ਕਰਜ਼ਦਾਰ/ਜ਼ਾਮਨਾਂ/ਬਿਨੈਕਾਰਾਂ ਨੂੰ SARFAESI ਐਕਟ 2002 ਦੀ ਧਾਰਾ 13(2) ਅਧੀਨ ਕੋਰੀਅਰ/ਰਜਿਸਟਰਡ ਏ.ਡੀ. ਡਾਕ ਰਾਹੀਂ ਭੇਜੇ ਗਏ ਡਿਮਾਂਡ ਨੋਟਿਸ ਨੂੰ ਬਿਨਾਂ ਡਿਲੀਵਰ ਕੀਤੇ/ਪ੍ਰਵਾਨ ਕੀਤੇ ਵਾਪਸ ਕਰ ਦਿੱਤਾ ਗਿਆ ਹੈ।

| ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਦਾ ਨਾਮ | ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) ਸ਼੍ਰੀ ਸੰਜੀਵ ਸ਼ਰਮਾ ਪੁੱਤਰ ਸ਼੍ਰੀ ਰਮੇਸ਼ ਕੁਮਾਰ ਸ਼ਰਮਾ (ਕਰਜ਼ਦਾਰ) ਪਤਾ: ਮਕਾਨ ਨੰ.-3, ਸਟਰੀਟ ਨੰਬਰ 9 ਬਲਾਕ ਬੀ, ਸਾਈਂ ਬਾਬਾ ਮੰਦਰ ਦੇ ਨੇੜੇ, ਆਬਾਦੀ ਸ਼ਾਲੀਮਾਰ ਪਾਰਕ, ਪਿੰਡ ਗਿੱਲ 2, ਨਿਤੇਸ਼ ਵਿਹਾਰ ਰੋਡ, ਬਾਬਾ ਦੀਪ ਸਿੰਘ ਨਗਰ, ਲੁਧਿਆਣਾ ਪੰਜਾਬ: 141013 (2) ਸ਼੍ਰੀਮਤੀ ਆਰਤੀ ਸ਼ਰਮਾ ਪਤਨੀ ਸ਼੍ਰੀ ਸੰਜੀਵ ਸ਼ਰਮਾ (ਸਹਿ-ਕਰਜ਼ਦਾਰ) ਪਤਾ: ਮਕਾਨ ਨੰ.-3, ਗਲੀ ਨੰਬਰ 9 ਬਲਾਕ ਬੀ ਸਾਈਂ ਬਾਬਾ ਮੰਦਰ ਦੇ ਨੇੜੇ, ਆਬਾਦੀ ਸ਼ਾਲੀਮਾਰ ਪਾਰਕ, ਪਿੰਡ ਗਿੱਲ 2, ਨਿਤੇਸ਼ ਵਿਹਾਰ ਰੋਡ, ਬਾਬਾ ਦੀਪ ਸਿੰਘ ਨਗਰ, ਲੁਧਿਆਣਾ ਪੰਜਾਬ: 141013 (3) ਸ਼੍ਰੀ ਪਵਨ ਸ਼ਰਮਾ ਪੁੱਤਰ ਕੈਪਟਨ ਰਮੇਸ਼ ਕੁਮਾਰ ਸ਼ਰਮਾ (ਜ਼ਾਮਨ), ਪਤਾ: ਮਕਾਨ.ਨੰ.- 6657, ਗਲੀ ਨੰਬਰ 15, ਮੇਅਰ ਕਲੋਨੀ, ਨਿਊ ਸ਼ਿਮਲਾ ਪੁਰੀ, ਲੁਧਿਆਣਾ ਪੰਜਾਬ: 141003 | 100 ਵਰਗ ਮੀਟਰ ਦੀ ਰਿਹਾਇਸ਼ੀ ਜਾਇਦਾਦ ਦੀ ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ। ਸਾਲ 2005-2006 ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 1527-3440/1526-3441/1526 ਖਾਤਾ ਨੰਬਰ 1321/1795-1322/1796 ਵਿੱਚ ਸ਼ਾਮਲ ਯਾਰਡ, ਮਕਾਨ ਨੰਬਰ 3 ਗਲੀ ਨੰਬਰ 9-ਬੀ ਆਬਾਦੀ ਸ਼ਾਲੀਮਾਰ ਪਾਰਕ ਪਿੰਡ ਗਿੱਲ 2 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹਦਬਸਤ ਨੰਬਰ 263, ਸ਼੍ਰੀ ਸੰਜੀਵ ਕੁਮਾਰ ਸ਼ਰਮਾ ਪੁੱਤਰ ਸ਼੍ਰੀ ਰਮੇਸ਼ ਕੁਮਾਰ ਸ਼ਰਮਾ ਦੀ ਮਲਕੀਅਤ ਵਾਲੀ ਵਿਕਰੀ ਡੀਡ, ਵਸੀਕਾ ਨੰਬਰ 2303 ਮਿਤੀ 17-06-2009 ਰਾਹੀਂ। | 18/06/2025 | 23/06/2025 | Rs 4,09,575.18 /- ਅਤੇ ਹੋਰ ਵਿਆਜ |

ਹੁਣ ਇਸ ਪ੍ਰਕਾਸ਼ਨ ਦੇ ਮਾਧਿਅਮ ਦੁਆਰਾ ਸੁਰੱਖਿਅਣ ਕਾਨੂੰਨ 2002 ਦੀ ਵਿਵਸਥਾ ਅਨੁਸਾਰ ਸੁਰੱਖਿਅਤ ਕਰਜ਼ਦਾਤਾ (ਬੈਂਕ) ਦੇ ਅਧਿਕਾਰਤ ਅਧਿਕਾਰੀ ਵਜੋਂ ਆਪਣੀ ਸਮਰਥਾ ਵਿਚ ਨਿਮਨ ਹਸਤਾਖ਼ਰੀ ਦੁਆਰਾ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ ਲਾਗੂ ਅਨੁਸਾਰ ਭਾਵੀ ਵਿਆਜ ਅਤੇ ਖਰਚਿਆਂ/ਫੀਸਾਂ ਸਮੇਤ ਬਕਾਇਆ ਦੇਣਦਾਰੀ ਦੀ ਰਕਮ ਨੂੰ ਅਦਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਜਿਸ ਤੋਂ ਅਸਫਲ ਰਹਿਣ 'ਤੇ ਸੁਰੱਖਿਅਤ ਕਰਜ਼ਦਾਤਾ ਦਰਸਾਏ ਅਧਿਆਦੇਸ਼ ਦੀ ਧਾਰਾ 13 ਦੀ ਉਪ ਧਾਰਾ (2) ਅਤੇ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਵਿਸਥਾਰਤ ਅਨੁਸਾਰ ਕਿਸੇ ਵੀ ਜਾਂ ਸਾਰੇ ਅਧਿਕਾਰਾਂ ਦੀ ਵਰਤੋਂ ਕਰਨਗੇ।
ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਦਰਸਾਏ ਕਾਨੂੰਨ ਦੀ ਧਾਰਾ 13 ਦੇ ਸੰਬੰਧ ਵਿਚ ਤੁਸੀਂ ਬੈਂਕ ਦੀ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ। ਇਹ ਸੂਚਨਾ ਕਾਨੂੰਨ ਦੀਆਂ ਕਿਸੇ ਵੀ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਜ਼ਰੂਰੀ ਸਮਝੀ ਜਾਂਦੀ ਅਜਿਹੀ ਹੋਰ ਕਾਰਵਾਈ ਜਾਂ ਕਾਨੂੰਨੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਬੈਂਕ ਦੇ ਅਧਿਕਾਰ ਦੀ ਉਲੰਘਣਾ ਤੋਂ ਬਿਨਾਂ ਹੈ।

**ਮਿਤੀ : 23.06.2025** **ਸਥਾਨ : ਲੁਧਿਆਣਾ** **ਸਹੀ/- ਅਧਿਕਾਰਤ ਅਧਿਕਾਰੀ**

# ਫ਼ਿਲਮੀ



## ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੂੰ ਯਾਦ ਕਰਦਿਆਂ



ਦਰਸ਼ਨ ਸਿੰਘ ਪ੍ਰੀਤੀਮਾਨ
97792-97682

**ਆਪਣੀ** ਰਸੀਲੀ ਅਵਾਜ਼ ਦੇ ਸਿਰਤੇ ਲੋਕ ਦਿਲ ਦੀ ਧੜਕਣ ਬਣੀ ਪੰਜਾਬ ਦੀ ਕੋਇਲ ਸਿਰਮੌਰ ਗਾਇਕ ਸੁਰਿੰਦਰ ਕੌਰ ਦਾ ਜਨਮ ਮਾਤਾ ਮਾਇਆ ਦੇਵੀ ਦੀ ਕੁੱਖੋ, ਪਿਤਾ ਦੀਵਾਨ ਬਿਸ਼ਨ ਦਾਸ ਦੇ ਘਰ 25 ਨਵੰਬਰ, 1929 ਈ: ਨੂੰ ਇਤਿਹਾਸਕ ਸ਼ਹਿਰ ਲਾਹੌਰ (ਪਾਕਿਸਤਾਨ) ਵਿਖੇ ਹੋਇਆ।ਇਹ ਪੰਜ ਭੈਣਾਂ ਪ੍ਰਕਾਸ਼ ਕੌਰ, ਨਰਿੰਦਰ ਕੌਰ, ਮਹਿੰਦਰ ਕੌਰ ਤੇ ਮਨਜੀਤ ਕੌਰ ਸਨ। ਸੁਰਿੰਦਰ ਕੌਰ ਨੇ ਚੌਬੁਰਜੀ ਹਾਈ ਸਕੂਲ, ਲਾਹੌਰ ਤੋ ਮੈਟ੍ਰਿਕ ਪਾਸ ਕੀਤੀ। ਘਰ ਦਾ ਮਾਹੌਲ ਹੀ ਸੰਗੀਤਕ ਸੀ। ਇਸ ਕਰਕੇ ਸੁਰਿੰਦਰ ਕੌਰ ਦਾ ਗਾਇਕੀ ਵੱਲ ਝੁਕਾਅ ਹੋਣਾ ਸੁਭਾਵਕ ਸੀ। ਇਨ੍ਹਾਂ ਦੀ ਵੱਡੀ ਭੈਣ ਪ੍ਰਕਾਸ਼ ਕੌਰ ਗਾਇਕੀ ਵਿੱਚ ਪੈਰ ਅਜ਼ਮਾ ਚੁੱਕੀ ਸੀ। ਪ੍ਰਕਾਸ਼ ਕੌਰ ਨਾਲ ਸੁਰਿੰਦਰ ਕੌਰ ਨੇ 12 ਕੁ ਸਾਲ ਦੀ ਉਮਰ ਵਿੱਚ ਹੀ ਗਾਉਣਾ ਸ਼ੁਰੂ ਕਰ ਦਿੱਤੀ ਸੀ। ਰੇਡੀਓ ਲਾਹੌਰ ਤੇ ਟਾਇਮ ਮਿਲਦਾ ਰਹਿੰਦਾ। ਉਸ ਜ਼ਮਾਨੇ 'ਚ ਰੇਡੀਓ ਦੇ ਲੋਕ ਬਹੁਤ ਸ਼ੌਕੀਨ ਸਨ। ਜਿਸ ਨਾਲ ਇਨ੍ਹਾਂ ਦੋਵਾਂ ਭੈਣਾਂ ਦੀ ਪ੍ਰਸਿੱਧੀ ਹੁੰਦੀ ਗਈ।ਸੁਰਿੰਦਰ ਕੌਰ ਨੇ ਸੰਗੀਤ ਦੀ ਸਿੱਖਿਆ ਪੰਡਤ ਮਣੀ ਪ੍ਰਸ਼ਾਦ ਤੇ ਉਸਤਾਦ ਅਬਦੁਲ ਰਹਿਮਨ ਖਾਨ ਤੋਂ ਪ੍ਰਾਪਤ ਕੀਤੀ। ਸੁਰਿੰਦਰ ਕੌਰ ਨੇ ਸਭ ਤੋਂ ਪਹਿਲਾ ਇੱਕ ਧਾਰਮਿਕ ਸਟੇਜ਼ ਤੇ ਅੰਮ੍ਰਿਤਸਰ ਵਿਖੇ ਗਾਇਆ, ਜਿੱਥੋ ਆਪ ਦੇ ਹੌਸਲੇ ਨੂੰ ਬਲ ਮਿਲਿਆ ਤੇ ਫਿਰ 30 ਅਗਸਤ, 1943 ਈ: ਨੂੰ ਲਾਹੌਰ ਰੇਡੀਓ ਸਟੇਸ਼ਨ ਤੇ ਗੀਤ ਗਾਉਣ ਦਾ ਮੌਕਾ ਮਿਲ ਗਿਆ। ਫੇਰ ਦੋਵਾਂ ਭੈਣਾਂ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਨੇ ਮਿਲ ਕੇ ਗੀਤ ਰਿਕਾਰਡ ਕੀਤਾ ਉਦੋ ਤਵਿਆਂ ਦਾ ਯੁੱਗ ਸੀ। ਗੀਤ ਸੀ 'ਮਾਵਾਂ ਤੇ ਧੀਆਂ ਰਲ ਬੈਠੀਆ ਨੀ ਮਾਏ' ਇਹ ਗੀਤ ਆਉਦਿਆ ਹੀ ਚੜ੍ਹਤ ਹੋ ਗਈ। ਗਾਇਕੀ ਖੇਤਰ ਵਿੱਚ ਨਾਮ ਗੂੰਜਣ ਲੱਗ ਪਿਆ। ਸੁਰਿੰਦਰ ਕੌਰ ਦਾ ਦੂਜਾ ਗੀਤ 'ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ, ਕੰਡਾ ਚੁੱਭਾ ਤੇਰੇ ਪੈਰ ਬਾਕੀਏ ਨਾਰੇ ਨੀ' ਬਹੁਤ ਹੀ ਸੋਹਣੀ ਪੇਸ਼ਕਾਰੀ ਨੇ ਤੇ ਰਸੀਲੀ ਅਵਾਜ਼ ਨੇ ਸੁਰਿੰਦਰ ਕੌਰ ਦਾ ਕੱਦ ਗਾਇਕੀ ਖੇਤਰ ਵਿੱਚ ਹੋਰ ਵੀ ਵਧਾ ਦਿੱਤਾ। ਸੁਰਿੰਦਰ ਕੌਰ ਦਾ ਵਿਆਹ 29 ਜਨਵਰੀ, 1948 ਈ: ਨੂੰ 19 ਕੁ ਸਾਲ ਦੀ ਉਮਰ ਵਿੱਚ ਜੋਗਿੰਦਰ ਸਿੰਘ ਸੋਢੀ ਗਾਜ਼ੀਆਬਾਦ ਨਾਲ ਹੋਇਆ।ਉਨ੍ਹਾਂ ਦੇ ਘਰ ਧੀਆਂ ਡੋਲੀ ਗੁਲੇਰੀਆ, ਨੰਦਨੀ ਤੇ ਪ੍ਰਮੋਦਨੀ ਨੇ ਜਨਮ ਲਿਆ। ਸੁਰਿੰਦਰ ਕੌਰ ਨੇ ਆਪਣੀ ਜਿੰਦਗੀ ਦਾ ਕੁਝ ਸਮਾਂ ਮੁੰਬਈ ਤੇ ਕੁਝ ਸਮਾਂ ਦਿੱਲੀ ਵੀ ਬਤੀਤ ਕੀਤਾ। ਸੁਰਿੰਦਰ ਕੌਰ ਨੇ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਦੁਆਰਾ ਸ਼ੁਰੂ ਕੀਤੇ ਗੀਤ, ਨਾਟਕ ਤੇ ਰੰਗਮੰਚ ਦਾ ਵਿਕਾਸ ਹੀ ਨਹੀ ਕੀਤਾ, ਸਗੋ ਇਸ ਦਾ ਘੇਰਾ ਬਹੁਤ ਵਧਾ ਦਿੱਤਾ। ਸੁਰਿੰਦਰ ਕੌਰ ਨੇ ਧਾਰਮਿਕ ਸਟੇਜ਼ਾ, ਮੇਲਿਆਂ ਤੇ ਇਨਕਲਾਬੀ ਸਟੇਜ਼ਾ ਤੇ ਵੀ ਗਾਇਆ। ਪੱਥਰ ਦੇ ਤਵਿਆਂ ਦੇ ਯੁੱਗ ਤੋਂ ਸ਼ੁਰੂ ਕਰਕੇ, ਕੈਸਿਟਾਂ, ਸੰਗੀਤਕ ਸੀਡੀਜ਼, ਟੀ.ਵੀ ਚੈਨਲਾ ਤੇ ਫਿਲਮਾਂ ਦੇ ਵੱਡੇ ਪਰਦਿਆਂ ਤੱਕ ਪਹੁੰਚੀ। ਸੁਰਿੰਦਰ ਕੌਰ ਨੇ ਜਿਨ੍ਹਾਂ ਕਲਾਕਾਰਾ ਨਾਲ ਗਾਇਆ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ। ਕਰਨੈਲ ਗਿੱਲ, ਹਰਚਰਨ ਗਰੇਵਾਲ, ਦੀਦਾਰ ਸੰਧੂ, ਮਹੁੰਮਦ ਸਦੀਕ, ਸਾਬਰ ਹੁਸੈਨ, ਰਮੇਸ਼ ਸਿੰਗਲਾ, ਆਸਾ ਸਿੰਘ ਮਸਤਾਨਾ, ਕੇ.ਐਸ. ਅਗਨੀਹੋਤਰੀ, ਰਮੇਸ਼ ਰਗੀਲਾ ਜੱਟ ਆਦਿ ਨਾਲ ਗੀਤ ਗਾਏ। ਜਿਨ੍ਹਾਂ ਗੀਤਕਾਰਾਂ ਦੇ ਸੁਰਿੰਦਰ ਕੌਰ ਦੀ ਅਵਾਜ਼ ਵਿੱਚ ਗੀਤ ਰਿਕਾਉਡ ਹੋਏ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ ਜਿਵੇਂ ਬਾਬਾ ਬੁੱਲ੍ਹੇਸਾਹ, ਸਾਹ ਹੁਸੈਨ, ਗੁਲਾਮ ਫ਼ਰੀਦ, ਪੀਲੂ, ਪ੍ਰੋ: ਮੋਹਨ ਸਿੰਘ, ਇੰਦਰਜੀਤ ਹਸਨਪੁਰੀ, ਦੇਵ ਥਰੀਕੇ ਵਾਲਾ, ਨੰਦ ਲਾਲ ਨੂਰਪੁਰੀ, ਸਿਵ ਕੁਮਾਰ, ਅੰਮ੍ਰਿਤਾ ਪ੍ਰੀਤਮ, ਹਰਭਜਨ ਸਿੰਘ, ਪ੍ਰੀਤ ਮਹਿੰਦਰ ਤਿਵਾੜੀ, ਗੁਰਦੇਵ ਮਾਨ ਆਦਿ ਸ਼ਾਇਰਾਂ (ਗੀਤਕਾਰਾ) ਦੇ ਗੀਤ ਗਾਏ ਅਤੇ ਅਨੇਕਾਂ ਫਿਲਮਾਂ ਦੇ ਗੀਤ ਵੀ ਗਾਏ। ਜਿਨ੍ਹਾਂ ਵਿੱਚ ਨਦੀਆਂ ਦੇ ਪਾਰ, ਲਾਲ ਦੁਪੱਟਾ, ਪਿਆਰ ਕੀ ਜੀਤ, ਸ਼ਹੀਦ ਬਾਵਰੇ ਨੈਣ, ਸੁਨਹਿਰੇ ਦਿਨ ਆਦਿ ਹਨ। ਸੁਰਿੰਦਰ ਕੌਰ ਨੇ 2000 ਤੋ ਵੱਧ ਗੀਤ ਗਾਏ, ਉਸ ਦੇ ਗਾਏ ਰਿਕਾਉਡ ਕਰਵਾਏ ਕੁਝ ਸੋਅਲੋ ਗੀਤ, ਦੁਗਾਣੇ ਇਸ ਪ੍ਰਕਾਰ ਹਨ:- ਮਾਹੀ ਮੋੜੇਗਾ ਕਦ ਮੁਹਾਰਾਂ, ਮਾਏ ਨੀ ਮਾਏ ਮੇਰੇ ਗੀਤਾ ਦੇ ਨੈਣਾਂ ਵਿੱਚੋ ਬਿਰਹੋ ਦੀ ਰੜਕ ਪਵੇ, ਨੀ ਮੈਨੂੰ ਦਿਉਰ ਦੇ ਵਿਆਹ ਵਿੱਚ ਨੱਚ ਲੈਣ ਦੇ, ਚੰਨ ਕਿੱਦਾਂ ਗੁਜ਼ਾਰੀ ਆਈ ਰਾਤ ਵੇ, ਬਾਜਰੇ ਦਾ ਛਿੱਟਾ ਅਸੀ ਤਲੀ 'ਤੇ ਮਰੋੜਿਆ ਰੁੱਠੜਾ ਜਾਂਦਾ ਮਾਹੀ ਅਸੀ ਗਲੀ ਵਿੱਚੋ ਮੋੜਿਆ, ਸੂਹੇ ਵੇ ਚੀਰੇ ਵਾਲਿਆ ਮੈ ਕਹਿੰਨੀਆਂ ਕਰ ਛੱਤਰੀ ਦੀ ਛਾਂ ਮੈ ਛਾਵੇ ਬਹਿਨੀਆਂ, ਚੰਨ ਵੇ ਸ਼ੌਕਣ ਮੇਲੇ ਦੀ ਪੈਰ ਧੋ ਕੇ ਝਾਂਜਰਾ ਪਾਉਦੀ ਮੇਲਦੀ ਆਉਦੀ, ਜੁੱਤ ਕਸੂਰੀ ਪੈਰ ਨਾ ਪੂਰੀ ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ, ਡਾਚੀ ਵਾਲਿਆ ਮੋੜ ਮੁਹਾਰ ਵੇ, ਇੱਕ ਮੇਰੀ ਅੱਖ ਕਾਸ਼ਨੀ ਦੂਜਾ ਰਾਤ ਦੇ ਉਨੀਦਰੇ ਨੇ ਮਾਰਿਆ, ਗੋਰੀ ਦੀਆਂ ਝਾਜਰਾਂ ਬੁਲਾਉਦੀਆਂ ਗਈਆਂ, ਮੈ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ, ਲੱਠੇ ਦੀ ਚਾਦਰ ਆਦਿ। ਸੁਰਿੰਦਰ ਕੌਰ ਨੂੰ ਆਪਣੀ ਗਾਇਕੀ ਸਦਕਾ ਸਦੀ ਦੀ ਗਾਇਕਾ, ਸਰਬੋਤਮ ਗਾਇਕਾ, ਪੰਜਾਬ ਦੀ ਕੋਇਲ, ਆਦਿ ਐਵਾਰਡ ਝੋਲੀ ਪਏ ਅਤੇ ਭਾਰਤ ਸਰਕਾਰ ਵੱਲੋ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਤ ਕੀਤਾ। ਲੱਖਾਂ ਦਿਲਾਂ ਤੇ ਰਾਜ ਕਰਨ ਵਾਲੀ ਪੰਜਾਬ ਦਾ ਮਾਣ ਸੁਰਿੰਦਰ ਕੌਰ ਦਾ 14 ਜੂਨ, 2006 ਈ: ਦੀ ਅੱਧੀ ਰਾਤ ਵੇਲੇ ਅਮਰੀਕਾ ਦੇ ਨਿਊਜਰਸੀ ਹਸਪਤਾਲ ਵਿੱਚ ਦਿਹਾਂਤ ਹੋਇਆ ਸੀ।ਭਾਵੇਂ ਪੰਜਾਬ ਦੀ ਕੋਇਲ ਸਦਾ ਲਈ ਪੰਜਾਬ ਤੋ ਦੂਰ ਚਲੀ ਗਈ ਪਰ ਉਨ੍ਹਾਂ ਦੇ ਗੀਤਾਂ ਦੀ ਖੁਸ਼ਬੋ ਸਦਾ ਮਹਿਕ ਖਿਲਾਰਦੀ ਰਹੇਗੀ।

## 31 ਸਾਲ ਦੀ ਉਮਰ ਵਿੱਚ ਜਦੋਂ ਗੁਰੂਦੱਤ ਨੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ





ਯਾਸਿਰ ਉਸਮਾਨ

**ਮਹਾਨ** ਭਾਰਤੀ ਡਾਇਰੈਕਟਰ ਅਤੇ ਅਦਾਕਾਰ ਗੁਰੂ ਦੱਤ ਮਹਿਜ਼ 39 ਸਾਲ ਦੇ ਸਨ ਜਦੋਂ 1964 ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ ਪਰ ਉਹ ਸਿਨੇਮਾ ਦੀ ਅਜਿਹੀ ਵਿਰਾਸਤ ਛੱਡ ਗਏ ਜਿਸ ਨਾਲ ਦਹਾਕਿਆਂ ਬਾਅਦ ਵੀ ਲੋਕ ਜੁੜਿਆ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਜਨਮ ਦੱਖਣ ਭਾਰਤ ਦੇ ਕਰਨਾਟਕ ਸੂਬੇ ਵਿੱਚ 9 ਜੁਲਾਈ 1925 ਨੂੰ ਹੋਇਆ ਸੀ ਅਤੇ ਇਹ ਹਫਤਾ ਉਨ੍ਹਾਂ ਦੀ ਜਨਮ ਸ਼ਤਾਬਦੀ ਵਜੋ ਮਨਾਇਆ ਜਾ ਰਿਹਾ ਹੈ। ਪਰ ਕੈਮਰੇ ਪਿਛਲੇ ਇਨਸਾਨ, ਉਨ੍ਹਾਂ ਦੀ ਭਾਵਨਾਤਮਕ ਉਥਲ-ਪੁਥਲ ਅਤੇ ਮਾਨਸਿਕ ਸਿਹਤ ਤੋਂ ਲੋਕ ਅਣਜਾਣ ਹੀ ਰਹੇ ਹਨ। ਚੇਤਾਵਨੀ: ਇਸ ਲੇਖ ਵਿਚਲੇ ਵੇਰਵੇ ਕੁਝ ਪਾਠਕਾਂ ਨੂੰ ਪਰੇਸ਼ਾਨ ਕਰ ਸਕਦੇ ਹਨ। ਸਦਾਬਹਾਰ ਵਿਸ਼ਿਆਂ ਲਈ ਫ਼ਿਲਮ ਸਕੂਲਾਂ ਵਿੱਚ ਜਾਣੀਆਂ ਜਾਂਦੀਆਂ 'ਪਿਆਸਾ' ਅਤੇ 'ਕਾਗਜ਼ ਕੇ ਫੂਲ' ਜਿਹੀਆਂ ਕਲਾਸਿਕ ਹਿੰਦੀ ਫ਼ਿਲਮਾਂ ਦੇ ਨਿਰਮਾਤਾ ਦੱਤ ਨੇ ਫ਼ਿਲਮ ਨਿਰਮਾਣ ਦੀ ਅਜਿਹੀ ਨਿੱਜਤਾ ਭਰੀ, ਅੰਤਰਮੁਖੀ ਸ਼ੈਲੀ ਬਣਾਈ ਜੋ ਅਜ਼ਾਦੀ ਤੋਂ ਬਾਅਦ ਦੇ ਦੌਰ ਵਿੱਚ ਨਿਵੇਕਲੀ ਸੀ। ਉਨ੍ਹਾਂ ਦੇ ਗੁੰਝਲਦਾਰ ਕਿਰਦਾਰ ਅਕਸਰ ਉਨ੍ਹਾਂ ਦੇ ਨਿੱਜੀ ਸੰਘਰਸ਼ਾਂ ਨੂੰ ਦਰਸਾਉਂਦੇ ਸੀ। ਵਿਆਪਕ ਰੂਪਕਾਂ ਨੂੰ ਛੂੰਹਦੇ ਉਨ੍ਹਾਂ ਦੇ ਕਹਾਣੀ ਕਹਿਣ ਦੇ ਤਰੀਕੇ, ਦਰਸ਼ਕਾਂ ਨੂੰ ਬਹੁਤ ਹੀ ਸੋਹਣੇ ਸਿਨੇਮਾ ਜ਼ਰੀਏ ਅਸਹਿਜ ਸੱਚਾਈਆਂ ਨਾਲ ਰੂਬਰੂ ਹੋਣ ਲਈ ਸੱਦਾ ਦਿੰਦੇ ਸਨ।

### ਕੋਰਿਓਗ੍ਰਾਫਰ ਵਜੋਂ ਫਿਲਮਾਂ ਵਿੱਚ ਐਂਟਰੀ

ਦੱਤ ਦੇ ਜੀਵਨ ਦੀ ਸ਼ੁਰੂਆਤ ਬਹੁਤ ਹੀ ਆਮ ਸੀ। ਉਨ੍ਹਾਂ ਨੇ ਬਚਪਨ ਵਿੱਚ ਵਿੱਤੀ ਕਠਿਨਾਈਆਂ ਅਤੇ ਉਤਰਾਅ-ਚੜ੍ਹਾਅ ਵਾਲੀ ਪਰਿਵਾਰਕ ਜ਼ਿੰਦਗੀ ਦੇਖੀ। ਜਦੋਂ ਦੱਤ ਦਾ ਪਰਿਵਾਰ ਕੰਮਕਾਜ ਲਈ ਬੰਗਾਲ ਆ ਕੇ ਰਹਿਣ ਲੱਗ ਗਿਆ ਤਾਂ ਸਥਾਨਕ ਸੱਭਿਆਚਾਰ ਨੇ ਦੱਤ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਇਸੇ ਨੇ ਅੱਗੇ ਜਾ ਕੇ ਦੱਤ ਦੀ ਸਿਨੇਮਾ ਪ੍ਰਤੀ ਦਾਰਸ਼ਨਿਕਤਾ ਨੂੰ ਅਕਾਰ ਦਿੱਤਾ। ਸਾਲ 1940 ਵਿੱਚ ਬੰਬੇ ਫ਼ਿਲਮ ਸਨਅਤ ਵਿੱਚ ਪੈਰ ਰੱਖਣ ਮਗਰੋ ਉਨ੍ਹਾਂ ਨੇ ਆਪਣਾ ਗੋਤ ਪਾਦੂਕੋਣ ਛੱਡ ਦਿੱਤਾ। ਉਨ੍ਹਾਂ ਨੇ ਫ਼ਿਲਮੀ ਸਫਰ ਦੀ ਸ਼ੁਰੂਆਤ ਡਾਇਰੈਕਟਰ ਵਜੋ ਨਹੀ ਬਲਕਿ ਕੋਰਿਓਗ੍ਰਾਫਰ ਵਜੋ ਕੀਤੀ ਅਤੇ ਗੁਜ਼ਾਰੇ ਲਈ ਟੈਲੀਫ਼ੋਨ ਓਪਰੇਟਰ ਵਜੋ ਵੀ ਕੰਮ ਕੀਤਾ। ਉਸ ਦਹਾਕੇ ਵਿਚਲੀਆਂ ਘਟਨਾਵਾਂ, ਅਨਿਸ਼ਚਿਤਤਵਾਂ ਅਤੇ ਭਾਰਤ ਦੀ ਅਜ਼ਾਦੀ ਲਈ ਤਿੱਖੇ ਹੋਏ ਸੰਘਰਸ਼ ਨੇ ਉੱਭਰਦੇ ਫ਼ਿਲਮ ਨਿਰਮਾਤਾ ਦੇ ਨਜ਼ਰੀਏ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਇਸੇ ਦੌਰ ਵਿੱਚ ਹੀ ਉਨ੍ਹਾਂ ਨੇ 'ਕਸ਼ਮਕਸ਼' ਲਿਖੀ ਜੋ ਕਿ ਕਲਾਤਮਕ ਗੁੱਸੇ ਅਤੇ ਸਮਾਜਿਕ ਨਿਰਾਸ਼ਾ ਵਿੱਚੋ ਨਿਕਲੀ ਹੋਈ ਕਹਾਣੀ ਸੀ, ਇਸੇ ਵਿਚਾਰ ਨੇ ਹੀ ਅੱਗੇ ਜਾ ਕੇ ਉਨ੍ਹਾਂ ਦੀ ਮਾਸਟਰਪੀਸ ਕਹਾਣੀ 'ਪਿਆਸਾ' ਨੂੰ ਅਕਾਰ ਦਿੱਤਾ। ਸੰਘਰਸ਼ ਦੇ ਦਿਨਾਂ ਤੋਂ ਦੱਤ ਅਤੇ ਦੇਵ ਆਨੰਦ ਦੀ ਦੋਸਤੀ ਸੀ। ਦੇਵ ਆਨੰਦ ਦੀ ਮਦਦ ਨਾਲ ਦੱਤ ਨੂੰ 1951 ਵਿੱਚ ਉਨ੍ਹਾਂ ਦੀ ਪਹਿਲੀ ਫ਼ਿਲਮ ਡਾਇਰੈਕਟ ਕਰਨ ਦਾ ਮੌਕਾ ਮਿਲਿਆ। ਫ਼ਿਲਮ 'ਬਾਜ਼ੀ' ਨੇ ਉਨ੍ਹਾਂ ਨੂੰ ਸ਼ੋਹਰਤ ਦਿੱਤੀ। ਉਨ੍ਹਾਂ ਨੂੰ ਮਸ਼ਹੂਰ ਗਾਇਕਾ ਗੀਤਾ ਰੌਏ ਨਾਲ ਪਿਆਰ ਹੋ ਗਿਆ ਅਤੇ ਬਹੁਤ ਸਾਰੇ ਜਾਨਣ ਵਾਲਿਆਂ ਮੁਤਾਬਕ ਇਹ ਸ਼ੁਰੂਆਤੀ ਸਾਲ ਉਨ੍ਹਾਂ ਦਾ ਸਭ ਤੋਂ ਖੁਸ਼ਹਾਲ ਸਮਾਂ ਸੀ। ਆਪਣੀ ਫ਼ਿਲਮ ਕੰਪਨੀ ਖੋਲ੍ਹਣ ਤੋਂ ਬਾਅਦ ਰੋਮਾਂਟਿਕ ਕਾਮੇਡੀ ਫਿਲਮਾਂ 'ਆਰ-ਪਾਰ' ਅਤੇ 'ਮਿਸਟਰ ਐਂਡ ਮਿਸਿਜ਼ 55' ਉਨ੍ਹਾਂ ਦੀਆਂ ਇੱਕ ਤੋਂ ਬਾਅਦ ਇੱਕ ਹਿੱਟ ਫ਼ਿਲਮਾਂ ਸਨ। ਦੋਵੇਂ ਫ਼ਿਲਮਾਂ ਵਿੱਚ ਹੀ ਉਹ ਮੁੱਖ ਭੂਮਿਕਾ ਵਿੱਚ ਸਨ। ਪਰ ਕਲਾਤਮਕ ਗਹਿਰਾਈ ਲਈ ਉਨ੍ਹਾਂ ਨੇ ਫ਼ਿਲਮ 'ਪਿਆਸਾ' ਬਣਾਈ ਜੋ ਉਨ੍ਹਾਂ ਦੀ ਪਛਾਣ ਬਣੀ। ਇਹ ਇੱਕ ਗੰਭੀਰ ਫ਼ਿਲਮ ਸੀ ਜਿਸ ਵਿੱਚ ਪਦਾਰਥਵਾਦੀ ਦੁਨੀਆਂ ਵਿੱਚ ਇੱਕ ਕਲਾਕਾਰ ਦੇ ਸੰਘਰਸ਼ ਨੂੰ ਦਰਸਾਇਆ ਗਿਆ ਸੀ। ਦਹਾਕਿਆਂ ਬਾਅਦ ਇਹ ਇਕਲੌਤੀ ਹਿੰਦੀ ਫ਼ਿਲਮ ਬਣੀ ਜਿਸ ਨੇ ਟਾਈਮਜ਼ ਮੈਗਜ਼ੀਨ ਦੀ ਵੀਹਵੀ ਸਦੀ ਦੀਆਂ 100 ਮਹਾਨ ਫ਼ਿਲਮਾਂ ਦੀ ਸੂਚੀ ਵਿੱਚ ਜਗ੍ਹਾ ਬਣਾਈ।

### ਖੁਦਕੁਸ਼ੀ ਦੀ ਕੋਸ਼ਿਸ਼

ਮੇਰੇ ਵੱਲੋ ਲਿਖੀ ਗੁਰੂਦੱਤ ਦੀ ਜੀਵਨੀ ਦੌਰਾਨ ਮੇਰੀ ਸਹਿਯੋਗੀ ਰਹੀ ਦੱਤ ਦੀ ਛੋਟੀ ਭੈਣ, ਮਰਹੂਮ ਲਲਿਤਾ ਲਾਜਮੀ ਨੇ ਕਿਹਾ ਸੀ ਕਿ 'ਪਿਆਸਾ' ਉਸ ਦੇ ਭਰਾ ਦਾ 'ਡਰੀਮ ਪ੍ਰੋਜੈਕਟ' ਸੀ ਅਤੇ ਉਹ ਇਸ ਵਿੱਚ ਕੋਈ ਕਮੀ ਨਹੀ ਛੱਡਣਾ ਚਾਹੁੰਦੇ ਸੀ। ਇੱਕ ਡਾਇਰੈਕਟਰ ਵਜੋਂ, ਦੱਤ ਅਜਿਹੀਆਂ ਫ਼ਿਲਮਾਂ ਬਣਾਉਣ ਦੇ ਸ਼ੌਕੀਨ ਸਨ ਜੋ ਸੈੱਟ ਉਤੇ ਅਕਾਰ ਲੈਂਦੀਆਂ ਸਨ। ਸਕ੍ਰਿਪਟ ਅਤੇ ਸੰਵਾਦ ਵਿੱਚ ਕਈ ਬਦਲਾਅ ਕਰ ਦਿੰਦੇ ਸਨ ਅਤੇ ਕੈਮਰਾ ਤਕਨੀਕਾਂ ਨਾਲ ਪ੍ਰਯੋਗ ਕਰਦੇ ਸਨ। ਕਿਉਕਿ ਉਹ ਦ੍ਰਿਸ਼ ਰੱਦ ਕਰਨ ਅਤੇ ਦੁਬਾਰਾ ਫਿਲਮਾਉਣ ਲਈ ਜਾਣੇ ਜਾਂਦੇ ਸਨ, ਫ਼ਿਲਮ 'ਪਿਆਸਾ' ਦੌਰਾਨ ਇਹ ਕਾਫ਼ੀ ਚਿੰਤਾਜਨਕ ਸਥਿਤੀ ਤੱਕ ਪਹੁੰਚ ਗਿਆ ਸੀ। ਜਿਵੇਂ ਕਿ ਫ਼ਿਲਮ ਦੇ ਮਸ਼ਹੂਰ ਕਲਾਈਮੈਕਸ ਨੂੰ ਫਿਲਮਾਉਣ ਲਈ ਉਨ੍ਹਾਂ ਨੇ 104 ਵਾਰ ਟੇਕ ਲਏ ਸਨ। ਲਾਜਮੀ ਨੇ ਦੱਸਿਆ ਸੀ ਕਿ ਜੇ ਕੰਮ ਠੀਕ ਨਹੀ ਸੀ ਹੁੰਦਾ ਤਾਂ ਉਹ ਚੀਕਦੇ ਸੀ ਅਤੇ ਬਹੁਤ ਗੁੱਸੇ ਵਿੱਚ ਆ ਜਾਂਦੇ ਸੀ। ਲਲਿਤਾ ਲਾਜਮੀ ਨੇ ਕਿਹਾ, "ਨੀਦ ਉਨ੍ਹਾਂ ਤੋ ਦੂਰ ਹੋ ਗਈ ਸੀ। ਸ਼ਰਾਬ ਦਾ ਦੁਰ-ਉਪਯੋਗ ਅਤੇ ਸ਼ਰਾਬ 'ਤੇ ਨਿਰਭਰਤਾ ਸ਼ੁਰੂ ਹੋ ਗਈ ਸੀ। ਇੱਥੋ ਤੱਕ ਕਿ ਉਨ੍ਹਾਂ ਨੇ ਵਿਸਕੀ ਵਿੱਚ ਨੀਦ ਦੀਆਂ ਗੋਲੀਆਂ ਮਿਲਾ ਕੇ ਲੈਣੀਆਂ ਵੀ ਸ਼ੁਰੂ ਕਰ ਦਿੱਤੀਆਂ ਸੀ। ਗੁਰੂ ਦੱਤ ਨੇ 'ਪਿਆਸਾ' ਬਣਾਉਣ ਲਈ ਆਪਣੀ ਨੀਦ, ਸੁਫਨੇ ਅਤੇ ਯਾਦਾਂ ਸਭ ਦਾਅ 'ਤੇ ਲਗਾ ਦਿੱਤੇ ਸਨ।" 1956 ਵਿੱਚ ਜਦੋਂ ਉਨ੍ਹਾਂ ਦਾ ਅਭਿਲਾਸ਼ੀ ਪ੍ਰੋਜੈਕਟ ਮੁਕੰਮਲ ਹੋਣ ਦੇ ਨੇੜੇ ਸੀ ਤਾਂ 31 ਸਾਲ ਦੇ ਦੱਤ ਨੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਕਿਹਾ, "ਜਦੋ ਖ਼ਬਰ ਮਿਲੀ ਤਾਂ ਅਸੀ ਪਾਲੀ ਹਿੱਲ (ਜਿੱਥੇ ਉਹ ਰਹਿੰਦੇ ਸੀ) ਵੱਲ ਗਏ। ਮੈਨੂੰ ਪਤਾ ਸੀ ਉਸ ਅੰਦਰ ਉਥਲ ਪੁਥਲ ਚੱਲ ਰਹੀ ਸੀ। ਉਹ ਅਕਸਰ ਮੈਨੂੰ ਬੁਲਾਉਦਾ ਸੀ ਕਿ ਕੁਝ ਗੱਲ ਕਰਨੀ ਹੈ ਪਰ ਜਦੋ ਮੈ ਜਾਂਦੀ ਸੀ ਤਾਂ ਕੁਝ ਨਹੀ ਕਹਿੰਦਾ ਸੀ।" ਪਰ ਹਸਪਤਾਲ ਵਿੱਚ ਛੁੱਟੀ ਮਿਲਣ ਤੋ ਬਾਅਦ ਪਰਿਵਾਰ ਵੱਲੋ ਕੋਈ ਪੇਸ਼ੇਵਰ ਮਦਦ ਨਹੀ ਮੰਗੀ ਗਈ ਸੀ। ਲਾਜਮੀ ਨੇ ਕਿਹਾ ਕਿ ਉਸ ਵੇਲੇ ਮਾਨਸਿਕ ਸਿਹਤ, ਸਮਾਜ ਵਿੱਚ 'ਕਲੰਕਿਤ' ਵਿਸ਼ਾ ਸੀ ਅਤੇ 'ਪਿਆਸਾ' 'ਤੇ ਕਾਫ਼ੀ ਪੈਸਾ ਲੱਗਿਆ ਹੋਣ ਕਾਰਨ ਪਰਿਵਾਰ ਨੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਦੇ ਭਰਾ ਦੇ ਅੰਦਰੂਨੀ ਸੰਘਰਸ਼ ਪਿਛਲੇ ਕਾਰਨਾਂ ਨੂੰ ਪੂਰੀ ਤਰ੍ਹਾਂ ਨਹੀ ਜਾਣਿਆ।



-ਲਲਿਤਾ ਲਾਜਮੀ

> "ਨੀਂਦ ਉਨ੍ਹਾਂ ਤੋਂ ਦੂਰ ਹੋ ਗਈ ਸੀ। ਸ਼ਰਾਬ ਦਾ ਦੁਰ-ਉਪਯੋਗ ਅਤੇ ਸ਼ਰਾਬ 'ਤੇ ਨਿਰਭਰਤਾ ਸ਼ੁਰੂ ਹੋ ਗਈ ਸੀ। ਇੱਥੋਂ ਤੱਕ ਕਿ ਉਨ੍ਹਾਂ ਨੇ ਵਿਸਕੀ ਵਿੱਚ ਨੀਂਦ ਦੀਆਂ ਗੋਲੀਆਂ ਮਿਲਾ ਕੇ ਲੈਣੀਆਂ ਵੀ ਸ਼ੁਰੂ ਕਰ ਦਿੱਤੀਆਂ ਸੀ। ਗੁਰੂ ਦੱਤ ਨੇ 'ਪਿਆਸਾ' ਬਣਾਉਣ ਲਈ ਆਪਣੀ ਨੀਂਦ, ਸੁਫਨੇ ਅਤੇ ਯਾਦਾਂ ਸਭ ਦਾਅ 'ਤੇ ਲਗਾ ਦਿੱਤੇ ਸਨ।"

### ਫ਼ਿਲਮ ਡਾਇਰੈਕਟ ਕਰਨੀ ਛੱਡੀ

ਸਾਲ 1957 ਵਿੱਚ ਰਿਲੀਜ਼ ਹੋਈ ਪਿਆਸਾ, ਵਪਾਰਕ ਅਤੇ ਅਲੋਚਨਾਤਮਤ- ਦੋਹਾਂ ਪੱਖਾਂ ਤੋ ਵੱਡੀ ਜਿੱਤ ਸੀ ਜਿਸ ਨੇ ਦੱਤ ਨੂੰ ਸਟਾਰਡਮ ਦਿੱਤਾ। ਪਰ ਦੱਤ ਨੇ ਸਫ਼ਲਤਾ ਦੇ ਬਾਵਜੂਦ ਅਕਸਰ ਇੱਕ ਖ਼ਾਲੀਪਣ ਦੀ ਭਾਵਨਾ ਜ਼ਾਹਿਰ ਕੀਤੀ। ਪਿਆਸਾ ਦੇ ਮੁੱਖ ਸਿਨੇਮੈਟੋਗ੍ਰਾਫਰ ਵੀਕੇ ਮੂਰਥੀ ਨੇ ਦੱਤ ਨੂੰ ਯਾਦ ਕਰਦਿਆਂ ਕਿਹਾ, "ਮੈ ਇੱਕ ਡਾਇਰੈਕਟਰ ਤੇ ਐਕਟਰ ਬਣਨਾ ਚਾਹੁੰਦਾ ਸੀ, ਚੰਗੀਆਂ ਫ਼ਿਲਮਾਂ ਬਣਾਉਣਾ ਚਾਹੁੰਦਾ ਸੀ, ਮੈ ਸਭ ਹਾਸਿਲ ਕੀਤਾ। ਮੇਰੇ ਕੋਲ ਪੈਸਾ ਹੈ, ਸਭ ਕੁਝ ਹੈ ਪਰ ਫਿਰ ਵੀ ਕੁਝ ਨਹੀ ਹੈ।" ਦੱਤ ਦੀਆਂ ਫ਼ਿਲਮਾਂ ਅਤੇ ਨਿੱਜੀ ਜ਼ਿੰਦਗੀ ਦਰਮਿਆਨ ਵੀ ਇੱਕ ਅਜੀਬ ਵਿਰੋਧਾਭਾਸ ਸੀ। ਲਾਜਮੀ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਫ਼ਿਲਮਾਂ ਵਿੱਚ ਅਕਸਰ ਤਾਕਤਵਰ ਅਤੇ ਸੁਤੰਤਰ ਔਰਤਾਂ ਚਿਤਰੀਆਂ ਜਾਂਦੀਆਂ ਸੀ ਪਰ ਨਿੱਜੀ ਜ਼ਿੰਦਗੀ ਵਿੱਚ ਆਪਣੀ ਪਤਨੀ ਤੋ ਉਹ ਰਵਾਇਤੀ ਭੂਮਿਕਾ ਵਿੱਚ ਰਹਿਣ ਦੀ ਉਮੀਦ ਕਰਦੇ ਸਨ ਅਤੇ ਚਾਹੁੰਦੇ ਸਨ ਕਿ ਉਹ ਸਿਰਫ਼ ਉਨ੍ਹਾਂ ਦੀ ਕੰਪਨੀ ਵੱਲੋ ਬਣਾਈਆਂ ਫ਼ਿਲਮਾਂ ਵਿੱਚ ਹੀ ਗਾਵੇ। ਆਪਣੀ ਕੰਪਨੀ ਦੀ ਤਰੱਕੀ ਲਈ ਦੱਤ ਦਾ ਸਧਾਰਨ ਨਿਯਮ ਸੀ ਕਿ ਹਰ ਕਲਾਤਮਕ ਦਾਅ ਤੋ ਬਾਅਦ ਇੱਕ ਲਾਹੇਵੰਦ ਵਪਾਰਕ ਫ਼ਿਲਮ ਹੋਣੀ ਚਾਹੀਦੀ ਹੈ। ਪਰ ਪਿਆਸਾ ਦੀ ਵੱਡੀ ਕਾਮਯਾਬੀ ਤੋ ਬਾਅਦ, ਉਨ੍ਹਾਂ ਨੇ ਆਪਣਾ ਹੀ ਨਿਯਮ ਦਰਕਿਨਾਰ ਕੀਤਾ ਅਤੇ ਆਪਣੀ ਸਭ ਤੋਂ ਨਿੱਜੀ, ਮਹਿੰਗੀ ਅਤੇ ਅਰਧ-ਆਤਮਜੀਵਨੀ ਜਿਹੀ ਫ਼ਿਲਮ 'ਕਾਗਜ਼ ਕੇ ਫੂਲ' ਬਣਾਉਣੀ ਸ਼ੁਰੂ ਕਰ ਦਿੱਤੀ। ਇਹ ਫ਼ਿਲਮ ਨਿਰਮਾਤਾ ਦੀ ਨਾਖੁਸ਼ ਵਿਆਹੁਤਾ ਜ਼ਿੰਦਗੀ ਅਤੇ ਆਪਣੇ ਕੰਮ ਨਾਲ ਦੁਬਿਧਾ ਭਰੇ ਰਿਸ਼ਤੇ ਦੀ ਕਹਾਣੀ ਬਿਆਨ ਕਰਦੀ ਹੈ। ਇਸ ਫ਼ਿਲਮ ਦਾ ਅੰਤ ਫ਼ਿਲਮ ਨਿਰਮਾਤਾ ਦੀ ਮੌਤ ਨਾਲ ਹੁੰਦਾ ਹੈ ਜਦੋ ਉਹ ਇਕਲਾਪੇ ਅਤੇ ਬਰਬਾਦ ਹੋਏ ਰਿਸ਼ਤਿਆਂ ਨਾਲ ਸਮਝੌਤੇ ਕਰਨ ਵਿੱਚ ਅਸਫ਼ਲ ਹੋ ਜਾਂਦਾ ਹੈ। ਭਾਵੇਂ ਹੁਣ ਇਸ ਨੂੰ ਇੱਕ ਕਲਾਸਿਕ ਫ਼ਿਲਮ ਮੰਨਿਆ ਜਾਂਦਾ ਹੈ, ਪਰ ਉਸ ਵੇਲੇ ਵਪਾਰਕ ਪੱਖੋ ਇਹ ਫ਼ਿਲਮ ਫਲੋਪ ਹੋਈ ਸੀ। ਇਹ ਅਜਿਹਾ ਝਟਕਾ ਸੀ ਜਿਸ ਤੋ ਦੱਤ ਕਦੇ ਉੱਭਰ ਨਹੀ ਸੀ ਸਕੇ। ਚੈਨਲ 4 ਦੀ ਦਸਤਾਵੇਜ਼ੀ ਇਨ ਸਰਚ ਆਫ ਗੁਰੂਦੱਤ, ਉਨ੍ਹਾਂ ਦੀ ਸਹਿ-ਕਲਾਕਾਰ ਵਾਹੀਦਾ ਰਹਿਮਾਨ ਨੇ ਉਨ੍ਹਾਂ ਨੂੰ ਯਾਦ ਕਰਦਿਆਂ ਕਿਹਾ, "ਜ਼ਿੰਦਗੀ ਵਿੱਚ ਦੋ ਹੀ ਚੀਜ਼ਾਂ ਤਾਂ ਹਨ- ਸਫ਼ਲਤਾ ਅਤੇ ਅਸਫ਼ਲਤਾ। ਇਨ੍ਹਾਂ ਦੇ ਵਿਚਕਾਰ ਕੁਝ ਵੀ ਨਹੀ ਹੈ।" 'ਕਾਗਜ਼ ਕੇ ਫੂਲ' ਤੋ ਬਾਅਦ ਉਨ੍ਹਾਂ ਨੇ ਕਦੇ ਕੋਈ ਫ਼ਿਲਮ ਡਾਇਰੈਕਟ ਨਹੀ ਕੀਤੀ। ਪਰ ਉਨ੍ਹਾਂ ਦੀ ਕੰਪਨੀ ਨੇ ਸਮੇ ਨਾਲ ਘਾਟਾ ਪੂਰਾ ਕਰ ਲਿਆ ਅਤੇ ਪ੍ਰੋਡਿਊਸਰ ਵਜੋ 'ਚੌਦਵੀ ਕਾ ਚਾਂਦ' ਨਾਲ ਉਨ੍ਹਾਂ ਨੇ ਧਮਾਕੇਦਾਰ ਵਾਪਸੀ ਕੀਤੀ ਜੋ ਕਿ ਉਨ੍ਹਾਂ ਦੇ ਕਰੀਅਰ ਦੀ ਸਭ ਤੋ ਵੱਡੀ ਕਮਰਸ਼ੀਅਲ ਹਿੱਟ ਰਹੀ। ਉਨ੍ਹਾਂ ਨੇ ਫਿਰ ਅਬਰਾਰ ਅਲਵੀ ਵੱਲੋਂ ਨਿਰਦੇਸ਼ਿਤ 'ਸਾਹਿਬ ਬੀਬੀ ਔਰ ਗ਼ੁਲਾਮ' ਲਾਂਚ ਕੀਤੀ। ਲਾਜਮੀ ਨੇ ਕਿਹਾ ਕਿ ਉਸ ਸਮੇ ਤੱਕ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਗਹਿਰੇ ਉਥਲ-ਪੁਥਲ ਵਿੱਚ ਸੀ। ਇਹ ਫ਼ਿਲਮ ਪਿਆਰ-ਹੀਣ ਵਿਆਹੁਤਾ ਜ਼ਿੰਦਗੀ ਵਿੱਚ ਫਸੀ ਔਰਤ ਦਾ ਇਕਲਾਪਾ ਦਰਸਾਉਦੀ ਸੀ ਜੋ ਕਿ ਹੋਰ ਔਰਤਾਂ ਦੇ ਸ਼ੌਕੀਨ ਆਦਮੀ ਨਾਲ ਵਿਆਹੀ ਹੋਈ ਹੈ। ਲੇਖਕ ਬਿਮਲ ਮਿਤਰਾ ਯਾਦ ਕਰਦੇ ਹਨ ਕਿ ਦੱਤ ਨੇ ਉਨ੍ਹਾਂ ਨਾਲ ਨੀਦ ਨਾ ਆਉਣ ਅਤੇ ਨੀਦ ਦੀਆਂ ਗੋਲੀਆਂ ਖਾਣ ਬਾਰੇ ਜ਼ਿਕਰ ਕੀਤਾ ਸੀ। ਉਦੋ ਤੱਕ, ਉਨ੍ਹਾਂ ਦਾ ਵਿਆਹ ਦਮ ਤੋੜ ਚੁੱਕਿਆ ਸੀ ਅਤੇ ਮਾਨਸਿਕ ਸਿਹਤ ਬਦਤਰ ਹੋ ਚੁੱਕੀ ਸੀ। ਮਿੱਤਰਾ ਨੇ ਦੱਤ ਨਾਲ ਆਪਣੀਆਂ ਗੱਲਾਂ ਯਾਦ ਕਰਦਿਆਂ ਕਿਹਾ ਕਿ ਉਹ ਅਕਸਰ ਕਹਿੰਦੇ ਸੀ, "ਮੈਨੂੰ ਲਗਦਾ ਹੈ ਮੈ ਪਾਗਲ ਹੋ ਜਾਵਾਂਗਾ।" ਇੱਕ ਰਾਤ, ਦੱਤ ਨੇ ਫਿਰ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਉਹ ਤਿੰਨ ਦਿਨਾਂ ਤੱਕ ਬੇਹੋਸ਼ ਰਹੇ। ਲਾਜਮੀ ਨੇ ਕਿਹਾ ਕਿ ਉਸ ਤੋਂ ਬਾਅਦ ਡਾਕਟਰ ਦੀ ਸਲਾਹ 'ਤੇ ਉਨ੍ਹਾਂ ਦੇ ਪਰਿਵਾਰ ਨੇ ਮਨੋਵਿਗਿਆਨੀ ਨੂੰ ਉਨ੍ਹਾਂ ਦੇ ਇਲਾਜ ਲਈ ਬੁਲਾਇਆ ਪਰ ਦੱਤ ਕਦੇ ਇਸ ਦੀ ਪਾਲਣਾ ਨਹੀ ਕਰਦੇ ਸੀ। ਲਾਜਮੀ ਨੇ ਪਛਤਾਵੇ ਨਾਲ ਕਿਹਾ, "ਅਸੀ ਫਿਰ ਕਦੇ ਮਨੋਵਿਗਿਆਨੀ ਨੂੰ ਨਹੀ ਸੱਦਿਆ।" ਉਨ੍ਹਾਂ ਦਾ ਮੰਨਣਾ ਸੀ ਕਿ ਸਾਲਾਂ ਤੱਕ ਉਨ੍ਹਾਂ ਦਾ ਭਰਾ ਮਦਦ ਲਈ ਚੁੱਪਚਾਪ ਰੋਦੇ ਰਿਹਾ, ਸ਼ਾਇਦ ਹਨੇਰੇ ਵਿੱਚ ਫਸਿਆ ਮਹਿਸੂਸ ਕਰਦਾ ਰਿਹਾ ਜਿੱਥੇ ਕੋਈ ਉਨ੍ਹਾਂ ਦਾ ਦੁਖ ਨਾ ਦੇਖ ਸਕੇ, ਇੰਨੇ ਹਨੇਰੇ ਵਿੱਚ ਕਿ ਉਨ੍ਹਾਂ ਨੂੰ ਵੀ ਬਾਹਰ ਆਉਣ ਦਾ ਰਾਹ ਨਹੀ ਦਿਸ ਸਕਿਆ। ਦੱਤ ਨੂੰ ਛੁੱਟੀ ਮਿਲਣ ਤੋ ਕੁਝ ਦਿਨ ਬਾਅਦ, 'ਸਾਹਿਬ ਬੀਬੀ ਔਰ ਗ਼ੁਲਾਮ' ਦਾ ਫਿਲਮਾਂਕਣ ਸ਼ੁਰੂ ਹੋ ਗਿਆ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਜਦੋ ਮਿਤਰਾ ਨੇ ਘਟਨਾ ਬਾਰੇ ਪੁੱਛਿਆ ਤਾਂ ਦੱਤ ਨੇ ਕਿਹਾ, "ਅੱਜਕਲ੍ਹ ਮੈ ਅਕਸਰ ਸੋਚਦਾ ਹਾਂ ਕਿ ਇਹ ਕਿਸ ਚੀਜ਼ ਦੀ ਬੇਚੈਨੀ ਸੀ ਕਿ ਮੈ ਖੁਦਕੁਸ਼ੀ ਲਈ ਤਿਆਰ ਸੀ? ਜਦੋ ਮੈ ਇਸ ਬਾਰੇ ਸੋਚਦਾ ਹਾਂ ਤਾਂ ਡਰ ਜਾਂਦਾ ਹੈ। ਪਰ ਉਸ ਦਿਨ ਮੈਨੂੰ ਉਹ ਨੀਦ ਦੀਆਂ ਗੋਲੀਆਂ ਖਾਣ ਵਿੱਚ ਕੋਈ ਦੁਚਿੱਤੀ ਮਹਿਸੂਸ ਨਹੀ ਹੋਈ।" ਫ਼ਿਲਮ ਸਫ਼ਲ ਹੋਈ ਅਤੇ ਇਸ ਨੇ 1963 ਬਰਲਿਨ ਫ਼ਿਲਮ ਫੈਸਟੀਵਲ ਵਿੱਚ ਭਾਰਤ ਦੀ ਰਸਮੀ ਐਂਟਰੀ ਕਰਾਈ। ਫ਼ਿਲਮ ਨੇ ਨੈਸ਼ਨਲ ਐਵਾਰਡ ਵੀ ਜਿੱਤਿਆ।

ਪਰ ਦੱਤ ਦਾ ਨਿੱਜੀ ਸੰਘਰਸ਼ ਵਧਦਾ ਹੀ ਗਿਆ। ਉਹ ਆਪਣੀ ਪਤਨੀ ਤੋ ਵੱਖ ਹੋ ਗਏ ਅਤੇ ਭਾਵੇਂ ਫ਼ਿਲਮਾਂ ਵਿੱਚ ਅਦਾਕਾਰੀ ਕਰਦੇ ਰਹੇ ਪਰ ਇਕਲਾਪੇ ਨਾਲ ਜੂਝਦੇ ਰਹੇ। ਅਕਸਰ ਰਾਹਤ ਲਈ ਸ਼ਰਾਬ ਅਤੇ ਨੀਦ ਦੀਆਂ ਗੋਲੀਆਂ ਦਾ ਸਹਾਰਾ ਲੈਂਦੇ ਸੀ। ਦੱਤ 10 ਅਕਤੂਬਰ, 1964 ਨੂੰ 39 ਸਾਲ ਦੀ ਉਮਰ ਵਿੱਚ ਆਪਣੇ ਕਮਰੇ ਅੰਦਰ ਮ੍ਰਿਤ ਮਿਲੇ। ਵਹੀਦਾ ਰਹਿਮਾਨ ਨੇ 1967 ਦੇ ਜਰਨਲ ਆਫ ਫ਼ਿਲਮ ਇੰਡਸਟਰੀ ਵਿੱਚ ਲਿਖਿਆ, "ਮੈ ਜਾਣਦੀ ਸੀ ਕਿ ਉਹ ਹਮੇਸ਼ਾ ਇਹ ਚਾਹ ਰਿਹਾ ਸੀ, ਇਸ (ਮੌਤ) ਲਈ ਤਰਸ ਰਿਹਾ ਸੀ ਅਤੇ ਉਸ ਨੂੰ ਮਿਲ ਗਈ।" ਪਿਆਸਾ ਦੇ ਮੁੱਖ ਕਿਰਦਾਰ ਵਾਂਗੂ ਦੱਤ ਨੂੰ ਸੱਚੀ ਪ੍ਰਸ਼ੰਸਾ ਉਨ੍ਹਾਂ ਦੇ ਜਾਣ ਤੋਂ ਬਾਅਦ ਹੀ ਮਿਲੀ। ਸਿਨੇਮਾ ਪ੍ਰੇਮੀ ਅਕਸਰ ਸੋਚਦੇ ਹਨ ਕਿ ਜੇ ਦੱਤ ਲੰਬਾ ਜਿਉਦੇ ਤਾਂ ਕੀ ਹੋਣਾ ਸੀ। ਸ਼ਾਇਦ ਉਹ ਆਪਣੀ ਦਾਰਸ਼ਨਿਕਤਾ ਅਤੇ ਸਾਹਿਤਕ ਕੰਮ ਨਾਲ ਭਾਰਤੀ ਸਿਨੇਮਾ ਨੂੰ ਅਕਾਰ ਦੇਣ ਦਾ ਕੰਮ ਕਰਦੇ ਰਹਿੰਦੇ। ਯਾਸਿਰ ਉਸਮਾਨ ਗੁਰੂ ਦੱਤ ਦੀ ਜੀਵਨੀ 'ਐਨ ਅਨਫਿਨਿਸ਼ਡ ਸਟੋਰੀ' ਦੇ ਲੇਖਕ ਹਨ।



## ਭਗਤੀ, ਮਨੋਰੰਜਨ ਅਤੇ ਪਰਮ ਆਨੰਦ ਦਾ ਨਿਰਮਲ ਸੋਮਾ ਹੈ 'ਸੰਗੀਤ'

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ
97816-46008



**ਮਹਾਨ** ਦਾਰਸ਼ਨਿਕ ਪਲੈਟੋ ਨੇ ਕਿਹਾ ਸੀ "ਸੰਗੀਤ ਇਸ ਬ੍ਰਹਿਮੰਡ ਦੀ ਆਤਮਾ ਹੈ। ਇਹ ਮਨ ਨੂੰ ਖੰਭ, ਚੇਤਨਾ ਨੂੰ ਉਡਾਣ ਅਤੇ ਸੰਸਾਰ ਦੀ ਹਰ ਸ਼ੈਅ ਨੂੰ ਜੀਵਨ ਪ੍ਰਦਾਨ ਕਰਦਾ ਹੈ। "ਪਲੈਟੋ ਦੇ ਇਹ ਬੋਲ ਨਿਰੋਲ ਅਤੇ ਪੂਰਨ ਸੱਚ ਬੋਲਦੇ ਹਨ। ਇਸੇ ਤਰ੍ਹਾਂ ਵਿਸ਼ਵ ਦੇ ਮਹਾਨ ਸਾਹਿਤਕਾਰ ਵਿਕਟਰ ਹਿਊਗੋ ਨੇ ਵੀ ਸੰਗੀਤ ਦੀ ਉਸਤਤਿ ਕਰਦਿਆਂ ਆਖ਼ਿਆ ਸੀ-" ਸੰਗੀਤ ਤਾਂ ਮਨੁੱਖ ਦੇ ਉਹ ਜਜ਼ਬਾਤ ਹਨ ਜੋ ਸ਼ਬਦਾਂ 'ਚ ਬਿਆਨ ਨਹੀ ਕੀਤੇ ਜਾ ਸਕਦੇ ਹਨ ਤੇ ਜਿਨ੍ਹਾ ਨੂੰ ਖ਼ਾਮੋਸ਼ੀ ਵੀ ਬਿਆਨ ਨਹੀ ਕਰ ਸਕਦੀ ਹੈ। "ਅੱਜ 'ਵਿਸ਼ਵ ਸੰਗੀਤ ਦਿਵਸ' ਹੈ ਅਤੇ ਇਹ ਦਿਵਸ ਸਾਨੂੰ ਇਹ ਚੇਤੇ ਕਰਵਾਉਦਾ ਹੈ ਕਿ ਸੰਗੀਤ ਉਹ ਮਾਧਿਅਮ ਹੈ ਜਿਸ ਰਾਹੀ ਮਨੁੱਖ ਆਪਣੇ ਦੁੱਖ, ਸੁੱਖ, ਖ਼ੁਸੀ ਅਤੇ ਗ਼ਮੀ ਆਦਿ ਦੇ ਭਾਵ ਪ੍ਰਗਟ ਕਰਕੇ ਸਕੂਨ ਅਤੇ ਅਨੰਦ ਹਾਸਿਲ ਕਰਦਾ ਆਇਆ ਹੈ। ਭਾਰਤ ਸਮੇਤ ਦੁਨੀਆਂ ਦੇ ਹੋਰ ਮੁਲਕਾਂ ਵਿੱਚ ਵੀ ਸੰਗੀਤ ਦਾ ਉਪਯੋਗ ਮਨੋਰੰਜਨ ਤੋ ਇਲਾਵਾ ਭਗਤੀ ਦੇ ਮਾਧਿਅਮ ਵਜੋ ਵੀ ਕੀਤਾ ਗਿਆ ਹੈ ਤੇ ਸੰਗੀਤ ਨੂੰ ਰੱਬੀ ਦਰਗਾਹ 'ਚੋ ਹਾਸਿਲ ਕੀਤੀ ਦਾਤ ਦੱਸਿਆ ਗਿਆ ਹੈ। ਗੱਲ ਚਾਹੇ ਸੂਫ਼ੀ ਸੰਗੀਤ ਦੀ ਹੋਵੇ ਜਾਂ ਫਿਰ ਭਾਰਤੀ ਸ਼ਾਸ਼ਤਰੀ ਸੰਗੀਤ ਵਿੱਚ ਗੁੰਨ੍ਹੇ ਗੁਰਮਤਿ ਸੰਗੀਤ ਦੀ, ਇਹ ਦੋਵੇਂ ਹੀ ਆਤਮਾ ਦੇ ਮੇਲ ਪਰਮਾਤਮਾ ਨਾਲ ਕਰਵਾਉਣ ਦਾ ਸਫ਼ਲ ਸਾਧਨ ਸਿੱਧ ਹੋਏ ਹਨ। ਵਿਗਿਆਨੀਆਂ ਦਾ ਤਾਂ ਇੱਥੋ ਤੱਕ ਵੀ ਮੰਨਣਾ ਹੈ ਕਿ ਕੇਵਲ ਮਨੁੱਖ ਹੀ ਨਹੀ ਸਗੋ ਜਲ,ਥਲ ਅਤੇ ਆਕਾਸ਼ ਵਿੱਚ ਵਿਚਰਨ ਵਾਲੇ ਸਮੂਹ ਪਸ਼ੂ,ਪੰਛੀ ਅਤੇ ਹੋਰ ਜੀਵ ਵੀ ਸੰਗੀਤ ਦਾ ਹਾਂ-ਪੱਖੀ ਪ੍ਰਭਾਵ ਕਬੂਲਦੇ ਹਨ। ਸੰਗੀਤ ਦੀ ਲੜੀ ਦਾ ਹੀ ਇੱਕ ਹੋਰ ਮਣਕਾ ਭਾਰਤੀ 'ਫ਼ਿਲਮ ਸੰਗੀਤ' ਤਾਂ ਭਾਰਤੀ ਜਨਜੀਵਨ ਦਾ ਅਨਿਖੱੜਵਾਂ ਅੰਗ ਬਣ ਚੁੱਕਾ ਹੈ। ਸਾਡਾ ਰੇਡੀਓ,ਟੈਲੀਜ਼ਿਨ ਅਤੇ ਸਿਨੇਮਾ ਤਾਂ ਬਿਨਾ ਸੰਗੀਤ ਤੋ ਇੱਕ ਪਲ ਵੀ ਨਹੀ ਕੱਢ ਸਕਦਾ ਹੈ। ਗੱਲ ਸੰਨ 1970 ਦੀ ਹੈ ਜਦੋ ਅਮਰੀਕੀ ਸੰਗੀਤਕਾਰ ਜੋਇਲ ਕੋਹੇਨ ਜੋ ਕਿ ਇੱਕ ਫ਼ਰਾਂਸੀਸੀ ਰੇਡੀਓ 'ਤੇ ਕੰਮ ਕਰਦਾ ਸੀ, ਨੇ ਇਹ ਵਿਚਾਰ ਦਿੱਤਾ ਸੀ ਕਿ 21 ਜੂਨ ਦੇ ਦਿਨ ਇੱਕ ਵਿਸ਼ਾਲ ਸੰਗੀਤ ਸਭਾ ਹਰ ਦੇਸ਼ ਅਤੇ ਹਰ ਸੂਬੇ ਵਿੱਚ ਆਯੋਜਿਤ ਕੀਤੀ ਜਾਣੀ ਚਾਹੀਦੀ ਹੈ ਤੇ ਹਰ ਪਾਸੇ ਸੰਗੀਤ ਹੀ ਸੰਗੀਤ ਗੂੰਜਣਾ ਚਾਹੀਦਾ ਹੈ। 21 ਜੂਨ ਦੇ ਦਿਨ ਦਾ ਖ਼ਾਸ ਨਾਂ ਲਏ ਜਾਣ ਦਾ ਕਾਰਨ ਇਹ ਸੀ ਕਿ ਇਹ ਦਿਨ ਸਾਲ ਦਾ ਸਭ ਤੋ ਲੰਮਾ ਦਿਨ ਹੁੰਦਾ ਹੈ ਤੇ ਠੰਡੇ ਮੁਲਕਾਂ ਵਿੱਚ ਇਹ ਗਰਮੀਆਂ ਦੀ ਸ਼ੁਰੂਆਤ ਹੋਣ ਦਾ ਪ੍ਰਤੀਕ ਹੋਣ ਕਰਕੇ ਉੱਥੋ ਦੇ ਲੋਕਾਂ ਦਾ ਸਭ ਤੋ ਮਨਪਸੰਦ ਦਿਨ ਹੁੰਦਾ ਹੈ। ਜੋਇਲ ਕੋਹੇਨ ਦੇ ਇਸ ਸੁਫ਼ਨੇ ਨੂੰ ਸਾਕਾਰ ਕਰਨ ਦਾ ਖ਼ਿਆਲ ਸੰਨ 1981 ਵਿੱਚ ਫਰਾਂਸ ਦੇ ਮੌਰਿਸ ਫਲਾਰੈਂਟ ਦੇ ਮਨ ਵਿੱਚ ਵੀ ਉੱਠਿਆ ਸੀ ਜਦੋ ਉਹ 'ਮਨਿਸਟਰੀ ਆਫ਼ ਕਲਚਰ' ਭਾਵ 'ਸੱਭਿਆਚਾਰਕ ਮਾਮਲਿਆਂ ਦਾ ਮੰਤਰਾਲਾ' ਅਧੀਨ ਸੰਗੀਤ ਅਤੇ ਨਾਚ ਵਿਭਾਗ ਦਾ ਨਿਰਦੇਸ਼ਕ ਬਣਿਆ ਸੀ। ਉਸਨੇ ਅਤੇ ਫ਼ਰਾਂਸ ਦੇ ਸੱਭਿਅਚਾਰਕ ਮਾਮਲਿਆਂ ਦੇ ਮੰਤਰੀ ਜੈਕ ਲੈਂਗ ਨੇ ਦੁਨੀਆ ਭਰ ਵਿੱਚ ਸੰਗੀਤ ਦੀ ਖ਼ੁਸ਼ਬੂ ਫ਼ੈਲਾਉਣ ਲਈ ਸਮੂਹ ਸੰਗੀਤ ਪ੍ਰੇਮੀਆਂ ਨੂੰ 21 ਜੂਨ ਦੇ ਦਿਨ ਘਰਾਂ, ਗਲੀਆਂ, ਬਜ਼ਾਰਾਂ ਤੇ ਪਾਰਕਾਂ ਵਿੱਚ ਇਕੱਤਰ ਹੋ ਕੇ ਸਾਰਾ ਵਾਤਾਵਰਣ ਸੰਗੀਤਮਈ ਕਰ ਦੇਣ ਦਾ ਹੋਕਾ ਦਿੱਤਾ ਸੀ। ਸੰਨ 1982 ਦੀ 21 ਜੂਨ ਨੂੰ 50 ਲੱਖ ਦੇ ਕਰੀਬ ਲੋਕ,ਫ਼ਰਾਂਸ ਦੀਆਂ ਗਲੀਆਂ ਵਿੱਚ ਉਤਰ ਆਏ ਸਨ ਤੇ ਸਾਰਾ ਦਿਨ ਸੰਗੀਤਕ ਸਮਾਗਮ ਚੱਲਦੇ ਰਹੇ ਸਨ ਤੇ ਲੋਕ ਸੰਗੀਤ ਦੀਆਂ ਧੁਨਾਂ ਦਾ ਅਨੰਦ ਲੈਂਦੇ ਰਹੇ ਸਨ। ਸੰਨ 1982 ਤੋ ਬਾਅਦ ਇਹ ਦਿਨ ਦੁਨੀਆ ਦੇ ਲਗਪਗ 172 ਦੇਸ਼ਾਂ ਵਿੱਚ 'ਵਿਸ਼ਵ ਸੰਗੀਤ ਦਿਵਸ' ਵਜੋ ਮਨਾਉਣਾ ਸ਼ੁਰੂ ਹੋ ਗਿਆ ਸੀ ਤੇ ਅੱਜ ਵੀ ਇਹ ਦਿਨ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਮਹਾਨ ਵਿਦਵਾਨ ਹੈਨਰੀ ਲੌਂਗਫ਼ੈਲੋ ਦਾ ਕਥਨ ਹੈ-"ਸੰਗੀਤ ਦਰਅਸਲ ਇਕ ਅਜਿਹੀ ਭਾਸ਼ਾ ਹੈ ਜਿਸਨੂੰ ਸਮੁੱਚੀ ਲੋਕਾਈ ਆਸਾਨੀ ਨਾਲ ਸਮਝ ਸਕਦੀ ਹੈ। "ਅੱਜ ਦੇ ਦਿਨ ਦੁਨੀਆ ਭਰ ਵਿੱਚ ਸਿਖਾਂਦਰੂ ਤੇ ਉਸਤਾਦ ਸੰਗੀਤਕਾਰ 'ਮੇਕ ਮਿਊਜ਼ਿਕ' ਦੇ ਉਦੇਸ਼ ਨਾਲ ਗਲੀਆਂ-ਬਜ਼ਾਰਾਂ ਵਿਚ ਇਕੱਤਰ ਹੁੰਦੇ ਹਨ ਜਾਂ ਵੱਡੇ ਮੈਦਾਨਾਂ ਵਿੱਚ ਵੱਡੇ ਸੰਗੀਤਕ ਸਮਾਗਮ ਆਯੋਜਿਤ ਕਰਦੇ ਹਨ ਤੇ ਆਮ ਲੋਕਾਂ ਨੂੰ ਹਰ ਪ੍ਰਕਾਰ ਦੇ ਸੰਗੀਤ ਨਾਲ ਸਰਾਬੋਰ ਕਰ ਦਿੰਦੇ ਹਨ ਪਰ ਇਸ ਗੱਲ ਦਾ ਧਿਆਨ ਜ਼ਰੂਰ ਰੱਖਦੇ ਹਨ ਕਿ ਸੰਗੀਤ ਅਨੰਦ ਦੇਵੇ ਤੇ ਸ਼ੋਰ ਨਾ ਬਣ ਜਾਵੇ ਜਿਸ ਨਾਲ ਕਿਸੇ ਵਿਅਕਤੀ ਨੂੰ ਪ੍ਰੇਸ਼ਾਨੀ ਦਾ ਮਹਿਸੂਸ ਹੋਵੇ। ਸੰਨ 1985 ਦੇ ਵਰ੍ਹੇ ਨੂੰ 'ਯਰੂਪੀਅਨ ਯੀਅਰ ਆਫ਼ ਮਿਊਜ਼ਿਕ' ਵਜੋ ਮਨਾਇਆ ਗਿਆ ਸੀ ਤੇ ਹੰਗਰੀ ਦੀ ਰਾਜਧਾਨੀ ਬੁੱਢਾਪੈਸਟ ਵਿਖੇ 'ਮਿਊਜ਼ਿਕ ਚਾਰਟਰ' ਸਾਈਨ ਕੀਤਾ ਗਿਆ ਸੀ ਜਿਸ ਰਾਹੀ ਯਰੂਪ ਤੋ ਬਾਹਰਲੇ ਮੁਲਕਾਂ ਨੂੰ ਵੀ ਇਹ ਦਿਨ 'ਸੰਗੀਤ ਦਿਵਸ' ਵਜੋ ਮਨਾਉਣ ਲਈ ਪ੍ਰੇਰਿਤ ਕੀਤਾ ਗਿਆ ਸੀ। ਮਹਾਨ ਸਾਹਿਤਕਾਰ ਲੀਓ ਟਾਲਸਟਾਏ ਨੇ ਬਿਲਕੁਲ ਸੱਚ ਹੀ ਕਿਹਾ ਸੀ-"ਸੰਗੀਤ ਤਾਂ ਮਨੁੱਖੀ ਭਾਵਨਾਵਾਂ ਤੇ ਸੰਵੇਦਨਾਵਾਂ ਦਾ ਅਤਿ ਸੰਖੇਪ ਤੇ ਸੂਖ਼ਮ ਰੂਪ ਵਿਚ ਸਫ਼ਲ ਪ੍ਰਗਟਾਵਾ ਹੈ। "ਅੱਜ ਆਲਮ ਇਹ ਹੈ ਕਿ ਦਿਲਜੀਤ ਦੁਸਾਂਝ, ਸਿੱਧੂ ਮੂਸੇਵਾਲਾ, ਜੈਮਸੀਨ ਸੈਂਡਲਸ ਅਤੇ ਹੋਰ ਪੰਜਾਬੀ ਗਾਇਕਾਂ ਵੱਲੋ ਗਾਏ ਗਏ ਅਨੇਕਾਂ ਪੰਜਾਬੀ ਗੀਤਾਂ 'ਤੇ ਦੁਨੀਆਂ ਦੇ ਹਰੇਕ ਮੁਲਕ ਦੇ ਲੋਕ ਝੂਮ ਉੱਠਦੇ ਹਨ ਤੇ ਪੰਜਾਬੀ ਜ਼ੁਬਾਨ ਨਾ ਜਾਣਨ ਵਾਲੇ ਮੁਲਕਾਂ ਦੇ 'ਬਿਲਬੋਰਡਾਂ' ਅਤੇ ਮਕਬੂਲੀਅਤ ਦੇ ਹੋਰ ਪੈਮਾਨਿਆਂ 'ਤੇ ਪੰਜਾਬੀ ਗੀਤ ਸਿਖਰਲੇ ਸਥਾਨ ਛੂੰਹਦੇ ਹਨ। ਕੋਈ ਵੇਲਾ ਅਜਿਹਾ ਵੀ ਸੀ ਜਦੋ ਭਾਰਤੀ ਫ਼ਿਲਮ ਜਗਤ ਦੇ ਵੱਡੇ ਗਾਇਕਾਂ ਦੇ ਗਾਏ ਨਗ਼ਮੇ ਰੂਸ, ਜਪਾਨ, ਅਮਰੀਕਾ, ਇੰਗਲੈਂਡ ਅਤੇ ਅਫ਼ਰੀਕਾ ਜਿਹੇ ਮੁਲਕਾਂ ਵਿੱਚ ਵੱਡੀ ਗਿਣਤੀ ਵਿਚ ਸੁਣੇ ਜਾਂਦੇ ਸਨ। ਮੁਹੰਮਦ ਰਫ਼ੀ, ਮੁਕੇਸ਼, ਕਿਸ਼ੋਰ ਕੁਮਾਰ, ਮਹਿੰਦਰ ਕਪੂਰ, ਮੰਨਾ ਡੇ, ਆਸ਼ਾ ਭੌਸਲੇ ਅਤੇ ਲਤਾ ਮੰਗੇਸ਼ਕਰ ਆਦਿ ਜਿਹੇ ਫ਼ਨਕਾਰਾਂ ਦੇ ਸੰਗੀਤਕ ਸ਼ੋਅ ਜਦੋ ਵਿਦੇਸ਼ੀ ਮੁਲਕਾਂ ਵਿੱਚ ਆਯੋਜਿਤ ਹੁੰਦੇ ਸਨ ਤਾਂ ਉਥੇ ਤਿਲ ਧਰਨ ਨੂੰ ਵੀ ਥਾਂ ਨਹੀ ਮਿਲਦੀ ਸੀ। ਇਹ ਸਾਰਾ ਕਮਾਲ ਸੁਰੀਲੇ ਤੇ ਦਿਲਕਸ਼ ਸੰਗੀਤ ਦਾ ਹੀ ਸੀ। ਸੰਗੀਤ ਦੀ ਦਰਅਸਲ ਕੋਈ ਜ਼ੁਬਾਨ ਹੁੰਦੀ ਹੀ ਨਹੀ ਹੈ। ਇਹ ਤਾਂ ਹੱਦਾਂ-ਸਰਹੱਦਾਂ ਪਾਰ ਕਰ ਕੇ ਦਿਲਾਂ ਤੱਕ ਪੁੱਜ ਜਾਣ ਵਾਲੀ ਉਹ ਖ਼ੁਸ਼ਬੂ ਹੈ ਜੋ ਸਰੋਤੇ ਨੂੰ ਵਜਦ ਵਿੱਚ ਲਿਆ ਦਿੰਦੀ ਹੈ। ਸੁੱਚੇ ਸੰਗੀਤ ਦੀ ਲੋਰ 'ਚ ਆ ਕੇ ਕੋਈ ਬੁੱਲ੍ਹੇ ਵਾਂਗ ਨੱਚਣ ਲੱਗ ਜਾਂਦਾ ਹੈ ਤੇ ਕੋਈ ਬੁੱਧ ਵਾਂਗ ਸ਼ਾਂਤ ਹੋ ਜਾਦਾ ਹੈ। ਸੰਸਾਰ ਪ੍ਰਸਿੱਧ ਹਸਤੀ ਮਾਰਲਿਨ ਮੇਨਸਨ ਨੇ ਸੱਚ ਹੀ ਆਖਿਆ ਹੈ-"ਸੰਗੀਤ ਤਾਂ ਅਸਲ ਵਿੱਚ ਇੱਕ ਜ਼ਬਰਦਸਤ ਕਰਾਮਾਤ ਹੈ। "ਕਿੰਨੇ ਅਸ਼ਚਰਜ ਦੀ ਗੱਲ ਹੈ ਕਿ ਸਾਰੇ ਧਰਮ ਗ੍ਰੰਥ ਇਹ ਮੰਨਦੇ ਹਨ ਕਿ ਪਰਮਾਤਮਾ ਨਿਰਾਕਾਰ ਹੈ, ਅਬਿਨਾਸ਼ੀ ਹੈ, ਪਰਮਾਨੰਦ ਹੈ। ਹਰੇਕ ਮਨੁੱਖ ਜਦੋ ਆਪਣੇ ਗਿਆਨ ਇੰਦਰਿਆਂ ਦੇ ਨੌ ਦੁਆਰੇ ਬੰਦ ਕਰਕੇ ਸੁਰਤ ਨੂੰ ਇਕਾਗਰ ਕਰਦਾ ਹੈ ਤਾਂ ਫ਼ਿਰ ਉਸਦੇ ਧੁਰ ਅੰਦਰ ਦਸਵਾਂ ਦੁਆਰ ਖੁੱਲ੍ਹ ਜਾਂਦਾ ਹੈ ਜਿੱਥੇ ਨਿਰੰਤਰ ਵੱਜ ਰਹੇ 'ਅਨਹਦ' ਨਾਦ ਦੀਆਂ ਅਨੰਦਮਈ ਧੁਨਕਾਰਾਂ ਉਸਨੂੰ ਸੁਣਦੀਆਂ ਹਨ ਤੇ ਅਨਹਦ ਨਾਦ ਦੀਆਂ ਇਹੋ ਧੁਣਕਾਰਾਂ ਉਸਨੂੰ ਪਰਮੇਸ਼ਰ ਅਤੇ ਉਸਦੀ ਬਣਾਈ ਪ੍ਰਕਿਰਤੀ ਵਿੱਚ ਇਕਮਿਕ ਕਰ ਦਿੰਦੀਆਂ ਹਨ। ਕੁਝ ਭਾਰਤੀ ਧਰਮ ਤਾਂ ਉਸ ਸੰਗੀਤਮਈ 'ਅਨਹਦ ਨਾਦ' ਨੂੰ ਸੁਣਨਾ ਹੀ ਜਨਮ-ਮਰਨ ਦੇ ਕੁਚੱਕਰ ਤੋ 'ਮੁਕਤੀ' ਦਾ ਸਾਧਨ ਐਲਾਨਦੇ ਹਨ। ਵਿਦਵਾਨ ਸ਼ਖ਼ਸੀਅਤ ਐਲਡੁਅਸ ਹਕਸਲੇ ਦੇ ਬੋਲ ਹਨ-"ਜੋ ਭਾਵਨਾਵਾਂ ਲਫ਼ਜ਼ਾਂ ਵਿੱਚ ਬਿਆਨ ਤੋ ਪਰ੍ਹੇ ਹਨ,ਉਨ੍ਹਾ ਨੂੰ ਸੰਗੀਤ ਬਿਆਨ ਕਰ ਜਾਂਦਾ ਹੈ। " ਇਹ ਕਹਿਣਾ ਬਣਦਾ ਹੈ ਕਿ ਕਾਸ਼ ਭਾਰਤ ਵਿੱਚ ਵੀ ਅਜਿਹਾ ਹੁੰਦਾ ਕਿ ਇਸ ਦਿਨ ਦੇਸ਼ ਦੇ ਹਰ ਗਲੀ-ਕੂਚੇ ਵਿੱਚ ਭਾਰਤੀ ਲੋਕ ਸੰਗੀਤ ਅਤੇ ਖੇਤਰੀ ਸੰਗੀਤ ਦੀਆਂ ਵੱਖ-ਵੱਖ ਵੰਨ੍ਹਗੀਆਂ ਦੀ ਗੂੰਜ ਸੁਣਾਈ ਦਿੰਦੀ ਤੇ ਸਾਡੀ ਅਜੋਕੀ ਨੌਜਵਾਨ ਪੀੜ੍ਹੀ ਸਾਡੇ ਬੇਸ਼ਕੀਮਤੀ ਤੇ ਵਿਰਾਸਤੀ ਸੰਗੀਤ ਦੇ ਰੂਬਰੂ ਹੋ ਕੇ ਉਸਦਾ ਅਨੰਦ ਲੈਂਦੀ ਅਤੇ ਉਸ ਤੋ ਪ੍ਰਭਾਵਿਤ ਹੋ ਕੇ ਉਸਨੂੰ ਰੂਹ ਨਾਲ ਸਾਂਭਦੀ,ਸੁਆਰਦੀ ਤੇ ਹਿਰਦੇ ਵਿਚ ਵਸਾਉਦੀ। ਇਹ ਦਿਨ ਫੂਹੜ ਤੇ ਫਾਹਸ਼ ਕਿਸਮ ਦੇ ਸੰਗੀਤ ਅਤੇ ਭੜਕਾਊ ਗੀਤਾਂ,ਗੀਤਕਾਰਾਂ ਅਤੇ ਗਾਇਕਾਂ ਦੇ ਬਾਈਕਾਟ ਦੇ ਦਿਨ ਵਜੋ ਵੀ ਮਨਾਇਆ ਜਾਣਾ ਚਾਹੀਦਾ ਹੈ ਤੇ ਸਭ ਨੂੰ ਦਰਸਾਇਆ ਜਾਣਾ ਚਾਹੀਦਾ ਹੈ ਕਿ ਸੰਗੀਤ 'ਤਿਜਾਰਤ ਨਹੀ ਇਬਾਦਤ' ਹੈ ਭਾਵ ਇਹ ਕੋਈ ਵਪਾਰ ਦਾ ਸਾਧਨ ਨਹੀ ਸਗੋ 'ਭਗਤੀ,ਮਨੋਰੰਜਨ ਅਤੇ ਅਨੰਦ' ਦਾ ਇਕ ਸੁੱਚਾ ਮਾਧਿਅਮ' ਵੀ ਹੈ। ਸੱਚੇ-ਸੁੱਚੇ ਸੰਗੀਤ ਦੀ ਖ਼ਾਸੀਅਤ ਇਹ ਹੈ ਕਿ ਆਪ ਵੀ ਪਾਕ ਹੁੰਦਾ ਹੈ ਤੇ ਸੁਣਨ ਵਾਲੇ ਨੂੰ ਵੀ ਪਾਕ ਕਰਦਾ ਹੈ। ਇਹ ਸਾਡੀ ਰੂਹ ਨੂੰ ਅਮੁੱਕ ਅਨੰਦ ਦਾ ਅਹਿਸਾਸ ਕਰਵਾਉਦਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੀ ਦੁਨੀਆਂ ਦਾ ਅਜਿਹਾ ਇਕਲੌਤਾ ਸਥਾਨ ਹੈ ਜਿੱਥੇ ਚੱਤੇ ਪਹਿਰ ਰਸਭਿੰਨਾ ਤੇ ਸੰਗੀਤਮਈ ਕੀਰਤਨ ਚੱਲਦਾ ਹੈ ਤੇ ਜਿੱਥੋ ਦੀ ਫ਼ਿਜ਼ਾ ਹਰ ਵੇਲੇ ਮਧੁਰ ਤੇ ਮਨਮੋਹਕ ਸੰਗੀਤ ਨਾਲ ਸਰਾਬੋਰ ਰਹਿੰਦੀ ਹੈ। ਅੱਜ ਦੇ ਇਸ ਦਿਵਸ ਮੌਕੇ ਸਾਨੂੰ ਸਭ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸੁੱਚੇ ਸੰਗੀਤ ਵਿੱਚ ਜ਼ਹਿਰ ਘੋਲਣ ਵਾਲਿਆਂ ਦੇ ਸੰਗੀਤ ਦੀ ਨਾ ਤਾਂ ਉਮਰ ਲੰਮੀ ਨਹੀ ਹੁੰਦੀ ਹੈ ਤੇ ਨਾ ਹੀ ਉਨ੍ਹਾ ਦਾ ਕੈਰੀਅਰ ਜ਼ਿਆਦਾ ਚਿਰ ਚੜ੍ਹਾਈ 'ਤੇ ਰਹਿੰਦਾ ਹੈ। ਅਜਿਹੇ ਲੋਕ ਹਵਾ ਦੇ ਉਸ ਬੁੱਲੇ ਵਰਗੇ ਹੁੰਦੇ ਹਨ ਜਿਸਦੀ ਮਿਆਦ ਚੰਦ ਪਲਾਂ ਤੋ ਵੱਧ ਨਹੀ ਹੁੰਦੀ ਹੈ। ਸੰਗੀਤ ਸੁੱਚਤਾ ਤੇ ਅਨੰਦ ਦਾ ਮਾਧਿਅਮ ਹੈ ਤੇ ਇਸ ਵਿਚ ਵਿਸ ਘੋਲਣ ਦੀ ਹਿਮਾਕਤ ਤੋ ਹਰ ਹਾਲ ਵਿਚ ਬਚਣਾ ਚਾਹੀਦਾ ਹੈ। ਭਾਰਤ ਵਿੱਚ ਅੱਜ ਦਾ ਇਹ ਦਿਨ ਬੈਜੂ ਬਾਵਰਾ, ਤਾਨਸੇਨ, ਉਸਤਾਦ ਬੜੇ ਗੁਲਾਮ ਅਲੀ ਖ਼ਾਂ, ਉਸਤਾਦ ਬਿਸਮਿੱਲਾ ਖ਼ਾਂ ਅਤੇ ਭਾਈ ਸਮੁੰਦ ਸਿੰਘ ਸਮੇਤ ਦੇਸ਼ ਦੇ ਹੋਰ ਉਸਤਾਦ ਸੰਗੀਤਕਾਰਾਂ ਅਤੇ ਕੇ.ਐਲ.ਸਹਿਗਲ, ਮੁਹੰਮਦ ਰਫ਼ੀ, ਲਤਾ ਮੰਗੇਸ਼ਕਰ, ਮੁਕੇਸ਼, ਤਲਤ ਮਹਿਮੂਦ, ਕਿਸ਼ੋਰ ਕੁਮਾਰ, ਮਹਿੰਦਰ ਕਪੂਰ, ਸੁਰਿੰਦਰ ਕੌਰ, ਗੁਰਮੀਤ ਬਾਵਾ, ਆਸਾ ਸਿੰਘ ਮਸਤਾਨਾ, ਕੁਲਦੀਪ ਮਾਣਕ ਤੇ ਲਾਲ ਚੰਦ ਯਮਲਾ ਜੱਟ ਜਿਹੀਆਂ ਕਈ ਹੋਰ ਮਹਾਨ ਸੰਗੀਤਕ ਹਸਤੀਆਂ ਨੂੰ ਯਾਦ ਕਰਨ ਤੇ ਸ਼ਰਧਾ ਦੇ ਫੁੱਲ ਭੇਂਟ ਕਰਨ ਦਾ ਦਿਨ ਵੀ ਹੈ। ਅਖ਼ੀਰ ਵਿੱਚ ਆਓ ਮਹਾਨ ਯੋਧੇ ਨੈਪੋਲੀਅਨ ਦਾ ਕਥਨ ਯਾਦ ਕਰਦੇ ਹਾਂ ਜਿਸਨੇ ਆਖਿਆ ਸੀ-" ਸੰਗੀਤ ਸਾਨੂੰ ਦੱਸਦਾ ਹੈ ਕਿ ਮਨੁੱਖ ਦੀ ਨਸਲ,ਜਿੰਨੀ ਮਹਾਨ ਅਸੀ ਸੋਚਦੇ ਹਾਂ,ਉਸ ਤੋ ਵੀ ਕਿਤੇ ਜ਼ਿਆਦਾ ਵੱਧ ਮਹਾਨ ਹੈ।"



## ਪੰਜਾਬੀ ਫ਼ਿਲਮਾਂ 'ਚ ਐਕਟਿੰਗ ਨਾਲ ਦਰਸ਼ਕਾਂ ਨੂੰ ਮੋਹ ਲੈਣ ਵਾਲੀ ਅਦਾਕਾਰਾ ਪ੍ਰਵੀਨ ਬਾਣੀ

ਗੁਰਭਿੰਦਰ ਗੁਰੀ
+91 7589363090

**ਪੰਜਾਬੀ** ਸਿਨੇਮਾ ਦੀ ਦੁਨੀਆਂ ਵਿੱਚ ਆਪਣੀ ਐਕਟਿੰਗ ਨਾਲ ਦਰਸ਼ਕਾਂ ਨੂੰ ਮੋਹ ਲੈਣ ਵਾਲੀ ਅਦਾਕਾਰਾ ਪ੍ਰਵੀਨ ਬਾਣੀ ਨੇ ਆਪਣੀ ਪ੍ਰਤਿਭਾ ਅਤੇ ਸੁੰਦਰਤਾ ਨਾਲ ਹਰ ਕਿਸੇ ਨੂੰ ਪ੍ਰਭਾਵਿਤ ਕੀਤਾ ਹੈ। ਸਾਊ ਸੁਭਾਅ ਦੀ ਮਾਲਕ ਅਦਾਕਾਰਾ ਪ੍ਰਵੀਨ ਬਾਣੀ ਪੰਜਾਬੀ ਫਿਲਮ ਇੰਡਸਟਰੀ ਦੀ ਇੱਕ ਐਸੀ ਅਦਾਕਾਰਾ ਹੈ, ਜਿਸ ਨੇ ਆਪਣੀ ਸਖ਼ਤ ਮਿਹਨਤ ਅਤੇ ਲਗਨ ਨਾਲ ਇਕ ਅਲੱਗ ਪਹਿਚਾਣ ਅਦਾਕਾਰਾ ਵਜੋਂ ਬਣਾਈ ਹੈ। ਪੰਜਾਬ ਦੇ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ (ਮੋਹਾਲੀ) ਦੀ ਸਬ ਡਵੀਜਨ ਡੇਰਾਬੱਸੀ ਵਿਖੇ ਪਿਤਾ ਗੁਰਚਰਨ ਸਿੰਘ ਦੇ ਗ੍ਰਹਿ ਅਤੇ ਮਾਤਾ ਕੁਲਵਿੰਦਰ ਕੌਰ ਦੀ ਕੁੱਖੋਂ ਜਨਮੀ।ਪ੍ਰਵੀਨ ਬਾਣੀ ਨੇ ਆਪਣੀ ਮੁੱਢਲੀ ਪੜ੍ਹਾਈ ਲੋਢ ਮਹਾਂਵੀਰ ਜੈਨ ਪਬਲਿਕ ਸਕੂਲ ਅਤੇ ਅਚਾਰਿਆ ਆਤਮਾ ਰਾਮ ਜੈਨ ਪਬਲਿਕ ਸਕੂਲ ਡੇਰਾਬੱਸੀ ਤੋਂ ਕਰਨ ਉਪਰੰਤ ਗਰਲਜ਼ ਕਾਲਜ ਚੰਡੀਗੜ੍ਹ ਤੋਂ ਗੈਰਜੂਏਸ਼ਨ ਕੀਤੀ ਅਤੇ ਪੜ੍ਹਾਈ ਦੇ ਨਾਲ ਨਾਲ ਹੀ ਡਾ. ਅਮਿਤ ਤੋਂ ਕੱਥਕ ਦੀ ਸਿੱਖਿਆ ਲੈਣੀ ਸ਼ੁਰੂ ਕਰਦਿੱਤੀ। ਪੜ੍ਹਾਈ ਕਰਦੇ ਸਮੇਂ ਹੀ ਪ੍ਰਵੀਨ ਬਾਣੀ ਨੂੰ ਇੱਕ ਹਿੰਦੀ ਨਾਟਕ ਬਟਵਾਰਾ ਵਿੱਚ ਮੁੱਖ ਭੂਮਿਕਾ ਦਾ ਰੋਲ ਕਰਨ ਦਾ ਮੌਕਾ ਮਿਲਿਆ, ਜਿਸ ਵਿੱਚ ਉਸਦੀ ਅਦਾਕਾਰੀ ਨੂੰ ਕਾਫੀ ਸਰਾਹਿਆ ਗਿਆ। ਨਾਟਕ ਬਟਵਾਰਾ ਤੋਂ ਬਾਅਦ ਪ੍ਰਵੀਨ ਬਾਣੀ ਨੇ ਮੁੜ ਪਿਛਾਂਹ ਨਹੀ ਦੇਖਿਆ ਤੇ ਉਸ ਕੋਲ ਪੰਜਾਬੀ ਗੀਤਾਂ, ਨਾਟਕਾਂ ਅਤੇ ਫਿਲਮਾਂ ਦੇ ਆਫਰ ਆਉਣੇ ਸ਼ੁਰੂ ਹੋ ਗਏ। ਹੁਣ ਤੱਕ ਅਦਾਕਾਰਾ ਪ੍ਰਵੀਨ ਬਾਣੀ ਦੇ ਦਰਜਨ ਤੋਂ ਵਧੇਰੇ ਫਿਲਮਾਂ, ਗੀਤਾਂ ਅਤੇ ਨਾਟਕਾਂ ਵਿੱਚ ਕੰਮ ਕੀਤਾ ਹੈ, ਜਿਸ ਵਿੱਚ ਫਿਲਮ [illegible] ਸੂਟ (ਗੀਤ) ਸ਼ਾਮਲ ਹਨ। ਇਸ ਤੋ ਇਲਾਵਾ ਅਦਾਕਾਰਾ ਪ੍ਰਵੀਨ ਬਾਣੀ ਦੇ ਇੱਕ ਦਰਜਨ ਦੇ ਕਰੀਬ ਨੇਵਂ ਆਉਣ ਵਾਲੇ ਪ੍ਰੋਜੈਕਟ ਹਨ, ਜਿਸ ਵਿੱਚ ਫਿਲਮ ਹਰਨਾਮਾ, ਚਿੱਠੀ, ਤੰਦੂਰ, ਹੁਣ ਤੈਨੂੰ ਕੀ ਆਖਾਂ, ਮੂਲ ਮੰਤਰ-02, ਮਿਸਟਰ ਐਂਡ ਮਿਸ (ਵੈੱਬ ਸੀਰੀਜ਼), ਉਹ ਕੁੜੀ, ਆਪਾਂ ਫਿਰ ਮਿਲਾਂਗੇ, ਪੱਗ ਮੇਰੇ ਵੀਰ ਦੀ ਆਦਿ ਹਨ। ਅਦਾਕਾਰਾ ਪ੍ਰਵੀਨ ਬਾਣੀ ਨੇ ਛੋਟੀ ਉਮਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ, ਜਿਸ ਕਾਰਨ ਉਸ ਨੂੰ ਵੱਖ ਵੱਖ ਥਾਵਾਂ ਤੇ ਸਨਮਾਨਿਤ ਵੀ ਕੀਤਾ ਜਾ ਚੁੱਕਿਆ ਹੈ। ਪ੍ਰਵੀਨ ਬਾਣੀ ਦਾ ਮੰਨਣਾ ਹੈ ਕਿ ਦਰਸ਼ਕਾਂ ਵੱਲੋ ਜੋ ਉਸਨੂੰ ਪਿਆਰ ਮਿਲਿਆ ਹੈ, ਉਸਦੀ ਬਦੌਲਤ ਹੀ ਉਹ ਅੱਜ ਇਹ ਮੁਕਾਮ ਹਾਸਲ ਕਰ ਸਕੀ ਹੈ। ਅਦਾਕਾਰਾ ਪ੍ਰਵੀਨ ਬਾਣੀ ਆਪਣੀ ਐਕਟਿੰਗ ਨਾਲ ਆਪਣੇ ਸਰੋਤਿਆਂ ਦੇ ਦਿਲਾਂ ਤੇ ਇਸੇ ਤਰ੍ਹਾਂ ਹੀ ਰਾਜ ਕਰਦੀ ਰਹੇ, ਦਿਨ ਦੁੱਗਣੀ, ਰਾਤ ਚੌਗੁਣੀ ਤਰੱਕੀ ਕਰੇ ਅਤੇ ਫਿਲਮ ਇੰਡਸਟਰੀਜ਼ ਵਿੱਚ ਹੋਰ ਉਚਾਈਆਂ ਨੂੰ ਛੂਹੇ ਸਾਡੀ ਇਹੋ ਤਮੰਨਾ ਹੈ।

# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖ ਜਾਇ ॥



ਭਗਵਾਨ ਸਿੰਘ ਜੌਹਲ
98143-24040

ਸਰਬੰਸਦਾਨੀ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਿਬ-ਦ੍ਰਿਸ਼ਟੀ ਵਿੱਚ ਅੱਠਵੇਂ ਗੁਰੂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਜਿਹੀ ਆਤਮ-ਰਸੀ ਸ਼ਖ਼ਸੀਅਤ ਦੇ ਮਾਲਕ ਸਨ, ਕਿ ਉਨ੍ਹਾਂ ਦੇ ਦਰਸ਼ਨ-ਦੀਦਾਰੇ ਹਰ ਦਰਸ਼ਨ-ਅਭਿਲਾਸ਼ੀ ਦੇ ਦੁੱਖਾਂ-ਦਲਿੱਦਰਾਂ ਦਾ ਨਾਸ਼ ਕਰ ਦਿੰਦੇ ਹਨ। ਸਮਕਾਲੀ ਮਹਾਨ ਸਿੱਖ ਵਿਦਵਾਨ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿੱਚ ਗੁਰੂ ਹਰਿਕ੍ਰਿਸ਼ਨ ਸਾਹਿਬ ਅਜਿਹੀ ਆਤਮਿਕ ਬੱਲ ਵਾਲੀ ਹਸਤੀ ਦੇ ਮਾਲਕ ਸਨ, ਡਰਨਾ ਤੇ ਡਰਾਉਣਾ ਉਨ੍ਹਾਂ ਦੇ ਸੁਭਾਅ ਵਿੱਚ ਹੀ ਨਹੀਂ ਸੀ। ਸੱਤਵੇਂ ਪਾਤਸ਼ਾਤ ਗੁਰੂ ਹਰਿ ਰਾਇ ਸਾਹਿਬ ਜੀ ਆਪਣੇ ਸਪੁੱਤਰ ਰਾਮਰਾਇ ਬਾਰੇ ਸਿੱਖ ਜਗਤ ਨੂੰ ਸੁਚੇਤ ਕਰਦਿਆਂ ਬਚਨ ਕੀਤੇ ਸਨ, ਇਸ ਦੋਖੀ ਦੇ ਦਰਸ਼ਨ ਨਾ ਕੀਤੇ ਜਾਣ, ਜਿਸ ਨੇ ਗੁਰੂ ਨਾਨਕ ਸਾਹਿਬ ਜੀ ਦੀ ਪਾਵਨ ਬਾਣੀ ਦਾ ਨਿਰਾਦਰ ਕੀਤਾ ਹੈ, ਪਰ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਦੀ ਬਾਲ-ਅਵਸਥਾ ਵਿੱਚ ਹੀ ਆਤਮ-ਬਲ ਅਤੇ ਉਚੇਰੀ ਸੋਚ ਨੂੰ ਦੇਖਦਿਆਂ ਐਲਾਨ ਕਰ ਦਿੱਤਾ, ਜਿਹੜਾ ਗੁਰੂ ਹਰਿਕ੍ਰਿਸ਼ਨ ਦੇ ਦਰਸ਼ਨ ਕਰੇਗਾ ਜਾਂ ਹਿਰਦੇ ਤੋਂ ਗੁਰੂ ਹਰਿਕ੍ਰਿਸ਼ਨ ਦਾ ਧਿਆਨ ਧਰੇਗਾ, ਉਸ ਦੇ ਜਨਮਾਂ-ਜਨਮਾਂਤਰਾਂ ਦੇ ਦੁੱਖ ਦੂਰ ਹੋਣਗੇ ਅਤੇ ਉਸ ਨੂੰ ਗੁਰੂ ਨਾਨਕ ਸਾਹਿਬ ਦੀ ਖੁਸ਼ੀ ਨਸੀਬ ਹੋਵੇਗੀ।

ਇਤਿਹਾਸਕ ਜ਼ਿਕਰ ਹੈ, ਜਦੋਂ 1661 ਈ: ਨੂੰ ਸੱਤਵੇਂ ਗੁਰੂ ਨਾਨਕ ਗੁਰੂ ਹਰਿ ਰਾਏ ਸਾਹਿਬ ਜੋਤੀ ਜੋਤ ਸਮਾਉਣ ਲੱਗੇ ਤਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸਰੀਰਕ ਉਮਰ ਕੇਵਲ ਪੰਜ ਵਰ੍ਹਿਆਂ ਦੀ ਸੀ। ਸੱਤਵੇਂ ਪਾਤਸ਼ਾਹ ਨੇ ਸ੍ਰੀ ਹਰਿਕ੍ਰਿਸ਼ਨ ਜੀ ਦੇ ਸੁਭਾਅ ਭੈਅ ਅਤੇ ਭਰਮ ਤੋਂ ਮੁਕਤੀ ਵਾਲੇ ਗੁਣ ਦੇਖਦਿਆਂ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦਾ ਅੱਠਵਾਂ ਵਾਰਿਸ ਨਿਯੁਕਤ ਕਰਦੇ ਸਮੇਂ ਆਪਣੀ ਜੋਤਿ ਤੇ ਜੁਗਤਿ ਟਿਕਾ ਦਿੱਤੀ। ਪਹਿਲਾਂ ਆਪ ਨੂੰ ਗੁਰੂ ਸਿੰਘਾਸਨ ਉੱਪਰ ਬਿਠਾਇਆ, ਉਪਰੰਤ ਮੱਥਾ ਟੇਕ ਕੇ ਗੁਰੂ ਰੂਪ ਵਿੱਚ ਪ੍ਰਗਟ ਕਰ ਦਿੱਤਾ। ਇਹ ਵਡਿਆਈ ਤੇ ਵਚਿੱਤਰ ਗੁਣ ਕੇਵਲ ਗੁਰੂ ਹਰਿਕ੍ਰਿਸ਼ਨ ਸਾਹਿਬ ਵਿੱਚ ਹੀ ਸਨ, ਕਿ ਪੰਜ ਸਾਲ ਦੀ ਬਾਲ ਅਵਸਥਾ ਵਿੱਚ ਹੀ ਗੁਰੂ ਨਾਨਕ ਦੀ ਜੋਤਿ ਦੀ ਦਾਤ ਅਤੇ ਵਡਿਆਈ ਪ੍ਰਾਪਤ ਹੀ ਨਹੀਂ ਕੀਤੀ, ਸਗੋਂ ਗੁਰਤਾਗੱਦੀ 'ਤੇ ਬਿਰਾਜਦਿਆਂ ਸਿੱਖ ਸੋਚ, ਸਿੱਖ ਫਲਸਫ਼ਾ, ਸਿੱਖ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸਿੱਖ ਸੰਗਤ ਤੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਗੁਰੂ ਵਜੋਂ ਅਗਵਾਈ ਦਿੰਦਿਆਂ, ਗੁਰੂ ਜੋਤਿ ਵਾਲੇ ਮਾਣ ਤੇ ਸਤਿਕਾਰ ਨੂੰ ਕਾਇਮ ਰੱਖਿਆ।

ਇਤਿਹਾਸ ਦੇ ਪੰਨਿਆਂ 'ਤੇ ਇਸ ਗੱਲ ਦਾ ਜ਼ਿਕਰ ਵੀ ਮਿਲਦਾ ਹੈ। ਸਮਕਾਲੀ ਸਮਾਜ ਦਾ ਵਿਚਾਰ ਸੀ, ਛੋਟੀ ਅਵਸਥਾ ਦਾ ਬਾਲ ਗੁਰੂ ਕਿਵੇਂ ਹੋ ਸਕਦਾ ਹੈ ? ਅਜਿਹੀ ਸੋਚ ਸਮਕਾਲੀ ਲੋਕਾਂ ਦੀ ਸੋਚ ਸੀ ਕਿ ਪੰਜ ਸਾਲ ਦੀ ਉਮਰ ਤਾਂ ਕੇਵਲ ਬਾਲ-ਬੁੱਧੀ ਹੀ ਹੁੰਦੀ ਹੈ। ਅਨੁਭਵ ਜਾਂ ਤਜਰਬਾ ਤਾਂ ਵਡੇਰੀ ਉਮਰ ਦੇ ਲੋਕਾਂ ਕੋਲ ਹੀ ਹੁੰਦਾ ਹੈ। ਇਸ ਉਮਰ ਵਿੱਚ ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਸਮਝਣਾ ਵੀ ਕਠਿਨ ਹੁੰਦਾ ਹੈ। ਬਾਲ ਉਮਰ ਵਿੱਚ ਤਾਂ ਕੇਵਲ ਸੁਰਤ, ਮਨ, ਬਲ ਦਾ ਵਿਕਾਸ ਹੁੰਦਾ ਹੈ। ਲੋਕ ਭਲਾਈ ਤੇ ਪਰਉਪਕਾਰੀ ਕਾਰਜਾਂ ਨੂੰ ਸਮਝਣਾ ਤੇ ਪਹਿਚਾਨਣਾ ਔਖਾ ਕਾਰਜ ਹੈ। ਪਰ ਜਦੋਂ ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਤਾ ਗੱਦੀ ਕਾਲ ਉੱਤੇ ਝਾਤ ਮਾਰਦੇ ਹਾਂ ਤਾਂ ਪੰਜ ਤੋਂ ਅੱਠ ਸਾਲ ਦੀ ਬਾਲ ਅਵਸਥਾ ਦੇ ਤਿੰਨ ਸਾਲਾਂ ਵਿੱਚ ਜਿਹੜੇ ਕਾਰਜ ਬਾਬਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕੀਤੇ, ਉਹ ਕਿੰਨੇ ਵਿਲੱਖਣ ਅਤੇ ਵਿਸ਼ੇਸ਼ ਹਨ।

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰਤਾ ਗੱਦੀ ਦੇ ਤਿੰਨ ਵਰ੍ਹਿਆਂ ਵਿੱਚ ਗੁਰੂ ਘਰ ਦੀ ਸੇਵਾ ਅਤੇ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਕੇਵਲ ਸਿੱਖ ਸੰਗਤ ਦੀ ਅਗਵਾਈ ਹੀ ਨਹੀਂ ਕੀਤੀ, ਸਗੋਂ ਗੁਰੂ ਨਾਨਕ ਸਾਹਿਬ ਦੇ ਧਰਮ-ਆਦਰਸ਼ਾਂ ਨੂੰ ਕਾਇਮ ਰੱਖਦਿਆਂ ਪ੍ਰਚਾਰ ਤੇ ਪ੍ਰਸਾਰ ਪੂਰੀ ਸਰਗਰਮੀ ਨਾਲ ਕੀਤਾ। ਸਮਾਜਿਕ ਤੇ ਰਾਜਨੀਤਿਕ ਤੌਰ 'ਤੇ ਸਿੱਖ ਸੰਗਤ ਨੂੰ ਆਪਣੇ ਪੂਰਵਜਾਂ ਵਾਂਗ ਹੀ ਜਾਗ੍ਰਿਤ ਕਰਦੇ ਰਹੇ। ਜਦੋਂ ਸਮਕਾਲੀ ਬਾਦਸ਼ਾਹ ਔਰੰਗਜ਼ੇਬ ਨੇ ਆਪਣੇ ਦਰਬਾਰ ਵਿੱਚ ਬੁਲਾਇਆ ਤਾਂ ਉਸ ਦੀ ਕੂਟਨੀਤੀ ਨੂੰ ਸਮਝਦਿਆਂ ਦਰਸ਼ਨ-ਦੀਦਾਰੇ ਦੇਣ ਤੋਂ ਨਾਂਹ ਕਰਦਿਆਂ ਉਸ ਨੂੰ ਅਤਿਆਚਾਰੀ ਤੇ ਜ਼ਾਲਮ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿੱਤਾ।

ਆਪਣੀ ਬਿਬੇਕ ਬੁੱਧੀ ਅਤੇ ਜਾਗਤਿ-ਜੋਤ ਦਾ ਪ੍ਰਮਾਣ ਦਿੰਦਿਆਂ ਆਪਣੇ ਜੋਤਿ-ਜੋਤ ਸਮਾਉਣ ਸਮੇਂ ਬਾਬਾ-ਬੁਕਾਲੇ ਦਾ ਸੰਕੇਤ ਦੇ ਕੇ ਆਪਣੀ ਸਿਆਣਪ, ਤੀਖਣ ਬੁੱਧੀ ਅਤੇ ਦੂਰ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੀ ਨੌਵੀਂ ਜੋਤਿ ਦਾ ਐਲਾਨ ਕਰ ਦਿੱਤਾ। ਆਪ ਜੀ ਆਪਣੇ ਥੋੜ੍ਹੇ ਸਮੇਂ ਦੇ ਗੁਰੂ ਕਾਲ ਦੌਰਾਨ ਗੁਰੂ ਘਰ ਦੇ ਦੋਖੀਆਂ, ਦਾਅਵੇਦਾਰਾਂ, ਨਿੰਦਕਾਂ ਵਜੋਂ ਵਿਚਰ ਰਹੇ ਧੀਰਮੱਲੀਆਂ, ਸੋਢੀਆਂ, ਰਾਮਰਾਈਆਂ ਤੇ ਸ਼ਾਹੀ ਦਾਅਵੇਦਾਰਾਂ ਦੀਆਂ ਕੋਝੀਆਂ ਕੂਟਨੀਤਿਕ ਚਾਲਾਂ ਨੂੰ ਸਮਝ ਕੇ ਹਮੇਸ਼ਾ ਚੜ੍ਹਦੀਕਲਾ ਵਿੱਚ ਵਿਚਰੇ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਆਗਮਨ ਅੱਜ ਦੇ ਦਿਨ 1656 ਈ: ਵਿੱਚ ਹੋਇਆ। ਆਪ ਜੀ ਕੀਰਤਪੁਰ ਸਾਹਿਬ ਦੀ ਪਾਵਨ ਧਰਤੀ ਉੱਪਰ ਪਿਤਾ ਗੁਰੂ ਹਰਿ ਰਾਇ ਸਾਹਿਬ ਅਤੇ ਮਾਤਾ ਕ੍ਰਿਸ਼ਨ ਕੌਰ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਕੀਰਤਪੁਰ ਸਾਹਿਬ ਵਿੱਚ ਗੁਰੂ ਪਿਤਾ ਗੁਰੂ ਹਰਿ ਰਾਇ ਸਾਹਿਬ ਦੇ ਦਰਬਾਰ ਵਿੱਚ ਹਰ ਰੋਜ਼ ਅੰਮ੍ਰਿਤ ਵੇਲੇ ਤੇ ਸੰਧਿਆ ਸਮੇਂ ਹੋਣ ਵਾਲੇ ਗੁਰੂ-ਕੀਰਤੀ ਸਮਾਗਮਾਂ ਸਮੇਂ ਆਪ ਜੀ ਸੰਗਤੀ ਰੂਪ ਵਿੱਚ ਸ਼ਾਮਿਲ ਹੋ ਕੇ ਗੁਰੂ ਮਹਿਮਾਂ ਦੇ ਕਾਰਜ ਕਰਦੇ ਸਨ।

ਅਸਲ ਵਿੱਚ ਪ੍ਰਭੂ ਦਾ ਗਿਆਨ ਭਾਵ ਬ੍ਰਹਮ ਗਿਆਨ ਦੀ ਕੋਈ ਅਵਸਥਾ ਨਹੀਂ। ਵੱਡੀ ਉਮਰ ਜਾਂ ਬਾਲ ਅਵਸਥਾ ਨਾਲ ਇਸ ਗੱਲ ਦਾ ਕੋਈ ਸਬੰਧ ਨਹੀਂ। ਬਾਬਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬਚਪਨ ਵਿੱਚ ਹੀ ਵਿਕਾਰਾਂ ਤੋਂ ਰਹਿਤ ਸਨ। ਲਾਲਚ, ਕ੍ਰੋਧ, ਧੋਖਾ, ਕਪਟ, ਦੁਬਿਧਾ ਵਰਗੇ ਔਗੁਣ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਸਨ ਆਉਂਦੇ। ਬਾਲ ਅਵਸਥਾ ਵਿੱਚ ਹੀ ਉਨ੍ਹਾਂ ਦੇ ਅਨੁਭਵ ਅਤੇ ਬ੍ਰਹਮ-ਗਿਆਨ ਦੀ ਅਵਸਥਾ ਵੱਡੇ-ਵੱਡੇ ਜਪੀਆਂ, ਤਪੀਆਂ ਨੂੰ ਮਾਤ ਪਾਉਂਦੀ ਸੀ। ਹਿਰਦੇ ਦੀ ਕੋਮਲਤਾ, ਪਰਉਪਕਾਰ ਵਾਲੀ ਬਿਰਤੀ, ਨਿਮਰਤਾ, ਨਿਰਛਲਤਾ ਤੇ ਨਿਆਂ ਦੇਣ ਵਾਲੇ ਵੱਡੇ ਗੁਣ ਉਨ੍ਹਾਂ ਦੀ ਸ਼ਖ਼ਸੀਅਤ ਦੇ ਉੱਭਰਵੇਂ ਗੁਣ ਸਨ। ਦੋ ਵੱਡੇ ਗੁਣ ਕਿਸੇ ਰੱਬੀ-ਰੂਹ ਨੂੰ ਵੱਡਾ ਬਣਾਉਂਦੇ ਹਨ-ਪਹਿਲਾ ਗੁਣ ਬ੍ਰਹਮ-ਗਿਆਨ ਤੇ ਦੂਜਾ ਆਤਮਿਕ ਬਲ। ਇਹ ਦੋਵੇਂ ਗੁਣ ਬਾਬਾ ਪ੍ਰੀਤਮ ਦੀ ਬਾਲ-ਸ਼ਖ਼ਸੀਅਤ ਦੇ ਸ਼ਿੰਗਾਰ ਸਨ। ਗੁਰੂ ਪਰੰਪਰਾ ਮੁਤਾਬਿਕ ਹਰ ਸ਼ੰਕੇ ਦੀ ਨਵਿਰਤੀ ਗਿਆਨ ਨਾਲ ਹੋ ਸਕਦੀ ਹੈ। ਸਾਰੇ ਗੁਰੂ ਸਾਹਿਬਾਨ ਨੇ ਹਰ ਕਠਿਨ ਪ੍ਰਸ਼ਨ ਦਾ ਸਮਾਧਾਨ ਤਰਕ ਤੇ ਪਿਆਰ ਨਾਲ ਕੀਤਾ। ਪੰਜੋਖਰਾ ਸਾਹਿਬ ਦੀ ਸਾਖੀ ਮੁਤਾਬਿਕ ਹੰਕਾਰੀ ਪੰਡਿਤ ਲਾਲ ਚੰਦ ਦੇ ਸਵਾਲ ਦਾ ਸਮਾਧਾਨ ਅਨਪੜ੍ਹ ਅਤੇ ਗੂੰਗੇ ਛੱਜੂ ਦੇ ਸਿਰ ਉੱਤੇ ਸਮਰੱਥ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਹੱਥ ਰੱਖਦਿਆਂ ਆਪਣੇ ਆਤਮਿਕ ਬਲ ਦੇ ਪ੍ਰਗਟਾਵੇ ਨਾਲ ਕੀਤਾ। ਰਾਜਾ ਜੈ ਸਿੰਘ ਦੇ ਬੰਗਲੇ (ਬੰਗਲਾ ਸਾਹਿਬ) ਪਟਰਾਣੀ ਦੀ ਪਛਾਣ ਦਾ ਸੱਚ ਵੀ ਆਪਣੀ ਸਮਰੱਥਾ ਨਾਲ ਕੀਤਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜਿਹੜਾ ਪ੍ਰਚਾਰ ਤੇ ਪ੍ਰਸਾਰ ਪੰਜ ਤੋਂ ਅੱਠ ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ, ਅਜਿਹਾ ਹੀ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਗੁਰੂ ਨਾਨਕ ਸਾਹਿਬ ਦੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ (ਤੀਜੇ ਸਤਿਗੁਰੂ) ਨੇ 96 ਸਾਲ ਦੀ ਸਰੀਰਕ ਅਵਸਥਾ ਵਿੱਚ ਕੀਤਾ। ਕਿਉਂਕਿ ਦੋਵੇਂ ਗੁਰੂ ਸਾਹਿਬਾਨ ਦੀ ਜੋਤਿ ਅਤੇ ਜੁਗਤਿ ਇਕੋ ਜਿਹੀ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਤੋਂ ਪਹਿਲਾਂ ਸਾਰੀਆਂ ਗੁਰੂ ਜੋਤਾਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਦਿਆਂ, ਉਦੇਸ਼ਾਂ ਤੇ ਆਦਰਸ਼ਾਂ ਦੀ ਪੂਰਤੀ ਲਈ ਨਿਰਵੈਰਤਾ ਅਤੇ ਨਿਰਭੈਤਾ ਨਾਲ ਪਹਿਰਾ ਦਿੱਤਾ। ਛੋਟੀ ਅਵਸਥਾ ਵਿੱਚ ਸਿੱਖ ਫਲਸਫ਼ੇ ਤੇ ਸਿਧਾਂਤਾਂ ਦਾ ਪ੍ਰਚਾਰ ਕਰਦਿਆਂ ਬ੍ਰਹਮ-ਗਿਆਨ ਤੇ ਆਤਮਿਕ ਬਲ ਦਾ ਅਜਿਹਾ ਪ੍ਰਗਟਾਵਾ ਕੀਤਾ, ਜਿਸ ਤੋਂ ਪ੍ਰਭਾਵਿਤ ਹੋ ਕੇ ਰਾਜਾ ਜੈ ਸਿੰਘ ਨੇ ਸ਼ਰਧਾ ਤੇ ਪਿਆਰ ਦੀ ਮੂਰਤੀ ਬਣ ਕੇ ਆਪਣਾ ਰਿਹਾਇਸ਼ੀ ਅਸਥਾਨ ਵੀ ਸਤਿਗੁਰੂ ਨੂੰ ਸਮਰਪਿਤ ਕਰ ਦਿੱਤਾ। ਜਿਸ ਨੂੰ ਪਹਿਲਾਂ ਸਰਦਾਰ ਬਘੇਲ ਸਿੰਘ ਤੇ ਪਿੱਛੋਂ ਸਿੱਖ ਸੰਗਤਾਂ ਨੇ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦੇ ਰੂਪ ਵਿੱਚ ਸੰਭਾਲਿਆ, ਗੁਰੂ ਹਰਿਕ੍ਰਿਸ਼ਨ ਸਾਹਿਬ 1664 ਈ: ਵਿੱਚ ਜੋਤੀ ਜੋਤਿ ਸਮਾ ਗਏ। ਦੁੱਖਾਂ ਤੇ ਰੋਗਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਅੱਜ ਲੱਖਾਂ ਸਿੱਖ ਸੰਗਤ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਨਤਮਸਤਕ ਹੁੰਦੀ ਹੈ।






## ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਮਿਲੇਗਾ ਦਿੱਲੀ ਗੁਰਦੁਆਰਾ ਕਮੇਟੀ ਦਾ ਸ਼੍ਰੋਮਣੀ ਰਾਗੀ ਦਾ ਪਹਿਲਾ ਪੁਰਸਕਾਰ

ਨਵੀਂ ਦਿੱਲੀ, 18 ਜੁਲਾਈ (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਧਰਮ ਪ੍ਰਚਾਰ ਚੈਅਰਮੈਨ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਭਲਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਸ਼੍ਰੋਮਣੀ ਰਾਗੀ ਦੇ ਪੁਰਸਕਾਰ ਨਾਲ ਸਨਮਾਨਤ ਕੀਤਾ ਜਾਵੇਗਾ ਤੇ ਇਸ ਤਹਿਤ 11 ਲੱਖ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ। ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਦਾਰ ਕਾਲਕਾ, ਸਰਦਾਰ ਕਾਹਲੋਂ ਅਤੇ ਸਰਦਾਰ ਕਰਮਸਰ ਨੇ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਨੇ ਗੁਰੂ ਸਾਹਿਬਾਨ ਵੱਲੋਂ ਨਿਰਧਾਰਿਤ ਰਾਗਾਂ 'ਤੇ ਕੀਰਤਨ ਕਰਨ ਵਾਲੇ ਰਾਗੀਆਂ ਦੀ ਪਛਾਣ ਤੇ ਉਹਨਾਂ ਨੂੰ ਸਨਮਾਨਤ ਕਰਨ ਵਾਸਤੇ 11 ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ ਜਿਸ ਵਿਚ ਸਿੰਘ ਬੰਧੂ ਸੁਰਿੰਦਰ ਸਿੰਘ, ਭਾਈ ਰਣਧੀਰ ਸਿੰਘ ਸ੍ਰੀ ਦਰਬਾਰ ਸਾਹਿਬ, ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ, ਡਾ. ਜਗੀਰ ਸਿੰਘ ਚੰਡੀਗੜ੍ਹ, ਡਾ ਗੁਰਿੰਦਰ ਸਿੰਘ ਬਟਾਲਾ, ਭਾਈ ਬਲਦੀਪ ਸਿੰਘ ਦਿੱਲੀ, ਪ੍ਰੋ. ਦਲਬੀਰ ਸਿੰਘ ਯੂ ਐਸ ਏ, ਭਾਈ ਕੁਲਤਾਰ ਸਿੰਘ ਦਿੱਲੀ, ਭਾਈ ਮਨੋਹਰ ਸਿੰਘ ਦਿੱਲੀ, ਭਾਈ ਗੁਰਮੀਤ ਸਿੰਘ ਸ਼ਾਂਤ ਅਤੇ ਪ੍ਰਿੰਸੀਪਲ ਸੁਖਵੰਤ ਸਿੰਘ ਸ਼ਾਮਲ ਸਨ। ਉਹਨਾਂ ਦੱਸਿਕਆ ਕਿ ਅਸੀਂ ਇਹ ਫੈਸਲਾ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿੰਨੇ ਵੀ ਰਾਗ ਦਰਜ ਹਨ, ਉਹਨਾਂ ਮੁਤਾਬਕ ਗੁਰਬਾਣੀ ਕੀਰਤਨ ਕਰਨ ਵਾਲੇ ਕੀਰਤਨੀ ਸਿੰਘਾਂ ਵਿਚੋਂ ਚੋਣ ਕਰ ਕੇ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 11 ਲੱਖ ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸ ਕਮੇਟੀ ਨੇ ਇਸ ਵਾਰ ਫੈਸਲਾ ਕੀਤਾ ਹੈ ਕਿ ਇਹ ਪੁਰਸਕਾਰ ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਦਿੱਤਾ ਜਾਵੇ। ਉਹਨਾਂ ਕਿਹਾ ਕਿ ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਭਲਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਭਾਈ ਗੁਰਮੀਤ ਸਿੰਘ ਸ਼ਾਂਤ ਨੂੰ 11 ਲੱਖ ਰੁਪਏ ਦੇ ਪੁਰਸਕਾਰ ਨਾਲ ਨਿਵਾਜਿਆ ਜਾਵੇਗਾ। ਉਹਨਾਂ ਕਿਹਾ ਕਿ ਸਾਡਾ ਯਤਨ ਇਹ ਹੈ ਕਿ ਇਸ ਵੇਲੇ ਜਦੋਂ ਸਮੁੱਚੀ ਮਾਰਕੀਟ ਵਿਚ ਗਾਣਿਆਂ ਦੇ ਆਧਾਰ 'ਤੇ ਸ਼ਬਦ ਗਾਇਨ ਹੋ ਰਿਹਾ ਹੈ, ਉਸਨੂੰ ਨਕੇਲ ਪਾਈ ਜਾਵੇ ਅਤੇ ਗੁਰੂ ਸਾਹਿਬਾਨ ਵੱਲੋਂ ਦੱਸੇ ਅਨੁਸਾਰ ਰਾਗਾਂ 'ਤੇ ਆਧਾਰਿਤ ਕੀਰਤਨ ਨੂੰ ਪ੍ਰਫੁੱਲਤ ਕੀਤਾ ਜਾਵੇ। ਉਹਨਾਂ ਕਿਹਾ ਕਿ ਰਾਗਾਂ ਅਨੁਸਾਰ ਹੀ ਸਾਨੂੰ ਕੀਰਤਨ ਕਰਨ ਦਾ ਹੁਕਮ ਗੁਰੂ ਸਾਹਿਬਾਨ ਨੇ ਦਿੱਤਾ ਹੈ ਤੇ ਜਿਹੜੇ ਕੀਰਤਨੀ ਸਿੰਘ ਗੁਰੂ ਸਾਹਿਬਾਨ ਦੇ ਹੁਕਮ ਮੁਤਾਬਕ ਕੀਰਤਨ ਕਰਦੇ ਹਨ, ਉਹਨਾਂ ਦਾ ਮਾਣ ਸਨਮਾਨ ਕਰਨਾ ਸਾਡੀ ਜ਼ਿੰਮੇਵਾਰੀ ਬਣਦੀ ਹੈ। ਉਹਨਾਂ ਕਿਹਾ ਕਿ ਅਸੀਂ ਇਹ ਜ਼ਿੰਮੇਵਾਰੀ ਬਾਖੂਬੀ ਨਿਭਾਵਾਂਗੇ ਤੇ ਇਸ ਵਾਸਤੇ ਜੋ ਵੀ ਯਤਨ ਕਰਨ ਦੀ ਲੋੜ ਪਈ ਕਰਾਂਗੇ। ਉਹਨਾਂ ਕਿਹਾ ਕਿ ਨਿਮਾਣੇ ਯਤਨ ਵਜੋਂ ਅਸੀਂ 11 ਲੱਖ ਰੁਪਏ ਦੀ ਇਨਾਮੀ ਰਾਸ਼ੀ ਘੋਸ਼ਤ ਕੀਤੀ ਸੀ ਤੇ ਭਲਕੇ ਤੋਂ ਇਸ ਰਾਸ਼ੀ ਦੀ ਅਦਾਇਗੀ ਨਾਲ ਇਕ ਨਵੀਂ ਸ਼ੁਰੂਆਤ ਹੋ ਰਹੀ ਹੈ ਜਿਸ ਵਾਸਤੇ ਸਮੁੱਚੀ ਸੰਗਤ ਵਧਾਈ ਦੀ ਪਾਤਰ ਹੈ।



**ਜਨਤਕ ਸੂਚਨਾ**

**ਵੱਲੋਂ ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅ.ਫਸਰ, ਯੂ.ਟੀ., ਚੰਡੀਗੜ੍ਹ**

ਵਿਸ਼ਾ:: ਵਪਾਰਕ ਬੂਥ ਨੰਬਰ 8, ਸੈਕਟਰ 37-ਸੀ, ਚੰਡੀਗੜ੍ਹ (ਸੀ.ਪੀ.ਐਲ. 5398) ਦੇ ਸੰਬੰਧ ਵਿੱਚ ਸਵਰਗੀ ਲੋਮੇਸ਼ ਕੁਮਾਰ ਦੀ ਅਣਵੰਡੀ ਮੌਤ ਦੇ ਆਧਾਰ 'ਤੇ 100.00% ਹਿੱਸੇ ਦੀ ਹੱਦ ਤੱਕ ਲੀਜ਼ ਹੋਲਡ ਅਧਿਕਾਰਾਂ ਦਾ ਤਬਾਦਲਾ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਲੋਮੇਸ਼ ਕੁਮਾਰ ਵਪਾਰਕ ਬੂਥ ਨੰਬਰ 8, ਸੈਕਟਰ 37-ਸੀ. ਚੰਡੀਗੜ੍ਹ ਦੇ 100.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।

ਸ਼੍ਰੀਮਤੀ ਰੁਹਾਨੀ ਦੁਆਰਾ ਉਨ੍ਹਾਂ ਦੇ ਕੁਦਰਤੀ ਸਰਪ੍ਰਸਤ ਅਤੇ ਉਨ੍ਹਾਂ ਦੀ ਮਾਤਾ ਸੋਨੀਆ ਰਾਣੀ, ਸੋਨੀਆ ਰਾਣੀ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ/ਸ਼੍ਰੀਮਤੀ ਲੋਮੇਸ਼ ਕੁਮਾਰ ਦੀ ਮਿਆਦ 02/06/2016 ਨੂੰ ਸਮਾਪਤ ਹੋ ਗਈ ਸੀ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

| ਲ. ਨੰ. | ਕਾਨੂੰਨੀ ਵਾਰਸ ਦਾ ਨਾਮ | ਮ੍ਰਿਤਕ ਨਾਲ ਰਿਸ਼ਤੇਦਾਰੀ |
|---|---|---|
| 1 | ਸੋਨੀਆ ਰਾਣੀ | ਸੁਪਤਨੀ |
| 2 | ਰੁਹਾਨੀ | ਸਪੁੱਤਰੀ |

ਹੁਣ, ਮਿਸ ਰੁਹਾਨੀ ਆਪਣੇ ਕੁਦਰਤੀ ਸਰਪ੍ਰਸਤ ਅਤੇ ਉਸਦੀ ਮਾਤਾ ਸੋਨੀਆ ਰਾਣੀ ਰਾਹੀਂ। ਸੋਨੀਆ ਰਾਣੀ ਨੇ ਵਪਾਰਕ ਬੂਥ ਨੰਬਰ 8, ਸੈਕਟਰ 37-ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ, ਸਵਰਗੀ ਲੋਮੇਸ਼ ਕੁਮਾਰ ਦੁਆਰਾ ਆਪਣੇ/ਆਪਣੇ/ਆਪਣੇ ਹੱਕ ਵਿੱਚ ਰੱਖੇ ਗਏ 100.00% ਹਿੱਸੇ ਦੀ ਹੱਦ ਤੱਕ, ਅਣਵੰਡੀ ਮੌਤ ਦੇ ਆਧਾਰ 'ਤੇ, ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ/ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ. ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।

ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂਟੀ, ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

**ਦਫਤਰ ਚੇਅਰਮੈਨ, ਸੁਸਾਇਟੀ ਜਨ ਸਹਾਇਤਾ ਕੇਂਦਰ-ਕਮ-ਉਪ ਮੰਡਲ ਮੈਜਿਸਟਰੇਟ, ਪਟਿਆਲਾ**

**ਜਨਤਕ ਨੋਟਿਸ**

ਹਰ ਆਮ ਅਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜਨ ਸਹਾਇਤਾ ਕੇਂਦਰ (ਸਾਹਮਣੇ ਮਿੰਨੀ ਸਕੱਤਰੇਤ) ਪਟਿਆਲਾ ਦੀ ਪਾਰਕਿੰਗ ਨੂੰ ਮਿਤੀ 01.08.2025 ਤੋਂ 31.07.2026 ਤੱਕ ਠੇਕੇ 'ਤੇ ਦੇਣ ਲਈ ਸੀਲ ਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਪਾਰਕਿੰਗ ਦੀ ਬੋਲੀ ਲਈ 21,50,000/- ਰੁਪਏ (ਇੱਕੀ ਲੱਖ ਪੰਜਾਹ ਹਜ਼ਾਰ ਰੁਪਏ) ਰਾਖਵੀਂ ਕੀਮਤ ਰੱਖੀ ਗਈ ਹੈ। ਜੇਕਰ ਕੋਈ ਚਾਹਵਾਨ ਵਿਅਕਤੀ ਜਨ ਸਹਾਇਤਾ ਕੇਂਦਰ, ਮਿੰਨੀ ਸਕੱਤਰੇਤ, ਪਟਿਆਲਾ ਦੇ ਪਾਰਕਿੰਗ ਨੂੰ ਠੇਕੇ 'ਤੇ ਲੈਣ ਦਾ ਚਾਹਵਾਨ ਹੋਵੇ ਤਾਂ ਉਹ ਮੁਬ: 1,00,000/- ਰੁਪਏ ਦਾ ਡਿਮਾਂਡ ਡਰਾਫਟ ਚੇਅਰਮੈਨ, ਸੁਸਾਇਟੀ ਜਨ ਸਹਾਇਤਾ ਕੇਂਦਰ-ਕਮ-ਉਪ ਮੰਡਲ ਮੈਜਿਸਟਰੇਟ, ਪਟਿਆਲਾ ਦੇ ਨਾਂ ਸਕਿਊਰਟੀ ਵਜੋਂ ਪੇਸ਼ ਕਰ ਸਕਦਾ ਹੈ। ਇਹ ਟੈਂਡਰ ਮਿਤੀ 24.07.2025 ਨੂੰ ਦੁਪਹਿਰ 2.00 ਵਜੇ ਤੱਕ ਹੀ ਕਮਰਾ ਨੰਬਰ 205, ਬਲਾਕ-ਏ, ਮਿੰਨੀ ਸਕੱਤਰੇਤ, ਪਟਿਆਲਾ ਵਿਖੇ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਸੀਲ ਬੰਦ ਲਿਫਾਫੇ ਵਿਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੋ ਮਿਤੀ 25.07.2025 ਨੂੰ ਸ਼ਾਮ 4.00 ਵਜੇ ਨਿਮਨ ਹਸਤਾਖਰ ਵੱਲੋਂ ਜਨ ਸਹਾਇਤਾ ਕਮੇਟੀ ਮੈਂਬਰਾਂ ਦੀ ਹਾਜ਼ਰੀ ਵਿੱਚ ਖੋਲ੍ਹੇ ਜਾਣਗੇ। ਟੈਂਡਰ ਦੀ ਵੱਧ ਬੋਲੀ ਦੇਣ ਵਾਲੇ ਵਿਅਕਤੀ ਨੂੰ ਹੀ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਪਾਰਕਿੰਗ ਦਾ ਠੇਕਾ ਦਿੱਤਾ ਜਾਵੇਗਾ। ਨਿਯਮ ਅਤੇ ਸ਼ਰਤਾਂ ਇਹ ਇਸ਼ਤਿਹਾਰ ਜਾਰੀ ਹੋਣ ਤੋਂ ਬਾਅਦ ਇਸ ਦਫਤਰ ਦੇ ਨੋਟਿਸ ਬੋਰਡ 'ਤੇ ਪੜ੍ਹੀਆਂ ਜਾ ਸਕਦੀਆਂ ਹਨ।

**ਸਹੀ/- ਸੁਸਾਇਟੀ ਜਨ ਸਹਾਇਤਾ ਕੇਂਦਰ -ਕਮ-ਉਪ ਮੰਡਲ ਮੈਜਿਸਟਰੇਟ ਪਟਿਆਲਾ**

**OFFICE OF THE DISTRICT & SESSIONS JUDGE, FATEHGARH SAHIB**

**PUBLIC NOTICE**

Applications on plain paper with complete Bio-Data, and contact numbers alongwith testimonial and two recent passport size photographs are invited up till 31.07.2025 at 4.00 PM. for filling up of following post on contract basis at the rates fixed by Deputy Commissioner, Fatehgarh Sahib, from time to time on whole time basis under Minimum Wages Act 1948. The qualification and other criteria to fill up these post(s) is as under:-

| Sr.No. | Post | Age | Qualification |
|---|---|---|---|
| 1 | 1 Post of Lift Operators on contract basis at Headquarter Fatehgarh Sahib | The candidate should be between 18 to 35 years of age as on 01.07.2025. The relaxation of age will be given to the candidates belonging to reserve category, as per instructions of the Hon'ble High Court as well as Punjab Government | Matriculation from a recognized board/University or equivalent. Experience of 5 years in the operation and maintenance of lifts. |

Note : i) The incomplete applications are not to be entertained.
ii) The number of post mentioned above may increase or decrease:
iii)The Candidates will appear for test/interview for the abovesaid post alongwith their original testimonials before this office in the Judicial Courts Complex, Fatehgarh Sahib, as per following schedule:-

| | |
|---|---|
| Date of interview for the above said post of Lift Operator (Candidates alphabetically having their names starting with letters) | 08.08.2025 at 11.00 A.M. sharp |

iv) The candidates will attach two self addressed envelopes alongwith their application form.
v) No T.A./D.A. will be paid for the abovesaid test/interview.
vi) The Office reserves the right to cancel or postpone the interview, in case of any administrative reasons, or otherwise.
vii) Mere satisfying the eligibility criteria would not be sole ground for selection. The office reserve the right to alter/modify or change any of the terms and conditions including selection criteria also.

Dated: 18/7/2025

Sd/- Arun Gupta
District & Sessions Judge,
Fatehagarh Sahib

**ਪੰਜਾਬ ਸਰਕਾਰ** **ਟੈਂਡਰ ਸੂਚਨਾ**

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ/ਬੰਦ ਹੋਣ ਦੀ ਮਿਤੀ | ਰਕਮ/ਈ.ਐਮ.ਡੀ. (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਸੀਨੀਅਰ ਮੈਡੀਕਲ ਅਫ਼ਸਰ, ਸਿਵਲ ਹਸਪਤਾਲ, ਫਰੀਦਕੋਟ | ਸਿਵਲ ਹਸਪਤਾਲ ਫਰੀਦਕੋਟ ਲਈ ਕੰਟੀਨ ਟੈਂਡਰ | 18/07/2025 01/08/2025 | 40.00 Thousand | 9815550206 smo.chfdk1@gmail.com |
| 2. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ ਨੰ. 1. ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਪਟਿਆਲਾ | ਸੈਂਟਰ ਟੂ ਕੋਠੀ ਨੰਬਰ 58-ਈ, ਪੁਲਿਸ ਲਾਈਨ, ਪਟਿਆਲਾ | 17/07/2025 25/07/2025 | 11.00 Thousand | 9888821419 eepd1ptapwdpb@gmail.com |
| 3. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਪੀ.ਡਬਲਯੂ.ਡੀ. (ਬੀ.ਐਂਡ.ਆਰ) ਸ਼ਾਖਾ, ਫਰੀਦਕੋਟ | ਜ਼ਿਲ੍ਹਾ ਫਰੀਦਕੋਟ ਦੇ ਜੈਤੋ ਵਿਖੇ ਸੇਵਾ ਕੇਂਦਰ (ਟਾਈਪ-2) ਦੀ ਉਸਾਰੀ | 17/07/2025 31/07/2025 | 49.20 Thousand | 9888706887 eepdfdtpwdpb@gmail.com |
| 4. | ਕਾਰਜਕਾਰੀ ਇੰਜੀਨੀਅਰ/ਫਰੀਦਕੋਟ, ਡਰੇਨੇਜ-ਕਮ-ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ, ਡਬਲਯੂ.ਆਰ.ਡੀ., ਫਰੀਦਕੋਟ | ਕੋਟਕਪੂਰਾ ਲਿੰਕ ਡਰੇਨ ਦੇ ਆਰਡੀ 46780 ਵਿਖੇ ਵਾਟਰ ਕੋਰਸ ਦੀ ਉਸਾਰੀ | 17/07/2025 24/07/2025 | 27.20 Thousand | 7696593933 xendcdfdk@yahoo.in |
| 5. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਬਠਿੰਡਾ | ਜ਼ਿਲ੍ਹਾ ਬਠਿੰਡਾ ਵਿੱਚ 2 ਨੰਬਰ ਬੀਪੀਐਚਯੂ, 3 ਨੰਬਰ ਐਚਡਬਲਯੂਸੀ ਅਤੇ ਜ਼ਿਲ੍ਹਾ ਮਾਨਸਾ ਵਿੱਚ 1 ਨੰਬਰ ਬੀਪੀਐਚਯੂ, 3 ਨੰਬਰ ਐਚਡਬਲਯੂਸੀ ਦੀ ਉਸਾਰੀ। | 16/07/2025 31/07/2025 | 6.99 Lac | 9646001663 xenprbti@gmail.com |
| 6. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਰਾਜਪੁਰਾ | ਪਿੰਡ ਬੋਲੜ ਕਲਾਂ, ਬਲਾਕ ਸਨੌਰ, ਜ਼ਿਲ੍ਹਾ ਪਟਿਆਲਾ, ਪੰਜਾਬ ਲਈ ਪਲਾਸਟਿਕ ਵੇਸਟ ਮੈਨੇਜਮੈਂਟ ਯੂਨਿਟ/ਮਾਟੀਰੀਅਲ ਰਿਕਵਰੀ ਸਹੂਲਤ ਦੀ ਉਸਾਰੀ। | 19/07/2025 04/08/2025 | 27.96 Thousand | 9779600911 wss_xenrajpura@yahoo.in |
| 7. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, (ਸੀ ਐਂਡ ਐਮ) ਵਿਭਾਗ, ਪਟਿਆਲਾ | ਪਿੰਡ ਭਾਦਸੋਂ, ਬਲਾਕ ਨਾਭਾ, ਜ਼ਿਲ੍ਹਾ ਪਟਿਆਲਾ ਵਿਖੇ ਬਲਾਕ ਪਬਲਿਕ ਹੈਲਥ ਯੂਨਿਟ ਦਾ ਨਿਰਮਾਣ | 16/07/2025 29/07/2025 | 68.00 Thousand | 9814331751 xenprdpatiala@yahoo.in |
| 8. | ਕਾਰਜਕਾਰੀ ਇੰਜੀਨੀਅਰ, ਬਿਜਲੀ ਵਿਭਾਗ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਜਲੰਧਰ ਕੈਂਟ | ਡੀਏਸੀ ਜਲੰਧਰ ਵਿਖੇ 1000 ਕੇਵੀਏ ਕੰਪੈਕਟ ਸਬ ਸਟੇਸ਼ਨ ਦੀ ਸਪਲਾਈ, ਨਿਰਮਾਣ, ਟੈਸਟਿੰਗ ਅਤੇ ਕਮਿਸ਼ਨਿੰਗ (ਸੋਧਿਆ ਗਿਆ)। | 18/07/2025 01/08/2025 | 1.18 Lac | 9878401315 electdivnjal55@gmail.com |
| 9. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਪੀ.ਡਬਲਯੂ.ਡੀ. (ਬੀ.ਐਂਡ.ਆਰ) ਸ਼ਾਖਾ, ਪਠਾਨਕੋਟ | ਧੋਬਰਾ ਤਾਰਾਗੜ੍ਹ ਤੋਂ ਕਥਲੌਰ ਕੋਹਲੀਆਂ ਫਤਿਹਪੁਰ ਖਰਖੜਾ (ਧੋਬਰਾ ਤੋਂ ਤਾਰਾਗੜ੍ਹ ਰੋਡ 0.00 ਤੋਂ 8.97 ਕਿਲੋਮੀਟਰ) ਨੂੰ ਚੌੜਾ ਕਰਨ/ਅੱਪਗ੍ਰੇਡ ਕਰਨ ਲਈ ਮੁੜ ਸੱਦਾ ਦੇਣਾ ਜਿਸ ਵਿੱਚ ਜ਼ਿਲ੍ਹਾ ਪਠਾਨਕੋਟ ਵਿੱਚ 5 ਸਾਲਾਂ ਲਈ ਸੜਕ ਦੀ ਦੇਖਭਾਲ ਸ਼ਾਮਲ ਹੈ। | 18/07/2025 31/07/2025 | 19.46 Lac | 9855076068 eecdpthkpwdpb@gmail.com |
| 10. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਪੀ.ਡਬਲਯੂ. (ਸੀ ਐਂਡ ਐਮ), ਡਿਵੀਜ਼ਨ, ਜਲੰਧਰ | ਜਲੰਧਰ ਦੇ ਵੱਖ-ਵੱਖ ਪਿੰਡਾਂ ਵਿੱਚ 6 ਨੰਬਰ ਪੰਚਾਇਤ ਘਰਾਂ ਅਤੇ ਕਪੂਰਥਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ 2 ਨੰਬਰ ਪੰਚਾਇਤ ਘਰਾਂ ਦਾ ਨਿਰਮਾਣ। | 16/07/2025 28/07/2025 | 3.88 Lac | 7837575001 ee.prpwdiv.jalandhar@punjab.gov.in |
| 11. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਕਪੂਰਥਲਾ | ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਖੇ ਖੱਟੀ ਧਾਮ ਦੇ ਮੰਦਰ ਦੀ ਇਮਾਰਤ ਦਾ ਨਿਰਮਾਣ | 18/07/2025 01/08/2025 | 9.04 Lac | 9781404284 eecd2kptpwdpb@gmail.com |
| 12. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਡਿਵੀਜ਼ਨ, ਸ੍ਰੀ ਮੁਕਤਸਰ ਸਾਹਿਬ | 1. ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਤੇ ਜ਼ਿਲ੍ਹਾ ਫਾਜ਼ਿਲਕਾ ਦੇ ਵੱਖ-ਵੱਖ ਪਿੰਡਾਂ ਵਿੱਚ ਸਿਹਤ ਸੰਭਾਲ ਕੇਂਦਰ ਦਾ ਨਿਰਮਾਣ। | 15/07/2025 28/07/2025 | 6.11 Lac | 9888292002 xenprmks@gmail.com |
| 13. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਰੂਪਨਗਰ | ਐਨਐਚ-205 ਤੋਂ ਰੰਗੀਲਪੁਰ ਮੀਆਂਪੁਰ-ਪੁਰਖਾਲੀ ਤੱਕ ਜ਼ਿਲ੍ਹਾ ਰੂਪਨਗਰ ਵਿੱਚ ਬਾਰਦਾਰ ਤੱਕ ਸੜਕ ਦੀ ਸਮੇਂ-ਸਮੇਂ 'ਤੇ ਮੁਰੰਮਤ ਨੂੰ ਹੈਡ 5054 RB-10 ਅਧੀਨ ਪ੍ਰਵਾਨਗੀ ਦਿੱਤੀ ਗਈ। | 16/07/2025 07/08/2025 | 13.41 Lac | 9779970088 pwdropar@yahoo.co.in |
| 14. | ਕਾਰਜਕਾਰੀ ਇੰਜੀਨੀਅਰ/ਫਰੀਦਕੋਟ, ਡਰੇਨੇਜ-ਕਮ-ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ, ਡਬਲਯੂਆਰਡੀ, ਫਰੀਦਕੋਟ | ਫਰੀਦਕੋਟ ਡਰੇਨੇਜ-ਕਮ-ਮਾਈਨਿੰਗ ਅਤੇ ਭੂ-ਵਿਗਿਆਨ ਵਿਭਾਗ, ਫਰੀਦਕੋਟ (ਪਿੰਡ ਢੈਪਈ) ਅਧੀਨ ਨਹਿਰੀ ਪਾਣੀ ਨਾਲ ਮੌਜੂਦਾ ਤਲਾਬਾਂ ਦੇ ਕੁਨੈਕਸ਼ਨ ਲਈ ਅਨੁਮਾਨ | 18/07/2025 01/08/2025 | 48.60 Thousand | 7696593933 xendcdfdk@yahoo.in |
| 15. | ਕਾਰਜਕਾਰੀ ਇੰਜੀਨੀਅਰ, ਖਰੀਦ ਸਟੋਰ ਅਤੇ ਡਿਸਪੋਜ਼ਲ ਡੈਮ ਡਿਵੀਜ਼ਨ, ਆਰਐਸਡੀ ਸ਼ਾਹਪੁਰਕੰਡੀ ਟਾਊਨਸ਼ਿਪ | ਬੀਈਐਮਐਲ ਰੀਅਰ ਡੰਪਰ, ਚੇਨ ਡੋਜ਼ਰਜ਼, ਐਸਕਾਰਟ ਫੈਨ, ਬੀਈਐਮਐਲ ਵਾਟਰ ਸਪ੍ਰਿੰਕਲਰ, ਅਸ਼ੋਕ ਲੇਲੈਂਡ ਹਿਪੋ, ਕੰਪ੍ਰੇਸਰ, ਐਮ.ਐਸ. ਸਕ੍ਰੈਪ ਆਦਿ ਦਾ ਨਿਪਟਾਰਾ | 18/07/2025 07/08/2025 | 11.11 Lac | 9419046016 rsdstoredivision@gmail.com |
| 16. | ਕਾਰਜਕਾਰੀ ਇੰਜੀਨੀਅਰ, ਭੂਮੀਗਤ ਜਲ ਸਰੋਤ ਵਿਭਾਗ ਨੰ.1, ਐਸਏਐਸ ਨਗਰ | ਸਰਹਿੰਦ ਫੀਡਰ ਅਤੇ ਰਾਜਸਥਾਨ ਫੀਡਰ ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ ਦੇ ਸਾਂਝੇ ਕੰਢੇ 'ਤੇ ਸੋਲਰ ਪਾਵਰ ਪਲਾਂਟ ਦਾ ਡਿਜ਼ਾਈਨ, ਸਪਲਾਈ, ਸਥਾਪਨਾ, ਟੈਸਟਿੰਗ, ਕਮਿਸ਼ਨਿੰਗ ਅਤੇ ਰੱਖ-ਰਖਾਅ। | 18/07/2025 18/08/2025 | 38.95 Lac | 9501350090 gwrdiv1@gmail.com |
| 17. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ ਫਰੀਦਕੋਟ | ਸਰਕਾਰੀ ਬ੍ਰਿਜਿੰਦਰਾ ਕਾਲਜ, ਫਰੀਦਕੋਟ ਵਿੱਚ ਖੇਤੀਬਾੜੀ ਬਲਾਕ ਦੀ ਉਸਾਰੀ | 18/07/2025 08/08/2025 | 4.08 Lac | 9888706887 eepdfdtpwdpb@gmail.com |
| 18. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਸ੍ਰੀ ਮੁਕਤਸਰ ਸਾਹਿਬ | 1. ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਤੇ ਜ਼ਿਲ੍ਹਾ ਫਾਜ਼ਿਲਕਾ ਦੇ ਵੱਖ-ਵੱਖ ਪਿੰਡਾਂ ਵਿੱਚ ਪੰਚਾਇਤ ਘਰ ਦੀ ਸਥਾਪਨਾ। | 16/07/2025 31/07/2025 | 3.88 Lac | 9888292002 xenprmks@gmail.com |
| 19. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀ.ਡਬਲਯੂ (ਸੀ ਐਂਡ ਐਮ) ਡਿਵੀਜ਼ਨ, ਐਸਏਐਸ ਨਗਰ | 1) ਪਿੰਡ ਤਿਊਰ ਬਲਾਕ ਮਾਜਰੀ ਅਤੇ ਪਿੰਡ ਮੁੱਲਾਂਪੁਰ ਗਰੀਬਦਾਸ ਬਲਾਕ ਖਰੜ ਵਿਖੇ ਪੰਚਾਇਤ ਘਰ ਦੀ ਸਥਾਪਨਾ II) ਭਾਗੋਮਾਜਰਾ ਬਲਾਕ ਮੋਹਾਲੀ ਅਤੇ ਪਿੰਡ ਮੁਬਾਰਕਪੁਰ ਬਲਾਕ ਡੇਰਾਬੱਸੀ ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਐਚਡਬਲਿਊਸੀ ਦਾ ਨਿਰਮਾਣ। | 21/07/2025 04/08/2025 | 2.35 Lac | 8527430259 xenprdsas@yahoo.com |
| 20. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ ਨੰ.3, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਅੰਮ੍ਰਿਤਸਰ | ਹੋਸਟਲ-ਸੀ ਬਲਾਕ ਮੈਡ. ਕਲੋਨੀ. ਅੰਮ੍ਰਿਤਸਰ ਵਿੱਚ ਗਰਿੱਲ ਦੀ ਸਥਾਪਨਾ ਅਤੇ ਫਿਕਸਿੰਗ | 18/07/2025 04/08/2025 | 0.29 Thousand | 8283828197 xencw2amritsar@gmail.com |
| 21. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਲੁਧਿਆਣਾ | ਪਿੰਡ ਚਕਰ, ਕਮਾਲਪੁਰਾ ਬਲਾਕ ਜਗਰਾਉਂ ਅਤੇ ਠੱਕਰਵਾਲ ਬਲਾਕ ਲੁਧਿਆਣਾ-1 ਵਿਖੇ ਸਿਹਤ ਤੰਦਰੁਸਤੀ ਕੇਂਦਰ ਦੀ ਸਥਾਪਨਾ | 16/07/2025 29/07/2025 | 20.44 Lac | 9814331951 xenprdludhiana@yahoo.com |
| 22. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੰ.1 ਚੰਡੀਗੜ੍ਹ | 1. ਪ੍ਰੋਵ, ਅਤੇ ਕਾਨਫਰੰਸ ਹਾਲ ਵਿਖੇ 04 ਨੰਬਰ, ਏ.ਸੀ. ਆਈ, ਈ,, 02 ਨੰਬਰ 2.0 ਐਚਪੀ ਕੈਪ. ਅਤੇ 02 ਨੰਬਰ 3 ਐਚਪੀ ਸਮਰੱਥਾ ਦੀ ਸਥਾਪਨਾ। ਨੰ. 2, ਮਗਸੀਪਾ ਸੈਕਟਰ-26, ਚੰਡੀਗੜ੍ਹ 2. ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ ਵਿਖੇ ਸਥਾਪਤ ਫਾਇਰ ਫਾਈਟਿੰਗ ਸਿਸਟਮ ਦੀ ਮੁਰੰਮਤ | 18/07/2025 01/08/2025 | 37.79 Thousand | 9872519223 eegwd1@yahoo.in |
| 23. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀਡਬਲਯੂ (ਸੀ ਐਂਡ ਐਮ) ਡਿਵੀਜ਼ਨ, ਰੂਪਨਗਰ | ਹਾਕਸ ਕਲੱਬ, ਪਿੰਡ ਸਮਰਾਲਾ, ਜ਼ਿਲ੍ਹਾ ਰੂਪਨਗਰ ਵਿਖੇ ਸੀਮਾ ਦੀਵਾਰ ਦਾ ਨਿਰਮਾਣ। ਪਿੰਡ ਕੋਟਲਾ ਨਿਹੰਗ ਜ਼ਿਲ੍ਹਾ ਰੂਪਨਗਰ ਵਿਖੇ ਪੰਚਾਇਤ ਸੀਹਾਰ ਦਾ ਗਠਨ। ਪਿੰਡ ਡਰੋਲੀ, ਜ਼ਿਲ੍ਹਾ ਰੂਪਨਗਰ ਵਿਖੇ ਪੰਚਾਇਤ ਘਰ ਦਾ ਗਠਨ। | 18/07/2025 04/08/2025 | 1.16 Lac | 9814056538 xenprdropar@yahoo.com |
| 24. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਰੂਪਨਗਰ | ਤਹਿਸੀਲ ਨੰਗਲ ਜ਼ਿਲ੍ਹਾ ਰੂਪਨਗਰ ਦੇ ਨੰਗਲ ਟਾਊਨਸ਼ਿਪ ਵਿਖੇ ਸਰਕਾਰੀ ਸੈਨੇਟ ਸਕੱਤਰ ਸਕੂਲ (ਲੜਕੀਆਂ) ਵਿਖੇ ਨਵੇਂ ਬਲਾਕ ਦੀ ਉਸਾਰੀ ਦੇ ਕੰਮ ਲਈ ਡੀ.ਐਨ.ਆਈ.ਟੀ. | 18/07/2025 08/08/2025 | 4.45 Lac | 9779970088 pwdropar@yahoo.com |
| 25. | ਜ਼ਿਲ੍ਹਾ ਰੁਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਹੁਸ਼ਿਆਰਪੁਰ | ਦਫ਼ਤਰੀ ਵਰਤੋਂ ਲਈ 01 ਵਾਹਨ ਕਿਰਾਏ 'ਤੇ ਲੈਣਾ | 16/07/2025 31/07/2025 | 10.80 Thousand | 6280197708 employmenthoshiarpur@gmail.com |
| 26. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਅੰਮ੍ਰਿਤਸਰ | ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੰਜ ਸਾਲ ਦੇ ਰੱਖ-ਰਖਾਅ (ਇੱਕ ਸਾਲ ਦਾ DLP+D ਸਾਲ ਦੇ ਰੱਖ-ਰਖਾਅ ਦੀ ਮਿਆਦ) ਸਮੇਤ ਅੰਮ੍ਰਿਤਸਰ ਮਜੀਠਾ ਫਤਿਹਗੜ੍ਹ ਚੂੜੀਆਂ ਸੜਕ ਦਾ ਨਵੀਨੀਕਰਨ। | 18/07/2025 18/08/2025 | 34.92 Lac | 9888404112 ee.pd.amritsar.pwd@punjab.gov.in |
| 27. | ਮੰਡਲ ਭੂਮੀ ਸੰਭਾਲ ਅਫ਼ਸਰ, ਹੁਸ਼ਿਆਰਪੁਰ | ਪਿੰਡ ਕੋਈ, ਹਰਦੋਨੇਕਨਾਮਾ, ਅਗਲੌਰ, ਪੱਤੀ ਸੰਸਾਰਪੁਰ, ਮਨਹੋਤਾ, ਆਦੋ ਚੱਕ, ਚੰਗਿਆਲ, ਸੰਸਾਰਪੁਰ, ਸੰਘਵਾਲ ਤਹਿ ਦਸੂਹਾ ਵਿਖੇ ਐਮਐਮ ਵਾਟਰ ਰੀਚਾਰਜਿੰਗ ਅਤੇ ਸੀਡਬਲਿਊ ਦਾ ਮਜ਼ਬੂਤੀਕਰਨ, ਪਿੰਡ ਮਾਨਾਂ, ਪਤਿਆੜੀਆਂ, ਬਰੋਟੀ, ਲਾਲਪੁਰ ਅਤੇ ਘੁੱਕਰਵਾਲ ਤਹਿ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਰਿਟੇਨਿੰਗ ਵਾਲ ਅਤੇ ਸੀਡਬਲਿਊ ਦਾ ਮਜ਼ਬੂਤੀਕਰਨ। | 17/07/2025 24/07/2025 | 1.70 Lac | 8968217665 dsco.dswc.hoshiarpur@punjab.gov.in |
| 28. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, (ਸੀ ਐਂਡ ਐਮ) ਡਿਵੀਜ਼ਨ, ਗੁਰਦਾਸਪੁਰ | 1 ਨੰਬਰ ਪੰਚਾਇਤ ਘਰ ਜ਼ਿਲ੍ਹਾ ਗੁਰਦਾਸਪੁਰ ਅਤੇ 1 ਨੰਬਰ ਪਠਾਨਕੋਟ ਘਰ ਜ਼ਿਲ੍ਹਾ ਪਠਾਨਕੋਟ ਦੀ ਉਸਾਰੀ | 18/07/2025 02/08/2025 | 95.00 Thousand | 9914124342 xenprdgsp@gmail.com |
| 29. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਐਸਬੀਐਸ ਨਗਰ | ਐਸਬੀਐਸ ਨਗਰ ਵਿਖੇ ਜੁਡੀਸ਼ੀਅਲ ਕੋਰਟ ਕੰਪਲੈਕਸ ਵਿੱਚ ਤੀਜੀ ਮੰਜ਼ਿਲ 'ਤੇ ਕੋਰਟ ਰੂਮ ਦਾ ਨਿਰਮਾਣ/ ਵਿਸਥਾਰ। | 19/07/2025 11/08/2025 | 4.92 Lac | 9876262823 eepdnwshrpwdpb@gmail.com |
| 30. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਡਿਵੀਜ਼ਨ, ਬਠਿੰਡਾ | ਪਿੰਡ ਜੱਸੀ ਬਾਗ ਵਾਲੀ ਅਤੇ ਨਰੂਆਣਾ, ਜ਼ਿਲ੍ਹਾ ਬਠਿੰਡਾ ਵਿਖੇ HWC ਦੀ ਉਸਾਰੀ। | 17/07/2025 01/08/2025 | 1.36 Lac | 9646001663 xenprbti@gmail.com |
| 31. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ. 3. ਐਸਏਐਸ ਨਗਰ (ਮੋਹਾਲੀ) | ਕੁੰਬੜਾ UGSR, ਖੇਲਨ TW | 19/07/2025 04/08/2025 | 1.80 Lac | 8427754491 eerwsmohali@yahoo.co.in |
| 32. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਪੀ.ਡਬਲਯੂ (ਸੀ ਐਂਡ ਐਮ) ਡਿਵੀਜ਼ਨ, ਅੰਮ੍ਰਿਤਸਰ | ਜ਼ਿਲ੍ਹਾ ਅੰਮ੍ਰਿਤਸਰ ਵਿਖੇ 5 ਨੰਬਰ ਪੰਚਾਇਤ ਘਰ ਦੀ ਉਸਾਰੀ। | 18/07/2025 01/08/2025 | 2.42 Lac | 9914124342 xenpanchaytirajamritsar@yahoo.in |
| 33. | ਕਾਰਜਕਾਰੀ ਇੰਜੀਨੀਅਰ, ਰੋਪੜ ਨਹਿਰ ਅਤੇ ਭੂਮੀਗਤ ਜਲ ਡਿਵੀਜ਼ਨ, ਡਬਲਯੂਆਰਡੀ ਪੰਜਾਬ, ਰੋਪੜ | ਰੋਪੜ ਹੈੱਡਵਰਕਸ ਦੇ ਹੇਠਾਂ ਵੱਲ ਮਾਰਗ ਦਾ ਸੁੰਦਰੀਕਰਨ ਅਤੇ ਰੋਸ਼ਨੀ | 19/07/2025 04/08/2025 | 21.60 Thousand | 8054251920 xen.roparcanal@gmail.com |
| 34. | ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ ਪੀ.ਡਬਲਯੂ ਡਿਵੀਜ਼ਨ ਤਰਨ ਤਾਰਨ | ਪਿੰਡ ਮਰਹਾਣਾ, ਨੌਰੰਗਾ ਮਾੜੀ, ਪੱਖੋਕੇ, ਝਬਾਲ ਪੁਖਤਾ, ਝਬਾਲ ਮੰਨਣ, ਕੋਟ ਧਰਮ ਚੰਦ ਕਲਾਂ, ਪੱਧਰੀ ਕਲਾਂ, ਪਲਾਸੌਰ ਕਲਾਂ, ਪੰਡੋਰੀ ਰਣ ਸਿੰਘ ਅਤੇ ਪੰਜਵੜ ਜ਼ਿਲ੍ਹਾ ਤਰਨਤਾਰਨ ਵਿਖੇ ਪੰਚਾਇਤ ਦੀ ਉਸਾਰੀ। (242.50 ਲੱਖ ਰੁਪਏ) | 18/07/2025 01/08/2025 | 4.85 Lac | 9914124342 XEN_TT@YAHOO.COM |
| 35. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ. 1, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਕਪੂਰਥਲਾ | 1. ਭੁਲੱਥ ਕਰਤਾਰਪੁਰ ਰੋਡ ਤੋਂ ਪੰਡੋਰੀ ਰਾਮਗੜ੍ਹ ਪੈਕ ਨੰ. PB-0930 ਦਾ ਵਿਕਾਸ। 2. ਨਡਾਲਾ ਭੁਲੱਥ ਰੋਡ ਤੋਂ ਨਡਾਲਾ ਸੁਭਾਨਪੁਰ ਰੋਡ ਵਾਇਆ ਮਾਡਲ ਟਾਊਨ ਬੱਮੋਵਾਲ ਸ਼ੇਰੋਵਾਲ ਪੈਕ ਨੰਬਰ PB-0933 ਦਾ ਵਿਕਾਸ (PMGSY ਦੇ ਅਧੀਨ) | 19/07/2025 11/08/2025 | 18.80 Lac | 9988668668 ee.cd1.kpt.pwd@punjab.gov.in |
| 36. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ.2, ਫਿਰੋਜ਼ਪੁਰ | 1. (ਪੈਕੇਜ-07) WSS ਕੁਤਬਗੜ੍ਹ, ਭਰਮਦੀਨ ਵਾਲਾ, ਮਾਮੂ ਜੋਈਆਂ, ਸੁਲਈ ਲਈ 2. (ਪੈਕੇਜ-09) WSS ਜਾਮਲਗੜ੍ਹ, ਚੱਕ ਜਾਮਲਗੜ੍ਹ, ਬੂੜ ਵਾਲਾ, ਝਰੀ ਵਾਲਾ ਬਲਾਕ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ ਲਈ (ਰਾਜ ਹਿੱਸੇਦਾਰੀ/ਜੇ ਜੇ ਐਮ ਅਧੀਨ) | 21/07/2025 04/08/2025 | 7.09 Lac | 9855554817 eewss.div2ferozepurpb@yahoo.com |
| 37. | ਨਿਰਦੇਸ਼ਕ, ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਪੰਜਾਬ, ਚੰਡੀਗੜ੍ਹ | ਵਾਹਨਾਂ ਦੀ ਕਿਰਾਏਦਾਰੀ | 09/07/2025 04/08/2025 | 15.00 Thousand | 9872213015 hq.degt@punjab.gov.in |
| 38. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਪੀ.ਡਬਲਯੂ. (ਸੀ ਐਂਡ ਐਮ) ਡਿਵੀਜ਼ਨ, ਫਤਿਹਗੜ੍ਹ ਸਾਹਿਬ | ਪਿੰਡ ਧਤੌਂਡਾ ਅਤੇ ਮਛਰਾਈ ਕਲਾਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਸਿਹਤ ਤੰਦਰੁਸਤੀ ਕੇਂਦਰ ਦੀ ਉਸਾਰੀ | 19/07/2025 04/08/2025 | 1.36 Lac | 9803945443 eeprdfgs1763@gmail.com |
| 39. | ਮੈਡੀਕਲ ਸੁਪਰਡੈਂਟ, ਸਿਵਲ ਹਸਪਤਾਲ, ਜਲੰਧਰ | ਸਿਵਲ ਹਸਪਤਾਲ ਜਲੰਧਰ ਵਿੱਚ ਕੂੜਾ ਚੁੱਕਣ ਲਈ ਥੋੜ੍ਹੇ ਸਮੇਂ ਦਾ ਟੈਂਡਰ | 21/07/2025 24/07/2025 | 50.00 Thousand | 7814185595 mschjal@yahoo.com |
| 40. | ਕਾਰਜਕਾਰੀ ਇੰਜੀਨੀਅਰ, ਬਿਜਲੀ ਵਿਭਾਗ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਪੰਜਾਬ ਚੰਡੀਗੜ੍ਹ | 7.8 '2' ਬਲਾਕ (ਪਹਿਲੀ, ਦੂਜੀ ਅਤੇ ਤੀਜੀ ਮੰਜ਼ਿਲ 'ਤੇ ਸਥਿਤ ਕਮਰਾ ਨੰਬਰ 4 ਤੋਂ 12) MGSIPA ਕੈਂਪਸ, Scc-BF, Chd. (ਨੈੱਟਵਰਕਿੰਗ, CCTV ਅਤੇ EPABX Sym ਆਦਿ ਪ੍ਰਦਾਨ ਕਰਨਾ) ਵਿੱਚ ਰੇਨ/ਅੱਪਗ੍ਰੇਡੇਸ਼ਨ/ਸਪਲੇਸ਼ਨ। ਰੁ. 9,54,158 | 17/07/2025 01/08/2025 | 19.08 Thousand | 9592933757 eeedchdpwdpb@gmail.com |
| 41. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਮਲੇਰਕੋਟਲਾ | ਵਾਇਰਲੈੱਸ ਸੀਸੀਟੀਵੀ ਸੁਰੱਖਿਆ ਨਿਗਰਾਨੀ ਸ਼ਹਿਰ ਪ੍ਰੋਜੈਕਟ ਮਲੇਰਕੋਟਲਾ ਦੀ ਵਿਵਸਥਾ ਅਤੇ ਫਿਕਸਿੰਗ। | 19/07/2025 01/08/2025 | 12.00 Thousand | 9988452421 xenpwdmalerkotla@gmail.com |
| 42. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਰੂਪਨਗਰ | (1) ਜ਼ਿਲ੍ਹਾ ਰੋਪੜ ਲਈ ਪਾਣੀ ਦੇ ਪ੍ਰਬੰਧ ਦੇ ਨਾਲ ਮੋਬਾਈਲ ਟਾਇਲਟ (10 ਸੀਟਰ) ਪ੍ਰਦਾਨ ਕਰਨਾ (2) ਰੂਪਨਗਰ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਖੇ ਮੀਂਹ ਦੇ ਪਾਣੀ ਦੀ ਸੰਭਾਲ ਪ੍ਰਣਾਲੀ (3) ਸਿਵਲ ਹਸਪਤਾਲ ਮੋਰਿੰਡਾ ਵਿਖੇ ਮੀਂਹ ਦੇ ਪਾਣੀ ਦੀ ਸੰਭਾਲ ਪ੍ਰਣਾਲੀ। | 19/07/2025 04/08/2025 | 54.60 Thousand | 1881512482 division_ropar@yahoo.co.in |
| 43. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ, ਮੋਗਾ | ਡਰੋਲੀ ਭਾਈ-ਸੇਸਨ-ਬਾਘੇਵਾਲਾ-ਮਾਂਗੇਵਾਲਾ-ਝੰਡੇਆਣਾ-ਕੋਟਕਰੋਰ ਦਾ ਬਲਾਕ ਤੱਕ ਦਾ ਯੂਨਿਟ। ਸੀਮਾ (PMGSY-III, ਬੈਚ-III ਅਧੀਨ) PB-12062 | 18/07/2025 18/08/2025 | 24.64 Lac | 9878491700 eecdmogapwdpb1@gmail.com |
| 44. | ਕਾਰਜਕਾਰੀ ਇੰਜੀਨੀਅਰ, ਬਿਲਡਿੰਗ ਅਤੇ ਸਟੋਰ ਡਿਵੀਜ਼ਨ, ਪੰਜਾਬ ਚੰਡੀਗੜ੍ਹ | ਮੁੱਖ ਦਫ਼ਤਰ ਦੀ ਇਮਾਰਤ, ਸੈਕਟਰ 18, ਚੰਡੀਗੜ੍ਹ ਵਿੱਚ ਸੀਮਾ ਦੀਵਾਰ, ਅੰਦਰੂਨੀ ਸੜਕਾਂ ਅਤੇ ਫੁਟਕਲ ਕੰਮਾਂ ਦੀ ਮੁਰੰਮਤ ਲਈ ਅਨੁਮਾਨ। | 19/07/2025 04/08/2025 | 1.22 Lac | 9855772448 eeworkshop38@gmail.com |
| 45. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ, ਫਾਜ਼ਿਲਕਾ | 4 ਦਫ਼ਤਰਾਂ ਵਿੱਚ JCC ਜਲਾਲਾਬਾਦ ਅਤੇ PHA ਵਿਖੇ 13/ਏਸੀ ਪਲਾਂਟ/ਟਾਇਲਟ ਦੀ ਮੁਰੰਮਤ ਸ਼ਿਫਟਿੰਗ ਫਾਜ਼ਿਲਕਾ ਜ਼ਿਲ੍ਹਾ, ਫਾਜ਼ਿਲਕਾ ਵਿੱਚ ਕੈਨਾਲ ਕਲੋਨੀ ਵਿੱਚ ਵੱਖ-ਵੱਖ ਰਿਹਾਇਸ਼ਾਂ ਵਿੱਚ | 21/07/2025 28/07/2025 | 29.44 Thousand | 8699349036 eewss.divfazilkapb@yahoo.com |
| 46. | ਡਿਪਟੀ ਕਮਿਸ਼ਨਰ (ਨਾਜਰ ਸ਼ਾਖਾ), ਐਸ.ਏ.ਐਸ. ਨਗਰ | ਡੀ.ਏ.ਸੀ. ਕੰਪਲੈਕਸ, ਸੈਕਟਰ-76, ਐਸ.ਏ.ਐਸ. ਨਗਰ ਦੇ ਪੋਰਟੇਬਲ-ਟਰੈਲੀ (ਗਰਾਊਂਡ ਫਲੋਰ) ਵਾਲੀ ਕੰਟੀਨ (ਕਮਰਾ ਨੰਬਰ 523, 324) ਲਈ ਟੈਂਡਰ | 31/07/2025 31/07/2025 | 80.47 Thousand | 9988819393 dn.dcsasnagar@punjab.gov.in |
| 47. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਮੋਗਾ | ਨਿਹਾਲ ਸਿੰਘ ਵਾਲਾ ਵਿੱਚ ਸਥਾਈ ਕੋਰਟ ਹਾਲ ਅਤੇ ਰਿਟਾਇਰਿੰਗ ਰੂਮ ਦੀ ਨਵੀਂ ਉਸਾਰੀ, ਪਹਿਲੀ ਮੰਜ਼ਿਲ ਐਸਡੀਐਮ ਦਫ਼ਤਰ/ਕੋਰਟ ਕੰਪਲੈਕਸ | 18/07/2025 28/07/2025 | 1.05 Lac | 9878491700 eecdmogapwdpb1@gmail.com |
| 48. | ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ | 2 ਨੰਬਰ ਡੀਜੀ ਸੈੱਟ 500 ਕੇਵੀਏ ਅਤੇ 750 ਕੇਵੀਏ ਦੀ ਸੇਵਾ/ਮੁਰੰਮਤ) ਮੇਕ ਕਮਿੰਸ ਇੰਡੀਆ ਲਿਮਟਿਡ, ਪੰਜਾਬ ਮਿਊਂਸੀਪਲ ਭਵਨ, ਸੈਕਟਰ-35 ਏ, ਚੰਡੀਗੜ੍ਹ ਵਿਖੇ | 19/07/2025 04/08/2025 | 22.64 Thousand | 9780021352 mbpmb21@gmail.com |

ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ : KINDLY VISIT: https://eproc.punjab.gov.in/, health.punjab.gov.in, www.eproc.punjab.gov.in, eproc.punjab.gov.in, www.pbrdp.gov.in, hoshiarpur.nic.in, www.irrigation.punjab.gov.in, pmgsytenderspb.gov.in, pbemployment.punjab.gov.in, www.eporc.punjab.gov.in, www.sblscivilhospitaljalandhar.com, irrigation.punjab.gov.in, dcsasnagar.nic.in, lgpunjab.gov.in
RO No. PR-Advt. No.: 1001/12/2025-26/1377/Dated CHD: 18/7/2025

RO Number: 1001/12/2025-26/1377

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਖਾਲੀ ਪੇਟ ਅੰਜੀਰ ਦਾ ਪਾਣੀ ਪੀਣ ਨਾਲ ਮਜ਼ਬੂਤ ਹੋਣਗੀਆਂ ਹੱਡੀਆਂ

ਅੰਜੀਰ ਇੱਕ ਅਜਿਹਾ ਫਲ ਹੈ ਜਿਸਨੂੰ ਤਾਜ਼ੇ ਅਤੇ ਸੁੱਕੇ ਮੇਵੇ ਦੋਵਾਂ ਦੇ ਰੂਪ ਵਿੱਚ ਖਾਧਾ ਜਾ ਸਕਦਾ ਹੈ। ਇਸ ਵਿੱਚ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਸਿਹਤ ਨੂੰ ਬਹੁਤ ਸਾਰੇ ਫਾਇਦੇ ਦਿੰਦੇ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਅੰਜੀਰ ਦਾ ਪਾਣੀ ਸਿਹਤ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ।ਹਾਂ,



ਜੇਕਰ ਸਵੇਰੇ ਖਾਲੀ ਪੇਟ ਅੰਜੀਰ ਦਾ ਪਾਣੀ ਪੀਤਾ ਜਾਵੇ, ਤਾਂ ਸਿਹਤ ਨੂੰ ਬਹੁਤ ਸਾਰੇ ਫਾਇਦੇ ਮਿਲ ਸਕਦੇ ਹਨ ।

**ਚਮੜੀ ਅਤੇ ਵਾਲਾਂ ਲਈ ਫਾਇਦੇਮੰਦ** ; ਅੰਜੀਰ ਵਿੱਚ ਐਂਟੀਆਕਸੀਡੈਂਟ ਅਤੇ ਵਿਟਾਮਿਨ ਹੁੰਦੇ ਹਨ, ਜੋ ਚਮੜੀ ਨੂੰ ਚਮਕਦਾਰ ਬਣਾਉਂਦੇ ਹਨ ਅਤੇ ਮੁਹਾਸੇ ਘਟਾਉਂਦੇ ਹਨ। ਨਾਲ ਹੀ, ਇਹ ਵਾਲਾਂ ਨੂੰ ਝੜਨ ਤੋਂ ਰੋਕਦਾ ਹੈ ਅਤੇ ਉਨ੍ਹਾਂ ਨੂੰ ਮਜ਼ਬੂਤ ਬਣਾਉਂਦਾ ਹੈ।

**ਰੋਗ ਪ੍ਰਤੀਰੋਧਕ ਸ਼ਕਤੀ ਵਧਾਉਂਦਾ ਹੈ** ; ਅੰਜੀਰ ਦਾ ਪਾਣੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਮਜ਼ਬੂਤ ਕਰਦਾ ਹੈ, ਕਿਉਂਕਿ ਇਸ ਵਿੱਚ ਵਿਟਾਮਿਨ-ਸੀ ਅਤੇ ਹੋਰ ਸਾੜ ਵਿਰੋਧੀ ਗੁਣ ਹੁੰਦੇ ਹਨ। ਇਹ ਜ਼ੁਕਾਮ ਅਤੇ ਇਨਫੈਕਸ਼ਨਾਂ ਨੂੰ ਰੋਕਦਾ ਹੈ

**ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਮਦਦਗਾਰ** ; ਅੰਜੀਰ ਦਾ ਪਾਣੀ ਬਲੱਡ ਸ਼ੂਗਰ ਦੇ ਪੱਧਰ ਨੂੰ ਸੰਤੁਲਿਤ ਰੱਖਦਾ ਹੈ, ਕਿਉਂਕਿ ਇਸ ਵਿੱਚ ਮੌਜੂਦ ਫਾਈਬਰ ਗਲੂਕੋਜ਼ ਦੇ ਸੋਖਣ ਨੂੰ ਹੌਲੀ ਕਰਦਾ ਹੈ। ਹਾਲਾਂਕਿ, ਸ਼ੂਗਰ ਦੇ ਮਰੀਜ਼ਾਂ ਨੂੰ ਇਸਨੂੰ ਡਾਕਟਰ ਦੀ ਸਲਾਹ ਤੋਂ ਬਾਅਦ ਹੀ ਪੀਣਾ ਚਾਹੀਦਾ ਹੈ।

**ਹੱਡੀਆਂ ਨੂੰ ਮਜ਼ਬੂਤ ਕਰਦਾ ਹੈ** ; ਅੰਜੀਰ ਵਿੱਚ ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਫਾਸਫੋਰਸ ਵਰਗੇ ਖਣਿਜ ਹੁੰਦੇ ਹਨ, ਜੋ ਹੱਡੀਆਂ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਹਨ। ਇਸਦਾ ਪਾਣੀ ਨਿਯਮਿਤ ਤੌਰ ਤੇ ਪੀਣ ਨਾਲ ਓਸਟੀਓਪੋਰੋਸਿਸ ਅਤੇ ਜੋੜਾਂ ਦੇ ਦਰਦ ਨੂੰ ਰੋਕਿਆ ਜਾਂਦਾ ਹੈ।

**ਦਿਲ ਦੀ ਸਿਹਤ ਲਈ ਫਾਇਦੇਮੰਦ** ; ਅੰਜੀਰ ਵਿੱਚ ਪੋਟਾਸ਼ੀਅਮ ਹੁੰਦਾ ਹੈ, ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ, ਇਹ ਕੋਲੈਸਟ੍ਰੋਲ ਨੂੰ ਘਟਾ ਕੇ ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਵੀ ਘਟਾਉਂਦਾ ਹੈ।

# ਗੁਲਾਬ ਚੰਦ ਕਟਾਰੀਆ ਨੇ ਕਿੰਜਰਾਪੂ ਰਾਮਮੋਹਨ ਨਾਇਡੂ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ/ਚੰਡੀਗੜ੍ਹ, 18 ਜੁਲਾਈ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ



ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਨਵੀਂ ਦਿੱਲੀ ਵਿੱਚ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ, ਸ਼੍ਰੀ ਕਿੰਜਰਾਪੂ ਰਾਮਮੋਹਨ ਨਾਇਡੂ ਨਾਲ ਮੁਲਾਕਾਤ ਕੀਤੀ।ਮੀਟਿੰਗ ਦੌਰਾਨ, ਰਾਜਪਾਲ ਨੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਵਸਨੀਕਾਂ ਦੀ ਵੱਧਦੀ ਮੰਗ ਦੇ ਮੱਦੇਨਜ਼ਰ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ, ਚੰਡੀਗੜ੍ਹ ਤੋਂ ਘਰੇਲੂ ਅਤੇ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਤੇ ਚਰਚਾ ਕੀਤੀ।ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਚੰਡੀਗੜ੍ਹ ਹਵਾਈ ਅੱਡਾ ਪੂਰੇ ਉੱਤਰੀ ਖੇਤਰ, ਖਾਸ ਕਰਕੇ ਪੰਜਾਬ ਅਤੇ ਨਾਲ ਲੱਗਦੇ ਖੇਤਰਾਂ ਦੇ ਲੋਕਾਂ ਲਈ ਇੱਕ ਮਹੱਤਵਪੂਰਨ ਗੇਟਵੇ ਵਜੋਂ ਕੰਮ ਕਰਦਾ ਹੈ।ਸ਼੍ਰੀ ਕਟਾਰੀਆ ਨੇ ਜ਼ੋਰ ਦੇ ਕੇ ਕਿਹਾ ਕਿ ਬਿਹਤਰ ਸੰਪਰਕ - ਖਾਸ ਕਰਕੇ ਸਿੱਧੀਆਂ ਅੰਤਰਰਾਸ਼ਟਰੀ ਉਡਾਣਾਂ - ਸੈਰ-ਸਪਾਟੇ ਨੂੰ ਵੱਡਾ ਹੁਲਾਰਾ ਦੇਣ, ਵਪਾਰਕ ਯਾਤਰਾ ਨੂੰ ਸੁਵਿਧਾਜਨਕ ਬਣਾਉਣ ਅਤੇ ਖੇਤਰ ਦੀਆਂ ਆਰਥਿਕ ਇੱਛਾਵਾਂ ਨੂੰ ਵਧਾਉਣ ਲਈ ਸਰਗਰਮੀ ਨਾਲ ਸੰਭਾਵਨਾਵਾਂ ਦੀ ਪੜਚੋਲ ਕਰੇਗਾ ਅਤੇ ਹਵਾਈ ਅੱਡੇ 'ਤੇ ਸੰਪਰਕ ਨੂੰ ਬਿਹਤਰ ਬਣਾਉਣ ਅਤੇ ਯਾਤਰੀ ਸਹੂਲਤਾਂ ਨੂੰ ਅਪਗ੍ਰੇਡ ਕਰਨ ਲਈ ਏਅਰਲਾਈਨਾਂ ਅਤੇ ਹਵਾਈ ਅੱਡੇ ਦੇ ਸੰਚਾਲਕਾਂ ਸਮੇਤ ਸਾਰੇ ਹਿੱਸੇਦਾਰਾਂ ਨਾਲ ਮਿਲ ਕੇ ਕੰਮ ਕਰੇਗਾ।ਇਹ ਮੀਟਿੰਗ ਹਵਾਬਾਜ਼ੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਚੰਡੀਗੜ੍ਹ ਦੀ ਵਿਸ਼ਵਵਿਆਪੀ ਅਤੇ ਘਰੇਲੂ ਪਹੁੰਚ ਨੂੰ ਵਧਾਉਣ ਵੱਲ ਇੱਕ ਰਚਨਾਤਮਕ ਕਦਮ ਸਾਬਤ ਹੋਈ।

# ਗੁਲਾਬ ਚੰਦ ਕਟਾਰੀਆ ਨੇ ਚੰਡੀਗੜ੍ਹ ਲਈ 328 ਇਲੈਕਟ੍ਰਿਕ ਬੱਸਾਂ ਦੀ ਪ੍ਰਵਾਨਗੀ ਨਾਲ ਸਬੰਧਤ ਲੰਬਿਤ ਮਾਮਲਾ ਉਠਾਇਆ

ਨਵੀਂ ਦਿੱਲੀ/ਚੰਡੀਗੜ੍ਹ, 18 ਜੁਲਾਈ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਮਾਣਯੋਗ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਨਵੀਂ ਦਿੱਲੀ ਵਿੱਚ ਕੇਂਦਰੀ



ਮੰਤਰੀਆਂ ਸ਼੍ਰੀ ਮਨੋਹਰ ਲਾਲ ਖੱਟਰ (ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰੀ), ਸ਼੍ਰੀ ਅਸ਼ਵਨੀ ਵੈਸ਼ਨਵ (ਰੇਲ ਮੰਤਰੀ), ਸ਼੍ਰੀ ਗਜੇਂਦਰ ਸਿੰਘ ਸ਼ੇਖਾਵਤ (ਸੈਰ-ਸਪਾਟਾ ਮੰਤਰੀ) ਅਤੇ ਸ਼੍ਰੀ ਭੂਪੇਂਦਰ ਯਾਦਵ (ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰੀ) ਨਾਲ ਮੁਲਾਕਾਤ ਕੀਤੀ ਅਤੇ ਚੰਡੀਗੜ੍ਹ ਅਤੇ ਪੰਜਾਬ ਨਾਲ ਸਬੰਧਤ ਮਹੱਤਵਪੂਰਨ ਵਿਕਾਸ ਮੁੱਦਿਆਂ, ਖਾਸ ਕਰਕੇ ਜਨਤਕ ਆਵਾਜਾਈ, ਸੈਰ-ਸਪਾਟਾ ਬੁਨਿਆਦੀ ਢਾਂਚੇ ਅਤੇ ਵਾਤਾਵਰਣ ਸਥਿਰਤਾ ਦੇ ਖੇਤਰਾਂ ਵਿੱਚ ਚਰਚਾ ਕੀਤੀ।ਸ਼੍ਰੀ ਮਨੋਹਰ ਲਾਲ ਖੱਟਰ ਨਾਲ ਆਪਣੀ ਮੁਲਾਕਾਤ ਵਿੱਚ, ਰਾਜਪਾਲ ਨੇ ਪ੍ਰਧਾਨ ਮੰਤਰੀ ਈ-ਬੱਸ ਸੇਵਾ ਯੋਜਨਾ ਤਹਿਤ ਚੰਡੀਗੜ੍ਹ ਲਈ 328 ਇਲੈਕਟ੍ਰਿਕ ਬੱਸਾਂ ਦੀ ਪ੍ਰਵਾਨਗੀ ਨਾਲ ਸਬੰਧਤ ਲੰਬਿਤ ਮਾਮਲਾ ਉਠਾਇਆ। ਉਨ੍ਹਾਂ ਨੇ ਸੀਟੀਯੂ ਅਤੇ ਸੀਸੀਬੀਐਸਐਸ ਦੇ ਪੁਰਾਣੇ ਬੇੜੇ ਨੂੰ ਬਦਲਣ ਲਈ ਜੀਸੀਸੀ ਮਾਡਲ ਤੇ ਇਨ੍ਹਾਂ ਬੱਸਾਂ ਨੂੰ ਜਲਦੀ ਮਨਜ਼ੂਰੀ ਦੇਣ ਦੀ ਅਪੀਲ ਕੀਤੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਬੱਸਾਂ 2025-2027 ਦੇ ਵਿਚਕਾਰ ਆਪਣੀ ਕਾਰਜਸ਼ੀਲ ਉਮਰ ਪੂਰੀ ਕਰਨਗੀਆਂ, ਜੋ ਕਿ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੁਆਰਾ ਸੂਚਿਤ ਡੀਜ਼ਲ ਵਾਹਨਾਂ ਲਈ 15 ਸਾਲ ਦੀ ਸੀਮਾ ਦੇ ਅਨੁਸਾਰ ਹੈ।ਸ਼੍ਰੀ ਅਸ਼ਵਨੀ ਵੈਸ਼ਨਵ ਨਾਲ ਇੱਕ ਵੱਖਰੀ ਮੀਟਿੰਗ ਵਿੱਚ, ਰਾਜਪਾਲ ਨੇ ਵਧਦੀ ਯਾਤਰੀ ਮੰਗ ਨੂੰ ਪੂਰਾ ਕਰਨ ਅਤੇ ਯਾਤਰਾ ਦੀ ਸਹੂਲਤ ਲਈ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਅਤੇ ਤਰਨਤਾਰਨ ਸਾਹਿਬ ਸਮੇਤ ਪੰਜਾਬ-ਚੰਡੀਗੜ੍ਹ ਵਿਚਕਾਰ ਰੇਲ ਸੰਪਰਕ ਵਧਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

# ਮੋਹਾਲੀ ਵਿੱਚ ਅਨਵੇਸ਼ਾ 2.0 ਕੁਇਜ਼ ਪ੍ਰੋਗਰਾਮ ਕਰਵਾਇਆ

ਚੰਡੀਗੜ੍ਹ/ਮੋਹਾਲੀ , 18 ਜੁਲਾਈ (ਅੰਮ੍ਰਿਤਪਾਲ ਸਿੰਘ) : ਨੈਸ਼ਨਲ ਸਟੈਟਿਸਟਿਕਸ ਮੰਤਰਾਲੇ (ਐੱਨਐੱਸਓ), ਖੇਤਰੀ ਦਫ਼ਤਰ ਮੋਹਾਲੀ ਦੁਆਰਾ 18 ਜੁਲਾਈ 2025 ਨੂੰ ਨੈਸ਼ਨਲ ਸੈਂਪਲ ਸਰਵੇਅ (ਐੱਨਐੱਸਐੱਸ) ਦੀ 75ਵੇਂ ਵਰ੍ਹੇਗਢ ਦੇ ਮੌਕੇ ਅਨਵੇਸ਼ਾ 2.0 ਰਾਜ ਪੱਧਰੀ ਸਟੈਟਿਸਟਿਕਸ ਕੁਇਜ਼ ਮੁਕਾਬਲੇ ਦਾ ਸਫਲ ਆਯੋਜਨ ਕੀਤਾ ਗਿਆ। ਇਹ ਮੁਕਾਬਲਾ ਭਾਰਤੀ ਅਰਥਵਿਵਸਥਾ, ਸਟੈਟਿਸਟਿਕਸ ਸਿਸਟਮ ਅਤੇ ਉਸ ਦੀਆਂ ਯੋਜਨਾਵਾਂ ਨੂੰ ਸਮਝਣ 'ਤੇ ਅਧਾਰਿਤ ਰਿਹਾ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਰਾਸ਼ਟਰੀ ਸਰਵੇਖਣਾਂ, ਅੰਕੜਿਆਂ ਦੀਆਂ ਭੂਮਿਕਾ ਅਤੇ ਡੇਟਾ-ਸੰਚਾਲਨ ਨੀਤੀਆਂ ਦੀ ਬੁਨਿਆਦੀ ਸਮਝ ਪ੍ਰਦਾਨ ਕਰਨਾ ਹੈ।ਇਹ ਪ੍ਰੋਗਰਾਮ ਮੋਹਾਲੀ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ ਪੰਜਾਬ ਰਾਜ ਦੇ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਕੁੱਲ 23 ਟੀਮਾਂ ਨੇ ਉਤਸ਼ਾਹ ਪੂਰਨ ਭਾਗ ਲਿਆ। ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਅੰਕੜੇ, ਡੇਟਾ ਕਲੈਕਸ਼ਨ ਅਤੇ ਰਾਸ਼ਟਰੀ ਸਰਵੇਖਣਾਂ ਦੇ ਮਹੱਤਵ ਦੇ ਪ੍ਰਤੀ ਜਾਗਰੂਕਤਾ ਵਧਾਉਣਾ ਹੈ। ਸਾਰਿਆਂ ਟੀਮਾਂ ਨੇ ਬਹੁਤ ਉਤਸ਼ਾਹ, ਤਤਪਰਤਾ ਅਤੇ ਗਿਆਨ ਦਾ ਪਰਿਚੈ ਦਿੱਤਾ।ਇਸ ਮੌਕੇ 'ਤੇ ਡਿਪਟੀ ਡਾਇਰੈਕਟਰ ਸ੍ਰੀ ਹਿੰਮਤ ਸਿੰਘ ਰਾਘਵ ਅਤੇ ਸਹਾਇਕ ਡਾਇਰੈਕਟਰ ਸ਼੍ਰੀ ਵਿਕਾਸ ਰੁੰਡਾਲਾ ਦੁਆਰਾ ਜੇਤੂ ਟੀਮ ਨੂੰ ਪੁਰਸਕਾਰ ਪ੍ਰਦਾਨ ਕੀਤੇ ਅਤੇ ਸਾਰੇ ਭਾਗੀਦਾਰਾਂ ਨੂੰ ਭਾਗੀਦਾਰੀ ਸਰਟੀਫਿਕੇਟ ਦਿੱਤੇ ਗਏ।



ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸੀਨੀਅਰ ਸਟੈਟਿਸਟਿਕਸ ਅਫਸਰ ਸ਼੍ਰੀ ਸੰਜੀਵ ਕੁਮਾਰ, ਵਿਭਾਗ ਦੇ ਮੁੱਖੀ ਸ਼੍ਰੀ ਐੱਮ.ਪੀ. ਸਿੰਘ, ਸੀਨੀਅਰ ਸਟੈਟਿਸਟਿਕਸ ਅਧਿਕਾਰੀ ਸ਼੍ਰੀਮਤੀ ਉਸ਼ਾ ਵਰਮਾ ਅਤੇ ਨੋਡਲ ਅਫਸਰ ਦੀ ਗਰਿਮਾਮਈ ਮੌਜੂਦਗੀ ਰਹੀ। ਪ੍ਰੋਗਰਾਮ ਦੀ ਸਫਲਤਾ ਵਿੱਚ ਮੌਜੂਦ ਅਧਿਕਾਰੀਆਂ ਨੇ ਨਾਲ-ਨਾਲ ਨੈਸ਼ਨਲ ਸਟੈਟਿਸਟਿਕਸ ਆਫਿਸ (ਐੱਨਐੱਸਓ), ਖੇਤਰੀ ਦਫਤਰ ਮੋਹਾਲੀ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਮਹੱਤਵਪੂਰਨ ਯੋਗਦਾਨ ਰਿਹਾ। ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਪ੍ਰੋਗਰਾਮ ਦੀ ਰੂਪਰੇਖਾ, ਆਯੋਜਨ, ਸੰਚਾਲਨ ਅਤੇ ਪ੍ਰਬੰਧਨ ਵਿੱਚ ਸਰਗਰਮ ਭੂਮਿਕਾ ਨਿਭਾਈ, ਜਿਸ ਨਾਲ ਇਹ ਆਯੋਜਨ ਸਫਲ ਅਤੇ ਯਾਦਗਾਰ ਬਣ ਗਿਆ। ਪ੍ਰੋਗਰਾਮ ਦਾ ਸੰਚਾਲਨ ਪੂਰਨ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਸੰਪੰਨ ਹੋਇਆ। ਪ੍ਰਤੀਭਾਗੀਆਂ ਨੇ ਨਾ ਸਿਰਫ ਆਪਣੇ ਗਿਆਨ ਦਾ ਪ੍ਰਦਰਸ਼ਨ ਕੀਤਾ, ਸਗੋਂ ਸਟੈਟਿਸਟਿਕਸ ਦੀ ਕਾਰਜ ਪ੍ਰਣਾਲੀ ਨੂੰ ਵੀ ਨੇੜੇ ਤੋਂ ਸਮਝਿਆ। ਨੈਸ਼ਨਲ ਸਟੈਟਿਸਟਿਕਸ ਦਫਤਰ, ਆਰਓ ਮੋਹਾਲੀ ਇਸ ਤਰ੍ਹਾਂ ਦੇ ਆਯੋਜਨਾਂ ਰਾਹੀਂ ਭਵਿੱਖ ਵਿੱਚ ਵੀ ਨੌਜਵਾਨਾਂ ਨੂੰ ਡੇਟਾ ਅਤੇ ਸਟੈਟਿਸਟਿਕਸ ਦੇ ਮਹੱਤਵ ਨਾਲ ਜਾਣੂ ਕਰਵਾਉਂਦਾ ਰਹੇਗਾ।

ਮੁਕਾਬਲੇ ਵਿੱਚ ਪਹਿਲਾ ਸਥਾਨ 'ਤੇ ਐੱਸਡੀ ਕਾਲਜ, ਸੈਕਟਰ 32 ਤੋਂ ਵੰਸ਼ਿਕਾ ਸ਼ਰਮਾ ਅਤੇ ਜਤਿਨ, ਦੂਸਰੇ ਸਥਾਨ 'ਤੇ ਚੰਡੀਗੜ੍ਹ ਗਰੁੱਪ ਆਫ਼ ਕਾਲਜਿਸ, ਝੰਜੇਰੀ ਤੋਂ ਪ੍ਰਿਆ ਮਨਹਾਸ ਅਤੇ ਕਰਮਣਿਆ ਕੌਰ, ਤੀਸਰੇ ਸਥਾਨ 'ਤੇ ਪੋਸਟ ਗ੍ਰੈਜੂਏਟ ਸਰਕਾਰੀ ਕਾਲਜ, ਸੈਕਟਰ 11, ਚੰਡੀਗੜ੍ਹ ਤੋਂ ਭਾਰਤ ਸਵਾਮੀ ਅਤੇ ਓਮ ਸੂਦ ਰਹੇ।

# ਬੈਂਕ ਆਫ਼ ਬੜੌਦਾ ਦੀ ਐਰੋਸਿਟੀ ਸ਼ਾਖਾ, ਮੋਹਾਲੀ ਦਾ ਉਦਘਾਟਨ



ਚੰਡੀਗੜ੍ਹ, 18 ਜੁਲਾਈ (ਅੰਮ੍ਰਿਤਪਾਲ ਸਿੰਘ) :18 ਜੁਲਾਈ 2025 ਨੂੰ ਬੈਂਕ ਆਫ ਬੜੌਦਾ ਨੇ ਆਪਣੀ ਨਵੀਂ ਐਰੋਸਿਟੀ ਸ਼ਾਖਾ, ਮੋਹਾਲੀ ਦਾ ਉਦਘਾਟਨ ਕੀਤਾ। ਇਹ ਉਦਘਾਟਨ ਸ਼੍ਰੀ ਹਰਦੀਪ ਸਿੰਘ, ਮਹਾਪ੍ਰਬੰਧਕ ਅਤੇ ਮੰਡਲ ਮੁਖੀ, ਬੈਂਕ ਆਫ ਬੜੌਦਾ, ਲੁਧਿਆਣਾ ਮੰਡਲ ਦੁਆਰਾ ਕੀਤਾ ਗਿਆ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੋਹਾਲੀ ਵਿੱਚ ਸਾਡੀ ਹਾਜ਼ਰੀ ਵਧਾਉਣ ਅਤੇ ਗਾਹਕਾਂ ਨੂੰ ਬਿਹਤਰ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਇਹ ਸਾਡੇ ਲਈ ਮਾਣ ਵਾਲਾ ਪਲ ਹੈ। ਉਨ੍ਹਾਂ ਕਿਹਾ ਕਿ ਬੈਂਕ ਆਫ ਬੜੌਦਾ ਹਮੇਸ਼ਾਂ ਹੀ ਆਪਣੇ ਗਾਹਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੀਆਂ ਉਮੀਦਾਂ 'ਤੇ ਖਰਾ ਉਤਰਣ ਦੀ ਕੋਸ਼ਿਸ਼ ਕਰਦਾ ਆਇਆ ਹੈ। ਨਵੀਂ ਸ਼ਾਖਾ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ, ਜਿਸ ਰਾਹੀਂ ਅਸੀਂ ਆਪਣੇ ਗਾਹਕਾਂ ਨੂੰ ਹੋਰ ਵੀ ਵਧੀਆ ਸੇਵਾਵਾਂ ਦੇ ਸਕਾਂਗੇ।ਸ਼੍ਰੀ ਰਮਣ ਕੁਮਾਰ, ਉਪ ਮਹਾਪ੍ਰਬੰਧਕ - ਵਪਾਰ ਵਿਕਾਸ, ਬੈਂਕ ਆਫ ਬੜੌਦਾ, ਲੁਧਿਆਣਾ ਮੰਡਲ ਨੇ ਹਾਜ਼ਰੀਨ ਨੂੰ ਅਪੀਲ ਕੀਤੀ ਕਿ ਉਹ ਬੈਂਕ ਨਾਲ ਜੁੜ ਕੇ ਸਾਨੂੰ ਵਧ ਤੋਂ ਵਧ ਸੇਵਾ ਦੇਣ ਦਾ ਮੌਕਾ ਦੇਣ।ਸ਼੍ਰੀ ਜਤਿੰਦਰ ਕੁਮਾਰ ਸਿੰਘ, ਖੇਤਰੀ ਮੁਖੀ - ਜਲੰਧਰ ਖੇਤਰ ਨੇ ਕਿਹਾ ਕਿ ਉਮੀਦ ਹੈ ਇਹ ਨਵੀਂ ਸ਼ਾਖਾ ਮੋਹਾਲੀ ਦੇ ਲੋਕਾਂ ਲਈ ਇੱਕ ਮਹੱਤਵਪੂਰਨ ਬੈਂਕਿੰਗ ਸਾਥੀ ਸਾਬਤ ਹੋਏਗੀ ਅਤੇ ਉਹਨਾਂ ਦੀਆਂ ਆਰਥਿਕ ਲਕਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰੇਗੀ।ਇਸ ਮੌਕੇ 'ਤੇ ਸ਼ਾਖਾ ਮੁਖੀ ਸੁਸ਼ਰੀ ਮੋਨਿਕਾ ਸੈਣੀ ਅਤੇ ਆਲੇ ਦੁਆਲੇ ਦੇ ਕਈ ਵਿਸ਼ੇਸ਼ ਮਾਣਯੋਗ ਵਿਅਕਤੀ ਮੌਜੂਦ ਸਨ।

# ਚੰਡੀਗੜ੍ਹ ਵਿੱਚ ਆਯੋਜਿਤ ਪਹਿਲੀ ਪੇਪਰਲੈਸ ਵਰਕਸ਼ਾਪ

ਚੰਡੀਗੜ੍ਹ, 18 ਜੁਲਾਈ (ਅੰਮ੍ਰਿਤਪਾਲ ਸਿੰਘ) : ਚੰਡੀਗੜ੍ਹ ਸਟੇਟ ਏਡਜ਼ ਕੰਟਰੋਲ ਸੋਸਾਇਟੀ ਵੱਲੋਂ ਅੱਜ ਦੋ



ਦਿਨਾਂ ਖੇਤਰੀ ਸਮਰੱਥਾ ਨਿਰਮਾਣ ਵਰਕਸ਼ਾਪ ਦਾ ਉਦਘਾਟਨ ਕੀਤਾ ਗਿਆ। ਇਹ ਵਰਕਸ਼ਾਪ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਰਾਸ਼ਟਰੀ ਏਡਜ਼ ਕੰਟਰੋਲ ਸੰਗਠਨ (ਐਨਏਸੀਓ) ਦੀ ਅਗਵਾਈ ਹੇਠ ਆਯੋਜਿਤ ਕੀਤੀ ਜਾ ਰਹੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਇਹ ਚੰਡੀਗੜ੍ਹ ਵਿੱਚ ਆਯੋਜਿਤ ਆਪਣੀ ਕਿਸਮ ਦੀ ਪਹਿਲੀ ਪੂਰੀ ਤਰ੍ਹਾਂ ਪੇਪਰਲੈੱਸ ਵਰਕਸ਼ਾਪ ਹੈ, ਜਿਸਦਾ ਉਦੇਸ਼ ਸਿਹਤ ਖੇਤਰ ਵਿੱਚ ਡਿਜੀਟਲ ਤਕਨਾਲੋਜੀ ਨੂੰ ਉਤਸ਼ਾਹਿਤ ਕਰਨਾ ਹੈ। ਇਹ ਸਮਾਗਮ ਸਿਹਤ ਸਕੱਤਰ, ਯੂਟੀ ਚੰਡੀਗੜ੍ਹ ਦੀ ਯੋਗ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ।ਚੰਡੀਗੜ੍ਹ ਸਟੇਟ ਏਡਜ਼ ਕੰਟਰੋਲ ਸੋਸਾਇਟੀ ਦੇ ਪ੍ਰੋਜੈਕਟ ਡਾਇਰੈਕਟਰ ਨੇ ਦੱਸਿਆ ਕਿ ਇਹ ਵਰਕਸ਼ਾਪ ਪੂਰੀ ਤਰ੍ਹਾਂ ਪੇਪਰਲੈੱਸ ਸੀ, ਜੋ ਕਿ ਸਰਕਾਰ ਦੇ ਡਿਜੀਟਲ ਸਿਹਤ ਪਰਿਵਰਤਨ ਦੇ ਦ੍ਰਿਸ਼ਟੀਕੋਣ ਦੇ ਅਨੁਸਾਰ ਹੈ।ਐਨਏਸੀਓ ਦੇ ਸੀਨੀਅਰ ਅਧਿਕਾਰੀਆਂ ਅਤੇ ਸੀਡੀਸੀ ਇੰਡੀਆ, ਯੂਐਨਏਆਈਡੀਜ਼, ਆਈਟੀ ਈ ਸੀ ਐਚ ਇੰਡੀਆ ਵਰਗੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਤਕਨੀਕੀ ਮਾਹਰਾਂ ਨੇ ਇਸ ਵਰਕਸ਼ਾਪ ਵਿੱਚ ਹਿੱਸਾ ਲਿਆ। ਇਸ ਤੋਂ ਇਲਾਵਾ, ਗੁਆਂਢੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਜਿਨ੍ਹਾਂ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਉੱਤਰ ਪ੍ਰਦੇਸ਼, ਉਤਰਾਖੰਡ, ਦਿੱਲੀ ਅਤੇ ਲੱਦਾਖ ਸ਼ਾਮਲ ਹਨ, ਦੇ ਡੈਲੀਗੇਟਾਂ ਨੇ ਵੀ ਹਿੱਸਾ ਲਿਆ।


## ਅਠਵੇਂ ਪਾਤਸ਼ਾਹ, ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ






**Surjeet Singh Jeeti Executive Member,**
**DSGMC Chairman Bangla Sahib,**
**Chairman Guru Harkrishan Public School,**
**Nihal Vihar, New Delhi & Staff**
**Phone No. 9899445555**



ਸ੍ਰੀ ਹਰਿਕ੍ਰਿਸ਼ਨ ਧਿਆਈਐ
ਜਿਸ ਡਿਠੇ ਸਭਿ ਦੁਖਿ ਜਾਇ॥

ਅੱਠਵੇਂ ਪਾਤਿਸ਼ਾਹ, ਬਾਲਾ ਪ੍ਰੀਤਮ

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਦੇ

## ਪ੍ਰਕਾਸ਼ ਗੁਰਪੁਰਬ

ਦੀਆਂ ਸਮੂਹ ਸੰਗਤ ਨੂੰ

## ਲੱਖ-ਲੱਖ ਵਧਾਈਆਂ



ਹਰਮੀਤ ਸਿੰਘ ਕਾਲਕਾ
ਪ੍ਰਧਾਨ

ਜਗਦੀਪ ਸਿੰਘ ਕਾਹਲੋਂ
ਜਨਰਲ ਸਕੱਤਰ



## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

## ਵਿਦਿਆਰਥੀਆਂ ਦੀ ਖੇਲੋ ਇੰਡੀਆ ਨੈਸ਼ਨਲ ਵੂਸ਼ੂ ਮੁਕਾਬਲਿਆਂ ਲਈ ਚੋਣ



ਧਾਰੀਵਾਲ 18 ਜੁਲਾਈ (ਅਸ਼ੋਕ ਕੁਮਾਰ)ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਸ੍ਰੀਮਤੀ ਕਿਰਨ ਕੇਸਰ ਜੀ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਕੂਲ ਖੇਲੋ ਇੰਡੀਆ ਵੂਸ਼ੂ ਮੁਕਾਬਲੇ ਸਟੇਟ ਲੈਵਲ ਤੇ ਭਾਗ ਲਿਆ ਗਿਆ। ਜਿਸ ਵਿੱਚ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਵਿਦਿਆਰਥੀਆਂ ਨੇ ਵਧੀਆ ਸਥਾਨ ਹਾਸਿਲ ਕੀਤੇ ਅਤੇ ਉਹਨਾਂ ਦੀ ਚੋਣ ਖੇਲੋ ਇੰਡੀਆ ਨੈਸ਼ਨਲ ਮੁਕਾਬਲੇ ਲਈ ਚੋਣ ਹੋਈ ਹੈ। ਜਾਣਕਾਰੀ ਦਿੰਦੇ ਹੋਏ ਸਕੂਲ ਦੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਜੀ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥਣ ਰਵਿੰਦਰਜੀਤ ਕੌਰ ਸਪੁੱਤਰੀ ਸਰਦਾਰ ਹਰਭਜਨ ਸਿੰਘ (ਅੰਡਰ 12) ਦਮਨਪ੍ਰੀਤ ਕੌਰ ਸਪੁੱਤਰੀ ਸਰਦਾਰ ਜਸਵਿੰਦਰ ਸਿੰਘ (ਅੰਡਰ 14) ਮਨਸੀਰਤ ਕੌਰ ਸਪੁੱਤਰੀ ਸਰਦਾਰ ਗੁਰਪ੍ਰੀਤ ਸਿੰਘ (ਅੰਡਰ 14) ਖੇਲੋ ਇੰਡੀਆ ਵੂਮੈਨ ਲੀਗ ਸਟੇਟ ਜਲੰਧਰ ਵਿੱਚ ਭਾਗ ਲਿਆ ਗਿਆ ਇਹ ਵੂਸ਼ੂ ਮੁਕਾਬਲੇ ਇੰਦੌਰ ਹਾਲ ਬਨਾਰਸੀ ਦਾਸ ਆਰੀਆ ਕਾਲਜ ਵਿਖੇ ਹੋਏ। ਜਿਸ ਵਿੱਚ ਵਿਦਿਆਰਥੀਆਂ ਵੱਲੋਂ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਆਪਣੀ ਪ੍ਰਾਪਤ ਵਿੱਚ ਖੇਡ ਦਾ ਪ੍ਰਦਰਸ਼ਨ ਕੀਤਾ ਜਿਸ ਵਿੱਚ ਵਿਦਿਆਰਥਣ ਰਵਿੰਦਰਜੀਤ ਕੌਰ ਨੇ ਗੋਲਡ ਮੈਡਲ ਪ੍ਰਾਪਤ ਕੀਤਾ ਅਤੇ ਖੇਲੋ ਇੰਡੀਆ ਵੂਮੈਨ ਲੀਗ ਨੈਸ਼ਨਲ ਨੌਰਥ ਜੋਨ ਵਿਚ ਆਪਣੀ ਜਗ੍ਹਾ ਪੱਕੀ ਕੀਤੀ

## ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਲੈਣ ਦੀ ਅਪੀਲ



ਫਤਹਿਗੜ੍ਹ ਸਾਹਿਬ, 18 ਜੁਲਾਈ: (ਹਰਪ੍ਰੀਤ ਕੌਰ ਟਿਵਾਣਾ)ਆਉਂਦੀ 13 ਸਤੰਬਰ ਨੂੰ ਜ਼ਿਲ੍ਹਾ ਕਚਹਿਰੀਆਂ ਫ਼ਤਹਿਗੜ੍ਹ ਸਾਹਿਬ, ਸਬ ਡਵੀਜ਼ਨ ਅਮਲੋਹ ਅਤੇ ਖਮਾਣੋਂ ਦੀਆਂ ਅਦਾਲਤਾਂ ਵਿਖੇ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਦੀ ਸਫਲਤਾ ਲਈ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਾਰੇ ਮੈਂਬਰ ਵਧ ਚੜ੍ਹ ਕੇ ਸਹਿਯੋਗ ਦੇਣ। ਇਹ ਨਿਰਦੇਸ਼ ਜ਼ਿਲ੍ਹਾ ਅਤੇ ਸੈਸ਼ਨ ਜੱਜ - ਕਮ - ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਰੁਣ ਗੁਪਤਾ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਤਿਮਾਹੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾਉਣ ਲਈ ਸਭਸੰਭਵਯੋਗ ਸਾਰੇ ਉਪਰਾਲੇ ਕਰਵਾਏ ਸਿਵਲ ਕੇਸ, ਜੋ ਕਿ ਲੰਮੇ ਸਮੇਂ ਤੋਂ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਨੂੰ ਇਨ੍ਹਾਂ ਲੋਕ ਅਦਾਲਤਾਂ ਵਿੱਚ ਰੱਖਿਆ ਜਾਵੇ। ਇਸ ਤੋਂ ਇਲਾਵਾ ਵਿਆਹ ਸਬੰਧੀ ਝਗੜਿਆਂ ਦੇ ਕੇਸ, ਪਰਿਵਾਰਕ ਝਗੜਿਆਂ ਦੇ ਕੇਸ, ਮਜ਼ਦੂਰਾਂ ਦੇ ਝਗੜੇ, ਜ਼ਮੀਨ ਅਧਿਗ੍ਰਹਿਣ ਸਬੰਧੀ ਮਾਮਲੇ, ਬੈਂਕ ਰਿਕਵਰੀ, ਚੈੱਕ ਬਾਊਂਸ, ਮਾਲ ਵਿਭਾਗ ਨਾਲ ਸਬੰਧਤ ਮਾਮਲੇ, ਜਲ ਸਪਲਾਈ ਅਤੇ ਬਿਜਲੀ ਸਪਲਾਈ ਸਬੰਧੀ ਮਾਮਲੇ ਵੀ ਇਸ ਲੋਕ ਅਦਾਲਤ ਵਿੱਚ ਲਗਾਏ ਜਾਣ। ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਦਮਪਤਾ ਤੇ ਅਖਰਾਜ ਰਿਪੋਰਟ ਕੋਰਟਾਂ ਵਿੱਚ ਸਮੇਂ ਸਿਰ ਪੇਸ਼ ਕੀਤੀਆਂ ਜਾਣ। ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਜ਼ਿਲ੍ਹੇ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਵਾਉਣ ਲਈ ਇਸ ਲੋਕ ਅਦਾਲਤ ਵਿੱਚ ਆਪਣੇ ਕੇਸ ਲੈ ਕੇ ਆਉਣ ਕਿਉਂਕਿ ਇਨ੍ਹਾਂ ਲੋਕ ਅਦਾਲਤਾਂ ਵਿੱਚ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਕੀਤੇ ਗਏ ਫੈਸਲੇ ਅੰਤਿਮ ਹੁੰਦੇ ਹਨ। ਜਿਨ੍ਹਾਂ ਵਿਰੁੱਧ ਅੱਗੇ ਅਪੀਲ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਜੋ ਝਗੜੇ ਪਹਿਲਾਂ ਅਦਾਲਤ ਵਿੱਚ ਨਾ ਚੱਲਦੇ ਹੋਣ, ਉਹ ਮਾਮਲੇ ਵੀ ਨੈਸ਼ਨਲ ਲੋਕ ਅਦਾਲਤ ਵਿੱਚ ਦਰਖਾਸਤ ਦੇ ਕੇ ਰਾਜ਼ੀਨਾਮੇ ਲਈ ਰੱਖੇ ਜਾ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਅਦਾਲਤ ਵਿੱਚ ਲੱਗੇ ਕੇਸਾਂ ਦੀ ਕੋਰਟ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ ਇਸ ਮੀਟਿੰਗ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪਿਛਲੀ ਤਿਮਾਹੀ ਦੌਰਾਨ 116 ਲੋੜਵੰਦ ਲਾਭਪਾਤਰੀਆਂ ਨੂੰ ਦਿੱਤੀ ਗਈ ਮੁਫ਼ਤ ਕਾਨੂੰਨੀ ਸਹਾਇਤਾ ਦੇ ਕੇਸ ਵੀ ਪਾਸ ਕੀਤੇ ਗਏ। ਚੇਅਰਮੈਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬਲਾਕ ਪੱਧਰ 'ਤੇ ਮੁਫ਼ਤ ਕਾਨੂੰਨੀ ਸਹਾਇਤਾ ਸਬੰਧੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾਵੇ। ਉਨ੍ਹਾਂ ਇਹ ਵੀ ਦੱਸਿਆ ਕਿ ਅੱਗੇ ਤੋਂ ਹਿੱਟ ਐਂਡ ਰੰਨ ਕੇਸਾਂ ਵਿੱਚ ਮੁਆਵਜ਼ਾ ਜ਼ਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਪ੍ਰਦਾਨ ਕਰੇਗੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਜ਼ਿਲ੍ਹੇ ਦੀਆਂ ਜੇਲ੍ਹਾਂ ਵਿੱਚ ਚੱਲ ਰਹੇ ਕੇਸਾਂ ਦਾ ਨਿਪਟਾਰਾ ਕਰਨ ਲਈ ਪ੍ਰੇਰਿਤ ਕੀਤਾ। ਇਸ ਮੀਟਿੰਗ ਵਿੱਚ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਡਾ. ਸੋਨੀਆ ਕਿਨਰਾ, ਐੱਸ.ਡੀ.ਐੱਮ ਅਰਵਿੰਦ ਕੁਮਾਰ, ਐੱਸ.ਪੀ ਰਾਕੇਸ਼ ਯਾਦਵ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ- ਕਮ -ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਸ਼ੋਕ ਕੁਮਾਰ ਚੌਹਾਨ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਸ਼੍ਰੀਮਤੀ ਮਮਤਾ ਕੱਕੜ, ਜ਼ਿਲ੍ਹਾ ਅਟਾਰਨੀ ਕੁਲਵਿੰਦਰ ਸਿੰਘ, ਡੀ.ਪੀ.ਆਰ.ਓ ਅਮਨਦੀਪ ਸਿੰਘ, ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਗਗਨਦੀਪ ਸਿੰਘ ਵਿਰਕ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰ ਸ਼੍ਰੀਮਤੀ ਨਮਰਤਾ ਸ਼ਰਮਾ ਅਤੇ ਡਾ. ਹਿਤੇਂਦਰ ਸੂਰੀ ਵੀ ਸ਼ਾਮਿਲ ਹੋਏ।

## ਡੇਂਗੂ ਤੇ ਵਾਰਮੁਹਿੰਮ ਤਹਿਤ ਪੁਲਿਸ ਸਟੇਸ਼ਨਾਂ ਅੰਦਰ ਕੀਤੀਆਂ ਡੇਂਗੂ ਵਿਰੋਧੀ ਗਤੀਵਿਧੀਆਂ



ਫਤਹਿਗੜ੍ਹ ਸਾਹਿਬ :-18 ਜੁਲਾਈ (ਹਰਪ੍ਰੀਤ ਕੌਰ ਟਿਵਾਣਾ) : ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਡਾ ਹਿਤਿੰਦਰ ਕੌਰ ਅਤੇ ਸਿਵਲ ਸਰਜਨ ਫਤਹਿਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਹਰ ਸ਼ੁਕਰਵਾਰ-ਡੇਂਗੂ ਤੇ ਵਾਰ ਮੁਹਿੰਮ ਤਹਿਤ ਜ਼ਿਲੇ ਅੰਦਰ ਪੈਂਦੇ ਥਾਣੇ, ਪੁਲਿਸ ਚੌਕੀਆਂ ਅਤੇ ਪੁਲਿਸ ਲਾਈਨ ਵਿਖੇ ਜਾ ਕੇ ਡੇਂਗੂ ਸਬੰਧੀ ਸਰਵੇ ਕੀਤਾ ਗਿਆ, ਮੱਛਰ ਦਾ ਲਾਰਵਾ ਮਿਲਣ ਤੇ ਉਸ ਨੂੰ ਮੌਕੇ 'ਤੇ ਹੀ ਨਸ਼ਟ ਕੀਤਾ ਗਿਆ , ਮੱਛਰ ਮਾਰਨ ਵਾਲੀ ਸਪਰੇ ਕੀਤੀ ਗਈ ਅਤੇ ਡਿਊਟੀ ਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਨੂੰ ਡੇਂਗੂ ਸਬੰਧੀ ਜਾਗਰੂਕ ਕੀਤਾ ਗਿਆ। ਜ਼ਿਲ੍ਹਾ ਸਿਹਤ ਅਫਸਰ ਡਾ ਅਮਨਦੀਪ ਸਿੰਘ, ਜ਼ਿਲਾ ਡੈਂਟਲ ਸਿਹਤ ਅਫਸਰ ਡਾ ਰਾਜੇਸ਼ ਕੁਮਾਰ ਗੁਪਤਾ, ਜ਼ਿਲਾ ਐਪੀਡਿਮੋਲੋਜਿਸਟ ਡਾ ਪ੍ਰਭਜੋਤ ਕੌਰ, ਡਾਕਟਰ ਸੰਪਨ ਆਦਿ ਤੋਂ ਇਲਾਵਾ ਜ਼ਿਲੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਨੇ ਆਪੋ ਆਪਣੇ ਏਰੀਏ ਵਿੱਚ ਇਸ ਮੁਹਿੰਮ ਦੀ ਚੈਕਿੰਗ ਕੀਤੀ। ਪੁਲਿਸ ਲਾਈਨ ਸਰਹਿੰਦ ਅੰਦਰ ਇਸ ਮੁਹਿੰਮ ਦੀ ਚੈਕਿੰਗ ਕਰਨ ਮੌਕੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿਹਤ ਅਫਸਰ ਡਾ ਅਮਨਦੀਪ ਸਿੰਘ ਨੇ ਦੱਸਿਆ ਕਿ ਸਿਹਤ ਮੰਤਰੀ ਅਤੇ ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਡੇਂਗੂ ਵਿਰੁੱਧੀ ਮੁਹਿੰਮ "ਹਰ ਸ਼ੁਕਰਵਾਰ, ਡੇਂਗੂ ਤੇ ਵਾਰ" ਦਿੰਦੇ ਹੋਏ ਸ਼ੁਕਰਵਾਰ ਵਾਲੀ ਪੁਲਿਸ ਥਾਣੇ, ਚੌਕੀਆਂ, ਪੁਲਿਸ ਲਾਈਨਾਂ ਵਿਚ ਡੇਂਗੂ ਸਰਵੇ ਕਰਨ ਅਤੇ ਡੇਂਗੂ ਪ੍ਰਤੀ ਪੁਲਿਸ ਮੁਲਾਜ਼ਮਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਸੀ, ਜਿਸ ਤਹਿਤ ਜ਼ਿਲ੍ਹੇ ਅੰਦਰ ਇਹਨਾਂ ਸਟੇਸ਼ਨਾਂ ਤੇ ਸਿਹਤ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵੱਲੋਂ ਡੇਂਗੂ ਦੇ ਲੱਛਣ, ਇਲਾਜ ਅਤੇ ਬਚਾਅ ਬਾਰੇ ਜਾਣਕਾਰੀ ਦਿੱਤੀ ਗਈ

## ਜ਼ਿਲ੍ਹੇ ਵਿੱਚ 2 ਸਰਪੰਚਾਂ ਦੀਆਂ ਖਾਲੀ ਅਸਾਮੀਆਂ ਲਈ 4 ਨਾਮਜ਼ਦਗੀਆਂ ਦਾਖ਼ਲ

ਸੰਗਰੂਰ,17 ਜੁਲਾਈ (ਹਰਕੰਵਲ ਸਿੰਘ ਧੀਮਾਨ)ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ.ਸੁਖਚੈਨ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 02 ਸਰਪੰਚਾਂ ਅਤੇ 24 ਪੰਚਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਚੋਣਾਂ 27 ਜੁਲਾਈ ਨੂੰ ਹੋਣਗੀਆਂ। ਇਸ ਸਬੰਧੀ ਆਦਰਸ਼ ਚੋਣ ਜ਼ਾਬਤਾ ਲਾਗੂ ਹੈ ਤੇ ਜ਼ਿਲ੍ਹੇ ਵਿੱਚ 02 ਸਰਪੰਚਾਂ ਦੀਆਂ ਖਾਲੀ ਅਸਾਮੀਆਂ ਲਈ 04 ਨਾਮਜ਼ਦਗੀਆਂ ਅਤੇ 24 ਪੰਚਾਂ ਦੀਆਂ ਖਾਲੀ ਅਸਾਮੀਆਂ ਸਬੰਧੀ 26 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਜ਼ਿਲ੍ਹੇ ਵਿੱਚ ਸਰਪੰਚ ਪਲਾਸੌਰ ਬਲਾਕ ਧੂਰੀ ਲਈ 02 ਨਾਮਜ਼ਦਗੀਆਂ ਅਤੇ ਸਰਪੰਚ ਮਿਰਜ਼ਾ ਪੱਤੀ ਨਮੋਲ ਬਲਾਕ ਸੁਨਾਮ ਲਈ 02 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਬਾਲਦ ਖੁਰਦ ਬਲਾਕ ਭਵਾਨੀਗੜ੍ਹ ਲਈ 01, ਪੰਚ ਬਿੰਬਰ ਭਵਾਨੀਗੜ੍ਹ ਲਈ 01, ਪੰਚ ਫਤਿਹਗੜ੍ਹ ਭਾਦਸੋਂ ਭਵਾਨੀਗੜ੍ਹ 02, ਪੰਚ ਮਹਿਸਮਪੁਰ ਭਵਾਨੀਗੜ੍ਹ 01, ਪੰਚ ਨਾਗਰਾ ਭਵਾਨੀਗੜ੍ਹ ਲਈ 02 ਅਤੇ 02 ਪੰਚ ਤੁਰੀ ਭਵਾਨੀਗੜ੍ਹ ਲਈ ਕੇਵਲ 01(01 ਪੰਚ ਦੀ ਅਸਾਮੀ ਲਈ 01 ਅਤੇ 01 ਹੋਰ ਪੰਚ ਦੀ ਅਸਾਮੀ ਲਈ 0) ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਪਿੰਡ ਧੂਰੀ ਬਲਾਕ ਧੂਰੀ ਲਈ 01, ਪੰਚ ਸਮੁੰਦਗੜ੍ਹ ਧੂਰੀ 01, ਪੰਚ ਧੂਰਾ ਧੂਰੀ 01, ਪੰਚ ਧਾਂਦਰਾ ਧੂਰੀ ਲਈ 01 ਅਤੇ ਪੰਚ ਕਾਂਝਲਾ ਧੂਰੀ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਕਦਰ ਨਗਰ ਮੁਨਸ਼ੀਵਾਲਾ ਦਿੜ੍ਹਬਾ ਲਈ 02 , ਪੰਚ ਗੋਬਿੰਦਪੁਰਾ ਨਾਗਰੀ ਦਿੜ੍ਹਬਾ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ। ਪੰਚ ਰਾਮਪੁਰਾ ਜਵਾਹਰਵਾਲਾ ਲਹਿਰਾਗਾਗਾ ਲਈ 03, ਪੰਚ ਗੋਬਿੰਦਪੁਰਾ ਪਾਪੜਾ ਲਹਿਰਾਗਾਗਾ ਲਈ 01, ਪੰਚ ਖਾਈ ਲਹਿਰਾਗਾਗਾ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ।ਪੰਚ ਭਗਵਾਨਪੁਰਾ ਸੰਗਰੂਰ ਲਈ 01, ਪੰਚ ਖਿਲਰੀਆਂ ਸੰਗਰੂਰ 0, ਪੰਚ ਭਿੰਡਰਾਂ ਸੰਗਰੂਰ 01, ਪੰਚ ਮੰਗਵਾਲ ਖੁਰਦ ਸੰਗਰੂਰ 01, ਪੰਚ ਰੂਪਾਹੇੜੀ ਸੰਗਰੂਰ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ।ਪੰਚ ਕਕੜਾ ਅੰਨਦਾਨਾ ਐਟ ਮੂਨਕ ਲਈ 01 ਅਤੇ ਪੰਚ ਫਤਿਹਗੜ੍ਹ ਸੁਨਾਮ ਲਈ 01 ਨਾਮਜ਼ਦਗੀਆਂ ਦਾਖਲ ਹੋਈਆਂ ਹਨ।ਜਿੱਥੇ 01-01 ਨਾਮਜ਼ਦਗੀ ਪ੍ਰਾਪਤ ਹੋਈ ਹੈ, ਉੱਥੇ ਸਰਬਸੰਮਤੀ ਹੋ ਗਈ ਹੈ।ਚੋਣ ਸ਼ਡਿਊਲ ਅਨੁਸਾਰ ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਜੁਲਾਈ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ ਹੈ।ਪੋਲਿੰਗ 27 ਜੁਲਾਈ ਨੂੰ ਹੋਵੇਗੀ। ਵੋਟਿੰਗ ਪੂਰੀ ਹੋਣ ਤੋਂ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਦੀ ਗਿਣਤੀ ਉਸੇ ਦਿਨ ਕੀਤੀ ਜਾਵੇਗੀ। ਸਰਪੰਚ ਲਈ ਖਰਚਾ ਹੱਦ 40 ਹਜ਼ਾਰ ਰੁਪਏ ਅਤੇ ਪੰਚ ਲਈ 30 ਹਜ਼ਾਰ ਰੁਪਏ ਹੈ।ਬਲਾਕ ਭਵਾਨੀਗੜ੍ਹ ਲਈ ਐੱਸ.ਡੀ.ਓ.ਸੀਵਰੇਜ ਬੋਰਡ, ਬਲਾਕ ਧੂਰੀ ਲਈ ਈ.ਓ., ਨਗਰ ਕੌਂਸਲ (ਐੱਮ.ਸੀ.) ਧੂਰੀ, ਦਿੜ੍ਹਬਾ ਲਈ ਈ.ਓ., ਐੱਮ.ਸੀ. ਦਿੜ੍ਹਬਾ, ਲਹਿਰਾਗਾਗਾ ਲਈ ਈ.ਓ., ਐੱਮ.ਸੀ. ਲਹਿਰਾਗਾਗਾ, ਬਲਾਕ ਸੰਗਰੂਰ ਲਈ ਐਕਸੀਅਨ ਇੰਪਰੂਵਮੈਂਟ ਟਰੱਸਟ ਸੰਗਰੂਰ,ਅੰਨਦਾਨਾ ਐਟ ਮੂਨਕ ਲਈ ਈ.ਓ., ਐੱਮ.ਸੀ. ਮੂਨਕ ਅਤੇ ਬਲਾਕ ਸੁਨਾਮ ਲਈ ਈ.ਓ., ਐੱਮ.ਸੀ. ਸੁਨਾਮ ਨੂੰ ਰਿਟਰਨਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਹੈ।

## ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਦੇ ਸਹਿਯੋਗ ਦੀ ਲੋੜ : ਵਿਧਾਇਕ ਅਮਰਪਾਲ ਸਿੰਘ



ਸ੍ਰੀ ਹਰਗੋਬਿੰਦਪੁਰ ਸਾਹਿਬ, 18 ਜੁਲਾਈ (ਡਾ ਨਰਿੰਦਰ ਸਿੰਘ ਘੁਮਾਣ /ਜਗੀਰ ਸਿੰਘ ਮੱਲ) ਪੰਜਾਬ ਸਰਕਾਰ ਵੱਲੋਂ ਰਾਜ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਦੂਜੇ ਪੜਾਅ ਤਹਿਤ ਨਸ਼ਾ ਮੁਕਤੀ ਯਾਤਰਾ ਯਾਤਰਾਵਾਂ ਤਹਿਤ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੀ ਅਗਵਾਈ ਹੇਠ ਪਿੰਡ ਆਦੋਵਾਲੀ, ਲੱਡਵਾਲਾ ਅਤੇ ਸਖਾਵਾਂ ਵਿਖੇ ਸਮਾਗਮ ਕਰਵਾਏ ਗਏ। ਨਸ਼ਾ ਮੁਕਤੀ ਯਾਤਰਾਵਾਂ ਤਹਿਤ ਲੋਕਾਂ ਨੂੰ ਸੰਬੋਧਨ ਕਰਦਿਆਂ ਉਨਾਂ ਕਿਹਾ ਕਿ ਨਸ਼ੇ ਵਿਰੁੱਧ ਲੜਾਈ ਨੂੰ ਲੋਕ ਲਹਿਰ ਬਣਾਉਣਾ ਹੈ, ਕਿਉਂਕਿ ਲੋਕਾਂ ਦੇ ਸਹਿਯੋਗ ਨਾਲ ਹੀ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਗਈ ਇਸ ਲੜਾਈ ਨੂੰ ਨਿਰਣਾਇਕ ਅੰਜਾਮ ਤੱਕ ਪਹੁੰਚਾਇਆ ਜਾ ਸਕਦਾ ਹੈ। ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਸਮਾਜ ਦਾ ਹਰ ਵਰਗ, ਪੰਚਾਇਤ, ਮਾਤਾ-ਪਿਤਾ ਇਸ ਅੰਦੋਲਨ ਨਾਲ ਜੁੜਨ ਤਾਂ ਜੋ ਨਸ਼ੇ ਦੇ ਦੈਂਤ ਨੂੰ ਹਰਾਇਆ ਜਾ ਸਕੇ। ਉਨਾਂ ਕਿਹਾ ਕਿ ਨਸ਼ੇ ਦੇ ਖਾਤਮੇ ਲਈ ਪੰਜਾਬ ਸਰਕਾਰ ਵਲੋਂ ਚਲਾਈ ਮੁਹਿੰਮ ਲੋਕਾਂ ਦੇ ਸਹਿਯੋਗ ਨਾਲ ਲੋਕ ਲਹਿਰ ਬਣ ਰਹੀ ਹੈ ।ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵਲੋਂ ਜਾਰੀ ਵਟਸ ਐਪ ਨੰਬਰ 97791-00200 ਜਾਰੀ ਕੀਤਾ ਗਿਆ ਹੈ। ਇਸ ਨੰਬਰ 'ਤੇ ਨਸ਼ਿਆਂ ਵਿਰੁੱਧ ਜਾਣਕਾਰੀ ਦਿੱਤੀ ਜਾਵੇ ਅਤੇ ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਜ਼ੀਰੋ ਟੋਲਰੈਂਸ ਨੀਤੀ 'ਤੇ ਕੰਮ ਕਰ ਰਹੀ ਹੈ ਅਤੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਜੇਕਰ ਕੋਈ ਨਸ਼ਾ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਜ਼ਰੂਰ ਹੋਵੇਗੀ ਅਤੇ ਕਿਸੇ ਨੂੰ ਵੀ ਨਹੀ ਬਖ਼ਸ਼ਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਲੜਾਈ ਪਿੰਡ-ਪਿੰਡ ਤੋਂ ਸ਼ੁਰੂ ਹੋ ਚੁੱਕੀ ਹੈ, ਜਿਸ ਤਹਿਤ ਹਰੇਕ ਪਿੰਡ ਵਾਸੀ ਆਪਣੇ ਪਿੰਡ ਦਾ ਪਹਿਰੇਦਾਰ ਬਣਕੇ ਕੰਮ ਕਰ ਰਿਹਾ ਹੈ (ਇਸ ਮੌਕੇ ਸਰਪੰਚ ਦਿਲਬਾਗ ਸਿੰਘ, ਸੀਨੀਅਰ ਆਗੂ ਮਨਜੀਤ ਸਿੰਘ ਹਰਦਾਨ, ਪੀ.ਏ. ਸੁਖਦੇਵ ਸਿੰਘ ਰੌਮੀ, ਪੀ.ਏ. ਰਾਜੂ ਭਿੰਡਰ, ਸਾਬਕਾ ਸਰਪੰਚ ਨਰਿੰਦਰ ਹਿੰਦੀ ਘੁਮਾਣ, ਐਕਸ ਚੇਅਰਮੈਨ ਕੁਲਵੰਤ ਬੀਰ ਘੁਮਾਣ, ਸੀਨੀਅਰ ਆਗੂ ਸਿਕੰਦਰ ਸਿੰਘ ਕਰਨਾਮਾ, ਸਰਪੰਚ ਗੁਰਮੀਤ ਸਿੰਘ ਪੰਨੂ, ਜ਼ਿਲ੍ਹਾ ਸੋਸ਼ਲ ਮੀਡੀਆ ਇੰਚਾਰਜ ਪਰਮਬੀਰ ਰਾਣਾ, ਸੈਕਟਰੀ ਸੋਸ਼ਲ ਮੀਡੀਆ ਜੋਨੀ ਘੁਮਾਣ, ਸਰਪੰਚ ਨਿਸ਼ਾਨ ਸਿੰਘ ਪਾਰਸ,ਹਨੀ ਦਿਉਲ, ਅਮਰੀਕ ਸਿੰਘ ਗੋਲਡੀ,ਜੱਜ ਸੰਦਲਪੁਰ, ਸਰਪੰਚ ਲਾਡੀ ਨੂਰਪੁਰ, ਸਰਪੰਚ ਗੁਰਮੀਤ ਸਿੰਘ ਚੋਲਚੱਕ, ਮਾਸਟਰ ਸੁਖਦੇਵ ਸਿੰਘ ਦਕੋਹਾ, ਯੂਥ ਆਗੂ ਪ੍ਰਿਤਪਾਲ ਸਿੰਘ ਦਕੋਹਾ ਆਦਿ ਹਾਜ਼ਰ ਸਨ।

## ਨਵ-ਨਿਯੁਕਤ ਅਹੁਦੇਦਾਰਾਂ ਦਾ ਸਨਮਾਨ



ਫਾਜ਼ਿਲਕਾ, 18 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਆਮ ਆਦਮੀ ਪਾਰਟੀ ਅਬੋਹਰ ਦੀ ਲੀਡਰਸ਼ਿਪ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਵਿਚ ਨਵ-ਨਿਯੁਕਤ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪਾਰਟੀ ਦੀ ਮਹਿਲਾ ਵਿੰਗ ਦੀ ਜ਼ਿਲ੍ਹਾ ਫਾਜ਼ਿਲਕਾ ਪ੍ਰਧਾਨ ਵਜੋਂ ਪੂਜਾ ਲੂਥਰਾ ਸਚਦੇਵਾ, ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਰਾਜਿੰਦਰ ਕੰਬੋਜ ਅਤੇ ਨਸ਼ਾ ਮੁਕਤੀ ਵਿੰਗ ਦੇ ਜ਼ਿਲ੍ਹਾ ਉਪ ਪ੍ਰਧਾਨ ਵਜੋਂ ਬੀਰਬਲ ਕੰਬੋਜ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਹਲਕਾ ਇੰਚਾਰਜ ਅਰੁਣ ਨਾਰੰਗ, ਮਾਰਕਿਟ ਕਮੇਟੀ ਅਬੋਹਰ ਦੇ ਚੇਅਰਮੈਨ, ਸੀਨੀਅਰ ਆਪ ਆਗੂ ਐਡਵੋਕੇਟ ਹਰਪ੍ਰੀਤ ਸਿੰਘ ਅਤੇ ਅਬੋਹਰ ਦੀ ਸਮੁੱਚੀ ਲੀਡਰਸ਼ਿਪ ਨੇ ਹਿੱਸਾ ਲਿਆ। ਇਸ ਸਮਾਰੋਹ ਦਾ ਮੁੱਖ ਉਦੇਸ਼ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨਾ ਅਤੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਪ੍ਰੇਰਿਤ ਕਰਨਾ ਸੀ। ਸਮਾਰੋਹ ਵਿੱਚ ਪੂਜਾ ਲੂਥਰਾ ਸਚਦੇਵਾ ਨੂੰ ਦੂਜੀ ਵਾਰ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪਾਰਟੀ ਆਗੂਆਂ ਨੇ ਉਨ੍ਹਾਂ ਦੀਆਂ ਪਿਛਲੀਆਂ ਸੇਵਾਵਾਂ ਅਤੇ ਸਮਾਜਿਕ ਮੁੱਦਿਆਂ ਪ੍ਰਤੀ ਸਮਰਪਣ ਦੀ ਸ਼ਲਾਘਾ ਕੀਤੀ। ਹਲਕਾ ਇੰਚਾਰਜ ਅਰੁਣ ਨਾਰੰਗ ਨੇ ਪੂਜਾ ਲੂਥਰਾ ਦੀ ਦੂਜੀ ਵਾਰ ਪ੍ਰਧਾਨ ਬਣਨ ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਪਹਿਲੇ ਕਾਰਜਕਾਲ ਦੌਰਾਨ ਮਹਿਲਾ ਵਿੰਗ ਵਿਚ ਸ਼ਾਨਦਾਰ ਕੰਮ ਕੀਤਾ ਹੈ। ਉਨ੍ਹਾਂ ਕਿਹਾ, "ਪੂਜਾ ਲੂਥਰਾ ਸਚਦੇਵਾ ਨੇ ਪਹਿਲਾਂ ਵੀ ਮਹਿਲਾ ਵਿੰਗ ਦੀ ਅਗਵਾਈ ਕਰਦਿਆਂ ਪਾਰਟੀ ਦੀਆ ਨੀਤੀਆਂ ਨੂੰ ਘਰ ਘਰ ਪਹੁੰਚਾਇਆ ਅਤੇ ਮਹਿਲਾ ਵਿੰਗ ਨੂੰ ਹੋਰ ਮਜ਼ਬੂਤ ਕੀਤਾ ਹੈ। ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਨੇ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕੀਤਾ ਹੈ। ਸਾਨੂੰ ਵਿਸ਼ਵਾਸ ਹੈ ਕਿ ਉਹ ਇਸ ਜ਼ਿੰਮੇਵਾਰੀ ਨੂੰ ਪਹਿਲਾਂ ਨਾਲੋਂ ਵੀ ਵਧੇਰੇ ਤਨਦੇਹੀ ਨਾਲ ਨਿਭਾਉਣਗੇ।"ਉਨ੍ਹਾਂ ਨੇ ਰਾਜਿੰਦਰ ਕੰਬੋਜ ਅਤੇ ਬੀਰਬਲ ਕੰਬੋਜ ਨੂੰ ਵੀ ਉਨ੍ਹਾਂ ਦੀਆਂ ਨਵੀਆਂ ਜ਼ਿੰਮੇਵਾਰੀਆਂ ਲਈ ਵਧਾਈ ਦਿੱਤੀ ਅਤੇ ਪਾਰਟੀ ਦੇ ਮੁੱਖ ਏਜੰਡੇ, ਜਿਵੇਂ ਕਿ ਨਸ਼ਾ ਮੁਕਤੀ, ਸਿੱਖਿਆ ਅਤੇ ਸਿਹਤ ਸੁਧਾਰ, ਨੂੰ ਅੱਗੇ ਵਧਾਉਣ ਲਈ ਸਾਂਝੇ ਯਤਨਾਂ ਦੀ ਅਪੀਲ ਕੀਤੀ। ਸੀਨੀਅਰ ਆਗੂ ਐਡਵੋਕੇਟ ਹਰਪ੍ਰੀਤ ਸਿੰਘ ਨੇ ਸਮਾਰੋਹ ਵਿੱਚ ਪਾਰਟੀ ਦੀਆਂ ਨੀਤੀਆਂ ਅਤੇ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਕਿਹਾ, "ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਿਹਤ, ਸਿੱਖਿਆ ਅਤੇ ਸਮਾਜਿਕ ਭਲਾਈ ਲਈ ਕਈ ਅਹਿਮ ਕਦਮ ਚੁੱਕੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸੂਬੇ ਵਿੱਚ ਨਸ਼ਿਆਂ ਵਿਰੁੱਧ ਜੰਗ ਤੇਜ਼ ਕੀਤੀ ਗਈ ਹੈ। ਬੀਰਬਲ ਕੰਬੋਜ ਵਰਗੇ ਨੌਜਵਾਨ ਆਗੂਆਂ ਦੀ ਨਿਯੁਕਤੀ ਇਸ ਮੁਹਿੰਮ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰੇਗੀ।ਪੂਜਾ ਲੂਥਰਾ ਸਚਦੇਵਾ ਨੇ ਸਨਮਾਨ ਸਮਾਰੋਹ ਦੌਰਾਨ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਕਿਹਾ, "ਮੈਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਮਹਿਲਾ ਵਿੰਗ ਪੰਜਾਬ ਪ੍ਰਧਾਨ ਅਮਨਦੀਪ ਕੌਰ, ਗਾਇਤਰੀ ਜੀ ਦੀ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਮੈਨੂੰ ਦੁਬਾਰਾ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ। ਮੈਂ ਵਾਅਦਾ ਕਰਦੀ ਹਾਂ ਕਿ ਮਹਿਲਾ ਵਿੰਗ ਨੂੰ ਹੋਰ ਮਜ਼ਬੂਤ ਕਰਨ ਅਤੇ ਔਰਤਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਿੱਚ ਕੋਈ ਕਸਰ ਨਹੀਂ ਛੱਡਾਂਗੀ।"ਉਨ੍ਹਾਂ ਨੇ ਅਪੀਲ ਕੀਤੀ ਕਿ ਸਾਰੇ ਵਰਕਰ ਇਕਜੁਟ ਹੋ ਕੇ ਪਾਰਟੀ ਦੇ ਮਿਸ਼ਨ ਨੂੰ ਅੱਗੇ ਵਧਾਉਣ। ਸਮਾਰੋਹ ਵਿੱਚ ਪਾਰਟੀ ਦੇ ਸਥਾਨਕ ਵਰਕਰਾਂ ਅਤੇ ਸਮਰਥਕਾਂ ਦੀ ਵੱਡੀ ਗਿਣਤੀ ਮੌਜੂਦ ਸੀ। ਸਾਰਿਆਂ ਨੇ ਮਿਲ ਕੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਦੀ ਤਰੱਕੀ ਅਤੇ ਸਮਾਜਿਕ ਭਲਾਈ ਲਈ ਕੰਮ ਕਰਨ ਦਾ ਸੰਕਲਪ ਲਿਆ। ਸਮਾਰੋਹ ਦੇ ਅੰਤ ਵਿੱਚ, ਸਾਰੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਸਿਰੋਪੇ ਅਤੇ ਸਨਮਾਨ ਪੱਤਰ ਦੇ ਕੇ ਸਤਿਕਾਰਿਆ ਗਿਆ।

## ਇੰਦਰਪਾਲ ਸਿੰਘ ਮਾਸਟਰ ਕੇਡਰ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੇ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ

### ਜ਼ਿਲ੍ਹਾ ਗੁਰਦਾਸਪੁਰ ਅਤੇ ਬਲਾਕ ਆਗੂਆਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ



ਫ਼ਤਿਹਗੜ੍ਹ ਚੂੜੀਆਂ, 18 ਜੁਲਾਈ (ਰਾਜਨ ਸ਼ਰਮਾ )ਇਥੇ ਮਾਸਟਰ ਕੇਡਰ ਯੂਨੀਅਨ ਸੂਬਾਈ ਕਮੇਟੀ ਦੀ ਹਾਜ਼ਰੀ ਵਿੱਚ ਜ਼ਿਲ੍ਹਾ ਗੁਰਦਾਸਪੁਰ ਮਾਸਟਰ ਕੇਡਰ ਯੂਨੀਅਨ ਕਮੇਟੀ ਦੀ ਚੋਣ ਕੀਤੀ ਗਈ। ਇਸ ਮੀਟਿੰਗ ਵਿੱਚ ਮਾਝਾ ਜੋਨ ਦੇ ਚਾਰ ਜ਼ਿਲ੍ਹੇ ਪਠਾਨਕੋਟ, ਗੁਰਦਾਸਪੁਰ ਅੰਮ੍ਰਿਤਸਰ ਅਤੇ ਤਰਨ ਤਾਰਨ ਤੋਂ ਮਾਸਟਰ ਕੇਡਰ ਯੂਨੀਅਨ ਦੇ ਅਹੁਦੇਦਾਰ ਅਤੇ ਅਤੇ ਵਿਸ਼ੇਸ਼ ਤੌਰ 'ਤੇ ਮਾਸਟਰ ਕੇਡਰ ਯੂਨੀਅਨ ਦੇ ਫਾਊਂਡਰ ਮੈਂਬਰ ਗੁਰਪ੍ਰੀਤ ਸਿੰਘ ਰਿਆੜ ਅਤੇ ਦਲਵਿੰਦਰਜੀਤ ਸਿੰਘ ਗਿੱਲ ਪਹੁੰਚੇ। ਮੀਟਿੰਗ ਵਿੱਚ ਹਾਜ਼ਰ ਹੋਏ ਵੱਡੀ ਗਿਣਤੀ 'ਚ ਅਧਿਆਪਕ ਸਾਥੀਆਂ ਨੇ ਸਰਬਸੰਮਤੀ ਨਾਲ ਜ਼ਿਲ੍ਹਾ ਗੁਰਦਾਸਪੁਰ ਲਈ ਪ੍ਰਧਾਨ ਦੇ ਤੌਰ 'ਤੇ ਇੰਦਰਪਾਲ ਸਿੰਘ, ਜਨਰਲ ਸਕੱਤਰ ਅਮਰਬੀਰ ਸਿੰਘ ਰੰਧਾਵਾ, ਵਿੱਤ ਸਕੱਤਰ ਜਤਿੰਦਰ ਸਿੰਘ ਵਿਰਦੀ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ ਲੱਖਣ ਕਲਾਂ, ਮੀਤ ਪ੍ਰਧਾਨ ਪ੍ਰਵੀਨ ਕੁਮਾਰ ਸਲਾਪੁਰ, ਕਰਮਜੀਤ ਵਾਸਦੇਵ ਸੀਨੀਅਰ ਮੀਤ ਪ੍ਰਧਾਨ ਦੀ ਚੋਣ ਕੀਤੀ ਗਈ। ਇਸ ਦੌਰਾਨ ਜ਼ਿਲ੍ਹਾ ਕਮੇਟੀ ਦੀ ਚੋਣ ਦੇ ਨਾਲ-ਨਾਲ ਬਲਾਕ ਫ਼ਤਿਹਗੜ੍ਹ ਚੂੜੀਆਂ ਦੀ ਮਾਸਟਰ ਕੇਡਰ ਯੂਨੀਅਨ ਦੀ ਚੋਣ ਵੀ ਕੀਤੀ ਗਈ, ਜਿਸ ਵਿੱਚ ਨਵਜੋਤ ਸਿੰਘ ਰੰਧਾਵਾ ਬਲਾਕ ਪ੍ਰਧਾਨ, ਸ਼ਮਸ਼ੇਰ ਸਿੰਘ ਰੰਧਾਵਾ ਜਨਰਲ ਸਕੱਤਰ, ਬਿਕਰਮ ਬਾਠ ਵਿੱਤ ਸਕੱਤਰ, ਕਰਨਵੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਹਰਵਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਸੁਖਦੇਵ ਸਿੰਘ ਮੀਤ ਪ੍ਰਧਾਨ ਅਤੇ ਸੰਜੀਵ ਡੋਗਰਾ ਮੀਤ ਪ੍ਰਧਾਨ ਦੇ ਤੌਰ 'ਤੇ ਚੁਣੇ ਗਏ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਗੁਰਮੀਤ ਸਿੰਘ ਭੁੱਲਰ ਸੀਨੀਅਰ ਮੀਤ ਪ੍ਰਧਾਨ ਸੂਬਾ ਕਮੇਟੀ, ਜ਼ਿਲ੍ਹਾ ਪ੍ਰਧਾਨ ਤਰਨ ਤਾਰਨ ਜੁਗਰਾਜ ਸਿੰਘ, ਵਿੱਤ ਸਕੱਤਰ ਤਰਨ ਤਾਰਨ ਰਮਨ ਕੁਮਾਰ, ਜ਼ਿਲ੍ਹਾ ਪ੍ਰਧਾਨ ਪਠਾਨਕੋਟ, ਸੂਬਾ ਵਿੱਤ ਸਕੱਤਰ ਰਕੇਸ਼ ਸ਼ਰਮਾ, ਸੂਬਾ ਕਮੇਟੀ ਮੈਂਬਰ ਗੁਰਮੇਲ ਸਿੰਘ, ਜਨਰਲ ਸਕੱਤਰ ਅੰਮ੍ਰਿਤਸਰ ਲੈਕਚਰਾਰ ਨਰੇਸ਼ ਕੁਮਾਰ ਸੋਢੀ, ਰਕੇਸ਼ ਸ਼ਰਮਾ, ਗੁਰਪ੍ਰੀਤ ਸਿੰਘ, ਧੀਰਜ ਸ਼ਰਮਾ, ਕਵਲਜੀਤ ਸਿੰਘ, ਹਰਜੰਦ ਸਿੰਘ ਕਾਹਲੋਂ, ਸੂਰਜ ਕੁਮਾਰ, ਨਵਦੀਪ ਸਿੰਘ, ਨਵਦੀਪ ਮੌਨੂੰ, ਰਜਿੰਦਰ ਸਿੰਘ, ਰੁਧੀਰ ਚੌਹਾਨ, ਸੁਖਵਿੰਦਰ ਸਿੰਘ ਬੰਦੇਸ਼ਾ, ਸੰਦੀਪ ਜੋਸ਼ੀ, ਜਸਬੀਰ ਕੌਰ, ਤਮੰਨਾ, ਸੀਮਾ ਸ਼ਰਮਾ, ਰੀਟਾ ਰਾਣੀ, ਰੀਤੂ ਰਾਣੀ, ਗੁਰਪ੍ਰੀਤ ਕੌਰ, ਗੁਲਜਿੰਦਰ ਸਿੰਘ, ਅਜਮੇਰ ਸਿੰਘ, ਬਿਕਰਮ ਬਾਠ, ਸ਼ਮਸ਼ੇਰ ਸਿੰਘ, ਨਵਨੀਤ ਦੁੱਗਲ, ਤਰਲੋਚਨ ਪਾਠਕ, ਅਜੇ ਕੁਮਾਰ ਭੋਗਲ, ਪਵਨ ਸ਼ਰਮਾ, ਨਵਜੋਤ ਸਿੰਘ, ਕਰਨਬੀਰ ਸਿੰਘ, ਜਤਿੰਦਰ ਸਿੰਘ, ਸੰਜੀਵ ਕੁਮਾਰ, ਅਮਰਬੀਰ ਸਿੰਘ, ਸੰਦੀਪ ਸਿੰਘ, ਜਗਬਿੰਦਰ ਸਿੰਘ, ਸੁਖਵਿੰਦਰ ਸਿੰਘ, ਗੁਰਮੇਜ ਸਿੰਘ, ਸੁਖਦੇਵ ਸਿੰਘ, ਰਾਜਪ੍ਰੀਤ ਸਿੰਘ, ਰਜਿੰਦਰ ਕਲੇਰ, ਹਰਦੀਪ ਸਿੰਘ, ਸੰਦੀਪ ਸੋਨੀ, ਗੁਰਪ੍ਰੀਤ ਸਿੰਘ ਬੰਦੇਸ਼ਾ, ਸੁਖਬੀਰ ਸਿੰਘ ਰੰਧਾਵਾ, ਰਮਨਦੀਪ ਕੌਰ, ਗੁਰਪ੍ਰੀਤ ਕੌਰ, ਸੰਦੀਪ ਕੌਰ, ਨਵਨੀਤ ਕੌਰ, ਸੁਨੇਹਾ, ਕਰਮਜੀਤ ਕੌਰ ਚੀਮਾ, ਜੋਤੀ ਬਾਲਾ, ਕੰਵਲਪ੍ਰੀਤ ਕੌਰ, ਅਮਨਦੀਪ ਕੌਰ, ਸ਼ੈਲੀ ਸੈਣੀ, ਹਰਪ੍ਰੀਤ, ਵਰਸ਼ਾ ਰਾਣੀ ਆਦਿ ਹਾਜ਼ਿਰ ਸਨ।

## ਅਰੋੜਾ ਮਹਾਂ ਸਭਾ ਵੱਲੋਂ ਲਗਾਏ ਜਾਣਗੇ ਪੌਦੇ



ਜ਼ੀਰਾ, 18 ਜੁਲਾਈ (ਦੀਪਕ ਭਾਰਗੋ)ਜਿਵੇਂ ਕਿ ਗਰਮੀ ਦਾ ਮੌਸਮ ਆ ਚੁੱਕਾ ਹੈ ਤੇ ਪਸ਼ੂ ਪਕਸ਼ੀ ਵੀ ਇਸ ਗਰਮੀ ਤੋਂ ਬਚਣ ਵਾਸਤੇ ਜਗ$ਹਾ ਲੱਭਦੇ ਫਿਰਦੇ ਹਨ, ਜਿਸ ਸੰਬੰਧੀ ਜ਼ੀਰਾ ਸ਼ਹਿਰ ਦੀ ਅਰੋੜਾ ਮਹਾਂ ਸਭਾ ਅਤੇ ਸ਼ਹਿਰ ਵਾਸੀਆਂ ਵੱਲੋਂ ਮਿਲ ਕੇ ਉਪਰਾਲਾ ਕਰਦਿਆਂ ਪੇੜਾਂ ਦੇ ਨਾਲ ਆਲ੍ਹਣੇ ਟੰਗਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਹ ਸਭ ਜਾਣਕਾਰੀ ਦਿੰਦੇ ਹੋਏ ਅਰੋੜ ਵੰਸ਼ ਮਹਾਂ ਸਭਾ ਦੇ ਕੌਮੀ ਪ੍ਰਧਾਨ ਚਰਨਜੀਤ ਸਿੰਘ ਸਿੱਕੀ ਨੇ ਦੱਸਿਆ ਕਿ ਜੋ ਪਿਛਲੇ ਸਮੇਂ ਸਵੇਰ ਹੁੰਦੇ ਹੀ ਚਿੜੀਆਂ ਦਾ ਚਹਿ-ਚਹਾਣ ਦੇ ਨਾਲ ਪਤਾ ਲੱਗ ਜਾਂਦਾ ਸੀ ਕਿ ਦਿਨ ਚੜ੍ਹ ਗਿਆ ਹੈ ਪਰ ਅੱਜ-ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਤੋਂ ਵਾਂਝੇ ਹੋਣਾ ਪੈ ਰਿਹਾ ਹੈ, ਉਹਨਾਂ ਕਿਹਾ ਕਿ ਸਾਡੇ ਵੱਲੋਂ ਆਲ੍ਹਣੇ ਲਗਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜੋ ਪੰਜਾਬ ਭਰ ਵਿਚ ਕੀਤਾ ਜਾਵੇਗਾ ਅਤੇ ਇਹ ਮੁਹਿੰਮ ਇੱਕ ਸਾਲ ਤੱਕ ਚੱਲੇਗੀ।ਉਹਨਾਂ ਕਿਹਾ ਕਿ ਜ਼ੀਰਾ ਸ਼ਹਿਰ ਵਿਚ ਹੀ ਤਿੰਨ ਤੋਂ ਚਾਰ ਹਜ਼ਾਰ ਤੱਕ ਆਲ੍ਹਣੇ ਲਗਾਉਣ ਦਾ ਕੰਮ ਕੀਤਾ ਜਾਵੇਗਾ ਤਾਂ ਜੋ ਚਿੜ੍ਹੀਆਂ ਆਪਣੇ ਆਲ੍ਹਣਿਆਂ ਵਿਚ ਬੈਠ ਸਕਣ ਅਤੇ ਇਸ ਗਰਮੀ ਦੀ ਰੁੱਤ ਤੋਂ ਬਚ ਸਕਣ। ਇਸ ਮੌਕੇ ਉਹਨਾਂ ਕਿਹਾ ਕਿ ਅਵਾਰਾ ਕੁੱਤਿਆਂ ਵਾਸਤੇ ਵੀ ਇੱਕ ਸ਼ੈਲਟਰ ਹਾਊਸ ਬਣਾਇਆ ਜਾਵੇਗਾ ਜਿਸ ਵਿਚ ਉਹਨਾਂ ਨੂੰ ਰੱਖਿਆ ਜਾਵੇ ਤਾਂ ਜੋ ਆਮ ਲੋਕਾਂ ਦਾ ਨੁਕਸਾਨ ਨਾ ਹੋ ਸਕੇ। ਉਹਨਾਂ ਕਿਹਾ ਕਿ ਸਾਡੀ ਸੰਸਥਾ ਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਜਗ$ਹਾ-ਜਗ$ਹਾ ਪੇੜ-ਪੌਦੇ ਵੀ ਲਗਾਏ ਜਾਣਗੇ, ਜਿਨ੍ਹਾਂ 'ਤੇ ਇਹ ਆਲ੍ਹਣੇ ਟੰਗੇ ਜਾ ਸਕਣ। ਇਸ ਮੌਕੇ ਹਾਕਮ ਸਿੰਘ ਪੰਜਾਬ ਮੀਤ ਪ੍ਰਧਾਨ, ਨੀਰਜ਼ ਸ਼ਰਮਾ ਗਿੰਨੀ ਪ੍ਰਧਾਨ ਕਾਲੀ ਮਾਤਾ ਮੰਦਿਰ ਖੰਡ ਮਿੱਲ ਜ਼ੀਰਾ, ਕੁਲਭੂਸ਼ਨ ਸ਼ਰਮਾ ਸਰਪ੍ਰਸਤ, ਸਰਬਜੀਤ ਸ਼ਰਮਾ, ਵਿਜੇ ਸ਼ਰਮਾ, ਚਾਂਦ ਅਰੋੜਾ ਪ੍ਰਧਾਨ ਯੂਥ ਵਿੰਗ ਜ਼ੀਰਾ, ਮਿੰਟੂ ਕੁੱਕੜ, ਦਰਸ਼ਨ, ਪ੍ਰਿੰਸ ਬਾਂਸਲ, ਰਾਜੂ ਅਰੋੜਾ, ਲੱਕੀ ਜੋਸ਼ੀ, ਰਾਜੂ ਸ਼ਰਮਾ, ਵਿਜੇ ਸ਼ਰਮਾ, ਗੇਜਾ, ਗਗਨ, ਆਕਾਸ਼ਦੀਪ ਸ਼ਰਮਾ, ਗੌਰਵ ਭਾਰਗੋ ਕਰਮਜੀਤ ਕੌੜਾ, ਮਨਜੀਤ ਸਿੰਘ,ਮਨਪ੍ਰੀਤ ਅਰੋੜਾ ,ਸੁਖਦੇਵ ਸਿੰਘ ਬੱਬਰ, ਭੂਸ਼ਣ ਕੁਮਾਰ ਜਨੇਜਾ, ਨਨਾ ਅਰੋੜਾ , ਪ੍ਰਧਾਨ ਸੁਖਵਿੰਦਰ ਸਿੰਘ ਰਾਮਗੜ੍ਹੀਆ, ਪ੍ਰਿੰਸ ਧੂੜਾ, ਸਤਨਾਮ ਸਿੰਘ, ਜਗਦੀਸ਼ ਕੁਮਾਰ ਛਾਬੜਾ, ਮਿੰਟੂ ਕੁੱਕੜ, ਜਿੰਦਰ ਮਿਸਤਰੀ, ਭਜਨ ਮਿਸਤਰੀ ਆਦਿ ਹਾਜ਼ਰ ਸਨ।

## ਸਵੱਛ ਸਰਵੇਖਣ 2024 ਦੇ ਨਤੀਜਿਆਂ ਵਿੱਚ ਜ਼ੀਰਾ ਪੰਜਾਬ ਵਿੱਚੋਂ ਪਹਿਲੇ ਸਥਾਨ ਤੇ ਰਿਹਾ

ਫਿਰੋਜ਼ਪੁਰ 18 ਜੁਲਾਈ ( ) ਭਾਰਤ ਸਰਕਾਰ ਵੱਲੋਂ ਹਰ ਸਾਲ ਸਵੱਛ ਭਾਰਤ ਮਿਸ਼ਨ ਤਹਿਤ ਦੇਸ਼ ਪੱਧਰੀ ਕਰਵਾਏ ਜਾ ਰਹੇ ਸਵੱਛ ਸਰਵੇਖਣ ਦੇ ਨਤੀਜੇ 17 ਜੁਲਾਈ 2025 ਨੂੰ ਘੋਸ਼ਿਤ ਹੋ ਚੁੱਕੇ ਹਨ।ਸਵੱਛ ਸਰਵੇਖਣ 2024 ਵਿੱਚ ਸਰਕਾਰ ਵੱਲੋਂ ਕੈਟਾਗਰੀ ਅਤੇ ਪੈਰਾਮੀਟਰ ਵਿੱਚ ਤਬਦੀਲੀਆ ਕਰਨ ਉਪਰੰਤ ਸ਼ਹਿਰਾਂ ਦੀ ਸਾਫ ਸਫਾਈ, ਕੱਚਰੇ ਦੀ ਕੁਲੈਕਸ਼ਨ, ਕੱਚਰੇ ਦੀ ਪ੍ਰੋਸੈਸਿੰਗ, ਕੱਚਰੇ ਤੋਂ ਖਾਦ ਤਿਆਰ ਕਰਨਾ, ਕੱਚਰੇ ਦੀ ਰੀਸਾਈਕਲਿੰਗ, ਰੀਸੇਲ, ਰੀਯੂਜ, ਪਬਲਿਕ ਪਖਾਨਿਆਂ ਦੀ ਸਫਾਈ, ਸੜਕਾਂ ਚੌਂਕਾਂ ਆਦਿ ਦੀ ਸਫਾਈ, ਸੀਵਰੇਜ਼ ਅਤੇ ਪਾਣੀ ਦੀ ਨਿਕਾਸੀ, ਸ਼ਹਿਰ ਵਾਸੀਆਂ ਦੀ ਸਵੱਛਤਾ ਪ੍ਰਤੀ ਜਾਗਰੂਕਤਾ ਸ਼ਹਿਰ ਵਾਸੀਆਂ ਦੀ ਫੀਡਬੈਕ ਆਦਿ ਵਰਗੇ ਪਹਿਲੂਆ ਸਬੰਧੀ ਇਹ ਜਾਂਚ ਕੀਤੀ ਗਈ ਸੀ। ਇਸ ਜਾਂਚ ਤਹਿਤ ਦੇਸ਼ ਭਰ ਦੇ ਲਗਭਗ 4300 ਸ਼ਹਿਰਾਂ ਅਤੇ ਪੰਜਾਬ ਦੇ ਲਗਭਗ 170 ਸ਼ਹਿਰਾਂ ਨੇ ਭਾਗ ਲਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਰਜ ਸਾਧਕ ਅਫਸਰ ਨਗਰ ਕੌਂਸਲ ਜੀਰਾ ਸ੍ਰੀ ਨਰਿੰਦਰ ਕੁਮਾਰ ਅਤੇ ਪ੍ਰਧਾਨ ਨਗਰ ਕੌਂਸਲ ਜੀਰਾ ਸ੍ਰੀਮਤੀ ਸਰਬਜੀਤ ਕੌਰ ਅਤੇ ਸ੍ਰੀ ਗੁਰਪ੍ਰੀਤ ਸਿੰਘ ਜੱਜ ਵੱਲੋਂ ਦੱਸਿਆ ਗਿਆ ਕਿ ਕੱਲ ਭਾਰਤ ਸਰਕਾਰ ਵੱਲੋਂ ਸਵੱਛ ਸਰਵੇਖਣ 2024 ਦੇ ਨਤੀਜਿਆਂ ਨੂੰ ਘੋਸ਼ਿਤ ਕਰਨ ਉਪਰੰਤ ਜ਼ੀਰਾ ਸ਼ਹਿਰ ਨੂੰ ਆਪਣੀ ਆਬਾਦੀ ਕੈਟਾਗਰੀ ਵਿੱਚ 25000 ਤੋਂ 50000 ਆਬਾਦੀ ਵਾਲੇ ਸ਼ਹਿਰਾਂ ਅੰਦਰ ਪਹਿਲਾ ਸਥਾਨ ਅਤੇ ਪੂਰੇ ਪੰਜਾਬ ਭਰ ਦੇ ਸ਼ਹਿਰਾਂ ਵਿੱਚੋਂ ਤੀਸਰਾ ਸਥਾਨ ਹਾਸਿਲ ਹੋਇਆ ਹੈ। ਇਸੇ ਤਹਿਤ ਜ਼ੀਰਾ ਸ਼ਹਿਰ ਨੂੰ ਭਾਰਤ ਵਿੱਚੋਂ 68ਵਾਂ ਸਥਾਨ ਪ੍ਰਾਪਤ ਹੋਇਆ ਹੈ। ਉਹਨਾਂ ਦੱਸਿਆ ਕਿ ਇਸ ਕਾਮਯਾਬੀ ਦਾ ਸਿਹਰਾ ਉਹਨਾਂ ਦੇ ਸਮੂਹ ਸੈਨੀਟੇਸ਼ਨ ਟੀਮ ਸਫਾਈ ਕਰਮਚਾਰੀਆਂ ਅਤੇ ਸੈਨੀਟੇਸ਼ਨ ਦੇ ਅਧਿਕਾਰੀਆਂ ਨੂੰ ਜਾਂਦਾ ਹੈ ਜਿਨਾਂ ਦੇ ਸਦਕਾ ਜੀਰਾ ਸ਼ਹਿਰ ਨੂੰ ਸਵੱਛਤਾ ਵਿੱਚ ਇੱਕ ਚੰਗਾ ਸਥਾਨ ਹਾਸਲ ਹੋ ਸਕਿਆ। ਉਹਨਾਂ ਦੱਸਿਆ ਕਿ ਜ਼ੀਰਾ ਦੇ ਵਿਧਾਇਕ ਸ੍ਰੀ ਨਰੇਸ਼ ਕਟਾਰੀਆ ਨਗਰ ਕੌਂਸਲ ਜ਼ੀਰਾ ਦੀ ਸਮੁੱਚੀ ਟੀਮ ਵੱਲੋਂ ਦਿਨ ਰਾਤ ਲਗਨ ਅਤੇ ਮਿਹਨਤ ਸਦਕਾ ਜੀਰਾ ਸ਼ਹਿਰ ਨੂੰ ਸਾਫ ਸੁਥਰਾ ਬਣਾਉਣ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਛੱਡੀ ਇਹ ਉਹਨਾਂ ਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਸ੍ਰੀਮਤੀ ਦੀਪ ਸਿਖਾ ਸ਼ਰਮਾ ਵੱਲੋਂ ਨਗਰ ਕੌਂਸਲ ਜ਼ੀਰਾ ਦੇ ਸਮੂਹ ਅਧਿਕਾਰੀਆ/ ਕਰਮਚਾਰੀਆ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ ਬਾਕੀ ਨਗਰ ਕੌਂਸਲ ਨਗਰ ਪੰਚਾਇਤਾਂ ਵੀ ਇਸ ਤਰਜ ਤੇ ਕੰਮ ਕਰਨ ਉਪਰੰਤ ਪੰਜਾਬ ਵਿੱਚ ਚੰਗਾ ਸਥਾਨ ਹਾਸਿਲ ਕਰਨ। ਉਹਨਾਂ ਦੱਸਿਆ ਕਿ ਸਫਾਈ ਕਿਸੇ ਸ਼ਹਿਰ ਦੀ ਦਿੱਖ ਹੁੰਦੀ ਹੈ ਇਸ ਲਈ ਹਰ ਸ਼ਹਿਰ ਦੀ ਸਵੱਛਤਾ ਬਹੁਤ ਜਰੂਰੀ ਹੈ

## ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਕਰੇਗਾ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤਾ ਨਵਾਂ ਬਿੱਲ : ਆਲੋਵਾਲ



ਗੁਰਦਾਸਪੁਰ, 17 ਜੁਲਾਈ ( ਜਸਵਿੰਦਰ ਸਿੰਘ ) - ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਲਈ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ- ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇਤਿਹਾਸਕ ਕਦਮ ਚੁੱਕਿਆ ਹੈ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਾਰੇ ਬਿੱਲ ਲਿਆਉਣ ਦਾ ਸਵਾਗਤ ਕਰਦਿਆਂ ਗੁਰਦਾਸਪੁਰ ਜ਼ਿਲ੍ਹੇ ਦੇ ਮੀਡੀਆਂ ਇੰਨਚਾਰਜ ਮੁਖਦੇਵ ਸਿੰਘ ਆਲੋਵਾਲ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸ਼ਾਸ਼ਨ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ, ਜਿਸ ਵਿੱਚ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਅਪਰਾਧੀ ਖੁੱਲ੍ਹੇ ਆਮ ਘੁੰਮਦੇ ਰਹੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ ਮੁਖਦੇਵ ਸਿੰਘ ਨੇ ਕਿਹਾ ਕਿ ਇਹ ਬਿੱਲ ਬੇਅਦਬੀ ਨੂੰ ਵਿਆਪਕ ਤੌਰ ਤੇ ਪਰਿਭਾਸ਼ਿਤ ਕਰਦਾ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ ਅਤੇ ਪਵਿੱਤਰ ਬਾਈਬਲ ਵਰਗੇ ਪਵਿੱਤਰ ਗ੍ਰੰਥਾਂ ਨਾਲ ਛੇੜਛਾੜ, ਗ੍ਰੰਥਾਂ ਨੂੰ ਸਾੜਨਾ, ਪਾੜਨਾ ਜਾਂ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣਾ ਸ਼ਾਮਲ ਹੈ। ਉਨ੍ਹਾਂ ਕਿਹਾ ਬਿੱਲ ਵਿੱਚ ਅਪਰਾਧੀਆਂ ਲਈ ਸਖ਼ਤ ਸਜ਼ਾਵਾਂ ਦੀ ਤਜਵੀਜ਼ ਹੈ, ਜਿਸ ਵਿੱਚ ਘੱਟੋ-ਘੱਟ 10 ਸਾਲ ਤੱਕ ਤੋਂ ਉਮਰ ਕੈਦ ਤੱਕ ਦੀ ਸਜ਼ਾ ਅਤੇ 5 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਬਿੱਲ ਵਿੱਚ ਬੇਅਦਬੀ ਨੂੰ ਗੈਰ-ਜ਼ਮਾਨਤੀ ਅਤੇ ਸਮਝੌਤਾ-ਰਹਿਤ ਅਪਰਾਧ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜੋ ਇਹ ਇਹ ਯਕੀਨੀ ਬਣਾਉਂਦਾ ਹੈ ਕਿ ਦੋਸ਼ੀ ਆਸਾਨੀ ਨਾਲ ਜ਼ਮਾਨਤ ਪ੍ਰਾਪਤ ਜਾਂ ਅਦਾਲਤ ਤੋਂ ਬਾਹਰ ਮਾਮਲੇ ਦਾ ਨਿਪਟਾਰਾ ਨਾ ਕਰ ਸਕਣ ਮੁਖਦੇਵ ਸਿੰਘ ਨੇ ਕਿਹਾ ਕਿ ਇਹ ਬਿੱਲ ਪੰਜਾਬ ਦੇ ਸਾਰੇ ਧਾਰਮਿਕ ਭਾਈਚਾਰਿਆਂ ਲਈ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਲਈ ਸਾਡੀ ਵਚਨਬੱਧਤਾ ਦਾ ਪ੍ਰਮਾਣ ਹੈ।

## ਸਵ. ਰਣਜੀਤ ਸਿੰਘ ਲਿਬੜਾ ਨਮਿਤ ਅੰਤਿਮ ਅਰਦਾਸ ਮੌਕੇ ਵੱਖੋ ਵੱਖ ਸਮਾਜਿਕ, ਧਾਰਮਿਕ ਅਤੇ ਰਾਜਸੀ ਸ਼ਖਸ਼ੀਅਤਾਂ ਵੱਲੋਂ ਨਿੱਘੀਆਂ ਸ਼ਰਧਾਂਜਲੀਆਂ



ਫ਼ਤਹਿਗੜ੍ਹ ਸਾਹਿਬ, 18 ਜੁਲਾਈ: (ਹਰਪ੍ਰੀਤ ਕੌਰ ਟਿਵਾਣਾ)ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੈ ਸਿੰਘ ਲਿਬੜਾ ਅਤੇ ਇੰਦਰਵੀਰ ਸਿੰਘ ਲਿਬੜਾ ਦੇ ਸਤਿਕਾਰਯੋਗ ਪਿਤਾ ਸਵ. ਰਣਜੀਤ ਸਿੰਘ ਲਿਬੜਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ਼੍ਰੀ ਸਹਿਜ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ, ਗੁਰਦੁਆਰਾ ਸ਼$ਰੀ ਫ਼ਤਹਿਗੜ੍ਹ ਸਾਹਿਬ ਨੇੜੇ ਦੀਵਾਨ ਟੋਡਰ ਮੱਲ ਹਾਲ ਵਿਖੇ ਹੋਈ। ਇਸ ਮੌਕੇ ਵੱਡੀ ਗਿਣਤੀ ਵਿੱਚ ਵੱਖ-ਵੱਖ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਸਵ. ਰਣਜੀਤ ਸਿੰਘ ਲਿਬੜਾ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕਰਦੇ ਹੋਏ ਲਿਬੜਾ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਸਵ. ਲਿਬੜਾ ਦੀ ਅੰਤਿਮ ਅਰਦਾਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੋਕ ਸੁਨੇਹਾ ਭੇਜ ਕੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਗਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਅਤੇ ਭੈਣ ਮਨਪ੍ਰੀਤ ਕੌਰ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਮੈਂਬਰ ਲੋਕ ਸਭਾ ਮਲਵਿੰਦਰ ਸਿੰਘ ਕੰਗ, ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ, ਵਿਧਾਇਕ ਲਖਬੀਰ ਸਿੰਘ ਰਾਏ, ਵਿਧਾਇਕ ਰੁਪਿੰਦਰ ਸਿੰਘ ਹੈਪੀ, ਵਿਧਾਇਕ ਗੁਰਿਦਰ ਸਿੰਘ ਗੈਰੀ ਬੜਿੰਗ, ਵਿਧਾਇਕ ਨਾਭਾ ਗੁਰਦੇਵ ਸਿੰਘ ਦੇਵ ਮਾਨ, ਸਤਵਿੰਦਰ ਕੌਰ ਧਾਲੀਵਾਲ ਸਾਬਕਾ ਸਾਂਸਦ, ਵਿਧਾਇਕ ਜੀਵਨਜੋਤ ਕੌਰ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਸਾਬਕਾ ਵਿਧਾਇਕ ਜਸਟੀਸ ਨਿਰਮਲ ਸਿੰਘ, ਬਾਬਾ ਪਰਮਜੀਤ ਸਿੰਘ ਹੰਸਾਲੀ ਵਾਲੇ,ਸ਼$ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਅਕਾਲੀ ਦਲ ਦੇ ਹਲਕਾ ਇੰਚਾਰਜ ਜਗਦੀਪ ਸਿੰਘ ਚੀਮਾ, ਅਵਤਾਰ ਸਿੰਘ ਰਿਆ ਮੈਂਬਰ ਸ਼੍ਰੋਮਣੀ ਕਮੇਟੀ, ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ, ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਐਡਵੋਕੇਟ ਅਮਰਦੀਪ ਸਿੰਘ ਧਾਰਨੀ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ, ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਬੱਸੀ ਪਠਾਣਾ ਦੇ ਇਨਚਾਰਜ ਦਰਬਾਰਾ ਸਿੰਘ ਗੁਰੂ, ਸਰਨਜੀਤ ਸਿੰਘ ਚਨਾਰਥਲ ਜ਼ਿਲਾ ਪ੍ਰਧਾਨ, ਸਾਬਕਾ ਸਕੱਤਰ ਦਿਲਮੇਘ ਸਿੰਘ, ਕੁਲਵਿੰਦਰ ਸਿੰਘ ਡੇਰਾ, ਸਤਵਿੰਦਰ ਸਿੰਘ ਟੌਹੜਾ ਮੈਂਬਰ ਸ਼੍ਰੋਮਣੀ ਕਮੇਟੀ, ਸਾਬਕਾ ਮੰਤਰੀ ਡਾ: ਹਰਬੰਸ ਲਾਲ, ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ, ਗੇਜਾ ਰਾਮ ਵਾਲਮੀਕਿ, ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ, ਚੇਅਰਮੈਨ ਰਸ਼ਪਿੰਦਰ ਸਿੰਘ ਰਾਜਾ, ਚੇਅਰਮੈਨ ਪਨਸੀਡ ਮਹਿੰਦਰ ਸਿੰਘ ਸਿੱਧੂ, ਸਾਬਕਾ ਚੇਅਰਮੈਨ ਬਲਜੀਤ ਸਿੰਘ ਭੁੱਟਾ, ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ, ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ, ਚੇਅਰਪਰਸਨ ਸੁਖਵਿੰਦਰ ਕੌਰ, ਬਾਬਾ ਦਰਬਾਰਾ ਸਿੰਘ ਰੋਹੀਸਰ, ਅਮਰਿੰਦਰ ਸਿੰਘ ਮੰਡੋਫਲ, ਦੀ ਟਰੱਕ ਉਪਰੇਟਰ ਯੂਨੀਅਨ ਸਰਹੰਦ ਦੇ ਪ੍ਰਧਾਨ ਮਹਿੰਦਰ ਸਿੰਘ, ਗੁਰਵਿੰਦਰ ਸਿੰਘ ਗੱਗੂ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕੁਲਦੀਪ ਕੌਰ ਟੋਹੜਾ, ਸਾਬਕਾ ਚੇਅਰਮੈਨ ਹਰਭਜਨ ਸਿੰਘ ਚਨਾਰਥਲ, ਸਾਬਕਾ ਡੀਐਸਪੀ ਰਜਿੰਦਰਪਾਲ ਸਿੰਘ ਅਨੰਦ, ਹਰਵਿੰਦਰ ਸਿੰਘ ਬੱਬਲ, ਹਰਿੰਦਰਪਾਲ ਸਿੰਘ ਟੋਹੜਾ, ਡਾ. ਪ੍ਰਿਤਪਾਲ ਸਿੰਘ ਵਾਈਸ ਚਾਂਸਲਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਯੂਨੀਵਰਸਿਟੀ, ਸਾਬਕਾ ਵਾਈਸ ਚਾਂਸਲਰ ਡਾ. ਗੁਰਮੋਹਨ ਸਿੰਘ ਵਾਲੀਆ, ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ, ਸਾਬਕਾ ਪ੍ਰਿੰਸੀਪਲ ਡਾ. ਜਤਿੰਦਰ ਸਿੰਘ ਸਿੱਧੂ, ਰਾਜਦਵਿੰਦਰ ਸਿੰਘ ਖਰਾ, ਉਨ੍ਹਾਂ ਕਿਹਾ ਕਿ ਸਵ. ਲਿਬੜਾ ਆਪਣੇ ਆਪ ਵਿੱਚ ਇੱਕ ਸੰਸਥਾ ਸਨ ਅਤੇ ਉਨ੍ਹਾਂ ਦੇ ਜਾਣ ਨਾਲ ਪਰਿਵਾਰ ਤੇ ਸਮਾਜ ਨੂੰ ਇੱਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਸੇਵਾ ਕੇਂਦਰ ਸਵੇਰੇ 8.00 ਵਜੇ ਤੋ ਰਾਤ 8.00 ਵਜੇ ਤੱਕ ਖੁੱਲ੍ਹੇਗਾ : ਡਿਪਟੀ ਕਮਿਸ਼ਨਰ



ਮਾਨਸਾ, 18 ਜੁਲਾਈ: ਵਿਰੋਦਰਪਾਲ ਮੰਤਰੋਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਪ੍ਰਸ਼ਾਸਨਿਕ ਸਹੂਲਤਾਂ ਦੇਣ ਦੀ ਲੜੀ ਦੇ ਤਹਿਤ ਮਾਨਸਾ ਸ਼ਹਿਰ ਦੇ ਸੈਂਟਰਲ ਪਾਰਕ ਵਿਖੇ ਬਣੇ ਸੇਵਾ ਕੇਂਦਰ ਨੂੰ ਸਵੇਰੇ 08 ਵਜੇ ਤੋਂ ਰਾਤ 08 ਵਜੇ ਤੱਕ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ, ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ, ਆਈ.ਏ.ਐਸ. ਨੇ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ ਇਹ ਫੈਸਲਾ ਲਿਆ ਗਿਆ ਹੈ, ਉਨ੍ਹਾਂ ਕਿਹਾ ਕਿ ਬਹੁਤ ਸਾਰੇ ਨੌਕਰੀ ਪੇਸ਼ਾ ਲੋਕ ਅਤੇ ਹੋਰ ਪ੍ਰਾਈਵੇਟ ਨੌਕਰੀਆਂ ਕਰਨ ਵਾਲੇ ਵੀ ਹੁਣ ਆਪਣੇ ਨੌਕਰੀ ਸਮੇਂ ਤੋਂ ਬਾਅਦ ਸੇਵਾ ਕੇਂਦਰ ਨਾਲ ਸਬੰਧਤ ਕੰਮਾਂ ਲਈ ਇੱਥੇ ਆ ਸਕਦੇ ਹਨ, ਉਨ੍ਹਾਂ ਕਿਹਾ ਕਿ ਇਹ ਸੇਵਾ ਕੇਂਦਰ ਸਵੇਰੇ 08 ਵਜੇ ਤੋਂ ਰਾਤ 08 ਵਜੇ ਤੱਕ ਖੁੱਲ੍ਹਾ ਰਹੇਗਾ ਤਾਂ ਲੋਕਾਂ ਨੂੰ ਵੱਡੀ ਸਹੂਲਤ ਹੋਵੇਗੀ, ਉਨ੍ਹਾਂ ਲੋਕਾਂ ਨੂੰ ਇਸ ਸੁਵਿਧਾ ਦਾ ਲਾਹਾ ਲੈਣ ਦੀ ਅਪੀਲ ਕੀਤੀ,

# ਲੋਕਾਂ ਦੇ ਸਹਿਯੋਗ ਨਾਲ ਨਸ਼ਿਆਂ ਤੋਂ ਮਿਲੇਗਾ ਛੁਟਕਾਰਾ, ਸੂਬਾ ਮੁੜ ਤੋਂ ਬਣੇਗਾ ਰੰਗਲਾ ਪੰਜਾਬ : ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ



ਲੰਬੀ/ਸ੍ਰੀ ਮੁਕਤਸਰ ਸਾਹਿਬ, 18 ਜੁਲਾਈ ( ਐਚ ਐਸ ਕਪੂਰ): ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਦਾ ਸੱਦਾ ਦਿੰਦੇ ਹੋਏ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕੈਬਨਿਟ ਮੰਤਰੀ ਪੰਜਾਬ ਸ੍ਰੀ ਗੁਰਮੀਤ ਸਿੰਘ ਖੁੱਡੀਆਂ ਨੇ ਵਿਧਾਨ ਸਭਾ ਹਲਕਾ ਲੰਬੀ ਦੇ ਪਿੰਡ ਤਰਮਾਲਾ, ਭੁੱਲਰਵਾਲਾ ਅਤੇ ਘੁਮਿਆਰਾ ਵਿਖੇ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕੀਤੀਆਂ। ਇਸ ਮੌਕੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਖੁੱਡੀਆਂ ਨੇ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ ਅਤੇ ਨਸ਼ਿਆਂ ਦੇ ਖਾਤਮੇ ਦੀ ਸਹੁੰ ਚੁਕਾਈ। ਸ. ਖੁੱਡੀਆਂ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ ਤੇ ਇਸ ਦੇ ਸਾਰਥਿਕ ਸਿੱਟੇ ਨਿਕਲ ਰਹੇ ਹਨ । ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾਵਾਂ ਤਹਿਤ ਰੋਜ਼ਾਨਾ ਦੇ ਅਧਾਰ ਉਤੇ ਪਿੰਡਾਂ ਵਿੱਚ ਨਸ਼ਿਆਂ ਦੇ ਖਾਤਮੇ ਦਾ ਸੱਦਾ ਦਿੰਦੇ ਹੋਏ ਲੋਕਾਂ ਨੂੰ ਇਸ ਵੱਡੀ ਸਮਾਜਿਕ ਬੁਰਾਈ ਦੇ ਖਾਤਮੇ ਲਈ ਇੱਕਜੁੱਟ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਲੋਕ ਨਸ਼ਾ ਛੱਡਣ ਲਈ ਅੱਗੇ ਵੀ ਆ ਰਹੇ ਹਨ ਅਤੇ ਨਸ਼ਾ ਤਸਕਰਾਂ ਦੀ ਸੂਚਨਾ ਵੀ ਦੇ ਰਹੇ ਹਨ ਅਤੇ ਸੂਬਾ ਸਰਕਾਰ ਵੱਲੋਂ ਨਾ ਕੇਵਲ ਨਸ਼ਾ ਤਸਕਰਾਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ, ਸਗੋਂ ਸਾਡੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਲਈ ਲੋੜੀਂਦੀਆਂ ਸਹੂਲਤਾਂ ਦਾ ਵੀ ਵਿਸਥਾਰ ਕੀਤਾ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਆਦਤ ਤੋਂ ਪੀੜਤ ਨੌਜਵਾਨਾਂ ਦੇ ਸਹੀ ਇਲਾਜ ਲਈ ਸਿਹਤ ਵਿਭਾਗ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਕੇ ਸਰਕਾਰੀ ਹਸਪਤਾਲਾਂ ਵਿੱਚ ਮਰੀਜਾਂ ਦਾ ਮੁਫ਼ਤ ਇਲਾਜ ਯਕੀਨੀ ਬਣਾਇਆ ਜਾ ਰਿਹਾ ਹੈ।ਇਸ ਮੌਕੇ ਯੂਥ ਆਗੂ ਅਮੀਤ ਸਿੰਘ ਖੁੱਡੀਆਂ, ਨਸ਼ਾ ਮੁਕਤੀ ਮੋਰਚੇ ਦੇ ਜ਼ਿਲ੍ਹਾ ਇੰਚਾਰਜ ਮਨਵੀਰ ਸਿੰਘ ਖੁੱਡੀਆਂ ਤੋਂ ਇਲਾਵਾ ਹਲਕਾ ਲੰਬੀ ਮੋਰਚੇ ਦੇ ਇੰਚਾਰਜ ਪਰਮਪਾਲ ਸਿੰਘ, ਕੈਬਨਿਟ ਮੰਤਰੀ ਦੇ ਨਿੱਜੀ ਸਹਾਇਕ ਗੁਰਬਾਜ ਸਿੰਘ ਖੁੱਡੀਆਂ, ਡੀ.ਐਸ.ਪੀ. ਲੰਬੀ ਜਸਪਾਲ ਸਿੰਘ ਧਾਲੀਵਾਲ, ਰਾਕੇਸ਼ ਬਿਸ਼ਨੋਈ ਬੀਡੀਪੀਓ, ਐਸ.ਐਚ.ਓ. ਲੰਬੀ ਗੁਰਵਿੰਦਰ ਸਿੰਘ, ਐਸ.ਐਚ.ਓ. ਕਿੱਲਿਆਂਵਾਲੀ ਕਰਮਜੀਤ ਕੌਰ ਅਤੇ ਹੋਰਨਾਂ ਪਿੰਡਾਂ ਦੀਆਂ ਪੰਚਾਇਤਾਂ ਹਾਜ਼ਰ ਸਨ

# ਤੇਜ਼ ਰਫਤਾਰ ਪਿੱਕਅਪ ਗੱਡੀ ਅੱਗੇ ਆਵਾਰਾ ਪਸ਼ੂ ਆਉਣ ਕਾਰਨ 2 ਪ੍ਰਵਾਸੀ ਮਜ਼ਦੂਰਾਂ ਸਮੇਤ 3 ਬੱਕਰੀਆਂ, 1 ਆਵਾਰਾ ਪਸ਼ੂ ਦੀ ਮੌਤ, ਬੱਚਾ ਜ਼ਖਮੀ

ਤਪਾ ਮੰਡੀ, 18 ਜੁਲਾਈ (ਭੂਸ਼ਨ ਘੜੈਲਾ)- ਬਰਨਾਲਾ-ਬਠਿੰਡਾ ਹਾਈਵੇ 'ਤੇ ਬੀਤੀ ਰਾਤ ਇਥੋਂ 6 ਕਿਲੋਮੀਟਰ ਦੂਰ ਪਿੰਡ ਘੁੰਨਸ ਨੇੜੇ ਗੰਦੇ ਨਾਲੇ ਕੋਲ ਬੱਕਰੀਆਂ ਲੈਕੇ ਜਾ ਰਹੀ ਤੇਜ਼ ਰਫਤਾਰ ਪਿੱਕਅਪ ਗੱਡੀ ਅੱਗੇ ਆਵਾਰਾ ਪਸ਼ੂ ਆਉਣ ਕਾਰਨ ਦੋ ਪ੍ਰਵਾਸੀ ਮਜ਼ਦੂਰਾਂ ਸਮੇਤ ਤਿੰਨ ਬੱਕਰੀਆਂ, ਇੱਕ ਆਵਾਰਾ ਪਸ਼ੂ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ 'ਤੇ ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਵਾਸੀ ਮਜ਼ਦੂਰ ਜੋ



ਇੱਕ ਪੇਪਰ ਮਿੱਲ 'ਚ ਕੰਮ ਕਰਦੇ ਸੀ। ਤਪਾ ਸਾਈਡ ਤੋਂ ਤੇਜ਼ ਰਫਤਾਰ ਪਿੱਕਅਪ ਗੱਡੀ, ਜਿਸ ਵਿੱਚ ਬੱਕਰੀਆਂ ਲੱਦੀਆਂ ਹੋਈਆਂ ਸੀ, ਜਿਉਂ ਆਵਾਰਾ ਪਸ਼ੂ ਆਉਣ ਕਾਰਨ ਗੱਡੀ ਦਾ ਸੰਤੁਲਨ ਵਿਗੜਨ ਕਾਰਨ ਗੰਦੇ ਨਾਲੇ ਦੇ ਨਾਲ-ਨਾਲ ਆ ਰਹੇ ਸੀ ਜਦ ਦੋਵੇਂ ਪ੍ਰਵਾਸੀ ਮਜ਼ਦੂਰ ਸੁਨੀਲ ਸ਼ਾਹ ਪੁੱਤਰ ਦੂਲੋ ਸ਼ਾਹ, ਪ੍ਰਕਾਸ਼ ਚੰਦ ਪੁੱਤਰ ਰਾਜੋ ਸ਼ਾਹ ਪੂਰਨੀਆਂ ਜ਼ਿਲ੍ਹਾ (ਬਿਹਾਰ) ਬੱਚਾ ਅਮਨ ਪੁੱਤਰ ਸੁਨੀਲ ਸ਼ਾਹ ਨੂੰ ਦਵਾਈ ਦਿਵਾ ਕੇ ਜਦ ਉਹ ਲਿੰਕ ਰੋਡ ਤੋਂ ਉਤਰ ਕੇ ਹਾਈਵੇ ਸੜਕ 'ਤੇ ਚੜ੍ਹੇ ਤਾਂ ਪਿੱਕਅਪ ਗੱਡੀ ਨੇ ਉਕਤ ਦੋਵੇਂ ਪ੍ਰਵਾਸੀ ਮਜ਼ਦੂਰਾਂ ਸਮੇਤ ਬੱਚੇ ਨੂੰ ਵੀ ਆਪਣੀ ਲਪੇਟ 'ਚ ਲੈ ਲਿਆ। ਇਸ ਹਾਦਸੇ 'ਚ ਦੋਵੇਂ ਪ੍ਰਵਾਸੀ ਮਜ਼ਦੂਰਾਂ ਸੁਨੀਲ ਸ਼ਾਹ ਅਤੇ ਪ੍ਰਕਾਸ਼ ਚੰਦ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਬੱਚਾ ਅਮਨ ਕੁਮਾਰ ਗੰਭੀਰ ਜ਼ਖ਼ਮੀ ਹੋ ਗਿਆ। ਇਸ ਹਾਦਸੇ 'ਚ ਤਿੰਨ ਬੱਕਰੀਆਂ ਅਤੇ ਆਵਾਰਾ ਪਸ਼ੂ ਦੀ ਵੀ ਮੌਤ ਹੋ ਗਈ। ਘਟਨਾ ਦਾ ਪਤਾ ਲੱਗਦੇ ਹੀ ਸੜਕ ਸੁਰੱਖਿਆ ਫੋਰਸ ਦੇ ਜਵਾਨਾਂ ਨੇ ਜ਼ਖਮੀ ਬੱਚੇ ਅਮਨ ਕੁਮਾਰ ਨੂੰ ਸਿਵਲ ਹਸਪਤਾਲ ਬਰਨਾਲਾ ਦਾਖਲ ਕਰਵਾਇਆ ਅਤੇ ਮਜ਼ਦੂਰਾਂ ਦੀਆਂ ਲਾਸ਼ਾਂ ਨੂੰ ਥਾਣਾ ਰੂੜੇਕੇਕਲਾਂ ਦੇ ਸਬ-ਇੰਸਪੈਕਟਰ ਮਨਜੀਤ ਸਿੰਘ ਨੇ ਮੋਰਚਰੀ ਰੂਮ ਬਰਨਾਲਾ ਜਮ੍ਹਾਂ ਕਰਵਾਇਆਂ। ਘਟਨਾ ਦਾ ਪਤਾ ਲੱਗਦੇ ਹੀ ਫੈਕਟਰੀ ਮਾਲਕ ਅਤੇ ਪਰਿਵਾਰਿਕ ਮੈਂਬਰ ਪਹੁੰਚ ਗਏ। ਜਦ ਜਾਂਚ ਅਧਿਕਾਰੀ ਮਨਜੀਤ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਲਾਸ਼ ਨੂੰ ਪੋਸਟ ਮਾਰਟਮ ਲਈ ਭੇਜ ਦਿੱਤਾ ਗਿਆ ਹੈ। ਮਿਰਤਕ ਸੁਨੀਲ ਕੁਮਾਰ ਆਪਣੇ ਪਿੱਛੇ ਤਿੰਨ ਬੱਚੇ ਅਤੇ ਪਤਨੀ ਛੱਡ ਗਿਆ ਹੈ। ਪਿੱਕਅੱਪ ਗੱਡੀ ਦਾ ਡਰਾਈਵਰ ਵਾਹਨ ਛੱਡਕੇ ਫਰਾਰ ਹੋ ਗਿਆ ਹੈ।

# ਮੀਡਿਏਸ਼ਨ ਫਾਰ ਨੇਸ਼ਨ ਮੁਹਿੰਮ ਤਹਿਤ ਆਪਸੀ ਰਾਜ਼ੀਨਾਮੇ ਨਾਲ ਵਸਿਆ ਘਰ

ਬਰਨਾਲਾ, 18 ਜੁਲਾਈ (ਬਘੇਲ ਸਿੰਘ ਧਾਲੀਵਾਲ)- ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਵਲੋਂ ਚਲਾਏ ਜਾ ਰਹੇ 90 ਦਿਨਾਂ ਮੀਡਿਏਸ਼ਨ ਕੰਪੇਨ- ਵਿੱਚ ਸ੍ਰੀ ਦੀਪਕ ਰਾਏ ਜਿੰਦਲ ਵਲੋਂ ਦੱਸਿਆ ਗਿਆ ਕਿ ਰਾਧਿਕਾ ਅਤੇ ਪ੍ਰਿੰਸ ਗੋਇਲ ਵਿੱਚ ਪਿਛਲੇ ਲਗਭਗ ਇੱਕ ਸਾਲ ਤੋਂ ਆਪਸੀ ਅਣਬਣ ਚੱਲ ਰਹੀ ਸੀ। ਇਸ ਸਬੰਧੀ ਉਕਤ ਦੋਨਾਂ ਵੱਲੋਂ ਅਦਾਲਤ ਵਿੱਚ ਇੱਕ ਦੂਸਰੇ ਦੇ ਖਿਲਾਫ



ਮੀਡਿਏਸ਼ਨ ਫਾਰ ਨੇਸ਼ਨ ਦੇ ਤਹਿਤ ਸ੍ਰੀ ਮਦਨ ਲਾਲ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਅਤੇ ਮੁਹਿੰਮ ਦੇ ਮੀਡਿਏਟਰ ਸ੍ਰੀ ਦੀਪਕ ਰਾਏ ਜਿੰਦਲ ਦੇ ਯਤਨਾਂ ਸਦਕਾ ਇਕ ਘਰ ਮੁੜ ਵੱਸ ਗਿਆ। ਇਸ ਮੌਕੇ ਮੀਡੀਏਸ਼ਨ ਸੈਂਟਰ ਬਰਨਾਲਾ ਕੇਸ ਵੀ ਦਾਇਰ ਕੀਤੇ ਗਏ ਸਨ। ਅਦਾਲਤ ਵੱਲੋਂ ਉਹਨਾਂ ਦਾ ਕੇਸ ਮੀਡਿਏਸ਼ਨ ਸੈਂਟਰ, ਬਰਨਾਲਾ ਵਿੱਚ ਰੈਫਰ ਕੀਤਾ ਗਿਆ ਅਤੇ ਮੀਡਿਏਟਰ ਦੀਪਕ ਰਾਏ ਜਿੰਦਲ ਦੇ ਯਤਨਾਂ ਸਦਕਾ ਪਤੀ ਪਤਨੀ ਰਾਧਿਕਾ ਅਤੇ ਪ੍ਰਿੰਸ ਗੋਇਲ ਨੇ ਇਕੱਠੇ ਰਹਿਣ ਵਿੱਚ ਆਪਣੀ ਆਪਣੀ ਸਹਿਮਤੀ ਪ੍ਰਗਟਾਈ ਅਤੇ ਉਹ ਖੁਸ਼ੀ ਖੁਸ਼ੀ ਆਪਣੇ ਘਰ ਚਲੇ ਗਏ। ਇਸ ਮੌਕੇ ਦੋਵਾਂ ਦੇ ਪਰਿਵਾਰਕ ਮੈਂਬਰ ਬਹੁਤ ਖੁਸ਼ ਸਨ ਅਤੇ ਉਨ੍ਹਾਂ ਕਿਹਾ ਕਿ ਮੀਡਿਏਸ਼ਨ ਫਾਰ ਨੇਸ਼ਨ ਮੁਹਿੰਮ ਕਰਕੇ ਸਾਡੇ ਬੱਚਿਆਂ ਦਾ ਘਰ ਮੁੜ ਵਸ ਗਿਆ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਵਲੋਂ ਬਰਨਾਲਾ ਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਮੁਹਿੰਮ ਰਾਹੀਂ ਰਾਜ਼ੀਨਾਮੇ ਨਾਲ ਮਾਮਲਿਆਂ ਦਾ ਨਿਬੇੜਾ ਕੀਤਾ ਜਾਵੇ। ਇਹ ਮੁਹਿੰਮ 30 ਸਤੰਬਰ 2025 ਤੱਕ ਚੱਲੇਗੀ।

# ਐਸ.ਐਸ.ਡੀ. ਕਾਲਜ ਵਿਖੇ ਪਲੇਸਮੈਂਟ ਡਰਾਈਵ ਦੌਰਾਨ 24 ਵਿਦਿਆਰਥੀਆਂ ਦੀ ਚੋਣ



ਬਰਨਾਲਾ, 18 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ)- ਐਸ ਐਸ ਡੀ ਕਾਲਜ, ਬਰਨਾਲਾ ਨੇ ਐਕਸਿਸ ਬੈਂਕ ਅਤੇ ਐਚ ਡੀ ਐਫ ਸੀ ਬੈਂਕ ਦੇ ਸਹਿਯੋਗ ਨਾਲ ਕੈਂਪਸ ਪਲੇਸਮੈਂਟ ਡਰਾਈਵ ਦਾ ਸਫਲਤਾਪੂਰਵਕ ਆਯੋਜਨ ਕੀਤਾ, ਜਿਸ ਨਾਲ ਬੀ.ਕਾਮ, ਬੀ ਸੀ ਏ ਅਤੇ ਬੀ.ਏ. ਵਿਭਾਗਾਂ ਦੇ ਵਿਦਿਆਰਥੀਆਂ ਨੂੰ ਸ਼ਾਨਦਾਰ ਕਰੀਅਰ ਦੇ ਮੌਕੇ ਪ੍ਰਦਾਨ ਕੀਤੇ ਗਏ। ਭਰਤੀ ਪ੍ਰਕਿਰਿਆ ਦੀ ਅਗਵਾਈ ਸ਼ਿਵ ਸਿੰਗਲਾ ਅਤੇ ਲਵਪ੍ਰੀਤ ਕੁਮਾਰ ਨੇ ਕੀਤੀ, ਜਿਨ੍ਹਾਂ ਨੇ ਦੋਵਾਂ ਬੈਂਕਾਂ ਦੀ ਨੁਮਾਇੰਦਗੀ ਕੀਤੀ। ਡਰਾਈਵ ਵਿੱਚ ਪਲੇਸਮੈਂਟ ਤੋਂ ਪਹਿਲਾਂ ਗੱਲਬਾਤ, ਯੋਗਤਾ ਟੈਸਟ, ਸਮੂਹ ਚਰਚਾ ਅਤੇ ਨਿੱਜੀ ਇੰਟਰਵਿਊ ਵਰਗੇ ਕਈ ਪੜਾਅ ਸ਼ਾਮਿਲ ਸਨ। ਵਿਦਿਆਰਥੀਆਂ ਨੇ ਉਤਸ਼ਾਹ, ਵਿਸ਼ਵਾਸ ਅਤੇ ਪੇਸ਼ੇਵਰਤਾ ਨਾਲ ਸਾਰੇ ਦੌਰਾਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਵਣਜ ਵਿਭਾਗ ਦੇ ਮੁਖੀ ਪ੍ਰੋ. ਹਰਪ੍ਰੀਤ ਕੌਰ ਨੇ ਰਸਮੀ ਤੌਰ 'ਤੇ ਭਰਤੀ ਕਰਨ ਵਾਲਿਆਂ ਦਾ ਸਵਾਗਤ ਕੀਤਾ ਅਤੇ ਅਜਿਹੇ ਅਰਥਪੂਰਨ ਉਦਯੋਗ-ਅਕਾਦਮਿਕ ਸਹਿਯੋਗ ਦੁਆਰਾ ਵਿਦਿਆਰਥੀਆਂ ਦੀ ਰੁਜ਼ਗਾਰਯੋਗਤਾ ਨੂੰ ਸਮਰਥਨ ਦੇਣ ਦੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਡਾ. ਰਾਕੇਸ਼ ਜਿੰਦਲ ਨੇ ਇਸ ਕੀਮਤੀ ਮੌਕੇ ਦੀ ਪੇਸ਼ਕਸ਼ ਕਰਨ ਲਈ ਐਕਸਿਸ ਬੈਂਕ ਅਤੇ ਐਚ ਡੀ ਐਫ ਸੀ ਬੈਂਕ ਦਾ ਦਿਲੋਂ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਆਪਣੇ ਪੇਸ਼ੇਵਰ ਭਵਿੱਖ ਨੂੰ ਆਕਾਰ ਦੇਣ ਲਈ ਅਜਿਹੀਆਂ ਪਹਿਲਕਦਮੀਆਂ ਦਾ ਪੂਰਾ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ।

# ਤਪਾ ਪੁਲਿਸ ਨੇ ਨਸ਼ੀਲੀਆਂ ਗੋਲ਼ੀਆਂ ਸਮੇਤ ਦੋ ਕਾਬੂ ਕੀਤੇ

ਤਪਾ ਮੰਡੀ 18 ਜੁਲਾਈ(ਭੂਸ਼ਨ ਘੜੈਲਾ)- ਪੁਲਿਸ ਜ਼ਿਲ੍ਹਾ ਬਰਨਾਲਾ ਦੇ ਮੁਖੀ ਦੀਆਂ ਹਦਾਇਤਾਂ 'ਤੇ ਚੱਲਦਿਆਂ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਤਹਿਤ ਸਿਟੀ ਪੁਲਿਸ ਨੇ ਨਸ਼ੀਲੀਆਂ ਗੋਲੀਆਂ ਸਮੇਤ ਦੋ ਜਣਿਆਂ ਨੂੰ ਕਾਬੂ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਸਿਟੀ ਚੌਕੀ ਤਪਾ ਦੇ ਇੰਚਾਰਜ ਬਲਜੀਤ ਸਿੰਘ ਢਿੱਲੋ ਨੇ ਦੱਸਿਆ ਕਿ ਮੁਖ਼ਬਰ ਦੀ ਇਤਲਾਹ 'ਤੇ ਸ਼ਿਵਾ ਫੈਕਟਰੀ ਨੇੜੇ ਜਗਸੀਰ ਸਿੰਘ ਜੱਗਾ ਪੁੱਤਰ ਚਿੜੀ ਸਿੰਘ ਵਾਸੀ ਤਪਾ ਅਤੇ ਗੋਬਿੰਦ ਸਿੰਘ ਪੁੱਤਰ ਪ੍ਰੇਮ ਸਿੰਘ ਬਾਸੀ ਤਾਜੋਕੇ ਨੂੰ 355 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ । ਉਹਨਾਂ ਕਿਹਾ ਕਿ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਲਗਾਤਾਰ ਜਾਰੀ ਰਹੇਗੀ ਅਤੇ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਗੁਰਪਿਆਰ ਸਿੰਘ ਅਤੇ ਹੋਰ ਮੁਲਾਜ਼ਮ ਹਾਜ਼ਰ ਸਨ।

# .ਗਰੀਬ ਵਿਅਕਤੀ ਦੇ ਮਕਾਨ ਦੀ ਡਿੱਗੀ ਛੱਤ

ਜੋਗਾ, 18 ਜੁਲਾਈ (ਵਿਰੇਂਦਰਪਾਲ ਮੰਤਰੋ): ਪਿਛਲੇ ਦਿਨਾਂ ਤੋਂ ਹੋ ਰਹੀ ਬਾਰਸ਼ ਨਾਲ ਜਿਥੇ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲਦੀ ਦਿਖਾਈ ਦੇ ਰਹੀ ਹੈ, ਓਥੇ ਕਈ ਤਰ੍ਹਾਂ ਦੇ ਨੁਕਸਾਨ ਦੀਆਂ ਖਬਰਾਂ ਵੀ ਸਾਹਮਣੇ ਆ ਰਹੀਆਂ ਹਨ। ਇਕ ਰਾਤ ਮਾਮਲਾ ਜ਼ਿਲ੍ਹਾ ਮਾਨਸਾ ਦੇ ਕਸਬਾ ਜੋਗਾ ਦੇ ਪਿੰਡ ਭੁਪਾਲ ਕਲਾਂ ਦੇ ਗਰੀਬ ਜਾਤੀ ਨਾਲ ਸਬੰਧਤ ਵਿਅਕਤੀ ਸਰਬਜੀਤ ਸਿੰਘ ਪੁੱਤਰ ਹਰਬੰਸ ਸਿੰਘ ਦੇ ਮਕਾਨ ਦੀ ਅਚਾਨਕ ਛੱਤ ਡਿੱਗਣ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦਿਆਂ ਸਰਬਜੀਤ ਸਿੰਘ ਨੇ ਦੱਸਿਆ ਕਿ ਮੇਰੀ ਪਤਨੀ ਤੇ ਦੋ ਬੇਟੀਆਂ ਸੁੱਤੀਆਂ ਹੋਈਆਂ ਸਨ । ਅਚਾਨਕ ਛੱਤ ਡਿੱਗ ਗਈ, ਜਿਸ 'ਤੇ ਨੇੜੇ ਤੇੜੇ ਦੇ ਗੁਆਂਢੀ ਮੌਕੇ 'ਤੇ ਪਹੁੰਚ ਕੇ ਤਿਨੋਂ ਪਰਿਵਾਰ ਦੇ ਜੀਆਂ ਨੂੰ ਬਾਹਰ ਕੱਢਿਆ ਗਿਆ ਤੇ ਜ਼ਖ਼ਮੀ ਹੋ ਗਏ ਤੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ ਤੇ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ।



# ਹਰੇਕ ਵਰਗ ਦਾ 10 ਲੱਖ ਤੱਕ ਦਾ ਮੁਫ਼ਤ ਇਲਾਜ ਕਰਨਾ ਸਰਕਾਰ ਦਾ ਸ਼ਲਾਘਾਯੋਗ ਕਦਮ : ਸਰਪੰਚ ਮਾਨਾ ਪਿੰਡੀ

ਧਨੌਲਾ, 18 ਜੁਲਾਈ (ਚਮਕੌਰ ਸਿੰਘ ਗੱਗੀ):ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਹਰੇਕ ਵਰਗ ਦੇ ਲੋਕਾਂ ਲਈ ਸ਼ੁਰੂ ਕੀਤੀ ਜਾਣ ਵਾਲੀ 10 ਲੱਖ ਦੀ ਸਿਹਤ ਸਹੂਲਤ ਦੇਣਾ ਆਮ ਲੋਕਾਂ ਦੀ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ, ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਮਾਨਾ ਪਿੰਡੀ ਦੇ ਸਰਪੰਚ ਸੁਖਵੀਰ ਸਿੰਘ ਮਾਨ ਨੇ ਕੀਤਾ , ਸਰਪੰਚ ਸੁਖਵੀਰ ਸਿੰਘ ਨੇ ਜਿੱਥੇ ਮਾਨ ਸਰਕਾਰ ਦਾ ਧੰਨਵਾਦ ਕੀਤਾ ਉਥੇ ਹੀ ਪੰਜਾਬੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਰਕਾਰ ਹਮੇਸ਼ਾ ਸਾਰੇ ਵਰਗਾਂ ਨੂੰ ਬਰਾਬਰ ਰੱਖ ਕੇ ਫੈਸਲੇ ਕਰਦੀ ਹੈ। ਉਹਨਾਂ ਕਿਹਾ ਕਿ ਪਹਿਲਾਂ ਬਿਜਲੀ ਦੀ ਗਰੰਟੀ ਪੂਰੀ ਕਰਦਿਆਂ ਵੀ ਮਾਨ ਸਰਕਾਰ ਨੇ ਕੋਈ ਜਾਤ-ਪਾਤ ਜਾਂ ਧਰਮ ਨਹੀਂ ਵੇਖਿਆ ਸਗੋਂ ਹਰੇਕ ਵਰਗ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਦਿੱਤੀ ਤੇ ਹੁਣ ਇਲਾਜ ਲਈ ਵੀ ਕੋਈ ਜਾਤੀ ਕੈਟਾਗਿਰੀ ਨਹੀਂ ਵੇਖੀ ਗਈ। ਸਿਹਤ ਤੇ ਸਿੱਖਿਆ ਹਰੇਕ ਪਰਿਵਾਰ ਦੀਆਂ ਮੁੱਢਲੀਆਂ ਲੋੜਾਂ ਦਾ ਜਿੱਥੇ ਹਰੇਕ ਪਰਿਵਾਰ ਦਾ ਬਹੁਤ ਜ਼ਿਆਦਾ ਖਰਚ ਆ ਜਾਂਦਾ ਆ ਜਾਂਦਾ ਸੀ, ਉਥੇ ਹੀ ਸਿਹਤ ਲਈ ਲਿਆਂਦੇ ਇਸ ਫੈਸਲੇ ਨਾਲ ਸਾਰੇ ਪੰਜਾਬ ਨਿਵਾਸੀਆਂ ਨੂੰ ਮਹਿੰਗੇ ਇਲਾਜ ਤੋਂ ਰਾਹਤ ਮਿਲੇਗੀ ਅਤੇ ਬਹੁਤ ਸਾਰੇ ਬਿਨਾਂ ਇਲਾਜ ਤੋਂ ਘਰ ਬੈਠੇ ਗਰੀਬ ਪਰਿਵਾਰਾਂ ਲਈ ਇਹ ਕਿਸੇ ਵਰਦਾਨ ਤੋਂ ਘੱਟ ਨਹੀਂ। ਸਾਨੂੰ ਆਸ ਹੈ ਕਿ ਪੰਜਾਬ ਸਰਕਾਰ ਇਸੇ ਤਰ੍ਹਾਂ ਸਰਬਪੱਖੀ ਫੈਸਲੇ ਲੈਂਦੀ ਰਹੇਗੀ ਅਤੇ ਆਮ ਜਨਤਾ ਨੂੰ ਆਪਣੇ ਫੈਸਲਿਆਂ ਰਾਹੀਂ ਰਾਹਤ ਦਿੰਦੀ ਰਹੇਗੀ।



# ਅਗਰਵਾਲ ਸਭਾ ਭਦੌੜ ਦੇ ਪ੍ਰਧਾਨ ਹਰੀਸ਼ ਗਰਗ ਵੱਲੋਂ ਸ.ਪ੍ਰ.ਸ. ਸਕੂਲ ਭਦੌੜ ਨੂੰ ਵਿੱਤੀ ਸਹਾਇਤਾ



ਭਦੌੜ, 18 ਜੁਲਾਈ (ਸੁਖਵਿੰਦਰ ਪਲਾਹਾ)- ਅਗਰਵਾਲ ਸਭਾ ਭਦੌੜ ਦੇ ਪ੍ਰਧਾਨ ਹਰੀਸ਼ ਕੁਮਾਰ ਗਰਗ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ (ਕੁੜੀਆਂ) ਭਦੌੜ ਵਿਖੇ ਅੱਜ ਸਕੂਲ ਦੀ ਬੇਹਤਰੀ ਲਈ ਸਕੂਲ ਨੂੰ ਪੰਜ ਹਜ਼ਾਰ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ। ਇਸ ਸਮੇਂ ਪ੍ਰਧਾਨ ਹਰੀਸ਼ ਕੁਮਾਰ ਗਰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੇਰੇ ਵੱਲੋਂ ਇਹ ਛੋਟੀ ਜਿਹੀ ਕੋਸ਼ਿਸ਼ ਸਕੂਲ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਬੱਚਿਆਂ ਦੀ ਪੜ੍ਹਾਈ ਦੀ ਬੇਹਤਰੀ ਲਈ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇ ਦੌਰਾਨ ਵੀ ਮੈਂ ਸਕੂਲ ਦੇ ਵਿਕਾਸ ਕਾਰਜਾਂ ਅਤੇ ਮਿਆਰੀ ਵਿੱਦਿਆ ਨੂੰ ਹੋਰ ਉੱਚਾ ਚੁੱਕਣ ਲਈ ਹਰ ਸਮੇਂ ਯਤਨਸ਼ੀਲ ਰਹਾਂਗਾ। ਉਨ੍ਹਾਂ ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮੈਨੂੰ ਬਹੁਤ ਖੁਸ਼ੀ ਹੋਈ ਹੈ ਸਕੂਲ ਦੇ ਸਮੂਹ ਕਮਰਿਆਂ 'ਚ ਬੱਚਿਆਂ ਦੀ ਸਹੂਲਤ ਲਈ ਏ.ਸੀ. ਅਤੇ ਪੱਖੇ ਲੱਗੇ ਹੋਏ ਹਨ ਅਤੇ ਸਮੂਹ ਅਧਿਆਪਕ ਵਧੀਆ ਢੰਗ ਨਾਲ ਬੱਚਿਆਂ ਨੂੰ ਸਿੱਖਿਆ ਮੁਹੱਈਆ ਕਰਵਾ ਰਹੇ ਹਨ। ਸਕੂਲ ਦੇ ਪ੍ਰਿੰਸੀਪਲ ਕਰਤਾਰ ਸਿੰਘ ਅਤੇ ਟੀਚਰ ਜੱਗਾ ਸਿੰਘ ਨੇ ਸਕੂਲ ਦੀ ਬੇਹਤਰੀ ਲਈ ਵਿੱਤੀ ਸਹਾਇਤਾ ਦੇਣ ਲਈ ਪ੍ਰਧਾਨ ਹਰੀਸ਼ ਕੁਮਾਰ ਗਰਗ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਅਗਰਵਾਲ ਸਭਾ ਭਦੌੜ ਦੇ ਆਗੂ ਗੋਰਾ ਲਾਲ ਸਿੰਗਲਾ, ਸਿੰਦਰਪਾਲ ਸ਼ਰਮਾ, ਰਾਜੂ ਟੇਲਰ ਮਾਸਟਰ, ਡਾ. ਬਲਵਿੰਦਰ ਸਿੰਘ ਢਿੱਲੋਂ, ਰਮੇਸ਼ ਕੁਮਾਰ ਆਦਿ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

# ਏ.ਐਸ.ਆਈ ਗੁਰਤੇਜ ਸਿੰਘ ਪਦਉਨਤ, ਬਣੇ ਸਬ ਇੰਸਪੈਕਟਰ



ਸ੍ਰੀ ਮੁਕਤਸਰ ਸਾਹਿਬ, 18 ਜੁਲਾਈ ( ਐਚ ਐਸ ਕਪੂਰ) ਸ੍ਰੀ ਮੁਕਤਸਰ ਸਾਹਿਬ ਪੁਲਿਸ ਵਿੱਚ ਤਾਇਨਾਤ ਏ.ਐਸ.ਆਈ ਗੁਰਤੇਜ ਸਿੰਘ ਜੋ ਕਿ ਇੰਚਾਰਜ ਦੋਦਾ ਵਿਖੇ ਆਪਣੀ ਡਿਊਟੀ ਨਿਭਾ ਰਹੇ ਹਨ, ਜਿਨਾਂ ਨੂੰ ਵਧੀਆ ਡਿਊਟੀ ਕਰਨ ਦੇ ਲਈ ਸਭ ਇੰਸਪੈਕਟਰ ਪਦਉਨਤ ਕੀਤਾ ਗਿਆ । ਇਸ ਮੌਕੇ ਤਰੱਕੀ ਦੇ ਸਟਾਰ ਐਸ.ਐਸ.ਪੀ ਸ਼੍ਰੀ ਮੁਕਤਸਰ ਸਾਹਿਬ ਵੱਜੋਂ ਲਗਾਏ ਗਏ।

# ਕਰੰਟ ਲੱਗਣ ਕਾਰਨ ਅਧਿਆਪਕਾ ਦੀ ਮੌਤ

ਤਪਾ ਮੰਡੀ, 18 ਜੁਲਾਈ (ਭੂਸ਼ਨ ਘੜੈਲਾ)-ਸਥਾਨਕ ਮੰਡੀ ਦੀ ਜੰਮਪਲ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਡਬਰ 'ਚ ਤੈਨਾਤ ਅਧਿਆਪਕਾ ਦਾ ਕਰੰਟ ਲੱਗਣ ਕਾਰਨ ਮੌਤ ਹੋਣ ਦਾ ਦਰਦਨਾਕ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਸੁਖਵਿੰਦਰ ਸਿੰਘ ਢੋਲੂ ਹਲਕਾ ਪ੍ਰਧਾਨ ਬਸਪਾ ਨੇ ਦੱਸਿਆ ਕਿ ਉਸ ਦੀ ਛੋਟੀ ਭੈਣ ਗੁਰਪ੍ਰੀਤ ਕੌਰ ਪਤਨੀ ਕੁਲਦੀਪ ਸਿੰਘ ਜੋ ਬਰਨਾਲਾ ਵਿਖੇ ਵਿਆਹੀ ਹੋਈ ਸੀ ਅਤੇ ਬਡਬਰ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ ਪੰਜਾਬੀ ਅਧਿਆਪਿਕਾ ਸੀ, ਬੀਤੇ ਦਿਨੀਂ ਜਦ ਉਹ ਆਪਣੇ ਕੱਪੜਿਆਂ ਨੂੰ ਪ੍ਰੈਸ ਕਰ ਰਹੀ ਸੀ ਤਾਂ ਅਚਾਨਕ ਪ੍ਰੈਸ ਦੀ ਤਾਰ ਲੱਗਣ ਕਾਰਨ ਜ਼ਬਰਦਸਤ ਕਰੰਟ ਦੀ ਲਪੇਟ 'ਚ ਆਉਣ ਕਾਰਨ ਮੌਤ ਹੋ ਗਈ। ਇਸ ਘਟਨਾ ਦਾ ਪਤਾ ਉਸ ਸਮੇਂ ਲੱਗਾ ਜਦ ਬੱਚੇ ਸਕੂਲ 'ਚੋਂ ਪੜ੍ਹਕੇ ਆਏ ਤਾਂ ਮੰਮੀ ਨੂੰ ਪ੍ਰੈਸ ਦੀ ਬਿਜਲੀ ਤਾਰ ਲੱਗੀ ਹੋਈ ਦੇਖਕੇ ਬੱਚਿਆਂ ਨੇ ਤੁਰੰਤ ਗੁਆਂਢੀਆਂ ਅਤੇ ਆਪਣੇ ਪਾਪਾ ਜੋ ਪੋਲਟਰੀ ਫਾਰਮ 'ਚ ਗਏ ਹੋਏ ਸੀ ਨੂੰ ਸੂਚਨਾ ਮਿਲੀ ਤਾਂ ਤੁਰੰਤ ਪਹੁੰਚਕੇ ਪਤਾ ਲੱਗਿਆ। ਜਦ ਇਸ ਘਟਨਾ ਬਾਰੇ ਤਪਾ ਵਿਖੇ ਪਹੁੰਚੀ ਤਾਂ ਪਰਿਵਾਰ 'ਚ ਵੀ ਸੋਗ ਦੀ ਲਹਿਰ ਫੈਲ ਗਈ। ਮ੍ਰਿਤਕਾ ਆਪਣੇ ਪਿੱਛੇ ਦੋ ਲੜਕੇ ਅਤੇ ਪਤੀ ਨੂੰ ਛੱਡ ਗਈ ਹੈ।



# ਐੱਸ.ਸੀ. ਪਰਿਵਾਰਾਂ ਨੂੰ ਰਾਹਤ : ਰਾਮਪੁਰਾ ਫੂਲ ਹਲਕੇ 'ਚ ਵਿਧਾਇਕ ਬਲਕਾਰ ਸਿੱਧੂ ਨੇ ਕਰਜ਼ਾ ਮੁਆਫੀ ਦੇ ਚੈੱਕ ਵੰਡੇ

ਰਾਮਪੁਰਾ ਫੂਲ, 18 ਜੁਲਾਈ (ਮਨਪ੍ਰੀਤ ਮਿੱਟੂ): ਪੰਜਾਬ ਸਰਕਾਰ ਵੱਲੋਂ ਐੱਸ.ਸੀ. ਪਰਿਵਾਰਾਂ ਲਈ ਚਲਾਈ ਜਾ ਰਹੀ ਕਰਜ਼ਾ ਮੁਆਫੀ ਸਕੀਮ ਤਹਿਤ ਰਾਮਪੁਰਾ ਫੂਲ ਹਲਕੇ ਦੇ ਕਈ ਲਾਭਪਾਤਰੀਆਂ ਨੂੰ ਅੱਜ ਕਰਜ਼ਾ ਮੁਆਫੀ ਦੇ ਚੈੱਕ ਵੰਡੇ ਗਏ। ਇਹ ਚੈੱਕ ਹਲਕਾ ਵਿਧਾਇਕ ਸ. ਬਲਕਾਰ ਸਿੰਘ ਸਿੱਧੂ ਵੱਲੋਂ ਵਿਅਕਤੀਗਤ ਤੌਰ 'ਤੇ ਸੌਂਪੇ ਗਏ।ਇਸ ਮੌਕੇ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਾਅਦੇ ਅਨੁਸਾਰ ਆਰਥਿਕ ਤੌਰ 'ਤੇ ਪੱਛੜੇ ਵਰਗਾਂ ਦੀ ਵਾਧੂ ਸੰਭਾਲ ਕੀਤੀ ਜਾ ਰਹੀ ਹੈ।ਐੱਸ.ਸੀ. ਪਰਿਵਾਰਾਂ ਦੇ ਕਰਜ਼ੇ ਮੁਆਫ ਕਰਕੇ ਉਨ੍ਹਾਂ ਨੂੰ ਨਵੀਂ ਸ਼ੁਰੂਆਤ ਦਾ ਮੌਕਾ ਦਿੱਤਾ ਜਾ ਰਿਹਾ ਹੈ।ਸਾਡੀ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ।ਇਸ ਮੌਕੇ 12 ਕਰਜ਼ਦਾਰ ਪਰਿਵਾਰਾਂ ਨੂੰ ਕਰਜ਼ ਮੁਕਤੀ ਦੇ ਪ੍ਰਮਾਣ ਪੱਤਰ ਵੰਡੇ ਗਏ ਅਤੇ ਲਗਭਗ 30 ਪਰਿਵਾਰਾਂ ਦਾ 27 ਲੱਖ ਰੁਪਏ ਦਾ ਕਰਜ਼ਾ ਮਾਫ ਕੀਤਾ ਗਿਆ ਜਿਨ੍ਹਾਂ 'ਚ ਗੁਰਬਖਸ਼ ਸਿੰਘ ਪੁੱਤਰ ਮੇਵਾ ਸਿੰਘ, ਪਿੰਡ ਸਿਰੀਏਵਾਲਾ- 1,04,759 ਸਰਬਜੀਤ ਸਿੰਘ ਪੁੱਤਰ ਫੌਜਾ ਸਿੰਘ, ਜਲਾਲ - 1,40,299 ਅੰਮ੍ਰਿਤਪਾਲ ਸਿੰਘ ਪੁੱਤਰ ਹਜ਼ਾਰਾ ਸਿੰਘ, ਭਾਈ ਰੂਪਾ - 1,53,433 ਹਰਜਿੰਦਰ ਸਿੰਘ ਪੁੱਤਰ ਕਪੂਰ ਸਿੰਘ, ਭਾਈ ਰੂਪਾ -_ 1,69,100 ਅਜੀਤ ਸਿੰਘ ਪੁੱਤਰ ਕ੍ਰਿਸ਼ਨ ਸਿੰਘ, ਜਲਾਲ -_ 4,04,473 ਹਰਬੰਸ ਸਿੰਘ ਪੁੱਤਰ ਅਜੈਬ ਸਿੰਘ, ਬੁਰਜ ਲੱਧਾ - 4,90,478 ਜੋਗਾ ਸਿੰਘ ਪੁੱਤਰ ਪ੍ਰੀਤਮ ਸਿੰਘ, ਸਲਾਬਤਪੁਰਾ - 3,03,286 ਤੋਂ ਇਲਾਵਾ ਕੁਝ ਰਾਮਪੁਰਾ ਫੂਲ ਦੇ ਪਰਿਵਾਰ ਸਨ, ਜਿਨ੍ਹਾਂ ਦਾ ਕਰਜ਼ਾ ਮੁਆਫ ਕੀਤਾ ਗਿਆ।
ਇਸ ਮੌਕੇ 'ਤੇ ਐਸ.ਸੀ. ਵਿੰਗ ਦੇ ਪ੍ਰਧਾਨ ਅਤੇ ਨਗਰ ਕੌਂਸਲ ਰਾਮਪੁਰਾ ਦੇ ਵਾਈਸ ਪ੍ਰਧਾਨ ਰਵਿੰਦਰ ਨਿੱਕਾ, ਮਾਰਕੀਟ ਕਮੇਟੀ ਚੇਅਰਮੈਨ ਦਰਸ਼ਨ ਸਿੰਘ ਸੋਹੀ, ਬਲਾਕ ਪ੍ਰਧਾਨ ਦੇਵ ਸਿਰੀਏਵਾਲਾ, ਮੇਜਰ ਸਿੰਘ ਬੁਰਜ ਗਿੱਲ ਅਤੇ ਡਾ. ਵਿੱਕੀ ਥੋਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਹਾਜ਼ਰ ਸਨ।



# ਮੁਲਾਜ਼ਮਾਂ ਵਲੋਂ ਸੱਤਵੇਂ ਪੇ ਕਮਿਸ਼ਨ ਨੂੰ ਰੱਦ ਕਰਾਉਣ ਸਬੰਧੀ ਧਰਨਾ

ਮੂਨਕ ,18 ਜੁਲਾਈ (ਸਮਸ਼ੇਰ ਸਿੰਘ ਭੁਟਾਲ): ਅੱਜ ਬਿਜਲੀ ਮੁਲਾਜ਼ਮਾਂ ਨੇ ਦਫਤਰ ਦੇ ਗੇਟ ਅੱਗੇ ਸਰਕਾਰ ਵੱਲੋਂ ਲਾਗੂ ਕੀਤੇ ਸੱਤਵੇਂ ਪੇ ਕਮਿਸ਼ਨ ਨੂੰ ਰੱਦ ਕਰਾਉਣ ਦੇ ਲਈ ਕਾਲੇ ਬਿੱਲੇ ਲਗਾ ਕੇ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਯੂਨੀਅਨ ਦੇ ਆਗੂ ਭਰਪੂਰ ਸਿੰਘ ਸਲੇਮਗੜ੍ਹ ਅਤੇ ਰਾਜਪਾਲ ਸਿੰਘ ਬਲਰਾ ਨੇ ਇਕੱਠੇ ਹੋਏ ਬਿਜਲੀ ਕਰਮਚਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਦੇ ਵੱਲੋਂ ਪੱਤਰ ਨੰਬਰ 7/42/2020-5fpA/741/746 ਮਿਤੀ 17 ਜੁਲਾਈ 2020 ਨੂੰ ਜਾਰੀ ਕੀਤੇ ਗਏ ਸੱਤਵੀਂ ਸੈਂਟਰਲ ਪੇਅ ਕਮਿਸ਼ਨ ਦੇ ਸੰਬੰਧ ਵਿੱਚ ਇਹ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਜਿਸ ਦਿਨ ਇਹ ਨੋਟੀਫਿਕੇਸ਼ਨ ਪੰਜਾਬ ਸਰਕਾਰ ਦੇ ਵੱਲੋਂ ਜਾਰੀ ਹੋਇਆ ਉਸ ਦਿਨ ਤੋਂ ਹਰ ਮੁਲਾਜ਼ਮ ਵਰਗ ਦੇ ਲਈ ਇੱਕ ਕਾਲਾ ਦਿਨ ਸੀ, ਜਿਸ ਦੇ ਰੋਸ ਵਜੋਂ ਅੱਜ ਪੂਰੇ ਪੰਜਾਬ ਦੇ ਵਿੱਚ ਹਰ ਮੁਲਾਜ਼ਮ ਦੇ ਵੱਲੋਂ ਕਾਲੇ ਰਿਬਨ ਲਗਾ ਕੇ ਅਤੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਇਸ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਨੋਟੀਫਿਕੇਸ਼ਨ ਦੇ ਨਾਲ ਜਿਹੜੇ ਮੁਲਾਜ਼ਮ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਹਨ, ਉਹਨਾਂ ਦੇ ਪੇਅ ਸਕੇਲ ਵਿੱਚ ਪੰਜਾਬ ਦੇ ਪੇਅ ਸਕੇਲ ਨਾਲ ਬਹੁਤ ਜ਼ਿਆਦਾ ਫਰਕ ਹੈ। ਸਾਲ 2020 ਤੇ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦੁਆਰਾ ਪੰਜਾਬ ਦੇ ਮੁਲਾਜ਼ਮਾਂ ਨੂੰ ਵਾਅਦਾ ਕੀਤਾ ਸੀ ਕਿ ਪੰਜਾਬ ਦੇ ਸਾਰੇ ਹੀ ਮੁਲਾਜ਼ਮਾਂ ਨੂੰ ਪੰਜਾਬ ਦੇ ਪੁਰਾਣੇ ਪੇਅ ਸਕੇਲ ਲਾਗੂ ਰਹਿਣਗੇ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਤਿੰਨ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ । ਪਰ ਹਾਲੇ ਤੱਕ ਇਸ ਮਸਲੇ ਦਾ ਕੋਈ ਹੱਲ ਨਹੀਂ ਕੀਤਾ ਗਿਆ ਹੈ । ਜਿਸ ਨੂੰ ਲੈ ਕੇ ਅੱਜ ਮੂਨਕ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਜੇਕਰ ਸਰਕਾਰ ਦੇ ਵੱਲੋਂ ਇਸ ਮਸਲੇ ਦਾ ਹੱਲ ਜਲਦ ਤੋਂ ਜਲਦ ਨਹੀਂ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਦੇ ਵਿੱਚ ਇਸ ਤੋਂ ਵੀ ਤਿੱਖੇ ਸੰਘਰਸ਼ ਕੀਤੇ ਜਾਣਗੇ। ਅੱਜ ਇਸ ਰੋਸ ਪ੍ਰਦਰਸ਼ਨ ਦੇ ਵਿੱਚ ਸ਼ਾਮਲ ਮੁਲਾਜ਼ਮ ਸਾਥੀ ਸੰਬੋਧ ਕੁਮਾਰ, ਕੁਲਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਪਰਵੀਨ ਸਿੰਘ ਅਤੇ ਗੁਰਮੀਤ ਸਿੰਘ ਅਤੇ ਹੋਰ ਬੀ ਬਹੁਤ ਸਾਰੇ ਮੁਲਾਜ਼ਮ ਸਾਥੀ ਨੇ ਭਾਗ ਲਿਆ
ਮੂਨਕ (ਰਾਜਪਾਲ ਸਿੰਗਲਾ) ਅੱਜ ਬਿਜਲੀ ਮੁਲਾਜ਼ਮਾਂ ਨੇ ਦਫਤਰ ਦੇ ਗੇਟ ਅੱਗੇ ਸਰਕਾਰ ਵੱਲੋਂ ਲਾਗੂ ਕੀਤੇ ਸੱਤਵੇਂ ਪੇ ਕਮਿਸ਼ਨ ਨੂੰ ਰੱਦ ਕਰਾਉਣ ਦੇ ਲਈ ਕਾਲੇ ਬਿੱਲੇ ਲਗਾ ਕੇ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ । ਜਿਸ ਦਿਨ ਇਹ ਨੋਟੀਫਿਕੇਸ਼ਨ ਪੰਜਾਬ ਸਰਕਾਰ ਦੇ ਵੱਲੋਂ ਜਾਰੀ ਹੋਇਆ ਉਸ ਦਿਨ ਤੋਂ ਹਰ ਮੁਲਾਜ਼ਮ ਵਰਗ ਦੇ ਲਈ ਇੱਕ ਕਾਲਾ ਦਿਨ ਸੀ, ਜਿਸ ਦੇ ਰੋਸ ਵਜੋਂ ਅੱਜ ਪੂਰੇ ਪੰਜਾਬ ਦੇ ਵਿੱਚ ਹਰ ਮੁਲਾਜ਼ਮ ਦੇ ਵੱਲੋਂ ਕਾਲੇ ਰਿਬਨ ਲਗਾ ਕੇ ਅਤੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜ ਕੇ ਇਸ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਨੋਟੀਫਿਕੇਸ਼ਨ ਦੇ ਨਾਲ ਜਿਹੜੇ ਮੁਲਾਜ਼ਮ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਹਨ, ਉਹਨਾਂ ਦੇ ਪੇਅ ਸਕੇਲ ਵਿੱਚ ਪੰਜਾਬ ਦੇ ਪੇਅ ਸਕੇਲ ਨਾਲ ਬਹੁਤ ਜ਼ਿਆਦਾ ਫਰਕ ਹੈ। ਜਿਸ ਨੂੰ ਲੈ ਕੇ ਅੱਜ ਮੂਨਕ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਜੇਕਰ ਸਰਕਾਰ ਦੇ ਵੱਲੋਂ ਇਸ ਮਸਲੇ ਦਾ ਹੱਲ ਜਲਦ ਤੋਂ ਜਲਦ ਨਹੀਂ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਦੇ ਵਿੱਚ ਇਸ ਤੋਂ ਵੀ ਤਿੱਖੇ ਸੰਘਰਸ਼ ਕੀਤੇ ਜਾਣਗੇ। ਅੱਜ ਇਸ ਰੋਸ ਪ੍ਰਦਰਸ਼ਨ ਦੇ ਵਿੱਚ ਸ਼ਾਮਲ ਮੁਲਾਜ਼ਮ ਸਾਥੀ ਸੰਬੋਧ ਕੁਮਾਰ, ਕੁਲਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਪਰਵੀਨ ਸਿੰਘ ਅਤੇ ਗੁਰਮੀਤ ਸਿੰਘ ਅਤੇ ਹੋਰ ਵੀ ਬਹੁਤ ਸਾਰੇ ਮੁਲਾਜ਼ਮ ਸਾਥੀਆਂ ਨੇ ਭਾਗ ਲਿਆ।

# ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦ ਵਿਧਵਾਵਾਂ ਅਤੇ ਅਪਾਹਜਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਵੰਡੇ



ਬਰਨਾਲਾ, 18 ਜੁਲਾਈ (ਹਿਮਾਂਸ਼ੂ ਗਰਗ)- ਗੁਰੂ ਘਰ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਜੀ ਬਰਨਾਲਾ ਵਿੱਖੇ 180 ਲੋੜਵੰਦ ਵਿਧਵਾਵਾਂ ਅਤੇ ਅਪਾਹਜਾਂ ਨੂੰ ਮਹੀਨਾਵਾਰ ਪੈਨਸ਼ਨ ਚੈੱਕ ਵੰਡੇ। ਇਹ ਜਾਣਕਾਰੀ ਇਕ ਪ੍ਰੈਸ ਨੋਟ ਜਾਰੀ ਕਰਕੇ ਸਰਬੱਤ ਦਾ ਭਲਾ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਸੈਨਿਕ ਵਿੰਗ ਵੱਲੋਂ 10 ਅਗਸਤ ਨੂੰ 26ਵਾਂ ਕਾਰਗਿਲ ਵਿਜੇ ਦਿਵਸ ਮਨਾਇਆ ਜਾਵੇਗਾ ਇਸ ਸਮੇਂ ਸਾਡੀ ਸੰਸਥਾ ਸਰਬੱਤ ਦਾ ਭਲਾ ਵੱਲੋਂ ਗੁਰੂ ਘਰ ਵਿੱਖੇ ਸਵੇਰੇ 9 ਵਜੇ ਤੋਂ 1 ਵਜੇ ਤੱਕ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾਵੇਗਾ, ਦਵਾਈਆਂ ਸੰਸਥਾ ਵੱਲੋਂ ਮੁਫ਼ਤ ਵੰਡੀਆਂ ਜਾਣਗੀਆਂ ਅਤੇ ਬੀ ਐਮ ਸੀ ਸੁਪਰ ਸਪੈਸ਼ਲਟੀ ਹਸਪਤਾਲ ਵੱਲੋਂ 6 ਵੱਖ ਵੱਖ ਤਰ੍ਹਾਂ ਦੇ ਸਪੈਸਲਿਸ਼ਟ ਡਾਕਟਰਾਂ ਦੀ ਟੀਮ ਮਰੀਜ਼ਾਂ ਨੂੰ ਚੈੱਕ ਕਰੇਗੀ। ਇਸ ਮੌਕੇ ਲੋੜਵੰਦ ਵਿਧਵਾਵਾਂ ਅਤੇ ਅਪਾਹਜਾਂ ਦੇ ਨਵੀਆਂ ਪੈਨਸ਼ਨਾਂ ਲਾਉਣ ਲਈ ਨਵੇਂ ਫਾਰਮ ਭਰੇ ਗਏ। ਇਸ ਮੌਕੇ ਵਾਰੰਟ ਅਫ਼ਸਰ ਬਲਵਿੰਦਰ ਸਿੰਘ ਢੀਂਡਸਾ ਵਾਰੰਟ ਅਫ਼ਸਰ ਅਵਤਾਰ ਸਿੰਘ ਸਿੱਧੂ ਕੁਲਵਿੰਦਰ ਸਿੰਘ ਕਾਲਾ ਗੁਰਜੰਟ ਸਿੰਘ ਸੋਨਾ ਜਥੇਦਾਰ ਸੁਖਦਰਸ਼ਨ ਸਿੰਘ ਸੂਬੇਦਾਰ ਗੁਰਜੰਟ ਸਿੰਘ ਨਾਈਵਾਲਾ ਹੌਲਦਾਰ ਬਸੰਤ ਸਿੰਘ ਉੱਗੋਕੇ ਗੁਰਦੇਵ ਸਿੰਘ ਮੱਕੜ ਯੋਗਰਾਜ ਯੋਗੀ ਰਾਜਿੰਦਰ ਪ੍ਰਸਾਦ ਆਦਿ ਸੰਸਥਾ ਦੇ ਮੈਂਬਰ ਹਾਜ਼ਰ ਸਨ।

# ਸ੍ਰੀ ਮਹਾਰਾਜਾ ਅਗਰਸੈਨ ਅਗਰਵਾਲ ਸਭਾ ਭਦੌੜ ਦੇ ਅਹੁਦੇਦਾਰਾਂ ਦੀ ਹੋਈ ਸਰਬਸੰਮਤੀ ਨਾਲ ਚੋਣ

ਭਦੌੜ, 18 ਜੁਲਾਈ (ਸੁਖਵਿੰਦਰ ਪਲਾਹਾ)- ਸ੍ਰੀ ਮਹਾਰਾਜਾ ਅੱਗਰਸੈਂਨ ਅਗਰਵਾਲ ਸਭਾ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਵਿਜੈ ਭਦੌੜੀਆ ਦੀ ਅਗਵਾਈ ਹੇਠ ਅਤੇ ਸ੍ਰੀ ਮਹਾਰਾਜਾ ਅਗਰਸੈਨ ਅਗਰਵਾਲ ਸਭਾ ਭਦੌੜ ਦੇ ਪ੍ਰਧਾਨ ਹਰੀਸ਼ ਕੁਮਾਰ ਗਰਗ ਦੀ ਪ੍ਰਧਾਨਗੀ ਵਿੱਚ ਉਨ੍ਹਾਂ ਦੇ ਦਫ਼ਤਰ 'ਚ ਇੱਕ ਅਹਿਮ ਮੀਟਿੰਗ ਕੀਤੀ ਗਈ। ਜਿਸ ਵੱਡੀ ਗਿਣਤੀ 'ਚ ਅਗਰਵਾਲ ਬਰਾਦਰੀ ਦੇ ਲੋਕਾਂ ਨੇ ਭਾਗ ਲਿਆ ਅਤੇ ਮੀਟਿੰਗ ਦੌਰਾਨ ਸ੍ਰੀ ਮਹਾਰਾਜਾ ਅਗਰਸੈਨ ਅਗਰਵਾਲ ਸਭਾ ਭਦੌੜ ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ। ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਬਰਨਾਲਾ ਦੇ ਪ੍ਰਧਾਨ ਵਿਜੈ ਭਦੌੜੀਆ ਨੇ ਦੱਸਿਆ ਕਿ ਅੱਜ ਦੀ ਮੀਟਿੰਗ 'ਚ ਸ੍ਰੀ ਮਹਾਰਾਜਾ ਅਗਰਸੈਨ ਅਗਰਵਾਲ ਸਭਾ ਭਦੌੜ ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਜੋ ਚੋਣ ਕੀਤੀ ਗਈ ਹੈ ਉਸ 'ਚ ਜਵਾਹਰ ਲਾਲ ਸਿੰਗਲਾ ਆੜ੍ਹਤੀਆਂ ਨੂੰ ਚੇਅਰਮੈਨ, ਰਘੂਨਾਥ ਜੈਨ ਨੂੰ ਸਰਪ੍ਰਸਤ, ਧਰਮਿੰਦਰ ਪਾਲ ਗਰਗ ਪੱਪੂ ਭੱਠੇ ਵਾਲਿਆਂ ਨੂੰ ਵਾਇਸ ਚੇਅਰਮੈਨ, ਸੀਤਲ ਕੁਮਾਰ ਸਿੰਗਲਾ, ਰਾਜਿੰਦਰ ਗਰਗ-ਬਿੰਦਰ, ਰਾਜਵੀਰ ਸਿੰਗਲਾ, ਪੁਨੀਤ ਗਰਗ, ਦੀਪਕ ਕੁਮਾਰ, ਵਿਵੇਕ ਕੁਮਾਰ ਵਿੱਕੀ ਸਾਰਿਆਂ ਨੂੰ ਵਾਈਸ ਪ੍ਰਧਾਨ, ਰੀਸ਼ੂ ਸਿੰਗਲਾ ਨੂੰ ਜਨਰਲ ਸੈਕਟਰੀ, ਨਰਿੰਦਰ ਕੁਮਾਰ ਟੋਨੀ, ਅਸ਼ੋਕ ਸਿੰਗਲਾ, ਹੀਰਾ ਲਾਲ ਜੈਨ, ਸ਼ਤੀਸ਼ ਕੁਮਾਰ ਤੀਸਾ, ਰਾਕੇਸ ਟੀਟੂ ਸਾਰਿਆਂ ਨੂੰ ਸੈਕਟਰੀ , ਜਸਵਿੰਦਰ ਕੁਮਾਰ ਗੋਗੀ, ਵਿਕਰਾਂਤ ਬਾਂਸਲ ਨੂੰ ਮੀਡੀਆ ਇੰਚਾਰਜ, ਸੰਦੀਪ ਕੁਮਾਰ ਦੀਪਾ, ਧਰਮਿੰਦਰ ਗਰਗ (ਮੱਖਣ) ਸਾਰਿਆਂ ਨੂੰ ਸਲਾਹਕਾਰ ਲਿਆ ਹੈ ਜਦਕਿ ਬੀਰਬਲ ਦਾਸ ਦੀਪਗੜ੍ਹ ਵਾਲੇ, ਮਨੀਸ਼ ਮਿੱਤਲ, ਦੀਪਕ ਮਿੱਤਲ, ਨੀਸ਼ੂ ਸਿੰਗਲਾ, ਡਾ. ਵਿਨੋਦ ਗਰਗ, ਕੁਨਾਲ ਗਰਗ, ਦਲੀਪ ਚੰਦ ਡੀ.ਸੀ., ਪ੍ਰਦੀਪ ਕੁਮਾਰ ਰਿੰਕਾ, ਭੀਮ ਸੈਨ ਟਿੰਕੂ, ਬੱਬੂ ਸਿੰਗਲਾ, ਨੀਤਨ ਸਿੰਗਲਾ, ਸ਼ਿਵ ਗਰਗ, ਦੀਸੂ ਸਿੰਗਲਾ, ਡਾ. ਰਜੀਵ ਕੁਮਾਰ ਰਿੰਕਾ, ਅਰਵਿੰਦ ਕੁਮਾਰ ਟੋਨੀ, ਸਾਮਾਂ ਸਿੰਗਲਾ, ਡਾ. ਪ੍ਰਿੰਸ ਗੁਪਤਾ, ਲਵਲ ਕੁਮਾਰ, ਸਾਹਿਲ ਗਰਗ, ਵਿਨੋਦ ਸਿੰਗਲਾ ਬੋਦੀ, ਦੀਪੂ ਸਿੰਗਲਾ, ਮੋਹਿਤ ਗਰਗ ਮੋਂਟਾ, ਵਿਨੋਦ ਕੁਮਾਰ ਸਾਰਿਆਂ ਨੂੰ ਬਤੌਰ ਮੈਂਬਰ ਲਿਆ ਗਿਆ ਹੈ ਅਤੇ ਮੈਂ ਸਮੂਹ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦਾ ਹਾਂ। ਇਸ ਸਮੇਂ ਸ੍ਰੀ ਮਹਾਰਾਜਾ ਅਗਰਸੈਨ ਅਗਰਵਾਲ ਸਭਾ ਭਦੌੜ ਦੇ ਪ੍ਰਧਾਨ ਹਰੀਸ਼ ਕੁਮਾਰ ਗਰਗ ਨੇ ਪਿਛਲੇ ਦਿਨੀਂ ਅਗਰਵਾਲ ਸਭਾ ਵਲੋਂ ਕੀਤੀਆਂ ਗਈਆਂ ਗਤੀਵਿਧੀਆਂ ਉਪਰ ਸਮੂਹ ਮੈਂਬਰਾਂ ਨੂੰ ਚਾਨਣਾ ਪਾਉਂਦੇ ਹੋਏ ਉਨ੍ਹਾਂ ਵਿਚ ਭਾਈਚਾਰੇ ਵਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਲੋਕ ਹਿੱਤਾਂ ਲਈ ਕੰਮ ਕਰਨ ਦੀ ਇਸ ਲੜ੍ਹੀ ਨੂੰ ਇਸੇ ਤਰ੍ਹਾਂ ਬਰਕਰਾਰ ਰੱਖਣ ਲਈ ਹੋਰ ਸਹਿਯੋਗ ਦੀ ਆਸ ਰੱਖੀ। ਉਨ੍ਹਾਂ ਨੇ ਸ੍ਰੀ ਮਹਾਰਾਜਾ ਅਗਰਸੈਨ ਅਗਰਵਾਲ ਸਭਾ ਭਦੌੜ ਦੇ ਨਵ-ਨਿਯੁਕਤ ਸਮੂਹ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਅਗਰਵਾਲ ਬਰਾਦਰੀ ਦੀ ਬੇਹਤਰੀ ਲਈ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਵੱਡੀ ਗਿਣਤੀ 'ਚ ਹਾਜ਼ਰ ਅਗਰਵਾਲ ਬਰਾਦਰੀ ਦੇ ਲੋਕਾਂ ਨੇ ਸ੍ਰੀ ਮਹਾਰਾਜਾ ਅਗਰਸੈਨ ਅਗਰਵਾਲ ਸਭਾ ਭਦੌੜ ਦੇ ਨਵ-ਨਿਯੁਕਤ ਸਮੂਹ ਅਹੁਦੇਦਾਰਾਂ ਨੂੰ ਵਧਾਈ ਦਿੱਤੀ ।



# 150 ਗ੍ਰਾਮ ਹੈਰੋਇਨ ਸਣੇ ਤੋਂ ਪੁਲਿਸ ਅੜਿੱਕੇ



ਧੂਰੀ, 18 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ):ਕਿਸੇ ਵੀ ਉਦਯੋਗ ਦੀ ਕਾਮਯਾਬੀ ਅੰਦਰ ਉਸਦੇ ਵਰਕਰਾਂ ਦਾ ਸਮਰਥਨ ਕੰਮ ਕਰਦਾ ਹੈ, ਕਿਉਂਕਿ ਵਰਕਰ ਉਦਯੋਗ ਅੰਦਰ ਰੀੜ੍ਹ ਦੀ ਹੱਡੀ ਦਾ ਕੰਮ ਕਰਦਾ ਹੈ। ਅੱਜ ਬਾਂਸਲ'ਜ਼ ਗਰੁੱਪ ਸੂਲਰ ਘਰਾਟ ਦੇ ਐਮ ਡੀ ਸ੍ਰੀ ਸੰਜੀਵ ਬਾਂਸਲ ਨੇ ਅਪਣੀਆ ਕੰਪਨੀਆਂ ਕੈਮਟੇਕ ਐਗਰੋ ਅਤੇ ਕੋਪਲ ਦੇ ਸਟਾਫ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਹਾਡੀ ਮਿਹਨਤ ਅਤੇ ਇਮਾਨਦਾਰੀ ਦੀ ਬਦੌਲਤ ਤੁਹਾਡੀਆਂ ਕੰਪਨੀਆ ਅੱਗੇ ਵੱਧ ਰਹੀਆਂ ਹਨ। ਇਸ ਲਈ ਇਸ ਦਾ ਸਾਰਾ ਸਿਹਰਾ ਤੁਹਾਨੂੰ ਜਾਂਦਾ ਹੈ। ਇਸ ਤੋਂ ਪਹਿਲਾਂ ਕੰਪਨੀ ਦੇ ਪਲਾਂਟ ਮੈਨੇਜਰ ਚੰਦਨ ਮਿਸਤਰੀ ਨੇ ਕਿਹਾ ਕਿ ਸਾਨੂੰ ਇੱਥੇ ਕੰਮ ਕਰ ਕੇ ਮਜ਼ਾ ਆਉਂਦਾ ਹੈ, ਕਿਉਕਿ ਕੰਪਨੀ ਦੇ ਅੰਦਰ ਕਦੀ ਵੀ ਘਟੀਆ ਕੁਆਲਿਟੀ ਦਾ ਉਤਪਾਦ ਤਿਆਰ ਨਹੀਂ ਹੁੰਦਾ। ਕੰਪਨੀ ਦੇ ਕਵਾਲਟੀ ਕੰਟਰੋਲ ਮੈਨੇਜਰ ਅਰਜੁਨ ਉਪਾਧਿਆਏ ਨੇ ਕਿਹਾ ਕਿ ਅਸੀ ਕਦੀ ਵੀ ਆਪਣੀ ਤਸੱਲੀ ਤੋਂ ਬਿਨਾ ਮਾਲ ਬਾਹਰ ਨਹੀਂ ਭੇਜਦੇ। ਕੰਪਨੀ ਦੇ ਸਭ ਤੋਂ ਪੁਰਾਣੇ ਮੈਨੇਜਰ ਜਰਨੈਲ ਸਿੰਘ ਨੇ ਕੰਪਨੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਰਕਰ ਨੂੰ ਜੋ ਇੱਜ਼ਤ ਅਤੇ ਸਨਮਾਨ ਇੱਥੇ ਮਿਲਦਾ ਹੈ ਸਾਇਦ ਹੀ ਕਿਤੇ ਹੋਰ ਮਿਲਦਾ ਹੋਵੇ। ਕੰਪਨੀ ਦੇ ਡਾਇਰੈਕਟਰ ਹੈਲਿਕ ਬਾਂਸਲ ਨੇ ਦੱਸਿਆ ਕਿ ਕੰਪਨੀ ਆਪਣੇ ਸਟਾਫ ਪ੍ਰਤੀ ਹਮੇਸ਼ਾ ਉਚ ਪੱਧਰ ਦੀ ਸੋਚ ਰੱਖਦੀ ਹੈ ਅਤੇ ਕੋਸ਼ਿਸ਼ ਕਰਦੇ ਹਾਂ ਕਿ ਸਾਡਾ ਵਰਕਰ ਹਮੇਸ਼ਾ ਖੁਸ਼ ਰਹੇ। ਅਸੀ ਤੁਹਾਡੇ ਤੋਂ ਭਵਿੱਖ ਵਿੱਚ ਵੀ ਇਸੇ ਸਹਿਯੋਗ ਦੀ ਉਮੀਦ ਕਰਦੇ ਹਾਂ। ਕੰਪਨੀ ਦੇ ਚੇਅਰਮੈਨ ਸ੍ਰੀ ਸ਼ਾਮ ਲਾਲ ਬਾਂਸਲ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹੇਸ਼ ਦੱਤ, ਕਮਲ ਸ਼ਰਮਾ, ਅੰਕਿਤ, ਅਭਿਸੇਕ ਗੁਪਤਾ ਆਦਿ ਨੇ ਵੀ ਸੰਬੋਧਨ ਕੀਤਾ। ਅੰਤ ਵਿੱਚ ਕੰਪਨੀ ਵੱਲੋਂ ਸਾਨਦਾਰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

# ਵਿਦਿਆਰਥੀ ਅੱਧਾ ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ



ਬਠਿੰਡਾ, 18 ਜੁਲਾਈ (ਦੀਪਕ ਸ਼ਰਮਾ):ਪੰਜਾਬ ਦਾ ਵਿਦਿਆਰਥੀ ਵਰਗ ਵੀ ਹੁਣ ਪੈਸੇ ਕਮਾਉਣ ਦਾ ਸ਼ਾਰਟਕੱਟ ਰਸਤਾ ਅਪਣਾਉਣ ਦੇ ਚੱਕਰ ਵਿੱਚ ਨਸ਼ਾ ਤਸਕਰੀ ਦੀ ਦਲਦਲ ਵਿੱਚ ਧੱਸਿਆ ਜਾ ਰਿਹਾ ਹੈ। ਇਸ ਤਰ੍ਹਾਂ ਦੇ ਇੱਕ ਮਾਮਲੇ ਵਿੱਚ ਬਠਿੰਡਾ ਪੁਲਿਸ ਨੇ ਬੀਏ ਕਰ ਰਹੇ ਇੱਕ ਵਿਦਿਆਰਥੀ ਨੂੰ ਅੱਧਾ ਕਿੱਲੋ ਹੈਰੋਇਨ ਸਮੇਤ ਫੜਿਆ ਹੈ। ਇਸ ਕਾਰਵਾਈ ਨੂੰ ਬਠਿੰਡਾ ਪੁਲਿਸ ਦੇ ਥਾਣਾ ਦੇ ਨਾਲ ਕਲੋਨੀ ਦੀ ਪੁਲਿਸ ਵੱਲੋਂ ਅੰਜਾਮ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਤਰ੍ਹਾਂ ਦੇ ਕਈ ਮਾਮਲੇ ਪਹਿਲਾਂ ਵੀ ਸਾਹਮਣੇ ਆ ਚੁੱਕੇ ਹਨ ਜਿੱਥੇ ਵਿਦਿਆਰਥੀਆਂ ਵੱਲੋਂ ਨਸ਼ਾ ਤਸਕਰੀ ਕੀਤੀ ਗਈ ਹੈ। ਭਾਵੇਂ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਇਹ ਦਾਅਵਾ ਕਰ ਰਹੀ ਹੈ ਕਿ ਉਸਨੇ ਨਸ਼ਿਆਂ ਉੱਪਰ ਕਾਫੀ ਹੱਦ ਤੱਕ ਰੋਕ ਲਗਾ ਦਿੱਤੀ ਹੈ, ਪਰ ਇਸ ਤਰ੍ਹਾਂ ਵਿਦਿਆਰਥੀ ਵਰਗ ਕੋਲੋਂ ਨਸ਼ਾ ਮਿਲਣਾ ਆਪਣੇ ਆਪ ਵਿੱਚ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ। ਜਾਣਕਾਰੀ ਅਨੁਸਾਰ ਬਠਿੰਡਾ ਪੁਲਿਸ ਨੇ ਇੱਕ ਬੀਏ ਦੀ ਪੜ੍ਹਾਈ ਕਰਦੇ ਨੌਜਵਾਨ ਨੂੰ ਅੱਧਾ ਕਿੱਲੋ ਹੈਰੋਇਨ ਸਮੇਤ ਕਾਬੂ ਕਰਕੇ ਇੱਕ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਇਸ ਗ੍ਰਿਫਤਾਰੀ ਨੇ ਨਸ਼ਿਆਂ ਦੀ ਸਮੱਸਿਆ ਦੀ ਗੰਭੀਰਤਾ ਨੂੰ ਹੋਰ ਉਜਾਗਰ ਕਰ ਦਿੱਤਾ ਹੈ, ਖਾਸ ਕਰਕੇ ਨੌਜਵਾਨਾਂ ਵਿੱਚ। ਦੱਸਣਾ ਬਣਦਾ ਹੈ ਕਿ ਬਠਿੰਡਾ ਪੁਲਿਸ ਨੇ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਗਈ ਮੁਹਿੰਮ ਤਹਿਤ ਇਹ ਕਾਰਵਾਈ ਪੁਲਿਸ ਕਪਤਾਨ ਅਮਨੀਤ ਕੌਂਡਲ ਦੇ ਦਿਸ਼ਾ ਨਿਰਦੇਸ਼ਾਂ ਹੇਠ, ਨਰਿੰਦਰ ਸਿੰਘ, ਐਸ.ਪੀ ਸਿਟੀ ਦੀ ਨਿਗਰਾਨੀ ਅਤੇ ਸੰਦੀਪ ਸਿੰਘ ਭਾਟੀ, ਡੀ.ਐੱਸ.ਪੀ ਸਿਟੀ-1 ਦੀ ਅਗਵਾਈ ਵਿੱਚ ਕੀਤੀ। ਇਸ ਪ੍ਰੈੱਸ ਕਾਨਫਰੰਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਲੰਘੀ 17 ਜੁਲਾਈ ਨੂੰ, ਐਸ.ਆਈ. ਹਰਜੀਵਨ ਸਿੰਘ, ਮੁੱਖ ਅਫਸਰ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਪਾਰਟੀ ਕਿਸਾਨ ਚੌਂਕ ਰਿੰਗ ਰੋਡ ਬਠਿੰਡਾ ਵਿਖੇ ਗਸ਼ਤ ਅਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰ ਰਹੀ ਸੀ। ਇਸ ਦੌਰਾਨ ਬੀੜ ਤਲਾਬ ਵਾਲੇ ਪਾਸਿਓਂ ਸ਼ਹਿਰ ਵੱਲ ਆ ਰਹੇ ਮੋਟਰਸਾਈਕਲ ਸਵਾਰ ਇੱਕ ਨੌਜਵਾਨ ਨੂੰ ਸ਼ੱਕ ਦੇ ਅਧਾਰ ਤੇ ਰੋਕ ਕੇ ਤਲਾਸ਼ੀ ਲਈ ਤਾਂ ਉਸ ਦੇ ਮੋਟਰਸਾਈਕਲ ਤੇ ਟੰਗੇ ਕਾਲੇ ਬੈਗ ਵਿੱਚੋਂ ਚਿੱਟੇ ਰੰਗ ਦਾ ਪਾਊਡਰ ਬਰਾਮਦ ਹੋਇਆ।ਜਿਸ ਤੋਂ ਬਾਅਦ ਗਜ਼ਟਿਡ ਅਫਸਰ ਦੀ ਹਾਜ਼ਰੀ ਵਿੱਚ ਤਲਾਸ਼ੀ ਲੈਣ 'ਤੇ, ਪਤਾ ਲੱਗਾ ਕਿ ਉਕਤ ਬੈਗ 'ਚ ਚਿੱਟਾ ਹੈ, ਜਿਸ ਦੀ ਮਾਤਰਾ ਅੱਧਾ ਕਿੱਲੋ ਦੇ ਬਰਾਬਰ। ਇਸ ਤੋਂ ਬਾਅਦ ਉਹ ਨੌਜਵਾਨ ਨੂੰ ਮੌਕੇ 'ਤੇ ਹੀ ਹਿਰਾਸਤ ਵਿੱਚ ਲੈ ਲਿਆ ਗਿਆ।ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਮੋਟਰਸਾਈਕਲ ਚਾਲਕ ਨੇ ਆਪਣਾ ਨਾਮ ਗੁਰਪ੍ਰੀਤ ਸਿੰਘ ਉਰਫ ਗੋਗੀ ਵਾਸੀ ਬਸਤੀ ਨੰਬਰ ਬੀੜ ਤਲਾਬ ਬਠਿੰਡਾ ਦੱਸਿਆ। ਪੜਤਾਲ ਕਰਨ 'ਤੇ ਪਤਾ ਲੱਗਿਆਕੀ ਗੁਰਪ੍ਰੀਤ ਸਿੰਘ ਉਰਫ ਗੋਗੀ,ਜਿਸਦੀ ਉਮਰ ਲਗਭਗ 18 ਸਾਲ ਦੱਸੀ ਜਾ ਰਹੀ ਹੈ ਅਤੇ ਉਹ ਬੀਏ ਦੀ ਪੜ੍ਹਾਈ ਕਰਦਾ ਹੈ। ਅੱਧਾ ਕਿੱਲੋ ਹੈਰੋਇਨ ਦੀ ਬਰਾਮਦਗੀ ਤੋਂ ਕਥਿਤ ਦੋਸ਼ੀ ਦੇ ਖਿਲਾਫ ਥਾਣਾ ਕੈਨਾਲ ਕਲੋਨੀ ਵਿਖੇ ਮੁਕਦਮਾ ਦਰਜ ਕੀਤਾ ਗਿਆ ਹੈ। ਪੁਲਿਸ ਅਨੁਸਾਰ, ਗੁਰਪ੍ਰੀਤ ਸਿੰਘ ਉਰਫ ਗੋਗੀ ਦਾ ਪਹਿਲਾਂ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ। ਕਥਿਤ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਹੈਰੋਇਨ ਕਿੱਥੋਂ ਲਿਆਂਦੀ ਗਈ ਸੀ ਅਤੇ ਕਿੱਥੇ ਸਪਲਾਈ ਕੀਤੀ ਜਾਣੀ ਸੀ।

# ਖਿਡਾਰੀਆਂ ਲਈ ਨਰਸਰੀਆਂ ਦਾ ਕੰਮ ਕਰਨਗੇ ਖੇਡ ਸਟੇਡੀਅਮ : ਹੈਪੀ ਗਰਗ



ਧੂਰੀ, 18 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਆਮ ਆਦਮੀ ਪਾਰਟੀ ਦੇ ਸ਼ਹਿਰੀ ਬਲਾਕ ਪ੍ਰਧਾਨ ਐਡਵੋਕੇਟ ਹੈਪੀ ਗਰਗ ਨੇ ਗੱਲਬਾਤ ਕਰਦਿਆਂ ਕਿਹਾ ਕਿ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਖੇਡ ਮੈਦਾਨ ਬਣਾਉਣ ਦਾ ਫ਼ੈਸਲਾ ਸ਼ਲਾਘਾਯੋਗ ਕਦਮ ਹੈ, ਕਿਉਂਕਿ ਨੌਜਵਾਨ ਕਿਸੇ ਵੀ ਰਾਜ ਦੀ ਪੂੰਜੀ ਹੁੰਦੇ ਹਨ ਪਰ ਪਿੱਛਲੀਆਂ ਸਰਕਾਰਾਂ ਦੀਆਂ ਨਾਕਾਮੀਆਂ ਕਾਰਨ ਨੌਜਵਾਨਾਂ ਵਿਚ ਵੱਧ ਰਹੀ ਬੇਰੁਜਗਾਰੀ ਕਾਰਨ ਸਾਡਾ ਇਹ ਵਰਗ ਭਟਕਣਾ ਦਾ ਸ਼ਿਕਾਰ ਸੀ।ਹੁਣ ਜਦੋਂ ਤੋਂ ਪੰਜਾਬ ਵਿਚ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਬਣੀ ਹੈ ਇਸ ਸਰਕਾਰ ਵੱਲੋਂ ਨੌਜਵਾਨਾਂ ਦੇ ਸਰਵ ਪੱਖੀ ਲਈ ਉਪਰਾਲੇ ਵਿੱਢੇ ਗਏ ਹਨ। ਇਕ ਪਾਸੇ ਸਿੱਖਿਆ ਤੰਤਰ ਮਜਬੂਤ ਕੀਤਾ ਗਿਆ ਹੈ, ਦੂਜੇ ਪਾਸੇ ਵੱਡੇ ਪੱਧਰ ਤੇ ਸਰਕਾਰੀ ਨੌਕਰੀਆਂ ਲਈ ਭਰਤੀ ਕੀਤੀ ਗਈ ਹੈ ਅਤੇ ਨੌਜਵਾਨਾਂ ਨੂੰ ਮਾੜੀਆਂ ਅਲਾਮਤਾਂ ਤੋਂ ਬਚਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਆਰੰਭ ਕੀਤਾ ਗਿਆ ਹੈ। ਖੇਡ ਸਭਿਆਚਾਰ ਵਿਕਸਤ ਕੀਤਾ ਜਾ ਰਿਹਾ ਹੈ। ਖੇਡਾਂ ਵਤਨ ਪੰਜਾਬ ਦੀਆਂ ਅਤੇ ਕੌਮਾਂਤਰੀ ਮੁਕਾਬਲਿਆਂ ਵਿਚ ਜੇਤੂ ਖਿਡਾਰੀਆਂ ਨੂੰ ਇਨਾਮ ਵਰਗੇ ਉਪਰਾਲੇ ਕੀਤੇ ਗਏ ਹਨ।ਉਨ੍ਹਾਂ ਨੇ ਕਿਹਾ ਕਿ ਇਹ ਖੇਡ ਮੈਦਾਨ ਖਿਡਾਰੀਆਂ ਲਈ ਨਰਸਰੀਆਂ ਦਾ ਕੰਮ ਕਰਨਗੇ ਅਤੇ ਇੱਥੋਂ ਹੀ ਵੱਡੇ ਖਿਡਾਰੀ ਪੈਦਾ ਹੋਣਗੇ।ਉਨ੍ਹਾਂ ਨੇ ਕਿਹਾ ਕਿ ਜਦ ਜੀਵਨ ਦੇ ਮੁੱਢਲੇ ਪੱਧਰ 'ਤੇ ਹੀ ਸਾਡੇ ਬੱਚਿਆਂ ਨੂੰ ਉਨ੍ਹਾਂ ਦੇ ਪਿੰਡ ਵਿਚ ਹੀ ਤਿਆਰੀ ਲਈ ਖੇਡ ਮੈਦਾਨ ਮਿਲਣਗੇ ਤਾਂ ਉਨ੍ਹਾਂ ਦਾ ਹੁਨਰ ਹੋਰ ਵੀ ਨਿਖਰ ਕੇ ਸਾਹਮਣੇ ਆਵੇਗਾ ਅਤੇ ਇਹ ਸਾਡੇ ਪੰਜਾਬ ਦਾ ਨਾਂਅ ਰੌਸ਼ਨ ਕਰਨਗੇ।

# ਮਲੂਕਾ ਦਾ ਸਨਮਾਨ



ਭਗਤਾ ਭਾਈ ਕਾ, 18 ਜੁਲਾਈ (ਸਵਰਨ ਸਿੰਘ ਭਗਤਾ):ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਲ ਦੇ ਅਹੁਦੇਦਾਰਾਂ ਦੀ ਐਲਾਨੀ ਗਈ ਸੂਚੀ ਦੌਰਾਨ ਸਿਕੰਦਰ ਸਿੰਘ ਮਲੂਕਾ ਸਾਬਕਾ ਮੰਤਰੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਮੈਂਬਰ ਅਤੇ ਸੀਨੀਅਰ ਮੀਤ ਪ੍ਰਧਾਨ ਸ਼$ਰੋਮਣੀ ਅਕਾਲੀ ਦਲ ਨੂੰ ਨਿਯੁਕਤ ਕੀਤੇ ਜਾਣ 'ਤੇ ਅਕਾਲੀ ਵਰਕਰਾਂ ਅਤੇ ਆਗੂਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਜਿਸ ਦੇ ਤਹਿਤ ਸ਼੍ਰੋਮਣੀ ਅਕਾਲੀ ਦਲ ਇਕਾਈ ਘੰਡਾਬੰਨਾ ਦੇ ਆਗੂਆਂ ਤੇ ਵਰਕਰਾਂ ਨੇ ਮਲੂਕਾ ਦੀ ਨਿਯੁਕਤੀ ਦਾ ਸਵਾਗਤ ਕਰਦੇ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚ ਕੇ ਸਨਮਾਨ ਕੀਤਾ। ਇਸ ਮੌਕੇ ਗੁਰਪ੍ਰੀਤ ਸਿੰਘ ਘੰਡਾਬੰਨਾ ਯੂਥ ਆਗੂ ਸ਼$ਰੋਮਣੀ ਅਕਾਲੀ ਦਲ, ਕੁਲਵੰਤ ਸਿੰਘ ਘੰਡਾਬੰਨਾ ਸਾਬਕਾ ਸਰਪੰਚ, ਸੁਖਦਰਸ਼ਨ ਸਿੰਘ ਘੰਡਾਬੰਨਾ ਪ੍ਰਧਾਨ, ਭੂਸ਼ਨ ਸਿੰਗਲਾ ਘੰਡਾਬੰਨਾ, ਗੁਰਿੰਦਰਜੀਤ ਸਿੰਘ, ਚਮਕੌਰ ਸਿੰਘ ਬੁਰਜ ਥਰੋੜ ਸਾਬਕਾ ਸਰਪੰਚ ਆਦਿ ਨੇ ਮਲੂਕਾ ਨੂੰ ਵਧਾਈ ਦਿੰਦੇ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਮੰਤਰੀ ਮਲੂਕਾ ਨੇ ਕਿਹਾ ਕਿ ਸੂਬੇ ਵਿਚ ਵੱਡੀ ਪੱਧਰ 'ਤੇ ਲੋਕ ਅਕਾਲੀ ਦਲ ਨਾਲ ਜੁੜ ਰਹੇ ਹਨ।

# ਧੱਕੇ ਨਾਲ ਲਗਾਏ ਜਾ ਰਹੇ ਦਰੱਖਤਾਂ ਦੇ ਵਿਰੋਧ ਵਿੱਚ ਸੈਂਕੜੇ ਕਿਸਾਨਾਂ ਵੱਲੋਂ ਧਰਨਾ



ਲਹਿਰਾਗਾਗਾ, 18 ਜੁਲਾਈ (ਗੁਰਦੀਪ ਸਿੰਘ) : ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ (ਅਜਾਦ) ਵੱਲੋਂ ਬਲਾਕ ਪ੍ਰਧਾਨ ਅਮਨਦੀਪ ਸਿੰਘ ਮੰਡਵੀ ਦੀ ਅਗਵਾਈ ਹੇਠ ਐਸ.ਡੀ.ਐਮ ਮੂਨਕ ਦੇ ਦਫਤਰ ਅੱਗੇ ਵਿਸ਼ਾਲ ਰੋਸ ਧਰਨਾਂ ਦਿੱਤਾ ਗਿਆ । ਸੈਂਕੜੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਕਿਸਾਨ ਆਗੂਆਂ ਨੇ ਕਿਹਾ ਕਿ ਬਲਾਕ ਮੂਨਕ ਦੇ ਦਰਜਨਾਂ ਪਿੰਡ ਹਰ ਸਾਲ ਘੱਗਰ ਦੀ ਮਾਰ ਹੇਠ ਆਉਂਦੇ ਹਨ, ਹੜ੍ਹਾਂ ਕਾਰਨ ਫਸਲਾਂ ਤਬਾਹ ਹੁੰਦੀਆ ਹਨ, ਘਰ ਢਹਿ ਜਾਂਦੇ ਹਨ, ਜਾਨੀ ਨੁਕਸਾਨ ਹੁੰਦਾ ਹੈ, ਮਹੀਨਿਆ ਬੱਧੀ ਜਮੀਨਾਂ ਵਿੱਚ ਪਾਣੀ ਖੜਿਆ ਰਹਿੰਦਾ ਹੈ ਜਿਸ ਕਾਰਨ ਸੜਕਾਂ ਬੁਰੀ ਤਰਾਂ ਟੁੱਟ ਜਾਂਦੀਆ ਹਨ ਸੁਬਾਈ ਆਗੂ ਭੈਣ ਬਲਜੀਤ ਕੌਰ ਕਿਲਾ ਭਰੀਆਂ,ਜਸਵਿੰਦਰ ਸਿੰਘ ਲੌਂਗੋਵਾਲ ਅਤੇ ਦਿਲਬਾਗ ਸਿੰਘ ਹਰੀਗੜ੍ਹ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨ ਮਾਰੂ ਫੈਸਲੇ ਲੈ ਰਹੀ ਹੈ । ਜਿਹੜੀ ਜਮੀਨ ਕਿਸਾਨਾਂ ਨੇ ਕੌਡੀਆਂ ਦੇ ਭਾਅ ਸਰਕਾਰ ਨੂੰ ਦਿੱਤੀ ਸੀ ਉਹ ਜਮੀਨ ਘੱਗਰ ਨੂੰ ਚੌੜਾ ਕਰਨ ਤੇ ਬੰਨ ਉੱਚਾ ਕਰਨ ਵਾਸਤੇ ਦਿੱਤੀ ਸੀ । ਤਾਂ ਕਿ ਇਲਾਕੇ ਨੂੰ ਹੜ੍ਹਾਂ ਤੋਂ ਬਚਾਇਆ ਜਾ ਸਕੇ । ਪਰ ਇਸ ਕਾਰਜ ਦੀ ਪੂਰਤੀ ਕਰੇ ਬਿੰਨਾਂ ਪੰਜਾਬ ਸਰਕਾਰ ਨੇ ਇਹ ਜਮੀਨ ਅੱਗੇ ਤਕਰੀਬਨ 22 ਕਿਲੋਮੀਟਰ ਜਮੀਨ ਜੰਗਲਾਤ ਵਿਭਾਗ ਨੂੰ ਦੇ ਦਿੱਤੀ ਹੈ ਜੰਗਲਾਤ ਵਿਭਾਗ ਘੱਗਰ ਵਿੱਚ ਦਰਖ਼ਤ ਲਾਉਣ ਲਈ ਬਜਿੱਦ ਹੈ, ਵਾਰ ਵਾਰ ਰੋਕਣ ਦੇ ਬਾਵਜੂਦ ਆਪਣੇ ਫ਼ੈਸਲੇ ਤੇ ਦ੍ਰਿੜ ਹੈ, ਪ੍ਰੰਤੂ ਦੂਜੇ ਪਾਸੇ ਜਿਲੇ ਦੇ ਡਿਪਟੀ ਕਮਿਸ਼ਨਰ ਇਸ ਫੈਸਲੇ ਨੂੰ ਗਲਤ ਠਹਿਰਾ ਚੁੱਕੇ ਹਨ ਕਿ ਘੱਗਰ ਵਿਚ ਦਰਖ਼ਤ ਨਹੀ ਲੱਗਣੇ ਚਾਹੀਦੇ, ਕਿਸਾਨ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਕਿਸਾਨਾਂ ਅਤੇ ਆਮ ਪਿੰਡਾਂ ਦੇ ਲੋਕ ਦੀਆ ਤਕਲੀਫ਼ਾਂ ਨੂੰ ਦਰ ਕਿਨਾਰ ਕਰਦਿਆਂ ਕਿਸਾਨਾਂ ਨੂੰ ਡੋਬਣ ਲਈ ਬਾਜਿਦ ਹੈ, ਹਰ ਸਾਲ ਘੱਗਰ ਉੱਛਲਦਾ ਹੈ ਜੇਕਰ ਦਰਖ਼ਤ ਲੱਗ ਜਾਂਦੇ ਹਨ ਤਾਂ ਸਾਰੇ ਪਿੰਡਾਂ ਦਾ ਵੱਡਾ ਨੁਕਸਾਨ ਹੋਵੇਗਾ,ਜਿੱਥੇ ਕਿ ਜੰਗਲਾਤ ਮਹਿਕਮਾਂ ਹੋਰ ਨਾਲਿਆਂ ਤੇ ਦਰਖ਼ਤ ਕਹਿਣ ਦੇ ਬਾਵਜੂਦ ਨੀਂ ਲਗਾ ਰਿਹਾ, ਇੱਥੇ ਧੱਕੇ ਨਾਲ ਰੁੱਖ ਲਗਾਏ ਜਾ ਰਹੇ ਹਨ, ਅੱਜ ਦੇ ਧਰਨੇ ਨੂੰ ਜਿਲਾ ਆਗੂ ਰਾਜ ਸਿੰਘ ਥੇੜ੍ਹੀ, ਸੁਖਦੇਵ ਸ਼ਰਮਾ,ਜੱਸਵੀਰ ਸਿੰਘ ਮੈਦੇਵਾਸ,ਸੰਤ ਰਾਮ ਛਾਜਲੀ,ਮੱਖਣ ਸਿੰਘ ਪਾਪੜਾ ,ਲੀਲਾ ਸਿੰਘ ਚੋਟੀਆ,ਬੱਬੂ ਮੂਨਕ, ਬੀਰਵਲ ਸਿੰਘ ਹਮੀਰਗੜ੍ਹ ,ਦਰਸ਼ਨ ਸਿੰਘ ਖੋਖਰ ,ਮੁਖਤਿਆਰ ਮੰਡਵੀ ,ਦਰਸ਼ਨ ਖੋਖਰ ਆਏ ਆਗੂਆਂ ਨੇ ਕਿਹਾ ਕਿ ਜੰਗਲਾਤ ਮਹਿਕਮਾ ਦਰਖ਼ਤ ਲਾਉਣੇ ਬੰਦ ਕਰੇ,

# ਭਾ.ਕਿ.ਯੂ. ਏਕਤਾ ਸਿੱਧੂਪੁਰ ਨਹੀਂ ਲੱਗਣ ਦੇਵੇਗੀ ਚਿੱਪ ਵਾਲੇ ਮੀਟਰ



ਮਮਦੋਟ, 18 ਜੁਲਾਈ (ਲਛਮਣ ਸਿੰਘ ਸੰਧੂ): ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰੈੱਸ ਸਕੱਤਰ ਰਣਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਮਿਤੀ 18/7/25 ਕਿਸਾਨ ਆਗੂ ਬੀ ਕੇ ਯੂ ਏਕਤਾ ਸਿੱਧੂਪੁਰ ਬਲਾਕ ਪ੍ਰਧਾਨ ਮਮਦੋਟ ਸਾਹਬ ਸਿੰਘ ਦੀ ਅਗਵਾਈ ਹੇਠ ਕਿਸਾਨ ਜਸਵੰਤ ਸਿੰਘ ਪੁੱਤਰ ਹਰੀ ਸਿੰਘ ਅਤੇ ਅਮੀਰ ਸਿੰਘ ਪੁੱਤਰ ਸੁਰੈਣ ਸਿੰਘ ਦੇ ਕੁਝ ਦਿਨ ਪਹਿਲਾਂ ਬਿਜਲੀ ਮਹਿਕਮੇ ਵੱਲੋਂ ਕਿਸਾਨ ਪਰਿਵਾਰਾਂ ਦੀ ਗੈਰ ਹਾਜ਼ਰੀ ਵਿੱਚ ਚਿੱਪ ਵਾਲੇ ਮੀਟਰ ਲਗਾ ਦਿੱਤੇ ਗਏ ਸਨ, ਜਦੋਂਕਿ ਇਹ ਕਿਸਾਨ ਪਰਿਵਾਰ ਸਾਡੀ ਯੂਨੀਅਨ ਦੇ ਮੈਂਬਰ ਹਨ ਅਤੇ ਸਾਡੀ ਯੂਨੀਅਨ ਚਿੱਪ ਵਾਲੇ ਮੀਟਰ ਲੱਗਣ ਦੇ ਹੱਕ ਵਿੱਚ ਨਹੀਂ ਹੈ। ਚਿੱਪ ਵਾਲੇ ਮੀਟਰਾ ਦਾਂ ਵਿਰੋਧ ਕਰਦੀ ਹੈ ਇਸ ਲਈ ਸਾਡੇ ਆਗੂਆਂ ਦੀ ਹਾਜ਼ਰੀ ਵਿੱਚ ਇਹ ਚਿੱਪ ਵਾਲੇ ਮੀਟਰ ਪੁੱਟ ਕੇ ਬਿਜਲੀ ਦਫਤਰ ਮਮਦੋਟ ਜਮਾਂ ਕਰਵਾਏ ਗਏ ਹਨ, ਜਦੋਂਕਿ ਸਾਡੀ ਮਨਸ਼ਾ ਬਿਜਲੀ ਚੋਰੀ ਕਰਨ ਦੀ ਨਹੀਂ ਹੈ ਜੇਕਰ ਬਿਜਲੀ ਵਿਭਾਗ ਵੱਲੋਂ ਬਿਨ੍ਹਾਂ ਚਿੱਪ ਤੋਂ ਮੀਟਰ ਲਗਾਏ ਜਾਂਦੇ ਹਨ, ਤਾਂ ਸਾਨੂੰ ਕੋਈ ਇਤਰਾਜ਼ ਨਹੀ ਹੈ ਜੇਕਰ ਬਿਜਲੀ ਵਿਭਾਗ ਵੱਲੋਂ ਸਾਡੇ ਇਹਨਾਂ ਕਿਸਾਨ ਪਰਿਵਾਰਾਂ ਨੂੰ ਨਾਜਾਇਜ਼ ਜਰਮਾਨੇ ਜਾਂ ਬਿੱਲ ਪਾਏ ਜਾਂਦੇ ਹਨ, ਤਾਂ ਸਾਡੀ ਜੱਥੇਬੰਦੀ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਬਿਜਲੀ ਮਹਿਕਮੇ ਦੀ ਹੋਵੇਗੀ ਸਾਡੀ ਜੱਥੇਬੰਦੀ ਵੱਲੋਂ ਬਿਜਲੀ ਵਿਭਾਗ ਨੂੰ ਅਪੀਲ ਹੈ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਮਾਰਟ ਮੀਟਰ ਨਾ ਲਾਏ ਜਾਣ ਜਦੋਂ ਕਿ ਸਰਕਾਰਾਂ ਬਿਜਲੀ ਨਿੱਜੀਕਰਨ ਨੂੰ ਲੈਕੇ ਬਿਜਲੀ ਵਿਭਾਗ ਵੱਡੇ ਘਰਾਣੀਆ ਦੇ ਹਵਾਲੇ ਕਰ ਚੁੱਕੀ ਹੈ ਜਿਸ ਦੇ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਮਾਰਟ ਮੀਟਰ ਲਗਾਏ ਜਾ ਰਹੇ ਹਨ ਜਦੋਂ ਇਹਨਾਂ ਮੀਟਰਾਂ ਦੀ ਗਿਣਤੀ 60 ਪ੍ਰਤੀਸ਼ਤ ਹੋ ਜਾਂਦੀ ਹੈ ਤਾਂ ਇਹਨਾਂ ਘਰਾਣਿਆਂ ਵੱਲੋਂ ਨਿੱਜੀ ਫੌਜ ਦੇ ਬਲ ਤੇ ਬਾਕੀ ਰਹਿੰਦੇ ਸਮਾਰਟ ਮੀਟਰ ਲਗਾਏ ਜਾਣ ਗੇ ਜਿਸ ਤਰ੍ਹਾਂ ਪਿੰਡਾਂ ਵਿੱਚ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਆਪਣੀਆਂ ਗੱਡੀਆਂ ਤੇ ਆਪਣੇ ਨਾਲ ਕੁਝ ਬੰਦੇ ਲੈ ਕੇ ਘਰਾਂ ਵਿੱਚ ਗੇੜੇ ਮਾਰੇ ਜਾਂਦੇ ਹਨ ਇਸ ਤਰਾਂ ਪਿੰਡਾਂ ਵਿੱਚ ਆਮ ਲੋਕਾਂ ਦੇ ਘਰਾਂ ਵਿੱਚ ਆਪਣੇ ਗੁੰਡੇ ਨਾਲ ਲੈਕੇ ਧੱਕੇ ਨਾਲ ਚਿੱਪ ਵਾਲੇ ਮੀਟਰ ਲਗਾਏ ਜਾਣ ਗੇ ਅਤੇ ਜਿਸ ਤਰ੍ਹਾਂ ਮੋਬਾਈਲ ਫੋਨ ਵਿੱਚ ਰੀਚਾਰਜ਼ ਖਤਮ ਹੋਣ ਤੇ ਫੋਨ ਬੰਦ ਹੋ ਜਾਂਦਾ ਹੈ ਇਸ ਤਰ੍ਹਾਂ ਰੀਚਾਰਜ਼ ਖਤਮ ਹੋਣ ਤੇ ਬਿਜਲੀ ਬੰਦ ਕਰ ਦਿੱਤੀ ਜਾਵੇਗੀ ਇਸ ਲਈ ਸਾਡੀ ਜਥੇਬੰਦੀ ਚਿੱਪ ਵਾਲੇ ਮੀਟਰ ਨਹੀਂ ਲੱਗਣ ਦੇਵੇ ਗੀ। ਇਸ ਸਮੇਂ ਕਿਸਾਨ ਆਗੂ ਜੇ ਜੱਜ ਸਿੰਘ ਹਾਮਦ ਸਲਾਹਕਾਰ ਮਮਦੋਟ, ਅਮ੍ਰਿਤਪਾਲ ਸਿੰਘ ਇਕਾਈ ਪ੍ਰਧਾਨ ਝੋਂਕ ਨੋਧ ਸਿੰਘ ਵਾਲਾ, ਜਗਰੂਪ ਸਿੰਘ ਇਕਾਈ ਪ੍ਰਧਾਨ, ਮਿਹਰਬਾਨ ਸਿੰਘ ਸੀਨੀਅਰ ਆਗੂ, ਜਸਵੰਤ ਸਿੰਘ, ਅਮੀਰ ਸਿੰਘ ਆਦਿ ਆਗੂ ਹਾਜ਼ਰ ਸਨ।

# ਡੇਂਗੂ ਤੋਂ ਬਚਾਓ ਸਬੰਧੀ ਜਾਗਰੂਕ ਕੀਤਾ

ਧੂਰੀ, 18 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ): ਅੱਜ ਸਿਹਤ ਵਿਭਾਗ ਦੇ ਅਮਲੇ ਵੱਲੋਂ ਸ਼ਹਿਰ ਦੇ ਮਹੇਸ਼ ਨਗਰ , ਰਚਨਾ ਬਸਤੀ ਸਣੇ ਹੋਰ ਇਲਾਕਿਆਂ ਵਿੱਚ ਲੋਕਾਂ ਨੂੰ ਡੇਂਗੂ ਦੇ ਬਚਾਅ ਸਬੰਧੀ ਜਾਗਰੂਕ ਕੀਤਾ ਅਤੇ ਵੱਖ ਵੱਖ ਥਾਵਾਂ ਤੇ ਡੇਂਗੂ ਦਾ ਲਾਰਵਾ ਵੀ ਚੈੱਕ ਕੀਤਾ। ਇਸ ਮੌਕੇ ਡੇਂਗੀ ਮਲੇਰੀਆ ਅਤੇ ਵੈਕਰ ਵਾਰਨ ਡਜੀਜ ਸੰਬੰਧੀ ਅਤੇ ਗਰਮੀ ਦੇ ਬਚਾਓ ਅਤੇ ਬਿਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਡੇਂਗੂ ਦੇ ਲਾਰਵਾ ਦੀ ਭਾਲ ਕੀਤੀ ਅਤੇ ਮੌਕੇ ਤੇ ਨਸ਼ਟ ਕਰਵਾਇਆ ਮੁਹੱਲਾ ਨਿਵਾਸੀਆਂ ਨੂੰ ਲਾਰਵੇ ਦੇ ਘਰਾਂ ਵਿੱਚ ਟਿਕਾਣੇਆਂ ਸਬੰਧੀ ਅਤੇ ਲਾਰਵੇ ਨੂੰ ਖਤਮ ਕਰਨ ਸਬੰਧੀ ਜਾਣਕਾਰੀ ਸਾਂਝੀ ਕੀਤੀ ਘਰਾਂ ਵਿੱਚ ਕੂਲਰ ਫਰਿਜ ਅਤੇ ਹੋਰ ਸਮਾਨ ਜਿਸ ਵਿੱਚ ਲਾਰਵਾ ਪਲਪ ਸਕਦਾ ਹੈ ਦਾ ਨੂੰ ਹਰ ਸ਼ੁੱਕਰਵਾਰ ਚੈੱਕ ਕਰਨ ਲਈ ਕਿਹਾ ਤਾਂ ਜਿ ਮੱਛਰਾਂ ਤੋਂ ਹੋਣ ਵਾਲੇ ਬੁਖਾਰਾ ਤੋਂ ਬਚਾਅ ਕੀਤਾ ਜਾ ਸਕੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਐਡਵੋਕੇਟ ਹੈਪੀ ਗਰਗ ਵੀ ਹਾਜ਼ਰ ਸਨ।

# ਚੰਨੀ ਨੇ ਜੇਰੇ ਇਲਾਜ ਸਾਬਕਾ ਫੌਜੀ ਦਾ ਹਾਲ ਚਾਲ ਪੁੱਛਿਆ

ਮੌੜ ਮੰਡੀ, 18 ਜੁਲਾਈ (ਭੋਲਾ ਸਿੰਘ ਮਾਨ): ਪਿਛਲੇ ਡੇਢ ਮਹੀਨੇ ਦੇ ਕਰੀਬ ਪਿੰਡ ਭਾਈ ਬਖਤੌਰ ਦੇ ਨਸ਼ਾ ਰੋਕੂ ਕਮੇਟੀ ਦੇ ਮੈਂਬਰ ਤੇ ਸਾਬਕਾ ਫੌਜੀ ਰਣਵੀਰ ਸਿੰਘ ਦੀਆਂ ਲੱਤਾਂ ਤੋੜ ਕੇ ਉਸ ਨੂੰ ਅਪਾਹਜ ਕਰਨ ਅਤੇ 'ਪਿੰਡ ਵਿਕਾਊ ਹੈ ' ਦੀ ਵੀਡੀਓ ਵਾਇਰਲ ਕਰਨ ਵਾਲੇ ਲਖਵੀਰ ਸਿੰਘ ਦੇ ਘਰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਚੰਨੀ ਪਿੰਡ ਭਾਈ ਬਖਤੌਰ ਪਹੁੰਚੇ ਅਤੇ ਉਹਨਾਂ ਤੋਂ ਘਟਨਾ ਦੀ ਜਾਣਕਾਰੀ ਲਈ। ਇਸ ਮੌਕੇ ਸਾਬਕਾ ਮੁੱਖ ਮੰਤਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਇੱਕ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਪ੍ਰਸ਼ਾਸਨ ਵੱਲੋਂ ' ਯੁੱਧ ਨਸ਼ਿਆਂ ਵਿਰੁਧ ' ਮੁਹਿੰਮ ਸੁਰੂ ਕੀਤੀ ਹੋਈ ਹੈ, ਦੂਜੇ ਪਾਸੇ ਨਸ਼ਾ ਤਸਕਰੀ ਕਰਨ ਵਾਲਿਆਂ ਦੇ ਹੌਸਲੇ ਐਨੇ ਵਧੇ ਹੋਏ ਹਨ ਕਿ ਉਹਨਾਂ ਨੇ ਨਸ਼ਾ ਰੋਕੂ ਕਮੇਟੀ ਦੇ ਮੈਂਬਰ ਰਣਵੀਰ ਸਿੰਘ ਦੀਆਂ ਸ਼ਰੇਆਮ ਲੱਤਾਂ ਤੋੜ ਦਿੱਤੀਆਂ ਹਨ ਅਤੇ ਪੁਲਿਸ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੀ ਸੀ। ਹੋਰ ਤਾਂ ਹੋਰ ਨਸ਼ਾਂ ਤਸਕਰਾਂ ਤੋਂ ਪ੍ਰੇਸ਼ਾਨ ਪਿੰਡ ਦੇ ਨੌਜਵਾਨ ਲਖਵੀਰ ਸਿੰਘ ਨੇ 'ਪਿੰਡ ਵਿਕਾਊ ਹੈ ' ਦੀ ਵੀਡੀਓ ਵਾਇਰਲ ਕਰ ਦਿੱਤੀ, ਜਿਸ ਤੋਂ ਬਾਅਦ ਉਲਟਾ ਪੁਲਿਸ ਨੇ ਲਖਵੀਰ ਸਿੰਘ ਨੂੰ ਡਰਾਇਆ ਧਮਕਾਇਆ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਯੁੱਧ ਨਸ਼ਿਆਂ ਵਿਰੁਧ ਮੁਹਿੰਮ ਸਿਰਫ ਕਾਗਜਾਂ 'ਚ ਬਣ ਕੇ ਰਹਿ ਗਈ ਹੈ। ਇਸ ਮੌਕੇ ਚਰਨਜੀਤ ਸਿੰਘ ਚੰਨੀ ਨੇ ਐਸਐਸਪੀ ਬਠਿੰਡਾ ਅਮਨੀਤ ਕੌਂਡਲ ਨਾਲ ਫੋਨ ਤੇ ਗੱਲ ਕੀਤੀ ਅਤੇ ਕਿਹਾ ਕਿ ਰਣਵੀਰ ਸਿੰਘ ਦੇ ਕੇਸ ਵਿਚ ਪੁਲਿਸ ਨੇ ਦੋਸ਼ੀਆਂ ਖਿਲਾਫ ਸਹੀ ਧਰਾਵਾਂ ਨਹੀਂ ਲਗਾਈਆਂ, ਜਿਸ ਕਾਰਨ ਮੁਲਜ਼ਮਾਂ ਦੇ ਹੌਂਸਲੇ ਇੱਥੋਂ ਤੱਕ ਵਧ ਰਹੇ ਕਿ ਉਹਨਾਂ ਨੇ ਸਮਾਜਸੇਵੀ ਲੋਕਾਂ ਦਾ ਜੀਣਾ ਦੁੱਭਰ ਕੀਤਾ ਹੋਇਆ ਹੈ। ਇਸ ਮੌਕੇ ਸਾਬਕਾ ਮੁੱਖ ਮੰਤਰੀ ਨੇ ਸਾਬਕਾ ਫੌਜੀ , ਲਖਵੀਰ ਸਿੰਘ ਅਤੇ ਪਿੰਡ ਵਾਸੀਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਤੁਹਾਡੇ ਨਾਲ ਖੜ੍ਹੀ ਹੈ ਅਤੇ ਕਿਸੇ ਵੀ ਕਿਸਮ ਦੀ ਧੱਕੇਸ਼ਾਹੀ ਨਹੀ ਹੋਣ ਦਿੱਤੀ ਜਾਵੇਗੀ। ਇਸ ਮੌਕੇ ਸਾਬਕਾ ਵਿਧਾਇਕ ਜਗਦੇਵ ਸਿੰਘ ਕਮਾਲੂ, ਬਲਾਕ ਕਾਂਗਰਸ ਦੇ ਪ੍ਰਧਾਨ ਸੁਖਦੀਪ ਸਿੰਘ ਰਾਮਨਗਰ, ਜ਼ਿਲ੍ਹਾ ਪ੍ਰਧਾਨ ਜਸਵਿੰਦਰ ਕੌਰ ਜੌਹਰ, ਭੁਪਿੰਦਰ ਸ਼ਰਮਾ, ਧੰਨਾ ਸਿੰਘ ਜੋਧਪੁਰ, ਗੁਰਦਿੱਤਾ ਸਿੰਘ ਮਾਈਸਰਖਾਨਾ, ਸੁਖਮੰਦਰ ਸਿੰਘ ਜੋਧਪੁਰ ਤੋਂ ਇਲਾਵਾ ਭਾਰੀ ਗਿਣਤੀ ਵਿਚ ਕਾਂਗਰਸੀ ਵਰਕਰ ਮੌਜੂਦ ਸਨ।

# ਭਗਤਾ ਭਾਈਕਾ ਬਲਾਕ ਵਿੱਚ ਵੀ ਕੀਤਾ ਲਾਰਵੇ ਤੇ ਵਾਰ



ਭਗਤਾ ਭਾਈ ਕਾ,18 ਜੁਲਾਈ (ਸਵਰਨ ਸਿੰਘ ਭਗਤਾ):ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਦੀ ਦੇਖਰੇਖ ਹੇਠ ਚੱਲ ਰਹੀ ਮੁਹਿੰਮ ਹਰ ਸ਼ੁੱਕਰਵਾਰ ਡੇਗੂ 'ਤੇ ਵਾਰ ਅਧੀਨ ਅੱਜ ਬਠਿੰਡਾ ਜ਼ਿਲ੍ਹਾ ਅਧੀਨ ਪੈਂਦੇ ਭਗਤਾ ਭਾਈਕਾ ਸਿਹਤ ਬਲਾਕ ਵਿਖੇ ਵੀ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਦੀ ਯੋਗ ਅਗਵਾਈ ਹੇਠ ਪੁਲਿਸ ਥਾਣਿਆ ਪੁਲਿਸ ਚੌਂਕੀ ਅਤੇ ਖਾਲੀ ਪਲਾਟਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਸਿਹਤ ਕਰਮਚਾਰੀਆਂ ਵੱਲੋਂ ਘਰਾਂ ਵਿੱਚ ਲਾਰਵੇ ਦੀ ਜਾਂਚ ਵੀ ਕੀਤੀ ਗਈ। ਸੀਨੀਅਰ ਮੈਡੀਕਲ ਅਫਸਰ ਡਾਕਟਰ ਸੀਮਾ ਗੁਪਤਾ ਵੱਲੋਂ ਇੱਕ ਟੀਮ ਦਾ ਗਠਨ ਕੀਤਾ ਗਿਆ। ਜਿਸ ਵਿੱਚ ਐਸਆਈ ਹਰਜਿੰਦਰ ਸਿੰਘ,ਰਾਮ ਗੋਪਾਲ ਜੇਠੀ, ਜਸਵੀਰ ਸਿੰਘ, ਗੁਰਮੀਤ ਸਿੰਘ, ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਉਣਾ, ਐਮਪੀਐਚ ਡਬਲਯੂ ਮੇਲ ਗੁਰਸਿਮਰਨ ਸਿੰਘ, ਜਗਮੋਹਣ ਸਿੰਘ, ਹਰਜੀਤ ਸਿੰਘ ਅਤੇ ਬਲੀਡਰ ਚੈੱਕਰ ਅਜੇ ਕੁਮਾਰ ਸਾਮਲ ਸਨ। ਇਸ ਮੌਕੇ ਟੀਮ ਵੱਲੋਂ ਦਿਆਲਪੁਰਾ ਭਾਈ ਕੈਂਪ ਐਟ ਭਗਤਾ ਭਾਈਕਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਥਾਣਾ ਮੁਖੀ ਦਲਜੀਤ ਸਿੰਘ ਨਾਲ ਮੀਟਿੰਗ ਕੀਤੀ ਗਈ। ਉਹਨਾਂ ਨੂੰ ਥਾਣੇ ਵਿੱਚ ਸਾਫ ਖੜੇ ਪਾਣੀ ਨੂੰ ਹਫਤੇ ਵਿੱਚ ਇੱਕ ਵਾਰ ਡੋਲਣ ਦਾ ਸੁਨੇਹਾ ਦਿੱਤਾ। ਇਹ ਸਰਵੇਖਣ ਟੀਮ ਨੇ ਥਾਣੇ ਦੇ ਵਿਹੜੇ ਵਿੱਚ ਅਤੇ ਛੱਤ ਉੱਪਰ ਬਰੀਕੀ ਨਾਲ ਜਾਂਚ ਕੀਤੀ ਗਈ। ਇਸ ਮੌਕੇ ਮੀਂਹ ਦੇ ਖੜ੍ਹੇ ਪਾਣੀ ਨੂੰ ਡੋਲਾਇਆ ਗਿਆ।

# ਡੇਂਗੂ ਸਬੰਧੀ ਸਰਵੇ ਕਰਕੇ ਜਾਗਰੂਕ ਕੀਤਾ



ਲਹਿਰਾਗਾਗਾ, 18 ਜੁਲਾਈ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ): ਸਿਹਤ ਵਿਭਾਗ ਦੀਆਂ ਹਿਦਾਇਤਾਂ ਦੇ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੱਜੇ ਬਾਂਸਲ ਦੀ ਯੋਗ ਅਗਵਾਈ ਵਿੱਚ ਲਹਿਰਾ ਸ਼ਹਿਰ ਦੇ ਸਦਰ ਥਾਣਾ ਲਹਿਰਾ 'ਤੇ ਖ਼ਾਲੀ ਪਏ ਪਲਾਟਾ ਵਿੱਚ ਜਾ ਕੇ ਡੇਂਗੂ ਦੇ ਲਾਰਵੇ ਸੰਬਧੀ ਸਰਵੇ ਕਰਕੇ ਸ਼ੱਕੀ ਲਾਰਵੇ ਵਾਲੀ ਥਾਵਾਂ ਤੇ ਟੇਮੀਫਾਸ ਸਪਰੇਅ ਦਾ ਛਿੜਕਾਅ ਕੀਤਾ ਗਿਆ ਤੇ ਡੇਂਗੂ ਦੇ ਲਾਰਵੇ ਯੁਕਤ ਕੰਟੇਨਰਾਂ ਨੂੰ ਨਸ਼ਟ ਕਰਵਾਇਆ ਗਿਆ। ਮੌਕੇ 'ਤੇ ਮੌਜੂਦ ਪਾਏ ਗਏ ਪੁਲੀਸ ਮੁਲਾਜ਼ਮਾਂ ਨੂੰ ਡੇਂਗੂ ਦੇ ਪੈਦਾ ਹੋਣ ਦੇ ਕਾਰਨ, ਸੋਰਸ , ਪ੍ਰਭਾਵ ਤੇ ਡੇਂਗੂ ਤੋਂ ਬਚਾਅ ਕਰਨ ਬਾਰੇ ਸਮਝਾਇਆ ਗਿਆ। ਇਸ ਮੌਕੇ ਸਿਹਤ ਵਿਭਾਗ ਵੱਲੋਂ ਐੱਸ.ਆਈ ਜੱਗਜੀਵਨ ਕੁਮਾਰ, ਸੁਖਵਿੰਦਰ ਸਿੰਘ, ਰਾਜੂ ਸੈਨੀ, ਸਰਬਜੀਤ ਸਿੰਘ ਤੇ ਨਰਸਿੰਗ ਦੇ ਵਿਦਿਆਰਥੀ, ਨਗਰ ਕੌਂਸਲ ਲਹਿਰਾ ਦੇ ਮੁਲਾਜ਼ਮ ਆਦਿ ਹਾਜ਼ਰ ਸਨ ।

# ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਦੀਆਂ ਰੁਕੀਆਂ ਤਨਖਾਹਾਂ

## ਜਲਦ ਜਾਰੀ ਕੀਤੀਆਂ ਜਾਣ : ਸੰਯੁਕਤ ਫਰੰਟ

ਸੁਨਾਮ ਊਧਮ ਸਿੰਘ ਵਾਲਾ, 18 ਜੁਲਾਈ (ਮੋਹਨ ਸ਼ਰਮਾ/ ਰਾਉਵਰਿੰਦਰ ਮਠਾੜੂ):ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਸੇਵਾਵਾਂ ਨਿਭਾ ਰਹੇ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਨੇ ਸੂਬੇ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਪ੍ਰਭਾਵਿਤ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਦੀਆਂ ਰੋਕੀਆਂ ਗਈਆਂ ਤਨਖਾਹਾਂ ਤੁਰੰਤ ਪ੍ਰਭਾਵ ਨਾਲ ਜਾਰੀ ਕੀਤੀਆਂ ਜਾਣ। ਗੈਸਟ ਫੈਕਲਟੀ ਸੰਯੁਕਤ ਫਰੰਟ ਸਰਕਾਰੀ ਕਾਲਜ ਪੰਜਾਬ ਦੇ ਸੂਬਾਈ ਆਗੂ ਡਾ. ਰਾਵਿੰਦਰ ਸਿੰਘ ਮਾਨਸਾ, ਪ੍ਰੋ. ਗੁਰਸੇਵ ਸਿੰਘ ਪਟਿਆਲਾ, ਡਾ. ਪਰਮਜੀਤ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਪ੍ਰੋ. ਮੁਹੰਮਦ ਤਨਵੀਰ ਸੰਗਰੂਰ ਨੇ ਦੋਸ਼ ਲਗਾਇਆ ਕਿ ਨਵੇਂ ਸਹਾਇਕ ਪ੍ਰੋਫੈਸਰਾਂ ਦੀ ਨਿਯੁਕਤੀ ਕਰਨ ਸਮੇਂ ਗੈਸਟ ਪ੍ਰੋਫੈਸਰਾਂ ਨਾਲ ਵੱਡਾ ਧਰੋਹ ਕਮਾਇਆ ਗਿਆ ਹੈ ਕਿਉਂ ਕਿ ਨਵਿਆਂ ਨੂੰ ਪਹਿਲਾਂ ਲੱਗੇ ਗੈਸਟ ਪ੍ਰੋਫੈਸਰਾਂ ਦੀ ਅਸਾਮੀਆਂ ਤੇ ਲਗਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ ਪ੍ਰਭਾਵਿਤ ਹੋਣ ਵਾਲੇ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਦੀ ਤਨਖਾਹ ਕਾਲਜ ਪ੍ਰਬੰਧਕਾਂ ਵੱਲੋਂ ਜਾਰੀ ਨਹੀਂ ਕੀਤੀ ਜਾ ਰਹੀ ਜਿਸ ਕਰਕੇ ਗੈਸਟ ਪ੍ਰੋਫੈਸਰ ਫਾਕੇ ਕੱਟਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਮੰਚਾਂ ਤੋਂ ਇਹ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਕਿਸੇ ਵੀ ਮੁਲਾਜਮ ਦਾ ਚੁੱਲ੍ਹਾ ਬੁਝਣ ਨਹੀਂ ਦੇਣਾ ਪਰ ਗੈਸਟ ਪ੍ਰੋਫੈਸਰਾਂ ਦੇ ਚੁੱਲ੍ਹੇ ਪਿਛਲੇ ਛੇ ਮਹੀਨਿਆਂ ਤੋਂ ਠੰਡੇ ਪਏ ਹੋਏ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਫਰੰਟ ਆਗੂਆਂ ਨਾਲ ਵਾਅਦੇ ਜ਼ਰੂਰ ਕੀਤੇ ਗਏ ਪਰ ਇਨ੍ਹਾਂ ਨੂੰ ਪੂਰਾ ਕਰਨ ਵਿੱਚ ਮੰਤਰੀ ਸਾਹਿਬ ਅਸਮਰੱਥ ਰਹੇ ਹਨ। ਫਰੰਟ ਆਗੂਆਂ ਨੇ ਕਿਹਾ ਕਿ ਪਹਿਲ ਦੇ ਅਧਾਰ ਤੇ ਪ੍ਰਭਾਵਤ ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰਾਂ ਦੀਆਂ ਤਨਖਾਹਾਂ ਜਾਰੀ ਕੀਤੀਆਂ ਜਾਣ। ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਕੰਮ ਕਰਦੇ ਗੈਸਟ ਪ੍ਰੋਫੈਸਰਾਂ ਨੇ ਕਿਹਾ ਕਿ ਉਨ੍ਹਾਂ ਆਪਣੀ ਜ਼ਿੰਦਗੀ ਦਾ ਸੁਨਹਿਰੀ ਸਮਾਂ ਸਰਕਾਰੀ ਕਾਲਜਾਂ ਨੂੰ ਦਿੱਤਾ ਹੈ ਇਸ ਲਈ ਗੈਸਟ ਪ੍ਰੋਫੈਸਰਾਂ ਦੀ ਨੌਕਰੀ ਨੂੰ ਸੁਰੱਖਿਅਤ ਕੀਤਾ ਜਾਵੇ।

# ਸਰਕਾਰੀ ਸਕੂਲ ਵਿੱਚ ਪੌਦੇ ਲਗਾਏ



ਭਗਤਾ ਭਾਈ ਕਾ, 18 ਜੁਲਾਈ (ਸਵਰਨ ਸਿੰਘ ਭਗਤਾ):ਸਰਕਾਰੀ ਹਾਈ ਸਕੂਲ ਕੇਸਰ ਸਿੰਘ ਵਾਲਾ ਵਿਖੇ ਨਗਰ ਪੰਚਾਇਤ ਵੱਲੋਂ 'ਇੱਕ ਪੇੜ ਮਾਂ ਕੇ ਨਾਮ ' ਤਹਿਤ ਵਾਤਾਵਰਨ ਦੀ ਸ਼ੁੱਧਤਾ ਲਈ ਪੌਦੇ ਲਗਾਏ ਗਏ। ਇਸ ਮੌਕੇ ਸਰਪੰਚ ਹਰਪ੍ਰੀਤ ਸਿੰਘ ਦੱਸਿਆ ਕਿ ਸਮੁੱਚੀ ਗ੍ਰਾਮ ਪੰਚਾਇਤ ਕੇਸਰ ਸਿੰਘ ਵਾਲਾ,ਸਮੂਹ ਸਮਾਜ ਸੇਵੀ ਨੌਜਵਾਨਾਂ ਦੇ ਸਹਿਯੋਗ ਨਾਲ ਬੱਚਿਆਂ ਨੂੰ ਛਾਂ-ਦਾਰ, ਫਲਦਾਰ ਅਤੇ ਸਜਾਵਟੀ ਬੂਟੇ ਵੰਡੇ ਗਏ ਅਤੇ ਸਕੂਲ ਵਿੱਚ ਬੂਟੇ ਲਗਾਏ ਗਏ। ਇਸ ਮੌਕੇ ਸਰਪੰਚ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਹੀ ਵਾਤਾਵਰਨ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਕਿਉਂਕਿ ਰੁੱਖ ਤੇ ਮਨੁੱਖ ਦੀ ਗੂੜ੍ਹੀ ਸਾਂਝ ਹੈ। ਉਹਨਾਂ ਕਿਹਾ ਕਿ ਉਹ ਰੁੱਖ ਆਕਸੀਜਨ ਦਾ ਸਰੋਤ ਹਨ ਜੋ ਕਿ ਮਨੁੱਖਾਂ ਅਤੇ ਜੀਵ ਜੰਤੂਆ ਨੂੰ ਜੀਵਨ ਲਈ ਆਕਸੀਜਨ ਪ੍ਰਦਾਨ ਕਰਦੇ ਹਨ, ਉਨ੍ਹਾਂ ਕਿਹਾ ਕਿ ਰੁੱਖਾਂ ਦਾ ਘਟਨਾ ਚਿੰਤਾ ਦਾ ਵਿਸ਼ਾ ਹੈ। ਇਸ ਸਮੇਂ ਮੁੱਖ ਅਧਿਆਪਕ ਬਲਜਿੰਦਰ ਕੌਰ, ਮਾਸਟਰ ਜਸਬੀਰਪਾਲ, ਮਾਸਟਰ ਕੁਲਵਿੰਦਰ ਸਿੰਘ, ਏਕਮਓਂਕਾਰ ਸਿੰਘ,ਮੈਡਮ ਵੀਰਪਾਲ ਕੌਰ,ਮੈਡਮ ਪੂਜਾ ਦੇਵੀ,ਮੈਡਮ ਕਰਮਜੀਤ ਕੌਰ ਅਤੇ ਸਮੂਹ ਅਧਿਆਪਕ ਹਾਜ਼ਰ ਸਨ। ਇਸ ਸਮੇਂ ਮੁੱਖ ਅਧਿਆਪਕ ਬਲਜਿੰਦਰ ਕੌਰ, ਮਾਸਟਰ ਜਸਬੀਰਪਾਲ, ਮਾਸਟਰ ਕੁਲਵਿੰਦਰ ਸਿੰਘ, ਏਕਮਓਂਕਾਰ ਸਿੰਘ,ਮੈਡਮ ਵੀਰਪਾਲ ਕੌਰ,ਮੈਡਮ ਪੂਜਾ ਦੇਵੀ,ਮੈਡਮ ਕਰਮਜੀਤ ਕੌਰ ਅਤੇ ਸਮੂਹ ਅਧਿਆਪਕ ਹਾਜ਼ਰ ਸਨ।


# ਪੁਲਿਸ ਨੇ 135 ਫੋਨ ਲੱਭ ਕੇ ਮਾਲਕਾਂ ਦੇ ਹਵਾਲੇ ਕੀਤੇ




ਬਠਿੰਡਾ, 18 ਜੁਲਾਈ (ਦੀਪਕ ਸ਼ਰਮਾ): ਜੇਕਰ ਤੁਹਾਡਾ ਕੀਮਤੀ ਮੋਬਾਈਲ ਫੋਨ ਗੁੰਮ ਹੋ ਗਿਆ ਹੈ ਜਾਂ ਕਿਸੇ ਅਪਰਾਧੀ ਨੇ ਖੋਹ ਲਿਆ ਹੈ, ਤਾਂ ਹੁਣ ਨਿਰਾਸ਼ ਹੋਣ ਦੀ ਕੋਈ ਲੋੜ ਨਹੀਂ। ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਓ ਇਸ ਤੋਂ ਵੱਧ ਪੁਲਿਸ ਦੀ ਜਿੰਮੇਵਾਰੀ ਹੈ ਤੁਹਾਡਾ ਮੋਬਾਈਲ ਲੱਭ ਕੇ ਦੇਣਾ। ਬਠਿੰਡਾ ਪੁਲਿਸ ਦੇ ਐਸਐਸਪੀ ਅਮਨੀਤ ਕੌਂਡਲ ਸਥਾਨਕ ਪੁਲਿਸ ਲਾਈਨ ਵਿੱਚ ਕਰਵਾਏ ਗਏ ਸਮਾਗਮ135 ਮੋਬਾਇਲ ਫੋਨ ਜਿਨ੍ਹਾਂ ਦੀ ਕੀਮਤ 17,12,700 ਬਣਦੀ ਹੈ ਉਨਾਂ ਦੇ ਮਾਲਕਾਂ ਦੇ ਹਵਾਲੇ ਕੀਤੇ ਹਨ।ਜ਼ਿਕਰਯੋਗ ਹੈ ਕੀ ਬਠਿੰਡਾ ਪੁਲਿਸ ਨੇ ਗੁੰਮ ਹੋਏ ਅਤੇ ਅਪਰਾਧੀਆਂ ਵੱਲੋਂ ਖੋਹੇ ਗਏ ਮੋਬਾਈਲ ਫੋਨਾਂ ਨੂੰ ਲੱਭ ਕੇ ਉਨ੍ਹਾਂ ਦੇ ਅਸਲੀ ਮਾਲਕਾਂ ਤੱਕ ਪਹੁੰਚਾਉਣ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸੀਈਆਆਈਆਰ ਪੋਰਟਲ ਦੀ ਅਹਿਮ ਮਦਦ ਨਾਲ, ਬਠਿੰਡਾ ਪੁਲਿਸ ਮੋਬਾਇਲ ਫੋਨ ਲੱਭਣ ਵਿੱਚ ਕਾਮਯਾਬ ਰਹੀ। ਜਿਸ ਦੇ ਤਹਿਤ ਬੁੱਧਵਾਰ ਨੂੰ 135 ਅਜਿਹੇ ਮੋਬਾਈਲ ਫੋਨ ਬਰਾਮਦ ਕਰਕੇ ਉਨ੍ਹਾਂ ਦੇ ਹੱਕਦਾਰਾਂ ਨੂੰ ਸੌਂਪ ਦਿੱਤੇ ਹਨ। ਇਨ੍ਹਾਂ ਬਰਾਮਦ ਹੋਏ ਫੋਨਾਂ ਦੀ ਕੁੱਲ ਕੀਮਤ ਬਾਜ਼ਾਰ ਵਿੱਚ ਲਗਭਗ 17,12,700 ਰੁਪਏ ਬਣਦੀ ਹੈ। ਪੁਲਿਸ ਦੇ ਇਸ ਕਦਮ ਨਾਲ ਜਿੱਥੇ ਆਮ ਲੋਕਾਂ ਨੂੰ ਆਪਣੀਆਂ ਗੁੰਮ ਹੋਈਆਂ ਕੀਮਤੀ ਵਸਤਾਂ ਵਾਪਸ ਮਿਲੀਆਂ ਹਨ, ਉੱਥੇ ਹੀ ਉਨ੍ਹਾਂ ਦੇ ਹੋਏ ਵਿੱਤੀ ਨੁਕਸਾਨ ਦੀ ਵੀ ਭਰਪਾਈ ਹੋਈ ਹੈ।ਐੱਸ.ਐੱਸ.ਪੀ. ਬਠਿੰਡਾ ਅਮਨੀਤ ਕੌਂਡਲ ਨੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਦੀ ਸਮੁੱਚੀ ਪੁਲਿਸ ਟੀਮ ਦੇ ਤਜਰਬੇਕਾਰ ਕਰਮਚਾਰੀਆਂ ਦੀ ਇੱਕ ਸਾਂਝੀ ਟੀਮ ਨੇ ਪ੍ਰੰਪਰਾਗਤ ਅਤੇ ਆਧੁਨਿਕ ਵਿਗਿਆਨਕ ਤਕਨੀਕਾਂ ਦੇ ਸੁਮੇਲ ਦੀ ਵਰਤੋਂ ਕਰਦੇ ਹੋਏ ਇਸ ਮੁਹਿੰਮ ਨੂੰ ਸਫਲ ਬਣਾਇਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਕੋਈ ਇੱਕ ਦਿਨ ਦੀ ਸਫਲਤਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਪੁਲਿਸ ਨੇ ਪਿਛਲੇ ਦਿਨਾਂ ਵਿੱਚ 353 ਮੋਬਾਈਲ ਫੋਨ ਟਰੇਸ ਕਰਕੇ ਉਨ੍ਹਾਂ ਦੇ ਅਸਲੀ ਮਾਲਕਾਂ ਨੂੰ ਵਾਪਸ ਕੀਤੇ ਸਨ। ਇਨ੍ਹਾਂ 353 ਫੋਨਾਂ ਦੀ ਕੁੱਲ ਕੀਮਤ ਲਗਭਗ 49 ਲੱਖ ਰੁਪਏ ਦੇ ਕਰੀਬ ਬਣਦੀ ਸੀ।ਐੱਸ.ਐੱਸ.ਪੀ. ਕੌਂਡਲ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਜੂਦਾ ਸਾਲ, ਯਾਨੀ ਜਨਵਰੀ 2025 ਤੋਂ ਹੁਣ ਤੱਕ, ਬਠਿੰਡਾ ਪੁਲਿਸ ਵੱਲੋਂ ਕੁੱਲ 488 ਮੋਬਾਈਲ ਫੋਨ ਲੱਭੇ ਗਏ ਹਨ, ਜਿਨ੍ਹਾਂ ਦੀ ਕੁੱਲ ਕੀਮਤ ਕਰੀਬ 66 ਲੱਖ ਰੁਪਏ ਬਣਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ CEIR ਪੋਰਟਲ, ਜੋ ਕਿ ਅਪ੍ਰੈਲ ਸਾਲ 2023 ਤੋਂ ਚਾਲੂ ਹੋਇਆ ਹੈ, ਦੇ ਸ਼ੁਰੂ ਹੋਣ ਤੋਂ ਬਾਅਦ ਹੁਣ ਤੱਕ ਬਠਿੰਡਾ ਪੁਲਿਸ ਨੇ ਕੁੱਲ 830 ਮੋਬਾਈਲ ਫੋਨ ਰਿਕਵਰ ਕਰਕੇ ਅਸਲ ਮਾਲਕਾਂ ਦੇ ਹਵਾਲੇ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਇੱਕ ਸਾਰਣੀ ਵੀ ਸਾਂਝੀ ਕੀਤੀ: 2023 ਵਿੱਚ 80 ਫੋਨ, 2024 ਵਿੱਚ 262 ਫੋਨ ਅਤੇ 2025 ਵਿੱਚ ਹੁਣ ਤੱਕ 488 ਫੋਨ ਰਿਕਵਰ ਕੀਤੇ ਗਏ ਹਨ।ਬਠਿੰਡਾ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਦਾ ਮੋਬਾਈਲ ਫੋਨ ਗੁੰਮ ਹੋ ਜਾਂਦਾ ਹੈ, ਤਾਂ ਉਹ ਤੁਰੰਤ ਸੀਈਆਈਆਰ( ਪੋਰਟਲ 'ਤੇ ਆਨਲਾਈਨ ਜਾਂ ਆਪਣੇ ਨੇੜਲੇ ਪੁਲਿਸ ਸਾਂਝ ਕੇਂਦਰ ਵਿੱਚ ਇਸ ਸਬੰਧੀ ਆਪਣੀ ਸ਼ਿਕਾਇਤ ਦਰਜ ਕਰਵਾਉਣ। ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਪਬਲਿਕ ਦੇ ਗੁੰਮਸ਼ੁਦਾ ਮੋਬਾਈਲ ਫੋਨਾਂ ਦੀ ਬਰਾਮਦਗੀ ਲਈ ਆਰੰਭੀ ਇਹ ਮੁਹਿੰਮ ਅੱਗੇ ਲਈ ਵੀ ਇਸੇ ਤਰ੍ਹਾਂ ਹੀ ਜਾਰੀ ਰਹੇਗੀ। ਪੁਲਿਸ ਦਾ ਕਹਿਣਾ ਹੈ ਕਿ ਉਹ ਲਗਾਤਾਰ 24 ਘੰਟੇ ਆਪਣੇ ਕੰਮ ਵਿੱਚ ਮੁਸਤੈਦ ਹੈ, ਜਿਸਦੇ ਸਿੱਟੇ ਵਜੋਂ ਭਵਿੱਖ ਵਿੱਚ ਪਬਲਿਕ ਦੇ ਬਾਕੀ ਰਹਿੰਦੇ ਗੁੰਮਸ਼ੁਦਾ ਮੋਬਾਈਲ ਫੋਨ ਬਰਾਮਦ ਹੋਣ ਦੀ ਵੱਡੀ ਉਮੀਦ ਹੈ

# ਬਠਿੰਡਾ 'ਚ ਭੀਖ ਮਾਫੀਆ ਦਾ ਪਰਦਾਫਾਸ਼, 24 ਜਣਿਆਂ 'ਤੇ ਪਰਚਾ ਦਰਜ

## 18 ਬੱਚੇ ਛੁਡਾਏ, ਡੀ.ਐਨ.ਏ. ਟੈਸਟ ਨਾਲ ਖੁੱਲ੍ਹਣਗੇ ਹੋਰ ਭੇਦ



ਬਠਿੰਡਾ, 18 ਜੁਲਾਈ (ਦੀਪਕ ਸ਼ਰਮਾ)ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਭੀਖ ਮੰਗਣ ਵਾਲੇ ਬੱਚਿਆਂ ਦੇ ਡੀਐਨਏ ਟੈਸਟ ਕਰਵਾਉਣ ਦੇ ਐਲਾਨ ਤੋਂ ਬਾਅਦ ਬਠਿੰਡਾ ਪ੍ਰਸ਼ਾਸਨ ਵੀ ਪੂਰੀ ਤਰ੍ਹਾਂ ਹਰਕਤ ਵਿੱਚ ਆ ਗਿਆ ਹੈ। ਦਫਤਰ ਬਾਲ ਭਲਾਈ ਕਮੇਟੀ ਅਤੇ ਜ਼ਿਲ੍ਹਾ ਟਾਕਸ ਫੋਰਸ ਨੇ ਸ਼ਹਿਰ ਦੇ ਅਜਿਹੇ 24 ਲੋਕਾਂ ਦੀ ਪਛਾਣ ਕੀਤੀ ਹੈ ਜਿਹੜੇ ਬੱਚਿਆਂ ਤੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਭੀਖ ਮੰਗਵਾ ਰਹੇ ਹਨ।ਜ਼ਿਲ੍ਹਾ ਬਾਲ ਭਲਾਈ ਕਮੇਟੀ ਦੇ ਚੇਅਰਮੈਨ ਬਿਕਰਮਜੀਤ ਸਿੰਘ, ਮੈਂਬਰ ਰਾਕੇਸ ਕੁਮਾਰ, ਐਸਐਲ ਲਾਟਿਕਾ ਅਤੇ ਮੋਹਿਤ ਬਾਂਸਲ ਦੇ ਅਧਾਰਤ ਟੀਮ ਨੇ ਭੀਖ ਮੰਗਣ ਵਾਲੇ ਹੌਟ ਸਪੌਟ ਖੇਤਰਾਂ ਵਿਚ ਛਾਪੇਮਾਰੀ ਕੀਤੀ, ਜਿੱਥੋਂ ਉਨ੍ਹਾਂ ਭੀਖ ਮੰਗਣ ਵਾਲੇ 18 ਬੱਚਿਆਂ ਨੂੰ ਰਿਸਕਿਊ ਕੀਤਾ ਹੈ ਜਦੋਂ ਭੀਖ ਮੰਗਵਾਉਣ ਵਾਲੇ 24 ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਗਈ ਹੈ। ਬਾਲ ਭਲਾਈ ਕਮੇਟੀ ਦੀ ਸ਼ਿਕਾਇਤ ਤੋਂ ਬਾਅਦ ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਭੀਖ ਮੰਗਵਾਉਣ ਵਾਲੇ ਉਕਤ 24 ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ। ਇਸ ਤੋਂ ਬਾਅਦ ਦਫਤਰ ਬਾਲ ਭਲਾਈ ਕਮੇਟੀ ਵੱਲੋਂ ਬੱਚਿਆਂ ਦੇ ਡੀਐਨਏ ਟੈਸਟ ਕਰਵਾਏ ਜਾਣਗੇ, ਜੇਕਰ ਆਪਣੇ ਆਪ ਨੂੰ ਬੱਚਿਆਂ ਦੇ ਮਾਪੇ ਅਖਵਾਉਣ ਵਾਲਿਆਂ ਦਾ ਡੀਐਨਏ ਮੈਚ ਨਹੀਂ ਕਰੇਗਾ ਤਾਂ ਉਨ੍ਹਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਦਫਤਰ ਬਾਲ ਭਲਾਈ ਕਮੇਟੀ ਦੀ ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਸ਼ਹਿਰ ਅੰਦਰ ਬੱਚਿਆਂ ਤੋਂ ਵੱਖ ਵੱਖ ਥਾਵਾਂ 'ਤੇ ਭੀਖ ਮੰਗਵਾਉਣ ਦੇ ਦੋਸ਼ ਹੇਠ ਮਾਇਆ ਦੇਵੀ, ਸਰਵਣ ਰਾਮ, ਆਰਤੀ, ਇਤਵਾਰੀ, ਭੀਮ ਕੁਮਾਰ ਵਾਸੀ ਧੋਬੀਆਨਾ ਬਸਤੀ ਬਠਿੰਡਾ, ਅਜੇ, ਧਿਰਗਰ ਵਾਸੀ ਦਾਨਾ ਮੰਡੀ, ਧੱਖੂ, ਧਿਰਕਰ, ਰਕਮੀਨੀ ਵਾਸੀ ਨਨੂੰਮਾਨ ਚੌਂਕ, ਹਰ ਬਚਨ, ਬਿਜਮਾਂ ਵਾਸੀਆਂ ਕੱਚਾ ਧੋਬੀਆਨਾ ਬਠਿੰਡਾ, ਮਨੋਜ ਕੁਮਾਰ, ਸੋਨੀ ਦੇਵੀ ਵਾਸੀਆਨ ਬੰਗੀ ਨਗਰ ਬਠਿੰਡਾ, ਮਦਨ ਸ਼ਾਹ, ਸੁਨੀਤਾ ਦੇਵੀ ਵਾਸੀ ਬੇਅੰਤ ਨਗਰ ਬਠਿੰਡਾ, ਸਿਕੰਦਰ ਰਾਮ, ਰੰਜੂ ਦੇਵੀ, ਬਾਸੀਆਨ ਨੂੰ ਪਾਵਰ ਹਾਊਸ ਰੋਡ, ਲਹਿਰੂ ਲਾਲ, ਝੁਮਾਂ, ਵਾਸੀ ਦਾਨਾ ਮੰਡੀ ਬਠਿੰਡਾ, ਰਣਜੀਤ ਸ਼ਾਹ, ਸੰਗੀਤਾ ਦੇਵੀ, ਵਾਸੀਆਨ ਕੱਚਾ ਧੋਬੀਆਨਾ, ਮੋਹਦ ਸਹਿਜਲ, ਜੋਮਰਤਨ ਬੇਗ, ਨੱਥੂ, ਰਾਣੀ ਵਾਸੀਆਨ ਨੂੰ ਕੱਚਾ ਧੋਬੀਆਨਾ ਖਿਲਾਫ ਸੈਕਸ਼ਨ 76 ਇੰਪਲਾਈਮੈਂਟ ਆਫ ਚਾਇਲਡ ਫਾਰ ਬੈਗਿੰਗ ਜੇਜੇ ਐਕਟ 2015 ਤਹਿਤ ਕੇਸ ਦਰਜ ਕਰ ਲਿਆ ਹੈ।ਦੱਸਣਾ ਬਣਦਾ ਹੈ ਕਿ ਭੀਖ ਮੰਗਣਾ ਖਾਸ ਕਰ ਛੋਟੇ ਬੱਚਿਆਂ ਤੋਂ ਭੀਖ ਮੰਗਵਾਉਣਾ ਸਮਾਜ ਦੇ ਮੱਥੇ 'ਤੇ ਕਲੰਕ ਹੈ। ਛੋਟੀਆਂ-ਛੋਟੀਆਂ ਅੱਖਾਂ ਵਿੱਚ ਵੱਡੇ-ਵੱਡੇ ਸੁਪਨੇ ਹੋਣੇ ਚਾਹੀਦੇ ਸਨ, ਪਰ ਅੱਜ ਉਨ੍ਹਾਂ ਵਿੱਚ ਸਿਰਫ਼ ਭੁੱਖ ਤੇ ਡਰ ਹੈ। ਇਹ ਬੱਚੇ, ਜਿਨ੍ਹਾਂ ਨੂੰ ਸਕੂਲਾਂ ਵਿੱਚ ਹੋਣਾ ਚਾਹੀਦਾ ਸੀ, ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਸਨ, ਖੇਡਣਾ ਚਾਹੀਦਾ ਸੀ, ਉਹ ਅੱਜ ਗਲੀਆਂ ਵਿੱਚ ਹੱਥ ਅੱਡੇ ਖੜ੍ਹੇ ਹਨ। ਦੂਜੇ ਪਾਸੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਡੀਐਨਏ ਟੈਸਟ ਤੋਂ ਪਤਾ ਲੱਗੇਗਾ ਕਿ ਭੀਖ ਮੰਗਣ ਵਾਲਾ ਬੱਚਾ ਚੋਰੀ ਜਾਂ ਅਗਵਾ ਕੀਤਾ ਹੋਇਆ ਹੈ ਜਾਂ ਫ਼ਿਰ ਉਸਦੇ ਮਾਤਾ ਪਿਤਾ ਹੀ ਉਸ ਕੋਲੋਂ ਭੀਖ ਮੰਗਵਾ ਰਹੇ ਹਨ। ਪੰਜਾਬ ਸਰਕਾਰ ਨੂੰ ਸੂਚਨਾ ਮਿਲੀ ਸੀ ਕਿ ਸੂਬੇ ਅੰਦਰ ਅਜਿਹਾ ਹੀ ਇਕ ਰੈਕਿਟ ਚੱਲ ਰਿਹਾ ਹੈ, ਜਿਹੜਾ ਬੱਚਿਆਂ ਨੂੰ ਅਗਵਾ ਜਾਂ ਚੋਰੀ ਕਰਨ ਬਾਅਦ ਉਨ੍ਹਾਂ ਕੋਲੋਂ ਭੀਖ ਮੰਗਵਾ ਰਿਹਾ ਹੈ। ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਰਵਨੀਤ ਕੌਰ ਸਿੱਧੂ ਨੇ ਕਿਹਾ ਕਿ ਚੈਕਿੰਗ ਦੌਰਾਨ ਭੀਖ ਮੰਗਣ ਵਾਲੇ ਬੱਚਿਆਂ ਨੂੰ ਡੀਐਨਏ ਟੈਸਟ ਰਿਪੋਰਟ ਆਉਣ ਤਕ ਵਿਭਾਗ ਵੱਲੋਂ ਉਨ੍ਹਾਂ ਨੂੰ ਆਪਣੀ ਨਿਗਰਾਨੀ ਵਿਚ ਰੱਖਿਆ ਜਾਵੇਗਾ। ਜੇਕਰ ਮਾਪੇ ਅਖਵਾਉਣ ਵਾਲੇ ਲੋਕਾਂ ਨਾਲ ਬੱਚੇ ਦੀ ਡੀਐਨਏ ਰਿਪੋਰਟ ਮੇਲ ਨਹੀਂ ਖਾਂਦੀ ਹੈ ਤਾਂ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਅਤੇ ਅਜਿਹੇ ਬੱਚਿਆਂ ਨੂੰ ਨਿਯਮਾਂ ਅਨੁਸਾਰ ਗੋਦ ਲੈਣ ਵਾਲੀ ਏਜੰਸੀ ਕੋਲ ਭੇਜਿਆ ਜਾਵੇਗਾ। ਇਸ ਤੋਂ ਬਾਅਦ ਪਹਿਲਾਂ ਬੱਚਿਆਂ ਦੇ ਮਾਪਿਆਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਜੇਕਰ ਉਹ ਨਹੀਂ ਮਿਲਦੇ ਤਾਂ ਨਿਯਮਾਂ ਅਨੁਸਾਰ ਬੱਚਿਆਂ ਨੂੰ ਗੋਦ ਦੇਣ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ ਤਾਂ ਜੋ ਉਹ ਬੱਚੇ ਆਪਣੀ ਵਧੀਆ ਜ਼ਿੰਦਗੀ ਬਤੀਤ ਕਰ ਸਕਣ।



# ਪਟਿਆਲਾ-ਆਸ/ਪਾਸ



## ਖ਼ਾਲਸਾ ਕਾਲਜ ਨੇ 65ਵਾਂ ਸਥਾਪਨਾ ਦਿਵਸ ਧੂਮਧਾਮ ਨਾਲ ਮਨਾਇਆ

### ਐਸ.ਜੀ.ਪੀ.ਸੀ. ਦੇ ਪ੍ਰਧਾਨ ਜਥੇਦਾਰ ਧਾਮੀ ਵੱਲੋਂ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 8 ਲੱਖ ਦੀ ਰਾਸ਼ੀ ਦੇ ਚੈਕ ਤਕਸੀਮ



ਪਟਿਆਲਾ, 18 ਜੁਲਾਈ (ਰੁਪਾਣਾ) : ਖ਼ਾਲਸਾ ਕਾਲਜ ਪਟਿਆਲਾ ਵੱਲੋਂ ਅੱਜ ਆਪਣਾ 65ਵਾਂ ਸਥਾਪਨਾ ਦਿਵਸ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਕਾਲਜ ਵਿੱਚ ਗੁਰਮਤਿ ਸਮਾਗਮ ਕਰਕੇ ਮਨਾਇਆ ਗਿਆ। ਇਸ ਖਾਸ ਮੌਕੇ ਨੂੰ ਯਾਦਗਾਰੀ ਬਣਾਉਣ ਲਈ ਕਾਲਜ ਕੈਂਪਸ ਵਿਖੇ ਸਥਿਤ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ, ਜਿਸ ਤੋਂ ਬਾਅਦ ਗੁਰਬਾਣੀ ਕੀਰਤਨ, ਢਾਡੀ ਵਾਰਾਂ ਅਤੇ ਕਵੀਸ਼ਰੀ ਦੇ ਰਸਭਿੰਨੇ ਗਾਇਨ ਕੀਤੇ ਗਏ। ਸਮਾਗਮ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਜੀ ਧਾਮੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਸਾਬਕਾ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਕਿਰਪਾਲ ਸਿੰਘ ਬਡੂੰਗਰ, ਸ. ਸੁਰਜੀਤ ਸਿੰਘ ਗੜ੍ਹੀ ਮੈਂਬਰ ਐਗਜੈਕਟਿਵ ਕਮੇਟੀ ਅਤੇ ਬਾਬਾ ਬੂਟਾ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਮੌਜੂਦ ਸਨ। ਸਮਾਗਮ ਦੀ ਸ਼ੁਰੂਆਤ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ ਨਾਲ ਹੋਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਕੀਤੇ ਗਏ ਗੁਰਬਾਣੀ ਕੀਰਤਨ ਨੇ ਸਮੁੱਚੇ ਮਾਹੌਲ ਨੂੰ ਇਲਾਹੀ ਰੰਗ ਵਿੱਚ ਰੰਗ ਦਿੱਤਾ। ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਦੀਆਂ ਵਾਰਾਂ ਸੁਣਾ ਕੇ ਸੰਗਤ ਨੂੰ ਸਿੱਖ ਸੰਘਰਸ਼ ਅਤੇ ਵਿਰਸੇ ਨਾਲ ਜੋੜਿਆ। 65ਵੇਂ ਸਥਾਪਨਾ ਦਿਵਸ ਦੀ ਖੁਸ਼ੀ ਨੂੰ ਵਾਤਾਵਰਨ ਨਾਲ ਜੋੜਦਿਆਂ ਕਾਲਜ ਦੇ ਐਨ.ਐਸ.ਐਸ. ਵਿੰਗ ਵੱਲੋਂ ਇੱਕ ਵਿਸ਼ੇਸ਼ ਪਹਿਲਕਦਮੀ ਦੇ ਤਹਿਤ 65 ਅੰਬਾਂ ਦੇ ਪੌਦੇ ਲਗਾ ਕੇ ਇੱਕ ਅੰਬ ਬਗੀਚੀ ਸਥਾਪਿਤ ਕੀਤੀ ਗਈ। ਇਹ ਪਹਿਲਕਦਮੀ 'ਬਲਿਊ ਸਫਾਇਰ ਜੁਬਲੀ' ਨੂੰ ਸਮਰਪਿਤ ਸੀ, ਜੋ ਕਾਲਜ ਦੇ 65 ਸਾਲਾਂ ਦੇ ਸਫਰ ਦੀ ਮਹੱਤਤਾ ਨੂੰ ਦਰਸਾਉਂਦੀ ਹੈ। ਇਸ ਬਗੀਚੀ ਦੀ ਸਥਾਪਨਾ ਨਾਲ ਵਾਤਾਵਰਨ ਸੁਰੱਖਿਆ ਨੂੰ ਉਤਸ਼ਾਹਿਤ ਵੀ ਕੀਤਾ ਗਿਆ। ਇਸ ਮੌਕੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ ਅੰਮ੍ਰਿਤਧਾਰੀ ਸਕਾਲਰਸ਼ਿਪ ਦੀ 8 ਲੱਖ ਦੀ ਰਾਸ਼ੀ ਦੇ ਚੈੱਕ ਵੀ ਤਕਸੀਮ ਕੀਤੇ ਗਏ। ਸਮਾਗਮ ਵਿੱਚ ਕੀਰਤਨ ਅਤੇ ਢਾਡੀ ਵਾਰਾਂ ਦਾ ਗਾਇਨ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਧਾਨ ਸਾਹਿਬ ਵੱਲੋਂ ਮੌਕੇ 'ਤੇ 50-50 ਹਜ਼ਾਰ ਰੁਪਏ ਇਨਾਮ ਵਜੋਂ ਦੇਣ ਦਾ ਐਲਾਨ ਵੀ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਹਰਜਿੰਦਰ ਸਿੰਘ ਧਾਮੀ ਨੇ ਖ਼ਾਲਸਾ ਕਾਲਜ ਦੀ ਸਿੱਖਿਆ ਅਤੇ ਸਿੱਖ ਵਿਰਸੇ ਦੇ ਸੰਭਾਲ ਵਿੱਚ ਮਹੱਤਵਪੂਰਨ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਖ਼ਾਲਸਾ ਕਾਲਜ ਨੇ ਪਿਛਲੇ 65 ਸਾਲਾਂ ਵਿੱਚ ਸਿੱਖੀ ਦੇ ਸਿਧਾਂਤਾਂ ਨੂੰ ਅੱਗੇ ਵਧਾਉਂਦਿਆਂ ਹੋਇਆਂ ਵਿਦਿਆਰਥੀਆਂ ਨੂੰ ਨੈਤਿਕ ਅਤੇ ਅਕਾਦਮਿਕ ਤੌਰ 'ਤੇ ਮਜ਼ਬੂਤ ਕੀਤਾ ਹੈ। ਉਨ੍ਹਾਂ ਅਜਿਹੀਆਂ ਮੁਹਿੰਮਾਂ ਨੂੰ ਹੋਰ ਅੱਗੇ ਵਧਾਉਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਵਰ੍ਹੇ ਮਨਾਈਆਂ ਜਾ ਰਹੀਆਂ 350 ਸਾਲਾ ਸ਼ਤਾਬਦੀਆਂ ਵਿੱਚ ਵੀ ਵੱਧ ਚੜ ਕੇ ਸਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਨੇ ਕਾਲਜ ਵਿਖੇ ਸਥਿਤ ਭਾਈ ਮਰਦਾਨਾ ਰਿਕਾਰਡਿੰਗ ਸਟੂਡੀਓ, ਬਾਬਾ ਬੰਦਾ ਸਿੰਘ ਬਹਾਦਰ ਸਪੋਰਟਸ ਕੰਪਲੈਕਸ, ਐਨ.ਸੀ.ਸੀ. ਏਅਰ ਵਿੰਗ ਅਤੇ ਐਨ.ਸੀ.ਸੀ. ਨੇਵਲ ਵਿੰਗ ਵੱਲੋਂ ਸਥਾਪਿਤ ਕੀਤੇ ਗਏ ਸਿਮੂਲੇਟਰ ਦੌਰਾ ਵੀ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਾਲਜ ਦੇ 65 ਸਾਲ ਦੇ ਸਫ਼ਰ 'ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਖ਼ਾਲਸਾ ਕਾਲਜ ਨੇ ਸਿੱਖਿਆ, ਖੇਡਾਂ ਅਤੇ ਸੱਭਿਆਚਾਰਕ ਪ੍ਰਾਪਤੀਆਂ ਦੇ ਖੇਤਰ ਵਿੱਚ ਉੱਚ ਮਿਆਰ ਸਥਾਪਤ ਕੀਤੇ ਹਨ ਅਤੇ ਵਿਦਿਆਰਥੀਆਂ ਨੂੰ ਸਮਾਜ ਦੀ ਸੇਵਾ ਲਈ ਪ੍ਰੇਰਿਤ ਕਰਦਾ ਆ ਰਿਹਾ ਹੈ। ਉਨ੍ਹਾਂ ਕਾਲਜ ਸਟਾਫ ਲਈ ਨਵੇਂ ਪੇ ਸਕੇਲਾਂ ਨੂੰ ਮਨਜ਼ੂਰੀ ਦੇਣ ਲਈ ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਲਜ ਦਾ ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਤੇ ਵਿਦਿਆਰਥੀ ਭਰਵੀਂ ਗਿਣਤੀ ਵਿੱਚ ਹਾਜ਼ਰ ਸਨ।

## ਡਾ. ਬਲਬੀਰ ਸਿੰਘ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲੋਕਾਂ ਨੂੰ ਲਾਮਬੰਦ ਹੋਣ ਦਾ ਦਿੱਤਾ ਸੱਦਾ

☛ਨਸ਼ਾ ਮੁਕਤੀ ਯਾਤਰਾ ਦੂਸਰੇ ਪੜਾਅ 'ਚ ਦਾਖ਼ਲ



ਪਟਿਆਲਾ, 18 ਜੁਲਾਈ (ਰੁਪਾਣਾ) : ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਸਰੇ ਪੜਾਅ ਤਹਿਤ ਪਟਿਆਲਾ ਦਿਹਾਤੀ ਦੇ ਪਿੰਡਾਂ ਫਰੀਦਪੁਰ, ਮਿਰਜ਼ਾਪੁਰ, ਮਾਜਰੀ ਅਕਾਲੀਆਂ, ਨਿਉ ਬਾਰਨ ਅਤੇ ਰੌਂਗਲਾ ਵਿਖੇ ਕੀਤੀਆਂ ਨਸ਼ਾ ਮੁਕਤੀ ਯਾਤਰਾਵਾਂ ਵਿੱਚ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਜੇਕਰ ਅਸੀਂ ਸਾਰੇ ਇਕ ਜੁੱਟ ਹੋ ਜਾਈਏ ਤਾਂ ਪੰਜਾਬ ਨੂੰ ਨਸ਼ਾ ਮੁਕਤ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਯਾਤਰਾ, ਜੋ ਕਿ ਜਾਗਰੂਕਤਾ ਸਭਾਵਾਂ ਦੇ ਰੂਪ ਵਿੱਚ ਕੀਤੀ ਜਾ ਰਹੀ ਹੈ, ਰਾਹੀਂ ਹਰ ਘਰ ਤੱਕ ਇਸ ਸੁਨੇਹਾ ਪਹੁੰਚਾਇਆ ਜਾ ਰਿਹਾ ਹੈ ਕਿ ਨਸ਼ਿਆਂ ਦਾ ਖ਼ਾਤਮਾ ਕਰਨ ਲਈ ਸਰਕਾਰ ਵਚਨਬੱਧ ਹੈ। ਉਹਨਾਂ ਇਹ ਵੀ ਕਿਹਾ ਕਿ ਨਸ਼ਿਆਂ ਵਿਰੁੱਧ ਫੈਸਲਾਕੁੰਨ ਲੜਾਈ ਲਈ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਦੇ ਨਤੀਜੇ ਬਹੁਤ ਵਧੀਆ ਮਿਲ ਰਹੇ ਹਨ ਅਤੇ ਲੋਕਾਂ ਦਾ ਆਪ ਮੁਹਾਰਾ ਸਾਥ ਨਸ਼ਿਆਂ ਵਿਰੁੱਧ ਮਿਲ ਰਿਹਾ ਹੈ। ਸਿਹਤ ਮੰਤਰੀ ਨੇ ਪਿੰਡਾਂ ਦੀਆਂ ਡਿਫੈਂਸ ਕਮੇਟੀਆਂ ਅਤੇ ਸਮਰਥਕ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਚਲਾਏ ਜਾ ਰਹੇ ਨਸ਼ਾ ਵਿਰੋਧੀ ਉਪਰਾਲਿਆਂ ਵਿੱਚ ਭਰਪੂਰ ਸਹਿਯੋਗ ਦੇਣ। ਉਹਨਾਂ ਨਸ਼ੇ ਦੀ ਲਤ 'ਚ ਫਸੇ ਵਿਅਕਤੀਆਂ ਨੂੰ ਸਰਕਾਰੀ ਨਸ਼ਾ ਮੁਕਤੀ ਕੇਂਦਰਾਂ 'ਚ ਇਲਾਜ ਦੀ ਅਪੀਲ ਕੀਤੀ, ਜਿੱਥੇ ਉਹਨਾਂ ਦਾ ਮੁਫਤ ਇਲਾਜ ਕਰਵਾਇਆ ਜਾਂਦਾ ਹੈ ਅਤੇ ਨਾਲ ਹੀ ਉਹਨਾਂ ਨੂੰ ਸਵੈ-ਰੋਜ਼ਗਾਰ ਵੀ ਬਣਾਇਆ ਜਾਂਦਾ ਹੈ। ਇਸ ਮੌਕੇ ਡੀ.ਐਸ.ਪੀ. ਮਨੋਜ ਗੋਰਸੀ, ਐਸ.ਐਮ.ਓ. ਡਾ. ਨਾਗਰਾ, ਜੋ ਪਾਲ ਸ਼ਰਮਾ ਅਤੇ ਵੱਡੀ ਗਿਣਤੀ ਵਿਚ ਪਿੰਡਾਂ ਦੇ ਲੋਕ ਹਾਜ਼ਰ ਸਨ।

## ਨਾਜਾਇਜ਼ ਸ਼ਰਾਬ ਸਣੇ ਇੱਕ ਕਾਬੂ

ਸਮਾਣਾ, 18 ਜੁਲਾਈ (ਵਿਜੇ ਕੁਮਾਰ) : ਸਦਰ ਪੁਲਿਸ ਨੇ ਨਾਜਾਇਜ਼ ਸ਼ਰਾਬ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਹੇ ਇੱਕ ਵਿਅਕਤੀ ਨੂੰ ਨਾਜਾਇਜ਼ ਸ਼ਰਾਬ ਦੀਆਂ 20 ਬੋਤਲਾਂ ਸਮੇਤ ਕਾਬੂ ਕਰਕੇ ਉਸ ਖ਼ਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਮਨਜੀਤ ਸਿੰਘ ਪੁੱਤਰ ਰਾਂਝਾ ਸਿੰਘ ਵਾਸੀ ਪਿੰਡ ਮਰੋੜੀ ਵਜੋਂ ਹੋਈ ਹੈ। ਮਵੀਕਲਾਂ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਏ.ਐਸ.ਆਈ. ਪਰਮਜੀਤ ਸਿੰਘ ਨੇ ਪਿੰਡ ਮਰਦਾਂਹੇੜੀ ਵਿੱਚ ਗਸ਼ਤ ਦੌਰਾਨ ਮੁਲਜ਼ਮ ਵੱਲੋਂ ਪਿੰਡ ਮਰਦਾਂਹੇੜੀ ਨੇੜੇ ਝਾੜੀਆਂ ਵਿੱਚ ਛੁਪ ਕੇ ਸ਼ਰਾਬ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰਨ ਸਬੰਧੀ ਮਿਲੀ ਸੂਚਨਾ 'ਤੇ ਪੁਲਿਸ ਪਾਰਟੀ ਸਮੇਤ ਛਾਪਾ ਮਾਰਿਆ ਅਤੇ ਨਾਜਾਇਜ਼ ਸ਼ਰਾਬ ਦੀਆਂ 20 ਬੋਤਲਾਂ ਬਰਾਮਦ ਹੋਣ 'ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਣਯੋਗ ਅਦਾਲਤ ਦੇ ਹੁਕਮਾਂ 'ਤੇ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

## ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 18 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰਾਜੂ ਪੁੱਤਰ ਜਸਪਾਲ ਸਿੰਘ ਵਾਸੀ ਗਲੀ ਨੰ. 4 ਸੁਖਰਾਮ ਕਲੋਨੀ ਨੇੜੇ ਜੱਸੀ ਚਿਕਨਵਾਲਾ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐਸ.ਆਈ. ਮਲਕੀਤ ਸਿੰਘ ਸਮੇਤ ਪੁਲਿਸ ਪਾਰਟੀ ਪਾਣੀ ਵਾਲੀ ਟੈਂਕੀ ਅਨਾਜ ਮੰਡੀ ਪਟਿਆਲਾ ਕੋਲ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 210 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਮਨਾਉਣ ਸਬੰਧੀ ਮੀਟਿੰਗ ਅੱਜ



ਨਾਭਾ, 18 ਜੁਲਾਈ (ਬਲਜਿੰਦਰ ਮਾਨ) : ਗੁਰਦੁਆਰਾ ਸਾਹਿਬ ਘੋੜਿਆਂ ਵਾਲੇ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਵਿਸ਼ੇਸ਼ ਇਕੱਤਰਤਾ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸਤਵਿੰਦਰ ਸਿੰਘ ਟੌਹੜਾ ਅਤੇ ਗਿਆਨੀ ਪ੍ਰਿਤਪਾਲ ਸਿੰਘ ਜੀ ਵੱਲੋਂ ਕੀਤੀ ਗਈ ਉਹਨਾਂ ਵੱਲੋਂ ਨਾਭਾ ਵਿਖੇ 19 ਜੁਲਾਈ ਨੂੰ ਸਵੇਰੇ 10:30 ਵਜੇ ਇੱਕ ਵਿਸ਼ੇਸ਼ ਇਕੱਤਰਤਾ ਰੱਖੀ ਹੈ। ਇਸ ਮੌਕੇ ਸਤਵਿੰਦਰ ਟੌਹੜਾ ਅਤੇ ਗਿਆਨੀ ਪ੍ਰਿਤਪਾਲ ਜੀ ਨੇ ਕਿਹਾ ਕਿ ਇਕੱਤਰਤਾ ਦਾ ਮੁੱਖ ਮੰਤਵ ਨਾਭਾ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ ਸ਼ੋਹ ਪ੍ਰਾਪਤ ਸਥਾਨਾਂ 'ਤੇ ਹੋਣ ਵਾਲੇ ਚੇਤਨਾ ਮਾਰਚ ਸਬੰਧੀ ਪ੍ਰਬੰਧ ਉਲੀਕਣੇ ਅਤੇ ਤਰੀਕ ਦਾ ਐਲਾਨ ਕਰਨਾ ਹੈ। ਇਸ ਦੇ ਨਾਲ ਹੀ ਚੇਤਨਾ ਮਾਰਚ ਸਬੰਧੀ ਹੋਰ ਤਿਆਰੀਆਂ ਦੇ ਪ੍ਰਬੰਧ ਵੀ ਇਸੇ ਵਿਸ਼ੇਸ਼ ਸਭਾ ਵਿੱਚ ਉਲੀਕੇ ਜਾਣਗੇ ਸਤਵਿੰਦਰ ਟੌਹੜਾ ਤੇ ਗਿਆਨੀ ਪ੍ਰਿਤਪਾਲ ਜੀ ਪਟਿਆਲੇ ਵਾਲੇ ਨੇ ਕਿਹਾ ਕਿ ਇਹਨਾਂ ਪ੍ਰੋਗਰਾਮਾਂ ਵਿੱਚ ਵਿਸ਼ੇਸ਼ ਸਹਿਯੋਗ ਸਿੱਖ ਪੰਥ ਦੀਆਂ ਸਾਰੀਆਂ ਸਤਿਕਾਰਯੋਗ ਸੰਪਰਦਾਵਾਂ ਜਥੇਬੰਦੀਆਂ ਗੁਰਦੁਆਰਾ ਕਮੇਟੀਆਂ ਪੰਚਾਇਤਾਂ ਨੌਜਵਾਨ ਸਭਾਵਾਂ ਅਤੇ ਸਮੂਹ ਸੁਸਾਇਟੀਆਂ ਦੇ ਰਹੀਆਂ ਹਨ। ਇਸ ਚੇਤਨਾ ਮਾਰਚ ਦਾ ਮੁੱਖ ਮੰਤਵ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਸਬੰਧੀ ਸੰਗਤਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਵੱਧ ਤੋਂ ਵੱਧ ਚੜ ਕੇ ਇਸ ਪੁਰਬ ਨੂੰ ਮਨਾਉਣ ਲਈ ਪ੍ਰੇਰਿਤ ਕਰਨਾ ਹੈ ਇਸ ਲਈ ਸਭ ਮੋਹਤਬਰ ਸ਼ਖ਼ਸੀਅਤਾਂ ਨੂੰ ਬੇਨਤੀ ਕੀਤੀ ਹੈ ਕਿ ਇਸ ਇਕੱਤਰਤਾ ਵਿੱਚ ਵੱਧ ਚੜ ਕੇ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਹਾਨ ਸ਼ਹਾਦਤ ਨੂੰ ਸਮਰਪਿਤ ਇਸ ਚੇਤਨਾ ਮਾਰਚ ਨੂੰ ਸੰਪੂਰਨ ਢੰਗ ਨਾਲ ਅਮਲੀ ਜਾਮਾ ਪਹਿਨਾਇਆ ਜਾ ਸਕੇ।

## ਮਨੋਹਰ ਲਾਲ ਪਵਾਰ ਵੱਲੋਂ ਡੀ.ਸੀ. ਡਾ. ਪ੍ਰੀਤੀ ਯਾਦਵ ਨੂੰ ਪੁਸਤਕਾਂ ਭੇਟ



ਪਟਿਆਲਾ, 18 ਜੁਲਾਈ (ਚ.ਨ.ਸ.) : ਬੀਤੇ ਦਿਨੀਂ ਲੇਖਕ ਪੱਤਰਕਾਰ ਸ੍ਰੀ ਮਨੋਹਰ ਲਾਲ ਪਵਾਰ ਵੱਲੋਂ ਪਟਿਆਲਾ ਦੇ ਡਿਪਟੀ ਕਮਿਸ਼ਨਰ, ਡਾ. ਪ੍ਰੀਤੀ ਯਾਦਵ ਆਈ.ਏ.ਐਸ. ਨੂੰ ਪੁਸਤਕਾਂ, ਵਾਟਿਕਾ, ਵਿਡੰਬਨਾ ਅਤੇ ਮਾਨਸੀ ਗੰਗਾ (ਕਵਿ ਸੰਗ੍ਰਹਿ) ਭੇਟ ਕੀਤੀਆਂ। ਪਵਾਰ ਨੇ ਦੱਸਿਆ ਕਿ ਉਹ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਵੱਖ-ਵੱਖ ਵਿਸ਼ਿਆਂ ਉਤੇ ਅਖ਼ਬਾਰਾਂ/ਮੈਗਜ਼ੀਨਾਂ ਵਿੱਚ ਲਿਖਦੇ ਅਤੇ ਧਾਰਮਿਕ ਸਮਾਜਿਕ ਰਿਪੋਰਟਿੰਗ ਵੀ ਕਰਦੇ ਆ ਰਹੇ ਹਨ। ਉਨ੍ਹਾਂ ਮਨੋਹਰ ਲਾਲ ਪਵਾਰ ਦੀ ਤਾਰੀਫ ਕਰਦੇ ਕਿਹਾ ਕਿ ਤੁਸੀਂ ਰਿਟਾਇਰਮੈਂਟ ਤੋਂ ਬਾਅਦ ਵੀ ਲਿਖਦੇ ਆ ਰਹੇ ਹੋ, ਬਹੁਤ ਮਹੱਤਵਪੂਰਨ ਗੱਲ ਹੈ। ਮਨੋਹਰ ਲਾਲ ਪਵਾਰ ਨੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਪਿਛਲੇ 45 ਵਰ੍ਹਿਆਂ ਦੌਰਾਨ ਪ੍ਰਕਾਸ਼ਿਤ ਰਚਨਾਵਾਂ ਦੀ ਲਿਸਟ ਵੀ ਦਿੱਤੀ। ਮਨੋਹਰ ਲਾਲ ਪਵਾਰ ਨੇ ਡਾ. ਪ੍ਰੀਤੀ ਯਾਦਵ ਨੂੰ ਸ਼ੁਭ ਕਾਮਨਾਵਾਂ ਦਿੰਦੇ ਹੋਏ ਵਿਦਾਈ ਲਈ।

## ਨੈਸ਼ਨਲ ਬਲਾਈਂਡਨੈਸ ਕੰਟਰੋਲ ਪ੍ਰੋਗਰਾਮ ਤਹਿਤ ਸਕੂਲ ਅਧਿਆਪਕਾਂ ਨੂੰ ਦਿੱਤੀ ਟ੍ਰੇਨਿੰਗ



ਪਟਿਆਲਾ, 18 ਜੁਲਾਈ (ਚ.ਨ.ਸ.): ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਡਾ. ਹਤਿੰਦਰ ਕੌਰ ਦੇ ਹੁਕਮਾਂ ਅਨੁਸਾਰ ਅਤੇ ਸਿਵਲ ਸਰਜਨ ਪਟਿਆਲਾ ਡਾ. ਜਗਪਾਲਇੰਦਰ ਸਿੰਘ ਦੀ ਅਗਵਾਈ ਹੇਠ ਨੈਸ਼ਨਲ ਬਲਾਈਂਡਨੈਸ ਕੰਟਰੋਲ ਪ੍ਰੋਗਰਾਮ ਤਹਿਤ ਸਕੂਲ ਅਧਿਆਪਕਾਂ ਦੀ ਇੱਕ ਰੋਜ਼ਾ ਟ੍ਰੇਨਿੰਗ ਕਰਵਾਈ ਗਈ। ਟ੍ਰੇਨਿੰਗ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਇਸ ਟ੍ਰੇਨਿੰਗ ਦਾ ਮੁੱਖ ਮਕਸਦ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵਿੱਚ ਅੱਖਾਂ ਦੀਆਂ ਬਿਮਾਰੀਆਂ ਅਤੇ ਘੱਟ ਨਿਗਾਹ ਵਾਲੇ ਬੱਚਿਆਂ ਦੀ ਪਹਿਚਾਣ ਕਰਕੇ ਉਹਨਾਂ ਦਾ ਜਲਦ ਇਲਾਜ ਕਰਾਉਣਾ ਹੈ। ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਸਿਹਤ ਵਿਭਾਗ ਦੀਆਂ ਸਕੂਲ ਹੈਲਥ ਟੀਮਾਂ ਪਹਿਲਾਂ ਤੋਂ ਹੀ ਬੱਚਿਆਂ ਦੀਆਂ ਅੱਖਾਂ ਦੀ ਜਾਂਚ ਕਰ ਰਹੀਆਂ ਹਨ। ਹੁਣ ਸਕੂਲ ਅਧਿਆਪਕਾਂ ਨੂੰ ਵੀ ਇਸ ਸਬੰਧੀ ਟ੍ਰੇਨਿੰਗ ਦਿੱਤੀ ਗਈ ਹੈ, ਤਾਂ ਜੋ ਜਲਦੀ ਤੋਂ ਜਲਦੀ ਘੱਟ ਨਿਗਾਹ ਵਾਲੇ ਬੱਚਿਆਂ ਦੀ ਪਹਿਚਾਨ ਕੀਤੀ ਜਾ ਸਕੇ ਅਤੇ ਉਹਨਾਂ ਨੂੰ ਮੁਫਤ ਐਨਕਾਂ ਦਿੱਤੀਆਂ ਜਾ ਸਕਣ। ਉਹਨਾਂ ਦੱਸਿਆ ਕਿ ਸਮੂਹ ਮਾਸਟਰ ਟ੍ਰੇਨਰਸ (ਟੀਚਰ) ਨੂੰ ਵਿਜ਼ਨ ਸਕਰੀਨਿੰਗ ਫਾਰਮ ਟੈਂਪਲੇਟ ਭਰਨ ਬਾਰੇ ਵੀ ਟ੍ਰੇਨਿੰਗ ਦਿੱਤੀ ਗਈ ਹੈ, ਤਾਂ ਜੋ ਹਰ ਸਕੂਲ ਟੀਚਰ ਵਿਜ਼ਨ ਦਾ ਰਿਕਾਰਡ ਸਮੇਤ ਰੈਫਰਲ ਕਾਰਡ ਮੇਨਟੇਨ ਕਰ ਸਕੇ। ਇਸ ਮੌਕੇ ਮਾਸਟਰ ਟਰੇਨਰ ਡਾ. ਡਿੰਪੀ ਆਈ ਸਰਜਨ ਐਮ.ਕੇ.ਐਚ ਪਟਿਆਲਾ, ਸ਼੍ਰੀਮਤੀ ਸ਼ੁਸ਼ਮਾ ਕਾਲੀਆ ਅਪਥਾਲਮਿਕ ਅਫਸਰ ਸਿਵਲ ਹਸਪਤਾਲ ਰਾਜਪੁਰਾ ਵੱਲੋਂ ਟਰੇਨਿੰਗ ਦਿੱਤੀ ਗਈ। ਇਸ ਮੌਕੇ ਨੋਡਲ ਅਫਸਰ ਨੈਸ਼ਨਲ ਬਲਾਈਂਡਨੈਸ ਕੰਟਰੋਲ ਪ੍ਰੋਗਰਾਮ ਡਾ. ਦਿਵਜੋਤ ਸਿੰਘ, ਜਿਲਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ, ਬੀ.ਸੀ.ਸੀ ਕੁਆਰਡੀਨੇਟਰ ਜਸਵੀਰ ਕੌਰ, ਬੀ.ਈ.ਈ ਸ਼ਯਾਨ ਜਫਰ, ਗੁਰਦੇਵ ਸਿੰਘ ਕੰਮਪਿਊਟਰ ਆਪਰੇਟਰ ਮੌਜੂਦ ਸਨ।

## 'ਨਟਾਸ' ਵੱਲੋਂ ਡੀ.ਸੀ. ਡਾ. ਪ੍ਰੀਤੀ ਯਾਦਵ ਨੂੰ 'ਸ਼ਾਨ-ਏ-ਪੰਜਾਬ ਅਵਾਰਡ' ਪ੍ਰਦਾਨ

### ਨਾਟਕ 'ਯੁੱਧ ਨਸ਼ਿਆਂ ਵਿਰੁੱਧ' ਦੀ ਦੂਸਰੀ ਮੁਹਿੰਮ ਆਰੰਭ



ਪਟਿਆਲਾ, 18 ਜੁਲਾਈ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਪ੍ਰਾਣ ਸੱਭਰਵਾਲ - ਸਟੇਟ ਅਵਾਰਡੀ ਸ਼੍ਰੀਮਤੀ ਸੁਨੀਤਾ ਸੱਭਰਵਾਲ ਅਤੇ ਨਟਾਸੀਅਨਜ਼ ਵੱਲੋਂ ਡੀ.ਸੀ. ਦਫਤਰ ਕੰਪਲੈਕਸ ਵਿਖੇ ਅਯੋਜਿਤ ਇਕ ਸਾਦਾ ਪਰ ਸਨੇਹ ਭਰਪੂਰ ਅਭਿਨੰਦਨ ਸਮਾਗਮ ਵਿਚ ਸੁਹਿਰਦ, ਕੁਸ਼ਲ ਪ੍ਰਸ਼ਾਸ਼ਕ ਡਿਪਟੀ ਕਮਿਸ਼ਨਰ, ਪਟਿਆਲਾ ਮੈਡਮ ਡਾ: ਪ੍ਰੀਤੀ ਯਾਦਵ ਆਈ.ਏ.ਐਸ. ਨੂੰ ਸਨਮਾਨਿਤ ਕੀਤਾ ਗਿਆ। ਨਟਾਸੀਅਨਜ਼ ਪ੍ਰਧਾਨ ਸ੍ਰ: ਗੁਰਬਚਨ ਸਿੰਘ ਕੱਕੜ, ਸੀ.ਮੀਤ ਪ੍ਰਧਾਨ ਸਾਹਿਬਾਨ ਸ਼੍ਰੀ ਰਾਜਿੰਦਰ ਵਰਮਾ ਪ੍ਰਧਾਨ ਆਰੀਆ ਸਮਾਜ ਸਨੌਰ ਸ਼੍ਰੀ ਪੀ.ਸੀ. ਤਿਵਾੜੀ, ਡਾਇਰੈਕਟਰ ਸ਼੍ਰੀ ਪ੍ਰਾਣ ਸੱਭਰਵਾਲ, ਚੇਅਰਮੈਨ ਸ਼੍ਰੀ ਅਕਸ਼ੇ ਗੋਪਾਲ ਐਮ.ਡੀ. ਹੋਟਲ ਫਲਾਈ ਓਵਰ ਕਲਾਸਿਕ ਆਦਿ ਨੇ ਮੈਡਮ ਯਾਦਵ ਨੂੰ ਨਟਾਸ ਵੱਲੋਂ 'ਸ਼ਾਨ-ਏ-ਪੰਜਾਬ ਅਵਾਰਡ' ਆਫ ਆਨਰ, ਮੋਮੈਂਟੋ, ਸ਼ਾਲ, ਬੁੱਕੇ ਅਤੇ ਸ਼ੁਭ ਇਛਾਵਾਂ ਭੇਟ ਕਰਕੇ ਸਨਮਾਨਿਤ ਕੀਤਾ। ਸ੍ਰ: ਗੁਰਬਚਨ ਸਿੰਘ ਕੱਕੜ ਨੇ ਦੱਸਿਆ ਕਿ ਡੀ.ਸੀ. ਡਾ: ਪ੍ਰੀਤੀ ਯਾਦਵ ਨੂੰ ਇਹ ਗੌਰਵਮਈ ਸਨਮਾਨ ਉਹਨਾਂ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ, ਥੀਏਟਰ, ਸਭਿਆਚਾਰ ਤੇ ਕਲਾ ਦੀ ਸਰਪਰਸਤੀ, ਕੁਸ਼ਲ ਪ੍ਰਸ਼ਾਸਨ ਪ੍ਰਦਾਨ ਕਰਨ ਅਤੇ ਉਹਨਾਂ ਵੱਲੋਂ ਮਿਲੀ ਪ੍ਰੇਰਨਾ ਸਦਕਾ ਜਾਰੀ 'ਯੁੱਧ ਨਸ਼ਿਆਂ ਵਿਰੁੱਧ' ਥੀਏਟਰ ਮੁਹਿੰਮ ਤਹਿਤ 17 ਪੇਸ਼ਕਾਰੀਆਂ ਦੇ ਮੁਕੰਮਲ ਹੋਣ ਹਿੱਤ ਦਿੱਤਾ ਗਿਆ ਹੈ। ਉਹਨਾਂ ਨੇ ਕਿਹਾ ਕਿ ਮੈਡਮ ਯਾਦਵ ਨੇ ਪਟਿਆਲਾ ਦਾ ਨਾਮ ਦੇਸ਼ ਭਰ ਵਿੱਚ ਰੋਸ਼ਨ ਕੀਤਾ ਹੈ। ਇਸ ਅਵਸਰ 'ਤੇ ਡੀ.ਸੀ. ਡਾ: ਪ੍ਰੀਤੀ ਯਾਦਵ ਦੇ ਆਸ਼ੀਰਵਾਦ ਨਾਲ ਦੂਸਰੀ 'ਯੁੱਧ ਨਸ਼ਿਆ ਵਿਰੁੱਧ' ਦੂਜੀ ਥੀਏਟਰ ਮੁਹਿੰਮ ਆਰੰਭੀ ਗਈ। ਪਦਮਸ਼੍ਰੀ ਪ੍ਰਾਣ ਸੱਭਰਵਾਲ ਨੇ ਕਿਹਾ ਕਿ ਪਿਛਲੇ 25 ਸਾਲਾਂ ਤੋਂ ਨਿਰਵਿਘਨ ਜਾਰੀ ਮਾਸਿਕ ਗਾਰਡਨ ਥੀਏਟਰ ਲਹਿਰ ਅਧੀਨ ਹੁਣ ਤੱਕ 275 ਮਾਸਿਕ ਨਾਟਕ ਮੇਲੇ ਆਯੋਜਿਤ ਕੀਤੇ ਜਾ ਚੁੱਕੇ ਹਨ। ਉਹਨਾਂ ਨੇ ਮਿਲੀ ਸਰਪਰਸਤੀ ਲਈ ਡੀ.ਸੀ. ਸਾਹਿਬਾ ਦਾ ਧੰਨਵਾਦ ਕੀਤਾ।

## ਹਿਊਮਨ ਸਰਵਿਸ ਸੁਸਾਇਟੀ ਵੱਲੋਂ ਡੀ.ਐਸ.ਪੀ. ਜਸਵਿੰਦਰ ਸਿੰਘ ਢੀਂਡਸਾ ਦਾ ਸਨਮਾਨ




ਪਟਿਆਲਾ, 18 ਜੁਲਾਈ (ਚ.ਨ.ਸ.) : ਹਿਊਮਨ ਸਰਵਿਸ ਸੋਸਾਇਟੀ ਦੇ ਮੁੱਖ ਦਫਤਰ ਵਿੱਚ ਨਸ਼ੇ ਦੇ ਖਿਲਾਫ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਡੀ.ਐਸ.ਪੀ. ਜਸਵਿੰਦਰ ਸਿੰਘ ਢੀਂਡਸਾ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਮਿਲਕੇ ਨਸ਼ੇ ਵੇਚਣ ਵਾਲਿਆਂ ਦੇ ਖਿਲਾਫ ਪੁਲਿਸ ਪ੍ਰਸ਼ਾਸਨ ਦਾ ਸਾਥ ਦੇਣਾ ਚਾਹੀਦਾ ਹੈ, ਤਾਂ ਜੋ ਇਸ ਨਸ਼ੇ ਦੇ ਕੋੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਸੁਸਾਇਟੀ ਦੇ ਪ੍ਰਧਾਨ ਜਤਿੰਦਰ ਸ਼ਰਮਾ ਨੇ ਦੱਸਿਆ ਕਿ ਡੀ.ਐਸ.ਪੀ. ਜਸਵਿੰਦਰ ਸਿੰਘ ਢੀਂਡਸਾ ਬਹੁਤ ਹੀ ਇਮਾਨਦਾਰ, ਸੂਝਵਾਨ ਤੇ ਬਹੁਤ ਹੀ ਵਧੀਆ ਪੁਲਿਸ ਅਫਸਰ ਹਨ ਤੇ ਉਹ ਬਹੁਤ ਸਮੇਂ ਤੋਂ ਸਾਡੀ ਟੀਮ ਦਾ ਸੋਸ਼ਲ ਕੰਮਾਂ ਵਿੱਚ ਪੂਰਾ ਸਹਿਯੋਗ ਦਿੰਦੇ ਹਨ। ਨਸ਼ੇ ਖਿਲਾਫ ਸਾਡੀ ਟੀਮ ਪੂਰੇ ਪੰਜਾਬ ਵਿੱਚ ਪੁਲਿਸ ਪ੍ਰਸ਼ਾਸਨ ਦੇ ਸਾਥ ਦੇਵੇਗੀ। ਸਾਡੀ ਟੀਮ ਵੱਲੋਂ ਨਸ਼ੇ ਕਰਨ ਵਾਲੇ ਮਰੀਜ਼ਾਂ ਦਾ ਇਲਾਜ ਮੁਫ਼ਤ ਕਰਵਾਇਆ ਜਾਂਦਾ ਹੈ। ਇਸ ਮੌਕੇ ਬੋਕਸਰ ਸੂਰਜ ਸ਼ਰਮਾ, ਸਾਹਿਲ ਸ਼ਰਮਾ ਰਾਜੇਸਵਰ, ਜਸਵੀਰ ਪਾਲ, ਡਾ. ਸੁਸ਼ੀਲ ਮਸੀਹ, ਕਿਰਨ ਠਾਕੁਰ, ਬੋਬੀ, ਕ੍ਰਿਸ਼ਨਾ, ਧਰਮਿੰਦਰ ਬ੍ਰਿਜਮੋਹਨ, ਹਰੀਓਮ ਮੌਜੂਦ ਰਹੇ।

## ਅੰਤਰਰਾਸ਼ਟਰੀ ਨਿਆਂ ਦਿਵਸ ਦੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣਾ ਬਹੁਤ ਜ਼ਰੂਰੀ : ਅਮਨਦੀਪ ਕੰਬੋਜ



ਪਟਿਆਲਾ, 18 ਜੁਲਾਈ (ਚ.ਨ.ਸ.) : ਜ਼ਿਲ੍ਹਾ ਸੈਸ਼ਨ ਜੱਜ ਰੁਪਿੰਦਰਜੀਤ ਚਹਿਲ ਚੇਅਰਮੈਨ ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਜੀ ਦੀ ਸਰਪ੍ਰਸਤੀ ਹੇਠ ਅਮਨਦੀਪ ਕੰਬੋਜ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਕਮ ਸਕੱਤਰ ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਅਗਵਾਈ ਹੇਠ 'ਅੰਤਰਰਾਸ਼ਟਰੀ ਨਿਆਂ ਦਿਵਸ' ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੱਧੂਵਾਲ ਪਟਿਆਲਾ ਵਿਖੇ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਪਟਿਆਲਾ, ਸਮਾਜ ਸੇਵੀ ਸੰਸਥਾਵਾਂ ਚਾਇਲਡ ਪ੍ਰੋਟੈਕਸਨ ਐਂਡ ਓਲਡਏਜ ਹੋਮ ਵੈਲਫੇਅਰ ਸੁਸਾਇਟੀ, ਯੂਥ ਕਲੱਬ ਬਾਦਸ਼ਾਹਪੁਰ, ਗਰੇਟ ਥਿੰਕਰ ਪਟਿਆਲਾ ਤੇ ਯੁਵਕ ਸੇਵਾ ਸੁਸਾਇਟੀ ਪਟਿਆਲਾ ਦੇ ਸਹਿਯੋਗ ਨਾਲ ਮਨਾਇਆ ਗਿਆ। ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਦੇ ਇੰਚਾਰਜ ਸੁਖਜਿੰਦਰ ਸਿੰਘ ਬਾਜਵਾ, ਅਧਿਆਪਕ ਗੁਰਤੇਜ ਸਿੰਘ, ਪੀ.ਐਲ.ਵੀ.ਪਰਮਜੀਤ ਸਿੰਘ ਸਟੇਟ ਅਵਾਰਡੀ, ਪੀ.ਐਲ.ਵੀ. ਗੁਰਕੀਰਤ ਸਿੰਘ ਅਵਾਰਡੀ, ਪੀ.ਵੀ.ਓ.ਜਸਪ੍ਰੀਤ ਸਿੰਘ, ਅਪਰੇਟਰ ਵਰਿੰਦਰ ਸਿੰਘ, ਪੀ.ਵੀ.ਓ. ਰਮਨਦੀਪ ਸਿੰਘ ਅਤੇ ਸਮੂਹ ਸਟਾਫ਼ ਵਲੋਂ ਸਹਿਯੋਗ ਦਿੱਤਾ ਗਿਆ। ਪ੍ਰਿੰਸੀਪਲ ਅਮਨਦੀਪ ਕੌਰ ਸਿੱਧੂ ਵਲੋਂ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਪੋਸਟਰ ਮੇਕਿੰਗ, ਵਾਕਥੋਨ, ਪੋਕਸੋ ਐਕਟ ਤੇ ਮੁਫ਼ਤ ਕਨੂੰਨੀ ਸੇਵਾਵਾਂ ਅਤੇ ਪੁਲਿਸ ਸਾਂਝ ਕੇਂਦਰ ਦੀਆਂ ਸੇਵਾਵਾਂ ਸਬੰਧੀ ਸੈਮੀਨਾਰ ਕੀਤਾ ਗਿਆ। ਇਸ ਮੌਕੇ ਜੱਜ ਅਮਨਦੀਪ ਕੰਬੋਜ ਵਲੋਂ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੰਤਰਰਾਸ਼ਟਰੀ ਨਿਆਂ ਦਿਵਸ ਜਿਸ ਨੂੰ ਅੰਤਰਰਾਸ਼ਟਰੀ ਨਿਆਂ ਲਈ ਵਿਸ਼ਵ ਦਿਵਸ ਵੀ ਕਿਹਾ ਜਾਂਦਾ ਹੈ, ਤੇ ਹਰ ਸਾਲ ਮਨਾਇਆ ਜਾਂਦਾ ਹੈ। ਇਸ ਦਿਨ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਦੀ ਸਥਾਪਨਾ ਹੋਈ ਸੀ। ਅੰਤਰਰਾਸ਼ਟਰੀ ਅਦਾਲਤ ਜੋ ਨਸਲਕੁਸ਼ੀ, ਯੁੱਧ ਅਪਰਾਧ, ਮਨੁੱਖਤਾ ਵਿਰੁੱਧ ਅਪਰਾਧ ਅਤੇ ਹਮਲਾ ਵਰਤਾ ਦੇ ਦੋਸ਼ੀ ਵਿਅਕਤੀਆਂ 'ਤੇ ਮੁਕੱਦਮਾ ਚਲਾਉਂਦੀ ਹੈ। ਦੋਸ਼ੀਆਂ ਨੂੰ ਗੰਭੀਰ ਅਪਰਾਧਾਂ ਲਈ ਜਵਾਬਦੇਹ ਠਹਿਰਾਉਣ ਦੀ ਮਹੱਤਤਾ 'ਤੇ ਜ਼ੋਰ ਦਿੰਦੀ ਹੈ। ਇਸ ਤੋਂ ਇਲਾਵਾ ਵੱਖ ਵੱਖ ਅਪਰਾਧਿਕ ਮਾਮਲਿਆਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਸੁਖਜਿੰਦਰ ਸਿੰਘ ਬਾਜਵਾ ਵਲੋਂ ਪੁਲਿਸ ਸਾਂਝ ਦੀਆਂ ਸੇਵਾਵਾਂ, ਸਕਤੀ ਐਪ, ਪੀਪੀ ਸਾਂਝ, ਸਾਈਬਰ ਕਰਾਇਮ ਅਤੇ ਪੀ.ਐਲ.ਵੀ. ਪਰਮਜੀਤ ਸਿੰਘ ਅਤੇ ਪੀ. ਐਲ.ਵੀ. ਗੁਰਕੀਰਤ ਸਿੰਘ ਵਲੋਂ ਵਿਦਿਆਰਥੀਆਂ ਨੂੰ ਮੁਫ਼ਤ ਕਨੂੰਨੀ ਸੇਵਾਵਾਂ, ਸਪਾਂਸਰਸਿਪ ਸਕੀਮ, ਸਮਵਾਦ, ਜਾਗਰਿਤੀ, ਡਾਨ, ਸਾਥੀ, ਆਸ਼ਾ ਅਤੇ ਪੋਕਸੋ ਐਕਟ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

## ਨਹਿਰ 'ਚ ਛਾਲ ਮਾਰਨ ਵਾਲੇ ਨੌਜਵਾਨ ਨੂੰ ਗੋਤਾਖੋਰਾਂ ਦੀ ਟੀਮ ਨੇ ਬਚਾਇਆ



ਸਮਾਣਾ, 18 ਜੁਲਾਈ (ਵਿਜੇ ਕੁਮਾਰ) : ਸਮਾਣਾ ਸ਼ਹਿਰ ਵਿੱਚ ਪਟਿਆਲਾ ਰੋਡ 'ਤੇ ਬਣੇ ਭਾਖੜਾ ਨਹਿਰ ਦੇ ਪੁਲ ਨੇੜੇ ਖੁਦਕੁਸ਼ੀ ਕਰਨ ਦੀ ਨੀਅਤ ਨਾਲ ਨਹਿਰ ਵਿੱਚ ਛਾਲ ਮਾਰਨ ਵਾਲੇ 25 ਸਾਲਾ ਨੌਜਵਾਨ ਨੂੰ ਸ਼ੰਕਰ ਭਾਰਦਵਾਜ ਦੀ ਅਗਵਾਈ ਹੇਠ ਗੋਤਾਖੋਰਾਂ ਦੀ ਟੀਮ ਵੱਲੋਂ ਜ਼ਿੰਦਾ ਬਾਹਰ ਕੱਢ ਕੇ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਪਹੁੰਚਾਇਆ ਗਿਆ। ਸੂਚਨਾ ਮਿਲਣ 'ਤੇ ਸਿਟੀ ਪੁਲਿਸ ਦੇ ਏ.ਐਸ.ਆਈ. ਜੱਜਪਾਲ ਸਿੰਘ ਨੇ ਪੁਲਿਸ ਟੀਮ ਨਾਲ ਹਸਪਤਾਲ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਖੁਦਕੁਸ਼ੀ ਕਰਨ ਲਈ ਭਾਖੜਾ ਨਹਿਰ ਵਿੱਚ ਛਾਲ ਮਾਰਨ ਤੋਂ ਪਹਿਲਾਂ ਨਾਭਾ ਕਲੋਨੀ ਦੇ ਵਸਨੀਕ ਅਮਰ ਕੁਮਾਰ ਨਾਮੀ ਇਸ ਨੌਜਵਾਨ ਨੇ ਆਪਣੇ ਹੱਥ ਲਿਖੇ ਸੁਸਾਈਡ ਨੋਟ ਵਿੱਚ ਆਪਣੇ ਕਾਰੋਬਾਰ ਵਿੱਚ ਸਾਂਝੇ ਕੁਝ ਭਾਈਵਾਲਾਂ ਵੱਲੋਂ ਉਸਨੂੰ ਤੰਗ-ਪ੍ਰੇਸ਼ਾਨ ਕਰਨ ਦਾ ਦੋਸ਼ ਲਗਾਇਆ ਹੈ ਅਤੇ ਉਨ੍ਹਾਂ ਨੂੰ ਹੀ ਆਪਣੀ ਮੌਤ ਦਾ ਜ਼ਿੰਮੇਵਾਰ ਦੱਸਿਆ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਪੰਜਾਬੀ ਯੂਨੀਵਰਸਿਟੀ ਵਿਖੇ ਸੇਵਾ-ਮੁਕਤ ਪ੍ਰੋਫ਼ੈਸਰਾਂ ਨੇ ਕਰਵਾਇਆ ਸਮਾਗਮ

### ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ ਸ਼ਿਰਕਤ




ਪਟਿਆਲਾ, 18 ਜੁਲਾਈ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਸੇਵਾ-ਮੁਕਤ ਪ੍ਰੋਫ਼ੈਸਰਾਂ ਲਈ ਸਥਾਪਿਤ ਕੀਤੇ ਹੋਏ 'ਪ੍ਰੋਫ਼ੈਸਰ ਭਵਨ' ਵਿਖੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਬਿਹਤਰੀ ਦੇ ਹਵਾਲੇ ਨਾਲ਼ ਵਿਚਾਰ-ਚਰਚਾ ਹੋਈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਵੀ ਵਿਸ਼ੇਸ਼ ਤੌਰ ਉੱਤੇ ਇਸ ਸਮਾਗਮ ਵਿੱਚ ਸ਼ਾਮਿਲ ਹੋਏ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਯੂਨੀਵਰਸਿਟੀ ਦੀ ਬਿਹਤਰੀ ਲਈ ਇੱਥੋਂ ਸੇਵਾ-ਮੁਕਤ ਹੋਏ ਸਭ ਅਧਿਆਪਕਾਂ ਦੇ ਅਨੁਭਵ ਅਤੇ ਗਿਆਨ ਦਾ ਲਾਭ ਲਿਆ ਜਾਵੇਗਾ। ਇਸ ਲਈ ਸਭ ਦੇ ਸੁਝਾਵਾਂ ਉੱਤੇ ਸੰਜੀਦਗੀ ਨਾਲ਼ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਿਸ਼ਚੇ ਹੀ ਪੰਜਾਬੀ ਯੂਨੀਵਰਸਿਟੀ ਦੀ ਸਮਰਥਾ ਵਧਾਉਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਪੰਜਾਬੀ ਯੂਨੀਵਰਸਿਟੀ ਨੂੰ ਇਸ ਸੰਕਟ ਵਿੱਚੋਂ ਕੱਢਣ ਲਈ ਮੌਜੂਦਾ ਸਰਕਾਰ ਵੱਲੋਂ ਇਸ ਦੀ ਮਹੀਨਾਵਾਰ ਗਰਾਂਟ ਨੂੰ ਵਧਾਉਣਾ ਇੱਕ ਸ਼ਲਾਘਾਯੋਗ ਉਪਰਾਲਾ ਹੈ ਪਰ ਹਾਲੇ ਵੀ ਇਸ ਦਿਸ਼ਾ ਵਿੱਚ ਬਹੁਤ ਕੁੱਝ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਉਹ ਇਸ ਦਿਸ਼ਾ ਵਿੱਚ ਯਤਨਸ਼ੀਲ ਹਨ। ਜਿੱਥੇ ਇੱਕ ਪਾਸੇ ਸਰਕਾਰ ਪਾਸੋਂ ਹੋਰ ਮਦਦ ਲਈ ਵੱਖ-ਵੱਖ ਪੱਧਰਾਂ ਉੱਤੇ ਚਰਚਾ ਕਰ ਰਹੇ ਹਨ ਉੱਥੇ ਹੀ ਦੂਜੇ ਪਾਸੇ ਯੂਨੀਵਰਸਿਟੀ ਪੱਧਰ ਉੱਤੇ ਵੱਖ-ਵੱਖ ਫ਼ੈਸਲੇ ਕਰ ਰਹੇ ਹਨ ਜਿਸ ਨਾਲ਼ ਖਰਚਿਆਂ ਨੂੰ ਘਟਾਇਆ ਜਾ ਸਕੇ ਅਤੇ ਆਮਦਨ ਦੇ ਨਵੇਂ ਸਰੋਤ ਪੈਦਾ ਕੀਤੇ ਜਾ ਸਕਣ। ਉਨ੍ਹਾਂ ਦੱਸਿਆ ਕੇ ਜੇਕਰ ਪੰਜਾਬੀ ਯੂਨੀਵਰਸਿਟੀ ਸਿਰ ਚੜ੍ਹਿਆ ਕਰਜ਼ਾ ਇੱਕ ਵਾਰ ਉੱਤਰ ਜਾਵੇ ਤਾਂ ਹਰ ਸਾਲ ਬਚਣ ਵਾਲ਼ੇ ਤਕਰੀਬਨ 14 ਕਰੋੜ ਰੁਪਏ ਨਾਲ਼ ਅਕਾਦਮਿਕ ਬਿਹਤਰੀ ਲਈ ਬਹੁਤ ਸਾਰੇ ਕਦਮ ਉਠਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਉਹ ਇਸ ਦਿਸ਼ਾ ਵਿੱਚ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਤੋਂ ਲੈ ਕੇ ਅਧਿਆਪਕਾਂ ਦੀ ਕਮੀ ਪੂਰਨ ਤੱਕ ਬਹੁਤ ਸਾਰੇ ਖੇਤਰ ਹਨ, ਜਿੱਥੇ ਤੁਰੰਤ ਕੰਮ ਕੀਤੇ ਜਾਣ ਦੀ ਲੋੜ ਹੈ। ਇੱਕ ਅਹਿਮ ਟਿੱਪਣੀ ਵਿੱਚ ਉਨ੍ਹਾਂ ਕਿਹਾ ਕਿ ਭਾਵੇਂ ਅੱਜ ਇੰਟਰਨੈੱਟ ਦੇ ਦੌਰ ਵਿੱਚ ਤਕਨੀਕ ਅਤੇ ਗਿਆਨ ਸਮੱਗਰੀ ਦੀ ਅਥਾਹ ਉਪਲੱਬਧਤਾ ਇਹ ਭੁਲੇਖਾ ਸਿਰਜਦੀ ਨਜ਼ਰ ਆਉਂਦੀ ਹੈ ਕਿ ਸ਼ਾਇਦ ਇਹ ਸਭ ਕੁੱਝ ਅਧਿਆਪਕ ਦਾ ਬਦਲ ਹੋ ਜਾਵੇਗਾ, ਪਰ ਅਧਿਆਪਕ ਦਾ ਕਦੇ ਕੋਈ ਬਦਲ ਨਹੀਂ ਹੋ ਸਕਦਾ ਕਿਉਂਕਿ ਇਹ ਅਧਿਆਪਕ ਹੀ ਹੁੰਦਾ ਹੈ ਜਿਸ ਨੇ ਪ੍ਰਾਪਤ ਗਿਆਨ ਸਮੱਗਰੀ ਨੂੰ ਆਪਣੀ ਵਿਸ਼ੇਸ਼ ਅਧਿਆਪਨ ਮੁਹਾਰਤ ਨਾਲ਼ ਵਿਦਿਆਰਥੀਆਂ ਤੱਕ ਲੈ ਕੇ ਜਾਣਾ ਹੁੰਦਾ ਹੈ। ਡਾ. ਰਣਜੀਤ ਸਿੰਘ ਘੁੰਮਣ ਨੇ ਮੁੱਖ ਬੁਲਾਰੇ ਵਜੋਂ ਆਪਣੇ ਵਿਚਾਰ ਪੇਸ਼ ਕਰਦਿਆਂ ਯੂਨਵਿਰਸਿਟੀ ਦੀ ਬਿਹਤਰੀ ਨਾਲ਼ ਜੁੜੇ ਬਹੁਤ ਸਾਰੇ ਸੁਝਾਅ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀ ਬਿਹਤਰੀ ਲਈ ਵੱਖ-ਵੱਖ ਵਿੱਤੀ ਸਰੋਤ ਜੁਟਾਉਣ ਅਤੇ ਹੋਰ ਪੱਖਾਂ ਉੱਤੇ ਕੰਮ ਕਰਨ ਲਈ ਇੱਕ ਵਿਸ਼ੇਸ਼ ਕਮੇਟੀ ਗਠਿਤ ਕਰਨੀ ਚਾਹੀਦੀ ਹੈ। ਯੂਨੀਵਰਸਿਟੀ ਪ੍ਰਬੰਧਨ ਵਿੱਚ ਵੀ ਛੋਟੇ-ਛੋਟੇ ਸੁਧਾਰ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਫ਼ੈਕਲਟੀ ਮੈਂਬਰਾਂ ਨੂੰ ਵੱਧ ਤੋਂ ਵੱਧ ਪ੍ਰਾਜੈਕਟ ਲਿਆਉਣੇ ਚਾਹੀਦੇ ਹਨ ਅਤੇ ਸੇਵਾ-ਮੁਕਤ ਫ਼ੈਕਲਟੀ ਮੈਂਬਰਾਂ ਨੂੰ ਆਪਣੇ ਪੱਧਰ ਉੱਤੇ ਵੀ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਸੀ.ਐੱਸ.ਆਰ. ਗਰਾਂਟ ਦੇ ਵੱਧ ਤੋਂ ਵੱਧ ਸਰੋਤ ਜੁਟਾਉਣ ਅਤੇ ਸਾਬਕਾ ਵਿਦਿਆਰਥੀਆਂ ਨਾਲ਼ ਬਿਹਤਰ ਤਾਲਮੇਲ ਬਾਰੇ ਵੀ ਸੁਝਾਇਆ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਦਾ ਕਾਰਜ ਡਾ. ਹਰਜਿੰਦਰ ਸਿੰਘ ਵਾਲ਼ੀਆ ਨੇ ਕੀਤਾ। ਇਸ ਮੌਕੇ ਡਾ. ਇੰਦਰਜੀਤ ਸਿੰਘ. ਡਾ. ਜਗਬੀਰ ਸਿੰਘ, ਡਾ. ਸੁਖਵਿੰਦਰ ਸਿੰਘ, ਡਾ. ਗੁਰਮੇਲ ਸਿੰਘ, ਡਾ. ਸਤਨਾਮ ਸਿੰਘ ਸੰਧੂ, ਡਾ. ਸਤੀਸ਼ ਕੁਮਾਰ ਵਰਮਾ, ਡਾ. ਸੁਨੀਤਾ ਧੀਰ, ਡਾ.ਸੁਰਜੀਤ ਭੱਟੀ ਆਦਿ ਨੇ ਆਪਣੇ ਵਿਚਾਰ ਪ੍ਰਗਟਾਏ।

## ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਸਬੰਧੀ ਪਰਮਿੰਦਰ ਭਲਵਾਨ ਨੇ ਡੀ.ਐਸ.ਪੀ. ਬਰਾੜ ਨਾਲ ਕੀਤੀ ਗੱਲਬਾਤ

### ਐਮ.ਸੀ. ਤੇ ਪਿੰਡਾਂ ਦੇ ਸਰਪੰਚਾਂ ਅਤੇ ਨੰਬਰਦਾਰ ਨਸ਼ਾ ਤਸਕਰਾਂ ਦੀ ਜ਼ਮਾਨਤ ਨਾ ਕਰਵਾਉਣ ਦਾ ਪ੍ਰਣ ਕਰਨ




ਸਮਾਣਾ, 18 ਜੁਲਾਈ (ਸੁਖਜਿੰਦਰ ਸਿੰਘ ਕੁਲਾਰਾਂ) : ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਜੋ ਕਿ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਹਨ, ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਨਸ਼ਾ ਮੁਕਤ ਭਾਰਤ ਅਭਿਆਨ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੀਤੇ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਸਬੰਧੀ ਵਿਸ਼ਵ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ ਵਿਜੇਤਾ ਵਿਸ਼ਵ ਰਿਕਾਰਡ ਹੋਲਡਰ ਡੀ.ਐੱਸ.ਪੀ ਸਮਾਣਾ ਫਤਿਹ ਸਿੰਘ ਬਰਾੜ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਗੱਲਬਾਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ। ਇਸ ਮੌਕੇ ਡੀ ਐੱਸ ਪੀ ਸਮਾਣਾ ਫਤਿਹ ਸਿੰਘ ਬਰਾੜ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਵੱਲੋਂ ਸਖਤ ਹਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਨਾ ਬਖ਼ਸ਼ਿਆ ਜਾਵੇ। ਉਹਨਾਂ ਸ਼ਹਿਰਾਂ ਦੇ ਐਮ ਸੀ ਅਤੇ ਪਿੰਡਾਂ ਦੇ ਸਰਪੰਚਾਂ ਅਤੇ ਨੰਬਰਦਾਰਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਜ਼ਮਾਨਤ ਨਾ ਕਰਵਾਉਣ ਦਾ ਪ੍ਰਣ ਕਰਨ ਸਗੋਂ ਨਸ਼ਾ ਤਸਕਰਾਂ ਨੂੰ ਸਜ਼ਾਵਾਂ ਦਿਵਾਉਣ ਲਈ ਪੁਲਿਸ ਨੂੰ ਸਹਿਯੋਗ ਕਰਨ ਲਈ ਅੱਗੇ ਆਉਣ ਤਾ ਹੀ ਅਸੀਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ 'ਚ ਯੋਗਦਾਨ ਪਾ ਸਕਾਂਗੇ। ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਆਪੋ ਆਪਣੇ ਏਰੀਏ ਵਿੱਚ ਨਿਗਰਾਨੀ ਕਰਨ ਕਿ ਕੋਈ ਨਸ਼ਾ ਤਸਕਰ ਤੁਹਾਡੇ ਬੱਚਿਆਂ ਨੂੰ ਨਸ਼ਾ ਤਾ ਨਹੀਂ ਵੇਚ ਰਿਹਾ। ਜੇਕਰ ਕੋਈ ਨਸ਼ਾ ਤਸਕਰ ਨਸ਼ਾ ਵੇਚਦਾ ਹੈ, ਤਾਂ ਉਸ ਦੀ ਸੂਚਨਾ ਪੁਲਿਸ ਦੇ ਉੱਚ ਅਧਿਕਾਰੀ ਨੂੰ ਦਿੱਤੀ ਜਾਵੇ।



# ਪਟਿਆਲਾ-ਆਸ/ਪਾਸ



# ਪੰਜਾਬੀ ਯੂਨੀਵਰਸਿਟੀ ਵਿਖੇ 'ਤੀਆਂ ਤੀਜ ਦੀਆਂ' ਸਮਾਗਮ ਕਰਵਾਇਆ

## ਉਪ-ਕੁਲਪਤੀ ਦੇ ਹਮਸਫ਼ਰ ਡਾ. ਸੁਖਜੀਤ ਕੌਰ ਮੁੱਖ ਮਹਿਮਾਨ ਵਜੋਂ ਪਧਾਰੇ



ਪਟਿਆਲਾ, 18 ਜੁਲਾਈ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਅੱਜ ਮਹਿਲਾ ਕਰਮਚਾਰੀ ਮੰਚ ਵੱਲੋਂ 'ਤੀਆਂ ਤੀਜ ਦੀਆਂ' ਨਾਮਕ ਸਮਾਗਮ ਕਰਵਾਇਆ ਗਿਆ। ਯੂਨੀਵਰਸਿਟੀ ਦੇ ਕਲਾ ਭਵਨ ਵਿਖੇ ਹੋਏ ਇਸ ਸੱਭਿਆਚਾਰਕ ਸਮਾਗਮ ਦਾ ਉਦਘਾਟਨ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤਾ। ਹਰ ਸਾਲ ਹੁੰਦੇ ਇਸ ਸਮਾਗਮ ਦੀ ਰਵਾਇਤ ਅਨੁਸਾਰ ਉਪ-ਕੁਲਪਤੀ ਡਾ. ਜਗਦੀਪ ਸਿੰਘ ਦੇ ਹਮਸਫ਼ਰ ਡਾ. ਸੁਖਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਡਾ. ਜਗਦੀਪ ਸਿੰਘ ਨੇ ਆਪਣੇ ਉਦਘਾਟਨੀ ਸ਼ਬਦਾਂ ਵਿੱਚ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਮਕਸਦ ਲਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਇਸ ਪੱਖੋਂ ਵੱਖ-ਵੱਖ ਢੰਗਾਂ ਨਾਲ ਬਾਖ਼ੂਬੀ ਕਾਰਜ ਕਰ ਰਹੀ ਹੈ, ਜਿੱਥੇ ਇੱਕ ਪਾਸੇ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਇਨ੍ਹਾਂ ਵਿਸ਼ਿਆਂ ਉੱਤੇ ਅਕਾਦਮਿਕ ਅਤੇ ਖੋਜ ਪੱਧਰ ਦਾ ਕਾਰਜ ਹੋ ਰਿਹਾ ਹੈ, ਉੱਥੇ ਹੀ ਅਜਿਹੇ ਪ੍ਰੋਗਰਾਮਾਂ ਰਾਹੀਂ ਸੱਭਿਆਚਾਰ ਅਤੇ ਵਿਰਾਸਤ ਨਾਲ ਜੁੜੀਆਂ ਵੱਖ-ਵੱਖ ਵੰਨਗੀਆਂ ਦਾ ਪ੍ਰਸਾਰ ਵੀ ਹੁੰਦਾ ਹੈ। ਡਾ. ਸੁਖਜੀਤ ਕੌਰ ਨੇ ਇਸ ਮੌਕੇ ਆਪਣੇ ਸੰਬੋਧਨ ਵਿੱਚ 'ਤੀਆਂ' ਦੇ ਸੱਭਿਆਚਾਰਕ ਮਹੱਤਵ ਦੇ ਹਵਾਲੇ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਸਾਨੂੰ ਜ਼ਿੰਦਗੀ ਵਿੱਚ ਆਪੋ ਆਪਣੇ ਖੇਤਰ ਵਿੱਚ ਤਰੱਕੀ ਕਰਨ ਦੇ ਨਾਲ਼ ਨਾਲ਼ ਆਪਣੇ ਮਹਾਨ ਵਿਰਸੇ ਨਾਲ਼ ਵੀ ਜੁੜ ਕੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵਿਰਸੇ ਨਾਲ਼ ਜੁੜ ਕੇ ਰਹਿਣਾ ਆਪਣੀਆਂ ਜੜ੍ਹਾਂ ਨਾਲ਼ ਜੁੜ ਕੇ ਰਹਿਣ ਵਾਂਗ ਹੈ, ਜੋ ਸਾਨੂੰ ਮਾਨਸਿਕ ਤੌਰ ਉੱਤੇ ਤੰਦਰੁਸਤ ਰੱਖਣ ਵਿੱਚ ਸਹਾਈ ਹੁੰਦਾ ਹੈ। ਸਮਾਗਮ ਦੌਰਾਨ ਗਿੱਧਾ, ਬੋਲੀਆਂ, ਗੀਤ ਆਦਿ ਨਾਲ਼ ਸਬੰਧਤ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ਗਈਆਂ। ਸਮਾਗਮ ਦੇ ਪ੍ਰਬੰਧਕਾਂ ਵਿੱਚ ਦੇਵਕੀ ਦੇਵੀ, ਭੁਪਿੰਦਰ ਕੌਰ, ਜਸਬੀਰ ਕੌਰ, ਅਮਰਜੀਤ ਕੌਰ, ਰਜਨੀ, ਰੇਨੂ, ਜਸਵਿੰਦਰ ਕੌਰ, ਡਾ. ਰੇਗੀਨਾ ਮੈਣੀ, ਸੁਖਵਿੰਦਰ ਬਿੱਟੀ, ਮੀਨਾ ਗਰਗ ਆਦਿ ਸ਼ਾਮਿਲ ਸਨ।

# ਨਾਭਾ ਪੁਲ 'ਤੇ ਵਾਪਰਿਆ ਦਰਦਨਾਕ ਹਾਦਸਾ

➢ਦੋ ਮੋਟਰਸਾਈਕਲਾਂ ਦੀ ਹੋਈ ਜਬਰਦਸਤ ਟੱਕਰ ➢ਇੱਕ ਨੌਜਵਾਨ ਪੁਲ ਉੱਪਰੋਂ 70 ਫੁੱਟ ਹੇਠਾਂ ਡਿੱਗਿਆ, ਤਿੰਨ ਨੂੰ ਕੀਤਾ ਪਟਿਆਲਾ ਰੈਫਰ






ਨਾਭਾ, 18 ਜੁਲਾਈ (ਬਲਜਿੰਦਰ ਮਾਨ) : ਪੰਜਾਬ ਦੇ ਵਿੱਚ ਦਿਨੋ-ਦਿਨ ਵੱਧ ਰਹੇ ਸੜਕੀ ਹਾਦਸਿਆਂ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਦਾ ਹੀ ਦਰਦਨਾਕ ਭਿਅੰਕਰ ਸੜਕੀ ਹਾਦਸਾ ਵਾਪਰਿਆ ਨਾਭਾ ਭਵਾਨੀਗੜ੍ਹ ਓਵਰਬ੍ਰਿਜ ਦੇ ਉੱਤੇ, ਦੋ ਮੋਟਰਸਾਈਕਲਾਂ ਵਿਚਕਾਰ ਆਪਣੇ ਸਾਹਮਣੇ ਟੱਕਰ ਹੋ ਗਈ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਮੋਟਰਸਾਈਕਲ ਸਵਾਰ 2 ਨੌਜਵਾਨ ਜੋ ਫੈਕਟਰੀ ਦੇ ਵਿੱਚ ਰਾਤ ਦੀ ਡਿਊਟੀ ਕਰਨ ਉਪਰੰਤ ਵਾਪਸ ਆਪਣੇ ਪਿੰਡ ਪਾਲੀਆ ਵਿਖੇ ਜਾ ਰਹੇ ਸਨ। ਇਹਨਾਂ ਵਿੱਚੋਂ ਇੱਕ ਨੌਜਵਾਨ ਪੁਲ ਦੇ ਤਕਰੀਬਨ 70 ਫੁੱਟ ਉੱਤੋਂ ਹੇਠਾਂ ਡਿੱਗ ਪਿਆ ਅਤੇ ਉਸਦਾ ਨਾਲ ਦਾ ਸਾਥੀ ਵੀ ਗੰਭੀਰ ਰੂਪ ਦੇ ਵਿੱਚ ਫੱਟੜ ਹੋ ਗਿਆ ਅਤੇ ਦੂਸਰਾ ਮੋਟਰਸਾਈਕਲ ਸਵਾਰ ਮਾਂ ਪੁੱਤ ਵੀ ਇਸ ਹਾਦਸੇ ਦੇ ਦੌਰਾਨ ਗੰਭੀਰ ਫੱਟੜ ਹੋ ਗਏ। ਇਹਨਾਂ ਨੂੰ 108 ਐਮਬੂਲੈਂਸ ਦੀ ਮਦਦ ਨਾ ਮਿਲਣ ਦੇ ਚੱਲਦਿਆਂ ਇਹਨਾਂ ਨੌਜਵਾਨਾਂ ਨੂੰ ਰਾਹਗੀਰਾਂ ਦੇ ਵੱਲੋਂ ਇਹਨਾਂ ਦੋਵਾਂ ਨੌਜਵਾਨਾਂ ਨੂੰ ਹਸਪਤਾਲ ਲਿਆਂਦਾ ਗਿਆ। ਗੰਭੀਰ ਸਥਿਤੀ ਦੇ ਚਲਦਿਆਂ ਇਹਨਾਂ ਦੋ ਨੌਜਵਾਨਾਂ ਨੂੰ ਪਟਿਆਲਾ ਵਿਖੇ ਰੈਫਰ ਕਰ ਦਿੱਤਾ ਗਿਆ ਅਤੇ ਦੂਜੇ ਪਾਸੇ ਮੋਟਰਸਾਈਕਲ ਸਵਾਰ ਮਾਂ ਪੁੱਤ ਵੀ ਗੰਭੀਰ ਰੂਪ ਦੇ ਵਿੱਚ ਜ਼ਖਮੀ ਹੋ ਗਏ ਜੋ ਨਾਭਾ ਦੇ ਸਰਕਾਰੀ ਹਸਪਤਾਲ ਦੇ ਵਿੱਚ ਜ਼ੇਰੇ ਇਲਾਜ ਹਨ। ਇਸ ਮੌਕੇ ਤੇ ਰੈਫਰ ਕੀਤੇ ਨੌਜਵਾਨ ਦੇ ਦੋਸਤ ਨੇ ਕਿਹਾ ਕਿ ਜਦੋਂ ਇਹ ਹਾਦਸਾ ਵਾਪਰਿਆ ਅਸੀਂ ਤੁਰੰਤ ਹੀ 108 ਐਮਬੂਲੈਂਸ ਨੂੰ ਫੋਨ ਕੀਤਾ ਪਰ ਕਿਸੇ ਨੇ ਸਾਡਾ ਫੋਨ ਨਹੀਂ ਚੱਕਿਆ। ਨਾਭਾ ਹਸਪਤਾਲ ਦੇ ਵਿੱਚ ਦੋ ਐਂਬੂਲੈਂਸਾਂ ਖੜੀਆਂ ਹਨ ਪਰ ਇਸ ਦਾ ਕੀ ਫਾਇਦਾ ਜਦੋਂ ਮੌਕੇ 'ਤੇ ਮਦਦ ਹੀ ਨਹੀਂ ਹੋਈ। ਇਸ ਮੌਕੇ ਤੇ ਫੱਟੜ ਨੌਜਵਾਨ ਮਨੀ ਨੇ ਕਿਹਾ ਕਿ ਮੈਂ ਆਪਣੀ ਮਾਤਾ ਨੂੰ ਫੋਕਲ ਪੁਆਇੰਟ ਵਿਖੇ ਕੰਮ ਤੇ ਛੱਡਣ ਦੇ ਲਈ ਜਾ ਰਿਹਾ ਸੀ ਤਾਂ ਹਾਦਸੇ ਦੌਰਾਨ ਮੇਰੀਆਂ ਅੱਖਾਂ ਦੇ ਸਾਹਮਣੇ ਹਨੇਰਾ ਆ ਗਿਆ ਮੈਨੂੰ ਨਹੀਂ ਪਤਾ ਇਹ ਹਾਦਸਾ ਕਿਵੇਂ ਵਾਪਰਿਆ। ਇਸ ਮੌਕੇ 'ਤੇ ਪ੍ਰਤੱਖਦਰਸ਼ੀ ਨੇ ਕਿਹਾ ਕਿ ਜਦੋਂ ਇਹ ਹਾਦਸਾ ਵਾਪਰਿਆ ਤਾਂ ਇੱਕ ਨੌਜਵਾਨ ਤਾਂ ਪੁਲ ਦੇ ਹੇਠਾਂ ਗਿਰ ਗਿਆ ਤੇ ਨਾਲ ਦਾ ਉਸਦਾ ਸਾਥੀ ਗੰਭੀਰ ਰੂਪ ਦੇ ਵਿੱਚ ਜ਼ਖਮੀ ਹੋ ਗਿਆ ਇਹ ਹਾਦਸ਼ਾ ਬਹੁਤ ਹੀ ਭਿਆਨਕ ਸੀ। ਮੌਕੇ 'ਤੇ ਕੋਈ ਵੀ ਐਂਬੂਲੈਂਸ ਨਹੀਂ ਪਹੁੰਚੀ ਅਸੀਂ ਤਾਂ ਇਹੋ ਮੰਗ ਕਰਦੇ ਆ ਕਿ ਪੁੱਲ ਦੇ ਆਲੇ ਦੁਆਲੇ ਲੋਹੇ ਦੀਆਂ ਜਾਲੀਆਂ ਲਗਾਈਆਂ ਜਾਣ ਤਾਂ ਜੋ ਅੱਗੇ ਤੋਂ ਇਸ ਤਰ੍ਹਾਂ ਦਾ ਹਾਦਸਾ ਨਾ ਵਾਪਰੇ। ਇਸ ਮੌਕੇ 'ਤੇ ਨਾਭਾ ਸਰਕਾਰੀ ਹਸਪਤਾਲ ਦੇ ਡਾਕਟਰ ਨੇ ਕਿਹਾ ਕਿ ਸੜਕੀ ਹਾਦਸੇ ਦੇ ਦੌਰਾਨ ਸਾਡੇ ਕੋਲ ਕੁੱਲ ਚਾਰ ਵਿਅਕਤੀ ਆਏ ਹਨ, ਜਿਨਾਂ ਦੇ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਸਥਿਤੀ ਦੇ ਚੱਲਦਿਆਂ ਦੋ ਨੂੰ ਰੈਫਰ ਕਰ ਦਿੱਤਾ ਗਿਆ ਤੇ ਦੋ ਨਾਭਾ ਦੇ ਹਸਪਤਾਲ ਦੇ ਵਿੱਚ ਜੇਰੇ ਇਲਾਜ ਹਨ। ਇਸ ਮੌਕੇ 'ਤੇ ਨਾਭਾ ਤੋਂ 20 ਕਿਲੋਮੀਟਰ ਚੰਨੋ ਤੋਂ ਆਏ 108 ਐਂਬੂਲੈਂਸ ਦੇ ਈਐਮਟੀ (ਐਮਰਜੰਸੀ ਮੈਡੀਕਲ ਟੈਕਨੀਸ਼ੀਅਨ) ਸੁਖਬੀਰ ਸਿੰਘ ਨੇ ਦੱਸਿਆ ਕਿ ਮੈਨੂੰ ਜਦੋਂ ਕਾਲ ਆਈ ਮੈਂ ਚੰਨੋ ਤੋਂ ਆਇਆ ਹਾਂ ਅਤੇ ਨਾਭਾ ਵਾਲੀ 108 ਐਂਬੂਲੈਂਸ ਬਾਰੇ ਮੈਨੂੰ ਨਹੀਂ ਪਤਾ। ਇਸ ਮੌਕੇ 'ਤੇ ਨਾਭਾ ਕੋਤਵਾਲੀ ਪੁਲਿਸ ਦੇ ਜਾਂਚ ਅਧਿਕਾਰੀ ਚਮਕੌਰ ਸਿੰਘ ਨੇ ਕਿਹਾ ਕਿ ਇਸ ਹਾਦਸੇ ਦੇ ਵਿੱਚ ਕੁੱਲ ਚਾਰ ਵਿਅਕਤੀ ਫੱਟੜ ਹੋਏ ਹਨ, ਜਿਨ੍ਹਾਂ ਦੇ ਵਿੱਚੋਂ 2 ਨੂੰ ਰੈਫਰ ਕਰ ਦਿੱਤਾ ਗਿਆ ਅਤੇ 2 ਨਾਭਾ ਦੇ ਸਰਕਾਰੀ ਹਸਪਤਾਲ ਦੇ ਵਿੱਚ ਇਲਾਜ ਅਧੀਨ ਹਨ। ਇਹ ਭਿਅੰਕਰ ਹਾਦਸਾ ਕਿਵੇਂ ਵਾਪਰਿਆ ਅਸੀਂ ਇਸ ਸਬੰਧੀ ਪਤਾ ਲਗਾ ਰਹੇ ਹਾਂ।

# ਇੱਕੋ ਰਾਤ 22 ਮੋਟਰਾਂ ਦੀਆਂ ਤਾਰਾਂ ਚੋਰੀ

ਸਮਾਣਾ, 18 ਜੁਲਾਈ (ਜਵੰਦਾ/ ਵਿਜੇ ਕੁਮਾਰ) : ਬੀਤੀ ਰਾਤ ਸਮਾਣਾ ਦੇ ਨੇੜਲੇ ਪਿੰਡ ਗਾਜ਼ੀਪੁਰ ਵਿਖੇ ਇੱਕੋ ਰਾਤ 22 ਮੋਟਰਾਂ ਦੀਆਂ ਤਾਰਾਂ ਅਤੇ ਕਈ ਮੋਟਰਾਂ ਨਾਲ ਸਟਾਰਟ ਨੂੰ ਚੋਰਾਂ ਵੱਲੋਂ ਚੋਰੀ ਕਰ ਲਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਸੁਰਜੀਤ ਸਿੰਘ ਗੁਰਾਇਆ ਨੇ ਦੱਸਿਆ ਕਿ ਰਾਤ ਨੂੰ ਕਰੀਬ 22 ਮੋਟਰਾਂ ਦੀਆਂ ਕੇਬਲ ਤਾਰਾਂ ਚੋਰਾਂ ਵੱਲੋਂ ਚੋਰੀ ਕਰ ਲਈਆਂ ਗਈਆਂ ਹਨ ਅਤੇ ਕੁਝ ਮੋਟਰਾਂ ਦੇ ਸਟਾਰਟਰ ਵੀ ਚੋਰੀ ਕੀਤੇ ਗਏ ਹਨ। ਜਿਸ ਸਬੰਧੀ ਪੁਲਿਸ ਪ੍ਰਸ਼ਾਸਨ ਨੂੰ ਸ਼ਿਕਾਇਤ ਕੀਤੀ ਤਾਂ ਪੁਲਿਸ ਪ੍ਰਸ਼ਾਸਨ ਦਾ ਇਕ ਹੀ ਮੁਲਾਜ਼ਮ ਫੋਨ ਕਰਨ ਤੋਂ ਬਹੁਤ ਦੇਰ ਬਾਅਦ ਵਿੱਚ ਪਹੁੰਚਿਆ ਹੈ ਜਿਸ ਨੂੰ ਲੇਟ ਆਉਣ ਦਾ ਕਾਰਨ ਪੁੱਛਿਆ ਤਾਂ ਉਸਨੇ ਆਪਣੀ ਅਸਮਰਥਾ ਪ੍ਰਗਟਾਉਂਦਿਆਂ ਕਿਹਾ ਕਿ ਥਾਣੇ ਵਿੱਚ ਪੁਲਿਸ ਮੁਲਾਜ਼ਮ ਬਹੁਤ ਘੱਟ ਹਨ ਜੋ ਸਾਰੇ ਡਿਊਟੀਆਂ 'ਤੇ ਗਏ ਹੋਏ ਹਨ ਮੇਰੀ 8 ਵਜੇ ਡਿਊਟੀ ਸਮਾਪਤ ਹੈ ਪਰ ਫਿਰ ਵੀ ਮੈਂ ਤੁਹਾਡੀ ਸ਼ਿਕਾਇਤ ਸੁਣਨ ਲਈ ਪਿੰਡ ਪਹੁੰਚਿਆ ਹਾਂ। ਸਰਪੰਚ ਸੁਰਜੀਤ ਸਿੰਘ ਗੁਰਾਇਆ ਨੇ ਸਥਾਨਕ ਵਿਧਾਇਕ ਅਤੇ ਮੁੱਖ ਮੰਤਰੀ ਪੰਜਾਬ ਨੂੰ ਬੇਨਤੀ ਕੀਤੀ ਹੈ ਕਿ ਪੰਜਾਬ ਦੇ ਥਾਣਿਆਂ ਵਿੱਚ ਪੁਲਿਸ ਮੁਲਾਜ਼ਮ ਵਧਾਏ ਜਾਣ ਤਾਂ ਜੋ ਹੀ ਕਾਰਵਾਈ ਅਤੇ ਨਸ਼ਿਆਂ ਦੀ ਤਸਕਰੀ ਦੀ ਰੋਕਥਾਮ ਹੋ ਸਕੇ। ਇਸ ਸਬੰਧੀ ਥਾਣਾ ਸਦਰ ਦੇ ਇੰਚਾਰਜ ਨਾਲ ਫੋਨ 'ਤੇ ਗੱਲ ਹੋਈ ਤਾਂ ਉਨ੍ਹਾਂ ਕਿਹਾ ਕਿ ਤਾਰਾਂ ਚੋਰੀ ਹੋਣ ਸਬੰਧੀ ਸਾਨੂੰ ਸੂਚਨਾ ਮਿਲ ਗਈ ਹੈ ਪ੍ਰੰਤੂ ਅਜੇ ਪਿੰਡ ਵਾਲਿਆਂ ਨੇ ਪੁਲਿਸ ਪਾਸ ਕੋਈ ਸ਼ਿਕਾਇਤ ਦਰਜ ਨਹੀਂ ਕਰਾਈ ਸ਼ਿਕਾਇਤ ਲਿਖਾਉਂਦਿਆਂ ਹੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ ਅਤੇ ਸੀ ਸੀ ਟੀ ਵੀ ਕੈਮਰੇ ਖੰਗਾਲਣ ਉਪਰੰਤ ਚੋਰਾਂ ਨੂੰ ਜਲਦੀ ਫੜ ਲਿਆ ਜਾਵੇਗਾ। ਰਾਤ ਨੂੰ ਚੋਰੀਆਂ ਨਾ ਹੋਣ ਇਸ ਲਈ ਪੁਲਿਸ ਦੀ ਰਾਤ ਸਮੇਂ ਗਸ਼ਤ ਵਧਾ ਦਿੱਤੀ ਗਈ ਹੈ।

# 31 ਤੱਕ ਛੁੱਟੀ ਵਾਲੇ ਦਿਨ ਵੀ ਖੁੱਲ੍ਹਾ ਰਹੇਗਾ ਨਗਰ ਨਿਗਮ

## ਵਨ ਟਾਈਮ ਸੈਟਲਮੈਂਟ ਰਾਹੀਂ ਬਿਨਾਂ ਪੈਨਲਟੀ ਪ੍ਰਾਪਟੀ ਟੈਕਸ ਭਰਨ ਸਬੰਧੀ ਮੇਅਰ ਤੇ ਕਮਿਸ਼ਨਰ ਵੱਲੋਂ ਅਪੀਲ



ਪਟਿਆਲਾ, 18 ਜੁਲਾਈ (ਰੁਪਾਣਾ) : ਬੀਤੇ ਦਿਨੀਂ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ ਨੇ ਲੋਕਾਂ ਨੂੰ ਪੰਜਾਬ ਸਰਕਾਰ ਦੀ ਵਨ ਟਾਈਮ ਸੈਟਲਮੈਂਟ ਸਕੀਮ ਦਾ ਲਾਭ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨਗਰ ਨਿਗਮ ਵੱਲੋਂ ਬਿਨ੍ਹਾਂ ਪੈਨੇਲਟੀ ਪ੍ਰਾਪਟੀ ਟੈਕਸ ਭਰਨ ਸਬੰਧੀ ਲੋਕਾਂ ਦੀ ਸੁਵਿਧਾ ਲਈ ਇੱਕ ਹੋਰ ਵੱਡਾ ਫੈਸਲਾ ਲੈਂਦਿਆਂ ਨਿਗਮ ਦਫਤਰ 31 ਜੁਲਾਈ ਤੱਕ ਛੁੱਟੀ ਵਾਲੇ ਦਿਨ ਵੀ ਖੁੱਲ੍ਹਾ ਰਹੇਗਾ। ਇਸ ਨਾਲ ਉਹ ਲੋਕ ਜੋ ਹਫਤੇ ਦੇ ਦਿਨਾਂ ਦੌਰਾਨ ਆਪਣੇ ਕੰਮ ਕਰ ਕੇ ਦਫਤਰ ਨਹੀਂ ਆ ਸਕਦੇ, ਉਹ ਵੀ ਸ਼ਨੀਚਰ, ਐਤਵਾਰ ਜਾਂ ਹੋਰ ਵਿਸ਼ੇਸ਼ ਦਿਨ ਵੀ ਟੈਕਸ ਭਰ ਸਕਣਗੇ। ਇਸ ਮੌਕੇ ਉਨ੍ਹਾਂ ਨਾਲ ਸਹਾਇਕ ਕਮਿਸ਼ਨਰ ਰਵਦੀਪ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਨਗਰ ਪਰਮਵੀਰ ਸਿੰਘ ਨੇ ਸਾਂਝੇ ਤੌਰ 'ਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 31 ਜੁਲਾਈ ਤੋਂ ਪਹਿਲਾਂ ਹੀ ਬਿਨਾਂ ਪੈਨੇਲਟੀ ਆਪਣਾ ਪ੍ਰਾਪਰਟੀ ਟੈਕਸ ਜ਼ਰੂਰ ਭਰਨ, ਤਾਂ ਜੋ ਬਾਅਦ ਵਿੱਚ ਉਨ੍ਹਾਂ ਨੂੰ ਕੋਈ ਪੈਨਲਟੀ ਨਾ ਦੇਣੀ ਪਵੇ ਅਤੇ ਜਿਨ੍ਹਾਂ ਲੋਕਾਂ ਨੇ ਹਾਲੇ ਤੱਕ ਆਪਣੇ ਟੈਕਸ ਦੀ ਅਦਾਇਗੀ ਨਹੀਂ ਕੀਤੀ, ਉਹ ਵੀ ਆਸਾਨੀ ਨਾਲ ਇਹ ਜ਼ਿੰਮੇਵਾਰੀ ਪੂਰੀ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਟੈਕਸ ਰਾਸ਼ੀ ਸ਼ਹਿਰ ਦੇ ਵਿਕਾਸ ਲਈ ਵਰਤੀ ਜਾਂਦੀ ਹੈ, ਇਸ ਲਈ ਹਰੇਕ ਸ਼ਹਿਰੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣਾ ਯੋਗਦਾਨ ਪਾਵੇ। ਹੋਰ ਆਖਦਿਆਂ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਦਫਤਰ ਵਿੱਚ ਟੈਕਸ ਭਰਨ ਲਈ ਵਧੀਆ ਪ੍ਰਬੰਧ ਕੀਤੇ ਗਏ ਹਨ। ਕਾਊਂਟਰ ਵਧਾਏ ਗਏ ਹਨ ਅਤੇ ਆਨਲਾਈਨ ਭੁਗਤਾਨ ਦੀ ਵੀ ਸਹੂਲਤ ਉਪਲਬਧ ਕਰਵਾਈ ਗਈ ਹੈ, ਜੋ ਲੋਕ ਘਰ ਬੈਠਿਆਂ ਆਪਣਾ ਟੈਕਸ ਭਰਨਾ ਚਾਹੁੰਦੇ ਹਨ, ਉਹ ਨਗਰ ਨਿਗਮ ਦੀ ਆਧਿਕਾਰਿਕ ਵੈੱਬਸਾਈਟ ਰਾਹੀਂ ਵੀ ਭੁਗਤਾਨ ਕਰ ਸਕਦੇ ਹਨ। ਮੇਅਰ ਨੇ ਕਿਹਾ ਕਿ ਇਹ ਮੁਹਿੰਮ ਨਗਰ ਨਿਗਮ ਵੱਲੋਂ ਲੋਕ ਭਲਾਈ ਦੀ ਦਿਸ਼ਾ ਵਿੱਚ ਇੱਕ ਵਧੀਆ ਕੋਸ਼ਿਸ਼ ਹੈ। ਇਸ ਨਾਲ ਨਾਗਰਿਕਾਂ ਨੂੰ ਆਰਥਿਕ ਰਾਹਤ ਮਿਲੇਗੀ ਅਤੇ ਸ਼ਹਿਰ ਦੀ ਵਿਕਾਸ ਯੋਜਨਾ ਵਿੱਚ ਤੇਜ਼ੀ ਆਵੇਗੀ।

# 2027 'ਚ 'ਆਪ' ਦੀ ਮੁੜ ਬਣੇਗੀ ਸਰਕਾਰ: ਚੇਅਰਮੈਨ ਮਹਿਤਾ



ਪਾਤੜਾਂ, 18 ਜੁਲਾਈ (ਹਰਮਿੰਦਰ ਕਰਤਾਰਪੁਰ): ਸੂਬੇ ਵਿੱਚ ਹੋਏ ਵਿਕਾਸ ਕੰਮਾਂ ਦੀ ਬਦੌਲਤ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਮੁੜ ਸਰਕਾਰ ਬਣਨ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਮਾਰਕੀਟ ਕਮੇਟੀ ਪਾਤੜਾਂ 'ਚ ਹਲਕਾ ਸ਼ੁਤਰਾਣਾ ਦੇ ਬਲਾਕ ਪ੍ਰਧਾਨਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਜ਼ਿਲ੍ਹਾ ਪਟਿਆਲਾ (ਦਿਹਾਤੀ) ਦੇ ਪ੍ਰਧਾਨ ਤੇਜਿੰਦਰ ਮਹਿਤਾ ਅਤੇ ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਅਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਸੰਗਠਨ ਇੰਚਾਰਜ ਮਹਿੰਗਾ ਸਿੰਘ ਬਰਾੜ ਵੱਲੋਂ ਕੀਤਾ ਗਿਆ। ਇਸ ਮੌਕੇ ਵਕਫ ਬੋਰਡ ਪੰਜਾਬ ਦੇ ਮੈਂਬਰ ਬਹਾਦਰ ਖਾਨ ਅਤੇ ਆਮ ਆਦਮੀ ਪਾਰਟੀ ਸਿਟੀ ਪਾਤੜਾਂ ਦੇ ਪ੍ਰਧਾਨ ਮਦਨ ਲਾਲ ਗੋਇਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਤੇਜਿੰਦਰ ਮਹਿਤਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ ਤੇ ਸਿਹਤਮੰਦ ਪੰਜਾਬ ਬਣਾਉਣ ਲਈ ਕੀਤੇ ਗਏ ਇਤਿਹਾਸਿਕ ਫੈਸਲੇ ਸਦਕਾ ਪੰਜਾਬ ਦੇ ਲੋਕਾਂ ਨੂੰ ਬਿਹਤਰ ਸਿਹਤ ਸੁਵਿਧਾਵਾਂ, ਸੂਬੇ ਦੇ ਬੱਚਿਆਂ ਨੂੰ ਮਿਆਰੀ ਐਜੂਕੇਸ਼ਨ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਸੁਧਾਰ ਕਰਕੇ ਆਮ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਦੇ ਮਹਿੰਗੇ ਇਲਾਜ ਤੋਂ ਬਚਾ ਰਹੀ ਹੈ। ਮਾਰਕੀਟ ਕਮੇਟੀ ਪਾਤੜਾਂ ਦੇ ਚੇਅਰਮੈਨ ਅਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਸੰਗਠਨ ਇੰਚਾਰਜ ਮਹਿੰਗਾ ਸਿੰਘ ਬਰਾੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿਛਲੇ ਦਿਨੀਂ ਪੰਜਾਬ ਦੀ ਜਨਤਾ ਨੂੰ ਵੱਡੀ ਸੁਗਾਤ ਦਿੰਦਿਆਂ 10 ਲੱਖ ਰੁਪਏ ਤੱਕ ਮੁਫਤ ਇਲਾਜ ਲਈ 'ਮੁੱਖ ਮੰਤਰੀ ਹੈਲਥ ਬੀਮਾ ਯੋਜਨਾ' ਸ਼ੁਰੂ ਕੀਤੀ ਗਈ ਹੈ, ਜਿਸ ਦਾ ਲਾਭ ਪੰਜਾਬ ਦੇ ਲੋਕ ਆਧਾਰ ਕਾਰਡ ਦੇ ਜ਼ਰੀਏ ਲੈ ਸਕਣਗੇ। ਇਸ ਮੌਕੇ ਪ੍ਰਧਾਨ ਪ੍ਰੀਤ ਗਿੱਲ, ਬੂਟਾ ਸਿੰਘ ਵਿਰਕ ਬਲਾਕ ਪ੍ਰਧਾਨ ਸ਼ੁਤਰਾਣਾ, ਮਨਵੀਰ ਸਿੰਘ ਸੰਧੂ, ਗੁਰਵਿੰਦਰ ਦਿਆਲ ਨਿੱਕਾ, ਲਖਵਿੰਦਰ ਸਿੰਘ ਜੀਤੂ ਬਲਾਕ ਪ੍ਰਧਾਨ ਬਾਦਸ਼ਾਹਪੁਰ, ਨਾਹਰ ਸਿੰਘ ਉੱਗੋਕੇ ਬਲਾਕ ਪ੍ਰਧਾਨ, ਸਰਪੰਚ ਗੁਰਲਾਲ ਸਿੰਘ ਨਾਗਰੀ, ਸਰਪੰਚ ਬਿਕਰਮਜੀਤ ਸਿੰਘ ਵੜੈਚ, ਇਸ਼ੂ ਗੋਇਲ, ਕੁਲਵੰਤ ਸਿੰਘ ਮਰੋੜੀ, ਕੌਂਸਲਰ ਸੋਨੀ ਜ਼ਲੂਰ, ਕੁਨਾਲ ਗੋਇਲ ਇਸ਼ੂ, ਦਵਿੰਦਰ ਸਿੰਘ ਸੇਲਵਾਲਾ, ਸਰਪੰਚ ਸਤਿਗੁਰੂ ਸਿੰਘ ਧੂਹੜ, ਮੇਜਰ ਸਿੰਘ ਮਤੌਲੀ ਆਦਿ ਪ੍ਰਮੁੱਖ ਤੌਰ ਤੇ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਸਕੂਲ 'ਚ ਵਣ ਮਹਾਂਉਤਸਵ ਮਨਾਇਆ

## ਜਰਨਲਿਸਟ ਪ੍ਰੈਸ ਕਲੱਬ ਦੇ ਸਹਿਯੋਗ ਨਾਲ ਪੌਦੇ ਲਗਾ ਕੇ ਕੀਤੀ ਸ਼ੁਰੂਆਤ



ਸਮਾਣਾ, 18 ਜੁਲਾਈ (ਅਮਿਤ ਸ਼ਰਮਾ/ਜਵੰਦਾ) : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਵਣ ਮਹਾਂਉਤਸਵ ਦੇ ਚਲਦਿਆਂ ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਵੱਲੋਂ ਐਸਆਰਐਸ ਵਿਦਿਆਪੀਠ ਦੇ ਸਹਿਯੋਗ ਨਾਲ ਸਕੂਲ ਅੰਦਰ ਵੱਡੀ ਗਿਣਤੀ ਵਿੱਚ ਫ਼ਲ ਅਤੇ ਛਾਂਦਾਰ ਰੁੱਖ ਲਗਾ ਕੇ ਵਣ ਮਹਾਂਉਤਸਵ ਦੀ ਸ਼ੁਰੂਆਤ ਕੀਤੀ। ਇਸ ਮੌਕੇ ਅਮਨਪ੍ਰੀਤ ਸਿੰਘ ਵਣ ਵਿਭਾਗ ਮੰਡਲ ਅਫ਼ਸਰ ਪਟਿਆਲਾ ਮੁੱਖ ਮਹਿਮਾਨ ਵਜੋਂ ਅਤੇ ਵਿਸ਼ੇਸ਼ ਮਹਿਮਾਨ ਵਜੋਂ ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਸ਼ਾਮਿਲ ਹੋਏ। ਇਸ ਮੌਕੇ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਵਣ ਵਿਭਾਗ, ਐਸ.ਆਰ.ਐਸ. ਵਿਦਿਆਪੀਠ ਅਤੇ ਜਰਨਲਿਸਟ ਪ੍ਰੈੱਸ ਕਲੱਬ ਸਮਾਣਾ ਵੱਲੋਂ ਇਹ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਜਰਨਲਿਸਟ ਪ੍ਰੈਸ ਕਲੱਬ ਦੇ ਪ੍ਰਧਾਨ ਪ੍ਰੀਤਮ ਸਿੰਘ ਨਾਗੀ ਅਤੇ ਸਕੂਲ ਦੇ ਵਾਇਸ ਚੇਅਰਮੈਨ ਮੈਡਮ ਸਮਿਧਾ ਸਿੰਗਲਾ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਇਸ ਮੌਕੇ ਜਸਵਿੰਦਰ ਸਿੰਘ ਰੰਧਾਵਾ, ਵਣ ਵਿਭਾਗ ਅਫਸਰ ਗੁਰਪਰੀਤ ਵੇਦਵਾਨ , ਚਮਕੌਰ ਸਿੰਘ ਮੋਤੀ ਫਾਰਮ, ਸਾਹਿਬ ਸਿੰਘ, ਕੁਲਵਿੰਦਰ ਸਿੰਘ ਪੁਰੀ, ਸੁਭਾਸ਼ ਪਾਠਕ,ਦਿਵਾਨ ਥਰੇਜਾ, ਦੀਪਕ ਸ਼ਰਮਾ, ਟਿੰਕਾ ਗਾਜੇਵਾਸ,ਵਿਜੇ ਮਿੱਤਲ, ਨਵੀਨ ਸਿੰਗਲਾ ਆਦਿ ਹਾਜ਼ਰ ਸਨ।

# ਨਾਭਾ ਵਿਖੇ 10 ਪਰਿਵਾਰ ਅਕਾਲੀ ਦਲ 'ਚ ਸ਼ਾਮਲ

➢ਮੌਜੂਦਾ ਸਰਕਾਰ ਤੋਂ ਲੋਕਾਂ ਦਾ ਮੋਹ ਹੋਇਆ ਭੰਗ : ਲਾਲਕਾ



ਨਾਭਾ, 18 ਜੁਲਾਈ (ਬਲਜਿੰਦਰ ਮਾਨ) : ਨਾਭਾ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪਰਿਵਾਰ ਵਿੱਚ ਵਾਧਾ ਹੋਇਆ ਹੈ। ਇਹ ਗੱਲ ਕਰਦਿਆਂ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਨਾਭਾ ਮੱਖਣ ਸਿੰਘ ਲਾਲਕਾ ਨੇ ਕਿਹਾ ਕਿ ਨਾਭਾ ਦੇ ਕਰਤਾਰ ਕਲੋਨੀ ਦੇ 10 ਪਰਿਵਾਰ ਵੱਖ-ਵੱਖ ਪਾਰਟੀਆਂ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋਏ ਹਨ । ਮੈਂ ਆਪਣੇ ਵੱਲੋਂ ਉਹਨਾਂ ਨੂੰ ਵਿਸ਼ਵਾਸ਼ ਦਵਾਉਂਦਾ ਕਿ ਉਹਨਾਂ ਦਾ ਬਣਦਾ ਮਾਨ ਸਨਮਾਨ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਲੋਕਾਂ ਦਾ ਮੌਜੂਦਾ ਸਰਕਾਰ ਤੋਂ ਮੋਹ ਭੰਗ ਹੋ ਚੁੱਕਿਆ ਹੈ ਇਸ ਕਰਕੇ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਯਾਦ ਕਰਨ ਲੱਗੇ ਹਨ। ਇਸ ਕਰਕੇ ਲੋਕ ਪਿਛਲੇ ਕੁਝ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਹੇ ਹਨ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਨੇ ਲਗਾਤਾਰ 10 ਸਾਲ ਪੰਜਾਬ ਦੇ ਵਿੱਚ ਵਿਕਾਸ ਕੀਤਾ ਹੈ । ਇਸ ਮੌਕੇ ਮੌਕੇ ਗੁਰਦਰਸ਼ਨ ਸਿੰਘ ਦੀ ਰਿਹਾਇਸ਼ 'ਤੇ ਸਾਰੇ ਪਰਿਵਾਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਯੂਥ ਆਗੂ ਪ੍ਰਿੰਸ ਤੁੰਗ ਵੱਲੋਂ ਇਹਨਾਂ ਨੂੰ ਜੀ ਆਇਆ ਆਖਿਆ। ਸ਼ਾਮਿਲ ਹੋਣ ਵਾਲਿਆਂ ਵਿੱਚ ਕਪੂਰ ਸਿੰਘ ਸਾਬਕਾ ਪੰਚ ਜਥੇਦਾਰ ਜੋਗਿੰਦਰ ਸਿੰਘ ਮਨਜੀਤ ਸਿੰਘ ਜੀਤ ਸਿੰਘ ਲਵਪ੍ਰੀਤ ਸਿੰਘ ਹਨੀ ਜਸਪ੍ਰੀਤ ਸਿੰਘ ਸੋਨੂ ਸੁਖਵਿੰਦਰ ਸਿੰਘ ਸ਼ਿੰਦਾ ਅੰਮ੍ਰਿਤ ਪਾਲ ਸਿੰਘ ਹੈਪੀ, ਦੀਪੀ, ਬਲਵਿੰਦਰ ਸਿੰਘ ਪ੍ਰਕਾਸ਼ ਸਿੰਘ ਜੋਗਿੰਦਰ ਸਿੰਘ ਮਨਪ੍ਰੀਤ ਸਿੰਘ ਗੋਲੂ ਜਸ਼ਨ ਗੁਰਜੀਤ ਸਿੰਘ ਸੁਰਿੰਦਰ ਸਿੰਘ ਲਵਲੀਨ ਸਿੰਘ ਆਦਿ ਅੱਜ ਅਕਾਲੀ ਦਲ ਵਿੱਚ ਸ਼ਾਮਿਲ ਹੋਏ ਹਨ।

# ਮੁਫ਼ਤ ਮੈਡੀਕਲ ਹੈਲਥ ਚੈਕਅੱਪ ਕੈਂਪ ਭਲਕੇ

ਪਟਿਆਲਾ, 18 ਜੁਲਾਈ (ਚ.ਨ.ਸ.) : ਵਿਸ਼ਵਕਰਮਾ ਚੈਰੀਟੇਬਲ, ਐਜੂਕੇਸ਼ਨ ਅਤੇ ਵੈਲਫ਼ੇਅਰ ਟਰੱਸਟ ਲਹੌਰੀ ਗੇਟ ਪਟਿਆਲਾ, ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਅਤੇ ਗੁਰਮੀਤ ਹਸਪਤਾਲ ਜੌੜੀਆਂ ਭੱਠੀਆਂ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਹੈਲਥ ਚੈਕਅੱਪ ਕੈਂਪ ਮਿਤੀ 20 ਜੁਲਾਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਵਿਸ਼ਵਕਰਮਾ ਮੰਦਰ ਲਹੌਰੀ ਗੇਟ ਪਟਿਆਲਾ ਵਿਖੇ ਲਗਾਇਆ ਜਾ ਰਿਹਾ ਹੈ। ਇਸ ਮੌਕੇ ਮੁਫਤ ਕੋਲੈਸਟਰੋਲ ਦਾ ਟੈਸਟ, ਈ.ਸੀ.ਜੀ., ਬਲੱਡ ਪ੍ਰੈਸ਼ਰ, ਸ਼ੂਗਰ, ਯੂਰਿਕ ਏਸਿਡ, ਹਾਰਟ ਦੇ ਮਰੀਜ਼ਾਂ, ਅੱਖਾਂ ਅਤੇ ਆਰਥੋ ਦਾ ਮੁਫਤ ਚੈਕਅੱਪ ਕੀਤਾ ਜਾਵੇਗਾ। ਇਸ ਮੌਕੇ ਦਵਾਈਆਂ ਵੀ ਮੁਫਤ 'ਚ ਦਿੱਤੀਆਂ ਜਾਣਗੀਆਂ।

# ਬੱਸ 'ਚ ਦਾਖਲ ਹੋ ਕੇ ਕੰਡਕਟਰ ਦੀ ਕੀਤੀ ਕੁੱਟਮਾਰ

ਪਟਿਆਲਾ, 18 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਰਮਨਦੀਪ ਸਿੰਘ ਪੁੱਤਰ ਨੈਬ ਸਿੰਘ ਵਾਸੀ ਪਿੰਡ ਚਲੈਲਾ ਨੇ ਕਥਿਤ ਦੋਸ਼ੀਆਂ ਕਰਨਵੀਰ ਸਿੰਘ ਪੁੱਤਰ ਸੁਖਵਿੰਦਰ ਸਿੰਘ, ਬਿੱਕਾ ਪੁੱਤਰ ਰਾਮ ਸਿੰਘ, ਸੀਸੀ ਪੁੱਤਰ ਨਿੱਕੂ ਖਾਨ, ਅਭੀਜੀਤ ਪੁੱਤਰ ਕੁਲਵੰਤ, ਕਾਕੂ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਚਲੈਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਮਿੰਨੀ ਬੱਸ ਵਿੱਚ ਕੰਡਕਟਰ ਲੱਗਿਆ ਹੋਇਆ ਹੈ। ਬੱਸ ਅੱਡਾ ਚਲੈਲਾ ਤੋਂ ਸਵਾਰੀਆਂ ਚੜ੍ਹਾ ਰਿਹਾ ਸੀ ਤਾਂ ਕਥਿਤ ਦੋਸ਼ੀ ਬੱਸ ਅੰਦਰ ਦਾਖਲ ਹੋ ਗਏ ਅਤੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ, ਜੋ ਕਥਿਤ ਦੋਸ਼ੀ ਕਰਨਵੀਰ ਸਿੰਘ ਨੇ ਮੁਦਈ ਪਰ ਕਿਰਚ ਦਾ ਵਾਰ ਕੀਤਾ। ਪੁਲਿਸ ਨੇ ਧਾਰਾ 115(2), 118(2),3(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਸਬ-ਡਵੀਜ਼ਨ ਨਾਭਾ ਦੇ 21 ਪਿੰਡਾਂ 'ਚ ਸੱਤ ਸਰਪੰਚਾਂ ਅਤੇ 14 ਪੰਚਾਂ ਵੱਲੋਂ ਚੋਣ ਲੜਨ ਲਈ ਨਾਮਜ਼ਦਗੀ ਪੱਤਰ ਦਾਖਲ

ਨਾਭਾ, 18 ਜੁਲਾਈ (ਗੁਰਚਰਨ ਸਿੰਘ ਚੌਧਰੀਮਾਜਰਾ) : ਸਬ ਡਿਵੀਜ਼ਨ ਨਾਭਾ ਵਿੱਚ ਚੋਣਾ ਪੰਚਾਇਤੀ ਚੋਣਾਂ ਸਮੇਂ ਸਰਪੰਚਾਂ ਤੇ ਪੰਚਾਂ ਦੀਆਂ ਸੀਟਾਂ ਖਾਲੀ ਰਹਿ ਗਈਆਂ ਸਨ ਉਹਨਾਂ ਲਈ ਇਲੈਕਸ਼ਨ ਕਮਿਸ਼ਨ ਵੱਲੋਂ ਦੁਬਾਰਾ ਇਲੈਕਸ਼ਨ ਕਰਾਈਆਂ ਜਾ ਰਹੀਆਂ ਹਨ ਨਾਭਾ ਸਾਹਿਬ ਵਿੱਚ 21 ਪਿੰਡਾਂ ਵਿੱਚ ਸਰਪੰਚਾਂ ਅਤੇ ਪੰਚਾਂ ਦੀਆਂ ਸੀਟਾਂ ਖਾਲੀ ਰਹਿ ਖਾਲੀ ਪਈਆਂ ਸਨ । ਇਹਨਾਂ ਸੀਟਾਂ 'ਤੇ ਪਿੰਡਾਂ ਵਿੱਚੋਂ ਸੱਤ ਸਰਪੰਚਾਂ ਅਤੇ 14 ਪੰਚਾਂ ਨੇ ਵੱਲੋਂ ਆਪਣੇ ਨਾਮ ਜ਼ਦਗੀ ਪੱਤਰ ਦਾਖਲ ਕੀਤੇ ਗਏ ਇਹਨਾਂ 21 ਪਿੰਡਾਂ ਦੇ ਨਾਂ ਜਿਹਨਾਂ ਵਿੱਚ ਫੈਜਗੜ ਵਾਰਡ ਨੰਬਰ ਦੋ ,ਘਨੂੰੜਕੀ ਸਰਪੰਚ ,ਕਨਸੂਹਾ ਖੁਰਦ ਵਾਰਡ ਨੰਬਰ ਦੋ, ਬਰੇ ਵਾਰਡ ਨੰਬਰ ਚਾਰ ,ਉਪਲਾਂ ਸਰਪੰਚ ,ਉਪਲਾਂ ਵਾਰਡ ਨੰਬਰ ਇਕ ,ਉਪਲਾਂ ਵਾਰਡ ਨੰਬਰ ਦੋ ,ਉਪਲਾ ਵਾਰਡ ਨੰਬਰ ਤਿੰਨ, ਉਪਲਾ ਵਾਰਡ ਨੰਬਰ ਚਾਰ , ਉਪਲਾ ਵਾਰਡ ਨੰਬਰ ਪੰਜ ,ਘਣੀਵਲ ਵਾਰਡ ਨੰਬਰ ਦੋ, ਨਰਾਇਣਗੜ੍ਹ ਵਾਰਡ ਨੰਬਰ ਦੋ,ਨਰਾਇਣਗੜ੍ਹ ਵਾਰਡ ਨੰਬਰ ਤਿੰਨ ,ਝੰਬਾਲੀ ਵਾਰਡ ਨੰਬਰ ਇੱਕ ,ਜਿੰਦਲਪੁਰ ਵਾਰਡ ਨੰਬਰ ਇਕ, ਜਾਤੀਵਾਲ ਵਾਰਡ ਨੰਬਰ ਇਕ ,ਜਾਤੀਵਾਲ ਵਾਰਡ ਨੰਬਰ ਦੋ, ਹੱਲੋਤਾਲੀ ਸਰਪੰਚ ,ਹੱਲੋਤਾਲੀ ਵਾਰਡ ਨੰਬਰ ਦੋ ,ਅਗੋਲ ਵਾਰਡ ਨੰਬਰ ਚਾਰ, ਢੀਂਗੀ ਵਾਰਡ ਨੰਬਰ ਪੰਜ ਆਦਿ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ ਜਿਨਾਂ ਦੇ ਨਾਮ ਜਾਦਗੀ ਪੱਤਰ ਜਾ ਚੁੱਕੇ ਹਨ ਇਹ ਵੀ ਜਾਣਕਾਰੀ ਮਿਲੀ ਹੈ ਕਿ ਫੈਜਗੜ੍ਹ ਨਰਾਇਣਗੜ੍ਹ ਵਾਰਡ ਨੰਬਰ ਦੋ ਜਿੰਦਲਪੁਰ ਵਾਰਡ ਨੰਬਰ ਇਕ ਜਾਤੀਵਾਲ ਵਾਰਡ ਨੰਬਰ ਦੋ ਵਿੱਚ ਕਿਸੇ ਵੀ ਉਮੀਦਵਾਰ ਨੇ ਆਪਣੇ ਨਾਂ ਦਾਖਲ ਨਹੀਂ ਕੀਤੇ।

# ਤਿੰਨ ਦਿਨਾਂ ਸਾਵਨ ਉਤਸਵ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਵਿਖੇ ਸ਼ੁਰੂ

ਪਟਿਆਲਾ, 18 ਜੁਲਾਈ (ਚ.ਨ.ਸ.) : ਉੱਤਰੀ ਖੇਤਰ ਸੱਭਿਆਚਾਰਕ ਕੇਂਦਰ, ਪਟਿਆਲਾ (ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ) ਵੱਲੋਂ ਕਾਲੀਦਾਸ ਆਡੀਟੋਰੀਅਮ, ਵਿਰਸਾ ਵਿਹਾਰ ਕੇਂਦਰ ਵਿਖੇ ਆਯੋਜਿਤ ਤਿੰਨ ਦਿਨਾਂ ਸਾਵਣ ਉਤਸਵ ਸਮਾਰੋਹ ਅੱਜ ਸ਼ਾਨਦਾਰ ਢੰਗ ਨਾਲ ਸ਼ੁਰੂ ਹੋਇਆ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਸਿਤਾਰ ਵਾਦਕ ਪੰਡਿਤ ਹਰਵਿੰਦਰ ਸ਼ਰਮਾ ਅਤੇ ਅੰਤਰਰਾਸ਼ਟਰੀ ਪੱਧਰ ਦੇ ਕੱਥਕ ਨ੍ਰਿਤਕੀ ਮਾਨਸੀ ਸਕਸੈਨਾ ਨੇ ਆਪਣੀ ਕਲਾ ਦਾ ਅਜਿਹਾ ਜਾਦੂ ਦਿਖਾਇਆ ਕਿ ਦਰਸ਼ਕਾਂ ਅਤੇ ਸਰੋਤਿਆਂ ਨੇ ਖੜ੍ਹੇ ਹੋ ਕੇ ਕਲਾਕਾਰਾਂ ਦੀ ਤਾਰੀਫ਼ ਕੀਤੀ। ਸਮਾਰੋਹ ਦੇ ਪਹਿਲੇ ਹਿੱਸੇ ਵਿੱਚ, ਸਿਤਾਰ ਵਾਦਕ ਪੰਡਿਤ ਹਰਵਿੰਦਰ ਸ਼ਰਮਾ ਨੇ ਮਾਨਸੂਨ ਰੁੱਤ 'ਤੇ ਆਧਾਰਿਤ ਆਪਣੇ ਸਿਤਾਰ 'ਤੇ ਰਾਗ ਮਲਹਾਰ ਪੇਸ਼ ਕੀਤਾ ਅਤੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਜਦੋਂ ਉਨ੍ਹਾਂ ਨੇ ਆਪਣੀ ਸਿਤਾਰ ਗਾਇਕੀ ਸ਼ੈਲੀ ਵਿੱਚ ਪੇਸ਼ ਕੀਤੀ, ਤਾਂ ਅਜਿਹਾ ਮਹਿਸੂਸ ਹੋਇਆ ਜਿਵੇਂ ਸਿਤਾਰ ਗਾ ਰਿਹਾ ਹੋਵੇ। ਇਸ ਪੇਸ਼ਕਾਰੀ ਵਿੱਚ, ਉਨ੍ਹਾਂ ਦੇ ਨਾਲ ਪਟਿਆਲਾ ਦੇ ਮਸ਼ਹੂਰ ਕਲਾਕਾਰ ਜੈ ਦੇਵ ਨੇ ਤਬਲੇ 'ਤੇ ਸਾਥ ਦਿੱਤਾ। ਇਸ ਤੋਂ ਇਲਾਵਾ, ਸਿਤਾਰ ਲਈ ਸ਼੍ਰੀਮਤੀ ਭੈਰਵੀ, ਤਬਲੇ ਲਈ ਗੁਰਪ੍ਰੀਤ, ਗਾਉਣ ਲਈ ਯੋਗੇਸ਼, ਬੰਸਰੀ ਲਈ ਮੋਹਿਤ ਨੇ ਵੀ ਆਪਣੀਆਂ ਕਲਾ ਸ਼ੈਲੀਆਂ ਨਾਲ ਸਮਾਗਮ ਨੂੰ ਸਫਲ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ। ਇਸ ਮੌਕੇ, ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਦੇ ਡਾਇਰੈਕਟਰ, ਸ਼੍ਰੀ ਐਮ ਫੁਰਕਾਨ ਖਾਨ ਸਾਹਿਬ ਨੇ ਕਲਾਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

# ਵੈਲ.ਫੇਅਰ ਐਸੋਸੀਏਸ਼ਨ ਨੇ ਮੁ.ਫਤ ਮੈਡੀਕਲ ਕੈਂਪ ਲਗਾਇਆ



ਪਟਿਆਲਾ, 18 ਜੁਲਾਈ (ਚ.ਨ.ਸ.) : ਸਥਾਨਕ ਟੈਂਕੀ ਵਾਲਾ ਪਾਰਕ ਗੁਰਬਖਸ਼ ਕਲੋਨੀ ਵਿਖੇ ਏਰੀਆ ਡਿਵੈਲਪਮੈਂਟ ਵੈਲਫ਼ੇਅਰ ਐਸੋਸੀਏਸ਼ਨ ਵੱਲੋਂ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ। ਰੋਜ਼ਾਨਾ ਸੈਰ ਕਰਨ ਆਉਣ ਵਾਲੇ ਲੋਕਾਂ ਨੂੰ ਦਵਾਈਆਂ ਵੰਡੀਆਂ ਗਈਆਂ। ਜ਼ਿਕਰਯੋਗ ਹੈ ਕਿ ਇਸ ਪਾਰਕ ਵਿੱਚ ਰੋਜ਼ਾਨਾ ਸੈਂਕੜਿਆਂ ਦੀ ਗਿਣਤੀ ਵਿੱਚ ਕਲੋਨੀ ਦੇ ਲੋਕ ਸੈਰ ਕਰਨ ਆਉਂਦੇ ਹਨ। ਵੈਲਫ਼ੇਅਰ ਐਸੋਸੀਏਸ਼ਨ ਵੱਲੋਂ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਜ਼ਰੂਰੀ ਦਵਾਈਆਂ ਮੁਫਤ ਵੰਡੀਆਂ ਗਈਆਂ ਅਤੇ ਲੋੜੀਂਦੇ ਲੋਕਾਂ ਨੂੰ ਮੈਡੀਕਲ ਸਲਾਹ ਵੀ ਦਿੱਤੀ ਗਈ। ਇਸ ਮੌਕੇ 'ਤੇ ਐਸੋਸੀਏਸ਼ਨ ਦੇ ਪ੍ਰਧਾਨ ਸ਼ਾਮ ਲਾਲ ਮਿੱਤਲ ਨੇ ਡਾਕਟਰਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਵੱਲੋਂ ਲੋਕਾਂ ਨੂੰ ਦਿੱਤੀ ਗਈ ਮੈਡੀਕਲ ਸਲਾਹ ਦੀ ਵੀ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਜ਼ਰੂਰਤਮੰਦ ਲੋਕਾਂ ਨੂੰ ਮੈਡੀਕਲ ਲਾਭ ਮਿਲੇਗਾ। ਇਸ ਆਯੋਜਨ ਦੀ ਜਾਣਕਾਰੀ ਪ੍ਰੈਸ ਸਕੱਤਰ ਨਰੇਸ਼ ਕੁਮਾਰ ਨੇ ਦਿੱਤੀ।

# ਤੇਜ਼ ਰ.ਫਤਾਰ ਕਾਰ ਦੀ ਟੱਕਰ ਨਾਲ ਜ਼.ਖਮੀ

ਪਟਿਆਲਾ, 18 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਸੁਖਵਿੰਦਰ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਕਮਲ ਕਲੋਨੀ ਸਰਹੰਦ ਰੋਡ ਪਟਿਆਲਾ ਨੇ ਕਾਰ ਦੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਮੋਟਰਸਾਇਕਲ 'ਤੇ ਸਵਾਰ ਹੋ ਕੇ ਵੋਕਸਵੈਗਨ ਕਾਰ ਏਜੰਸੀ ਬਹਾਦਰਗੜ੍ਹ ਕੋਲ ਜਾ ਰਿਹਾ ਸੀ, ਜੋ ਅਣਪਛਾਤੇ ਡਰਾਇਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਵਿੱਚ ਮਾਰੀ, ਜਿਸ ਕਾਰਨ ਉਸ ਦੀ ਖੱਬੀ ਲੱਤ ਟੁੱਟ ਗਈ ਅਤੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਮੇਅਰ ਤੇ ਕਮਿਸ਼ਨਰ ਦੀ ਅਗਵਾਈ ਹੇਠ ਐਫ.ਐਂਡ ਸੀ.ਸੀ. ਕਮੇਟੀ ਦੀ ਮੀਟਿੰਗ

## ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਦੀ ਮਨਜ਼ੂਰੀ



ਪਟਿਆਲਾ, 18 ਜੁਲਾਈ (ਰੁਪਾਣਾ) : ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਅਗਵਾਈ ਹੇਠ ਐਫ ਐਂਡ ਸੀ ਸੀ (ਫਾਇਨੈਂਸ ਐਂਡ ਕਨਟਰੈਕਟ ਕਮੇਟੀ) ਦੀ ਅਹਿਮ ਮੀਟਿੰਗ ਹੋਈ, ਜਿਸ ਦੌਰਾਨ ਸ਼ਹਿਰ ਦੇ ਵਿਕਾਸ ਕਾਰਜਾਂ, ਸਫਾਈ ਅਤੇ ਸੁਵਿਧਾਵਾਂ ਨੂੰ ਮਜ਼ਬੂਤ ਬਣਾਉਣ ਲਈ ਲੋੜੀਂਦੇ ਖਰਚਿਆਂ ਸਬੰਧੀ ਵਿਸ਼ਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਕਈ ਨਵੇਂ ਕੰਮਾਂ ਦੀ ਮਨਜ਼ੂਰੀ ਦੇਣ ਦੇ ਨਾਲ ਨਾਲ ਸ਼ਹਿਰ ਦੇ ਵਿਕਾਸ ਕਾਰਜਾਂ ਲਈ ਕਰੀਬ ਕਈ ਕਰੋੜਾਂ ਰੁਪਏ ਦੇ ਕੰਮ ਕਰਵਾਏ ਜਾਣ 'ਤੇ ਮੋਹਰ ਲੱਗੀ। ਐਫ ਐਂਡ ਸੀ ਸੀ ਕਮੇਟੀ ਦੀ ਤਾਜ਼ਾ ਮੀਟਿੰਗ ਤੋਂ ਬਾਅਦ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਟਿਆਲਾ ਸ਼ਹਿਰ ਦੀ ਭਵਿੱਖੀ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਡਿਪਟੀ ਮੇਅਰ ਜਗਦੀਪ ਜੱਗਾ, ਕ੍ਰਿਸ਼ਨ ਕੁਮਾਰ ਪੀਏ ਟੂ ਕਮਿਸ਼ਨਰ ਤੋਂ ਇਲਾਵਾ ਨਿਗਮ ਸਟਾਫ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਿਹਾ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਪਟਿਆਲਾ ਇਤਿਹਾਸਕ ਅਤੇ ਸੱਭਿਆਚਾਰਕ ਪੱਖੋਂ ਇੱਕ ਮਹੱਤਵਪੂਰਨ ਸ਼ਹਿਰ ਹੈ, ਅਤੇ ਇਸ ਦੀ ਖੂਬਸੂਰਤੀ ਤੇ ਵਿਧੀਵਤ ਵਿਕਾਸ ਲਈ ਨਗਰ ਨਿਗਮ ਬੜੀ ਸੰਵੇਦਨਸ਼ੀਲਤਾ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਨਗਰ ਨਿਗਮ ਨੇ ਨਵੀਆਂ ਟਿੱਪਰ ਗੱਡੀਆਂ ਖਰੀਦਣ, ਜੈਟਿੰਗ ਮਸ਼ੀਨਾਂ, ਨਿਕਾਸੀ, ਸੜਕਾਂ ਦੀ ਮੁਰੰਮਤ, ਲਾਈਟਿੰਗ, ਪੌਦੇ ਲਗਾਉਣ ਅਤੇ ਡਿਜੀਟਲ ਸਹੂਲਤਾਂ ਨੂੰ ਮਜ਼ਬੂਤ ਕਰਨ ਵੱਲ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ, ਸਾਡਾ ਮੁੱਖ ਉਦੇਸ਼ ਪਟਿਆਲਾ ਨੂੰ ਇੱਕ ਸਾਫ, ਸੁਥਰਾ, ਆਧੁਨਿਕ ਅਤੇ ਵਾਧੂ ਸਹੂਲਤਾਂ ਵਾਲਾ ਸ਼ਹਿਰ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਵਿਕਾਸ ਇਕੱਲਾ ਸਰਕਾਰ ਨਹੀਂ ਕਰਦੀ – ਇਹ ਲੋਕਾਂ ਦੇ ਸਹਿਯੋਗ ਨਾਲ ਸੰਭਵ ਹੁੰਦਾ ਹੈ। ਅਸੀਂ ਹਰ ਨਾਗਰਿਕ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣਾ ਫਰਜ਼ ਨਿਭਾਉਣ, ਸ਼ਹਿਰ ਦੀ ਸਫਾਈ, ਸੰਭਾਲ ਅਤੇ ਟੈਕਸ ਦੀ ਅਦਾਇਗੀ ਵਿੱਚ ਸਹਿਭਾਗੀ ਬਣੇ। ਕਮਿਸ਼ਨਰ ਪਰਮਵੀਰ ਸਿੰਘ ਨੇ ਕਿਹਾ ਕਿ ਨਗਰ ਨਿਗਮ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਅਹਿਮ ਕਦਮ ਚੁੱਕੇ ਹਨ। ਉਨਾਂ ਕਿਹਾ ਕਿ ਅਸੀਂ ਆਨਲਾਈਨ ਪਲੇਟਫਾਰਮ, ਪੇਮੈਂਟ ਗੇਟਵੇ ਵਰਗੀਆਂ ਡਿਜੀਟਲ ਸਹੂਲਤਾਂ 'ਚ ਨਿਵੇਸ਼ ਕਰਕੇ ਕਾਰਜਸ਼ੈਲੀ ਨੂੰ ਤੇਜ਼, ਪਾਰਦਰਸ਼ੀ ਅਤੇ ਆਮ ਆਦਮੀ ਲਈ ਸੁਗਮ ਬਣਾਇਆ ਹੈ। ਸਾਡੀ ਕੋਸ਼ਿਸ਼ ਹੈ ਕਿ ਲੋਕ ਘਰ ਬੈਠੇ ਆਪਣੇ ਟੈਕਸ ਭਰਨ, ਸਰਟੀਫਿਕੇਟ ਲੈਣ ਜਾਂ ਹੋਰ ਕੰਮ ਆਸਾਨੀ ਨਾਲ ਕਰ ਸਕਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪਟਿਆਲਾ ਵਿੱਚ ਵਾਰਡ ਪੱਧਰ ਤੇ ਵਿਕਾਸ ਲਈ ਵੱਖ ਵੱਖ ਰੋਡ ਪ੍ਰਾਜੈਕਟ, ਪਾਰਕਿੰਗ ਜਗ੍ਹਾਂ, ਬਾਊਂਡਰੀ ਵਾਲਾਂ ਦੀ ਮੁਰੰਮਤ, ਪਾਈਪ ਲਾਈਨ ਕਾਰਜ ਅਤੇ ਨਿਕਾਸੀ ਚੈਂਬਰ ਬਨਾਉਣ ਵਰਗੇ ਕੰਮ ਸ਼ੁਰੂ ਹੋ ਚੁੱਕੇ ਹਨ ਜਾਂ ਹੋਣ ਜਾ ਰਹੇ ਹਨ। ਇਸ ਨਾਲ ਨਾਂ ਸਿਰਫ਼ ਇਨਫਰਾਸਟਰੱਕਚਰ ਸੁਧਰੇਗਾ, ਸਗੋਂ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵੀ ਆਸਾਨ ਬਣੇਗੀ। ਉਨ੍ਹਾਂ ਅਖੀਰ ਵਿੱਚ ਕਿਹਾ ਕਿ ਨਗਰ ਨਿਗਮ ਲੋਕਾਂ ਨਾਲ ਮਿਲਕੇ ਸ਼ਹਿਰ ਦੀ ਤਸਵੀਰ ਬਦਲਣਾ ਚਾਹੁੰਦਾ ਹੈ।

# ਫਲ ਤੇ ਛਾਂਦਾਰ ਬੂਟੇ ਲਗਾਏ





ਪਟਿਆਲਾ, 18 ਜੁਲਾਈ (ਚ.ਨ.ਸ.) : ਗ੍ਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਵਿਖੇ ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਆਪਣੇ ਸਕੂਲ ਅਤੇ ਖੇਤਰ ਵਿੱਚ ਦਵਾਈਆਂ, ਸੁੰਦਰਤਾ, ਸਵੱਛਤਾ, ਸੀਤਲਤਾ ਸ਼ੁੱਧਤਾ ਵਧਾਉਣ, ਲਈ ਫੁੱਲਾਂ, ਫਲਾਂ ਅਤੇ ਛਾਂਦਾਰ ਬੂਟੇ ਬੱਚਿਆਂ ਨਾਲ ਰਲਕੇ ਲਗਵਾਏ। ਇਸ ਤੋਂ ਇਲਾਵਾ, ਬੱਚਿਆਂ ਨੂੰ ਉਨ੍ਹਾਂ ਦੀ ਪਸੰਦ ਦੇ ਬੂਟੇ ਆਪਣੇ ਘਰਾਂ ਵਿੱਚ ਲਗਾਉਣ ਲਈ ਦਿੱਤੇ ਗਏ। ਪ੍ਰਿੰਸੀਪਲ ਮੰਜੂ ਗਰਗ ਅਤੇ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਵਲੋਂ ਵਿਦਿਆਰਥੀਆਂ ਨੂੰ ਪਤਿਆਂ, ਟਾਹਣੀਆਂ, ਲਕੜਾਂ, ਫੁੱਲਾਂ, ਫਲਾਂ, ਮਹਿਕ, ਹਵਾਵਾਂ ਛਾਵਾਂ, ਜੰਗਲਾਂ ਅਤੇ ਇਨ੍ਹਾਂ ਤੇ ਰਹਿੰਦੇ ਪੰਛੀਆਂ ਕੀੜੇ ਮਕੌੜਿਆ ਅਤੇ ਇਨ੍ਹਾਂ ਰਾਹੀਂ ਜੀਵਨ ਬਤੀਤ ਕਰਦੇ ਪਸ਼ੂਆਂ ਦੀ ਸਿਹਤ ਸੁਰੱਖਿਆ ਦੇ ਲਾਭ ਦੱਸੇ ਗਏ। ਉਨ੍ਹਾਂ ਨੇ ਕਿਹਾ ਕਿ ਦਰਖਤਾਂ, ਪੌਦਿਆਂ, ਫੁੱਲਾਂ, ਫਲਾਂ, ਸਬਜ਼ੀਆਂ ਵਿੱਚ ਵੀ ਜਾਨ ਅਤੇ ਜੀਵਨ ਹੁੰਦਾ ਹੈ, ਇਸ ਲਈ ਇਨ੍ਹਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਨ੍ਹਾਂ ਦਾ ਧੰਨਵਾਦ ਅਤੇ ਨਮਸਕਾਰ ਕਰਨਾ ਜ਼ਰੂਰੀ ਹੈ।